**1000/Kuldeep kaur**

**PUNJAB VIDHAN SABHA**

**Monday, the 9th March, 2026**

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10:00 A.M. Mr. Speaker (Sardar Kultar Singh Sandhwan) in the Chair.*

---

**STARRED QUESTIONS AND ANSWERS**

**ਮਾਣਯੋਗ ਸਪੀਕਰ** : ਵਾਹਿਗੁਰੂ, ਪ੍ਰਸ਼ਨ ਕਾਲ।

**ਨਾਭੇ ਰੋਹਟੀ ਪੁਲ ਤੋਂ ਆਉਂਦੀ ਸੜਕ ਨੂੰ ਗੁਰਥਲੀ ਦੇ ਪੁਲਾਂ ਨਾਲ ਜੋੜਨਾ**

***1724. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਸੜਕ ਨਾਭੇ ਰੋਹਟੀ ਪੁਲ ਤੋਂ ਜੋੜੇ ਪੁਲ ਤੱਕ ਸਿੱਧੀ ਆਉਂਦੀ ਹੈ, ਉਸਦਾ ਗੁਰਥਲੀ ਦੇ ਪੁਲਾਂ ਤੱਕ ਨਿਰਮਾਣ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਤੇ ਅਮਲ ਹੋ ਜਾਵੇਗਾ?

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਨਾਭਾ ਰੋਹਟੀ ਦੇ ਪੁਲ ਤੋਂ ਜੋੜੇ ਪੁਲ ਤੱਕ ਸੜਕ ਦਾ ਗੁਰਥਲੀ ਦੇ ਪੁਲਾਂ ਤੱਕ ਨਿਰਮਾਣ ਕਰਨ ਦੀ ਕੋਈ ਯੋਜਨਾ ਵਰਤਮਾਨ ਵਿੱਚ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਸਰ, ਸਪਲੀਮੈਂਟਰੀ ਜੀ।

**ਮਾਣਯੋਗ ਸਪੀਕਰ**: ਗੱਜਣਮਾਜਰਾ ਸਾਹਿਬ, ਸਬੰਧਿਤ ਮੰਤਰੀ ਸਾਹਿਬ ਸਦਨ ਵਿੱਚ ਮੌਜੂਦ ਨਹੀਂ ਹਨ। ਤੁਹਾਡੇ ਕੋਲ ਜਵਾਬ ਆ ਗਿਆ ਹੈ, ਤੁਸੀਂ ਜੋ ਪੁੱਛਣਾ ਹੈ ਤਾਂ ਮੰਤਰੀ ਸਾਹਿਬ ਨੂੰ ਮਿਲ ਕੇ ਪੁੱਛ ਲੈਣਾ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਮੈਂ ਸਪਲੀਮੈਂਟਰੀ ਲੈਣਾ ਹੈ ਜੀ।

**ਮਾਣਯੋਗ ਸਪੀਕਰ**: ਸਪਲੀਮੈਂਟਰੀ ਦਾ ਜਵਾਬ ਤਾਂ ਸਬੰਧਿਤ ਮੰਤਰੀ ਸਾਹਿਬ ਹੀ ਦੇ ਸਕਦੇ ਹਨ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਨਹੀਂ ਜੀ, ਇਹ ਜਵਾਬ ਦੇ ਦੇਣਗੇ।

**ਮਾਣਯੋਗ ਸਪੀਕਰ**: ਤੁਸੀਂ ਮੇਰੀ ਗੱਲ ਸੁਣੋ, ਤੁਸੀਂ ਜੋ ਪੁੱਛਣਾ ਹੈ ਉਹ ਸਬੰਧਿਤ ਮੰਤਰੀ ਸਾਹਿਬ ਨੂੰ ਮਿਲ ਕੇ ਪੁੱਛ ਲੈਣਾ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਨਹੀਂ ਜੀ।

**Mr. Speaker:** How he can reply, ਜੇ ਤੁਸੀਂ ਪੁੱਛੋਗੇ?

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਇਹ ਜਵਾਬ ਦੇ ਦੇਣਗੇ।

**ਮਾਣਯੋਗ ਸਪੀਕਰ**: ਠੀਕ ਹੈ, ਗੱਜਣਮਾਜਰਾ ਜੀ, ਸਪਲੀਮੈਂਟਰੀ ਪੁੱਛ ਲਵੋ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਮਾਣਯੋਗ ਮੰਤਰੀ ਜੀ, ਸਾਡੇ ਅਮਰਗੜ੍ਹ, ਮਲੇਰਕੋਟਲਾ ਬਹੁਤ ਹੈਵੀ ਟਰੈਫਿਕ ਰਹਿੰਦੀ ਹੈ। ਮੈਂ ਕੱਲ੍ਹ ਮੰਤਰੀ ਸਾਹਿਬ ਨੂੰ ਵੀ ਮਿਲਿਆ ਸੀ, ਉਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਅਸੀਂ ਇਸ ਸੜਕ ਨੂੰ ਬਣਾ ਲਵਾਂਗੇ। ਇਹ ਵਿਚਾਰ ਅਧੀਨ ਹੈ ਅਤੇ ਇਸ ਨੂੰ ਭਵਿੱਖ ਵਿੱਚ ਲਾਜ਼ਮੀ ਬਣਾ ਦਿੱਤਾ ਜਾਵੇਗਾ। ਪਾਇਲ, ਅਮਰਗੜ੍ਹ, ਅਮਲੋਹ ਅਤੇ ਨਾਭਾ ਹਲਕੇ ਦੀ ਸੰਗਤ ਲਈ ਲੁਧਿਆਣੇ ਜਾਣ ਲਈ ਇਹ ਬਹੁਤ ਸਿੱਧਾ ਰੂਟ ਬਣਦਾ ਹੈ। ਇਹ ਪ੍ਰੈਕਟੀਕਲੀ ਬਹੁਤ ਹੀ ਸਹੀ ਰੂਟ ਹੈ। ਇਸ ਰੂਟ ਦਾ ਸਾਡੇ ਸਾਰੇ ਉਸ ਇਲਾਕੇ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਣਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਮੁੜ ਵਿਚਾਰ ਕੀਤਾ ਜਾਵੇ ਅਤੇ ਇੱਕ ਵਾਰ ਸਾਨੂੰ ਭਰੋਸਾ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਇਨ੍ਹਾਂ ਦੇ ਭਰੋਸੇ ਦਾ ਤੁਹਾਨੂੰ ਕੀ ਫਾਇਦਾ ਹੋਵੇਗਾ? (ਹੱਸਦੇ ਹੋਏ), ਤੁਸੀਂ ਸਬੰਧਿਤ ਮੰਤਰੀ ਜੀ ਤੋਂ ਭਰੋਸਾ ਲਵੋ। ਹਾਂ ਜੀ, ਖੇਤੀਬਾੜੀ ਮੰਤਰੀ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਨਾਭਾ ਰੋਹਟੀ ਪੁਲ ਤੋਂ ਜੋੜੇ ਪੁਲ ਤੱਕ ਪਹਿਲਾਂ 18 ਫੁੱਟ ਚੌੜੀ ਸੜਕ ਮੌਜੂਦ ਹੈ ਅਤੇ ਉਸ ਉੱਪਰ ਟਰੈਫਿਕ ਚੱਲ ਰਹੀ ਹੈ। ਜੋੜੇ ਪੁਲ ਤੋਂ ਗੁਰਥਲੀ ਪੁਲ ਦੇ ਰੂਟ ਬਾਰੇ ਦੱਸਿਆ ਗਿਆ ਹੈ ਕਿ ਇਹ ਸੜਕ ਕਈ ਹਲਕਿਆਂ ਨਾਲ ਸਬੰਧਿਤ ਹੈ। ਇਹ ਸੜਕ ਪੁਲ ਤੋਂ ਸ਼ੁਰੂ ਹੋ ਕੇ ਜੋੜ ਪੁਲ ਤੱਕ ਜਾਂਦੀ ਹੈ। ਪਟਿਆਲਾ ਫੀਡਰ ਦੇ ਨਾਲ ਨਾਲ ਨਹਿਰ ਦੀ ਪਟੜੀ ਤੇ ਕੱਚਾ ਰਸਤਾ ਹੈ, ਇਸ ਦੀ ਕੁੱਲ ਲੰਬਾਈ 25 ਕਿਲੋਮੀਟਰ ਹੈ। ਇਸ ਸਮੇਂ ਇਸ ਰੂਟ ਤੇ ਕੋਈ ਸੜਕ ਮੌਜੂਦ ਨਹੀਂ ਹੈ। ਇਸ 25 ਕਿਲੋਮੀਟਰ ਵਿੱਚ ਕੁਝ ਸੜਕ ਪਹਿਲਾਂ ਹੀ ਬਣੀ ਹੋਈ ਹੈ। ਬਾਕੀ ਰਹਿੰਦੀ ਸੜਕ ਦਾ ਅਧਿਐਨ ਕਰਕੇ ਜਲਦ ਹੀ ਪ੍ਰਪੋਜ਼ਲ ਬਣਵਾ ਕੇ ਇਸ ਸੜਕ ਦਾ ਕੰਮ ਵਿਚਾਰ ਅਧੀਨ ਲਿਆ ਕੇ ਪੂਰਾ ਕਰਵਾ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ**: ਥੈਂਕ ਯੂ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਵਾਹਿਗੁਰੂ।।

-------

## ਫਰੀਦਕੋਟ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨਾ

***1710. ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਰੀਦਕੋਟ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਕੀਤੀ ਗਈ ਸੀ; ਜੇਕਰ ਹਾਂ ਤਾਂ ਕਦੋਂ ਕੀਤੀ ਗਈ ਸੀ ਅਤੇ ਇਸਦੀ ਕੀ ਰਿਪੋਰਟ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਜੀ ਹਾਂ, ਵਿਭਾਗ ਵੱਲੋਂ ਫਰੀਦਕੋਟ ਸ਼ਹਿਰ ਨੂੰ ਸਪਲਾਈ ਕੀਤੇ ਜਾ ਰਹੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਕੀਤੀ ਗਈ ਸੀ। ਇਸ ਦੀ ਗੁਣਵੱਤਾ ਦੀ ਜਾਂਚ ਮਿਤੀ 15-04-2025 (ਕੈਮੀਕਲ), 24-07-2025 (ਕੈਮੀਕਲ), 27-05-2025 (ਬੈਕਟ੍ਰੀਓਲੋਜੀਕਲ), 12-01-2026 (ਬੈਕਟ੍ਰੀਓਲੋਜੀਕਲ) ਅਤੇ 19-02-2026 (ਹੈਵੀ ਮੈਟਲ) ਨੂੰ ਕਰਵਾਈ ਗਈ ਸੀ। ਜਿਸ ਦੀ ਰਿਪੋਰਟ ਅਨੁਸਾਰ ਪਾਣੀ ਦੀ ਗੁਣਵੱਤਾ ਪੀਣਯੋਗ ਪਾਈ ਗਈ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਜਵਾਬ ਦਿੱਤਾ ਹੈ ਕਿ ਫਰੀਦਕੋਟ ਸ਼ਹਿਰ ਦਾ ਪਾਣੀ ਪੀਣਯੋਗ ਹੈ। ਇਨ੍ਹਾਂ ਨੇ ਕਿਹਾ ਹੈ ਕਿ ਹੈਵੀ ਮੈਟਲ ਕਰਵਾਈ ਗਈ ਸੀ, ਜਿਸ ਦੀ ਰਿਪੋਰਟ ਅਨੁਸਾਰ ਪਾਣੀ ਦੀ ਗੁਣਵੱਤਾ ਪੀਣਯੋਗ ਪਾਈ ਗਈ ਹੈ। ਬਹੁਤ ਸਾਰੀਆਂ ਚੀਜ਼ਾਂ ਇਸ ਤਰ੍ਹਾਂ ਹੁੰਦੀਆਂ ਹਨ ਕਿ ਜਵਾਬ ਵਿੱਚ ਕੁਝ ਹੋਰ ਹੁੰਦਾ ਹੈ ਅਤੇ ਅਸਲੀਅਤ ਕੁਝ ਹੋਰ ਹੁੰਦੀ ਹੈ। ਜਦੋਂ ਗਰਮੀ ਆਉਂਦੀ ਹੈ ਜਾਂ ਨਹਿਰਾਂ ਬੰਦ ਹੋ ਜਾਂਦੀਆਂ ਹਨ ਤਾਂ ਫਰੀਦਕੋਟ ਸ਼ਹਿਰ ਨੂੰ ਗਰਾਊਂਡ ਵਾਟਰ ਪੀਣ ਲਈ ਦੇਣਾ ਹੁੰਦਾ ਹੈ ਪਰ ਉਦੋਂ ਇਨ੍ਹਾਂ ਦੇ ਅਧਿਕਾਰੀ ਕਹਿ ਦਿੰਦੇ ਹਨ ਕਿ ਇਸ ਵਿੱਚ ਯੂਰੇਨੀਅਮ ਹੈ ਅਤੇ ਇਸ ਪਾਣੀ ਨੂੰ ਪੀਣ ਲਈ ਨਹੀਂ ਦਿੱਤਾ ਜਾ ਸਕਦਾ ਪਰ ਅੱਜ ਤੱਕ ਜਿੰਨਾ ਮੈਂ ਵੀ ਪੜ੍ਹਿਆ ਹੈ ਅਤੇ ਖੋਜਾਂ ਵੀ ਦੇਖੀਆਂ ਹਨ ਕਿਤੇ ਵੀ ਇਹ ਸਾਹਮਣੇ ਨਹੀਂ ਆਇਆ ਕਿ ਯੂਰੇਨੀਅਮ ਨਾਲ ਕੈਂਸਰ ਫੈਲਦਾ ਹੈ ਜਾਂ ਹੋਰ ਬਿਮਾਰੀਆਂ ਫੈਲਦੀਆਂ ਹਨ।

**1000/Kuldeep kaur/BS khokhar**

**1005/Pawan sharma**

ਮਤਲਬ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਪਰੇਸ਼ਾਨ ਵੀ ਕੀਤਾ ਜਾ ਰਿਹਾ ਹੈ ਔਰ ਜਿਹੜਾ ਪਾਣੀ ਹੈ, ਇਨ੍ਹਾਂ ਦੇ ਬੋਰ ਕਿੰਨੇ ਡੂੰਘੇ ਹਨ। ਮੈਂ ਅਧਿਕਾਰੀਆਂ ਨੂੰ ਇਹ ਵੀ ਪੁੱਛਿਆ ਸੀ ਕਿ ਤੁਸੀਂ ਜਿਹੜੇ ਬੋਰ ਕਰਦੇ ਹੋ, ਫਰੀਦਕੋਟ ਸ਼ਹਿਰ ਦੀ ਭੂਗੋਲਿਕ ਸਥਿਤੀ ਇਹ ਹੈ ਕਿ ਇਸ ਦੇ ਨਾਲ ਨਹਿਰਾਂ ਲੰਘਦੀਆਂ ਹਨ ਅਤੇ ਸ਼ਹਿਰ ਤੋਂ ਤਿੰਨ ਤੋਂ ਸਾਢੇ ਤਿੰਨ ਹੇਠਾਂ ਫੁੱਟ ਪਾਣੀ ਸ਼ੁਰੂ ਹੋ ਜਾਂਦਾ ਹੈ ਔਰ ਕਿਤੇ ਛੇ ਫੁੱਟ ਹੇਠਾਂ ਪਾਣੀ ਹੈ। ਇਨ੍ਹਾਂ ਨੇ 400-450 ਫੁੱਟ ਹੇਠਾਂ ਬੋਰ ਕੀਤੇ ਹੋਏ ਹਨ। ਮੈਂ ਇਨ੍ਹਾਂ ਅਧਿਕਾਰੀਆਂ ਨੂੰ ਇਹ ਬੇਨਤੀ ਕੀਤੀ ਸੀ ਕਿ ਤੁਸੀਂ ਬੋਰ ਚੈੱਕ ਕਰਦੇ ਜਾਓ ਕਿ ਜਿੱਥੇ ਪਾਣੀ ਠੀਕ ਹੈ, ਸਾਨੂੰ ਉੱਥੋਂ ਪਾਣੀ ਦੇ ਦਿਓ ਮਤਲਬ ਕੋਈ ਵੀ ਨਾ ਤਾਂ ਇਨ੍ਹਾਂ ਕੋਲ ਜਾਂਚ ਹੈ ਅਤੇ ਜਿਹੜੀ ਇਹ ਰਿਪੋਰਟ ਮੰਤਰੀ ਜੀ ਦੇ ਰਹੇ ਹਨ, ਇਹ ਤਾਂ ਕਹਿ ਰਹੇ ਹਨ ਕਿ ਪਾਣੀ ਪੀਣਯੋਗ ਹੈ। ਜੇਕਰ ਇਹ ਪਾਣੀ ਪੀਣਯੋਗ ਹੈ ਤਾਂ ਇਹ ਪਾਣੀ ਸਾਨੂੰ ਕਿਉਂ ਨਹੀਂ ਦਿੱਤਾ ਜਾਂਦਾ? ਇਸ ਲਈ ਇਸ ਤੇ ਚੰਗੀ ਤਰ੍ਹਾਂ ਖੋਜ ਕਰਵਾਈ

ਜਾਵੇ ਔਰ ਜਿੱਥੇ ਸਾਫ ਪਾਣੀ ਹੈ, ਜੇਕਰ 100-200 ਫੁੱਟ ਹੇਠਾਂ ਪਾਣੀ ਪੀਣਯੋਗ ਹੈ ਤਾਂ ਸਾਨੂੰ ਉੱਥੋਂ ਦੇ ਦਿਓ। ਮੈਂ ਆਪ ਖੇਤੀ ਕਰਦਾ ਹਾਂ। ਮੇਰੇ ਖੇਤ ਤੇ ਜਿਹੜਾ ਬੋਰ ਹੈ, ਉਹ 40 ਫੁੱਟ ਹੇਠਾਂ ਤੱਕ ਹੈ। ਸਾਹਮਣੇ ਜਾਖੜ ਸਾਹਿਬ ਬੈਠੇ ਹਨ, ਇਨ੍ਹਾਂ ਦੇ ਏਰੀਏ ਵਿੱਚ ਵੀ ਇਹ ਹੀ ਹਾਲ ਹੈ। ਅਸੀਂ ਤਾਂ 40 ਫੁੱਟ ਤੱਕ ਹੀ ਪਾਣੀ ਲੈ ਲੈਂਦੇ ਹਾਂ। ਉਸ ਪਾਣੀ ਦੀ ਵਰਤੋਂ ਅਸੀਂ ਖੇਤੀ ਲਈ ਵੀ ਕਰਦੇ ਹਾਂ ਅਤੇ ਪੀਣ ਲਈ ਵੀ ਕਰਦੇ ਹਾਂ। ਸੋ, ਇਸ ਵਾਸਤੇ ਇਸ ਦੀ ਪਰਾਪਰ ਖੋਜ ਕਰਵਾਈ ਜਾਵੇ ਔਰ ਪਰਾਪਰ ਜਾਂਚ ਤੋਂ ਬਾਅਦ ਸਾਨੂੰ ਪੀਣ ਲਈ ਪਾਣੀ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਸਵਾਲ ਪੁੱਛੋ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਸਾਨੂੰ ਪੀਣ ਲਈ ਪਾਣੀ ਚਾਹੀਦਾ ਹੈ। ਸਾਨੂੰ ਪੀਣ ਲਈ ਪਾਣੀ ਕਦੋਂ ਅਤੇ ਕਿਵੇਂ ਦਿਉਗੇ ਅਤੇ ਥੱਲੇ ਅਤੇ ਉੱਤੇ ਦੀਆਂ ਰਿਪੋਰਟਾਂ ਨੂੰ ਇੱਕ ਕੀਤਾ ਜਾਵੇ।

**ਮਾਣਯੋਗ ਸਪੀਕਰ**: ਜੀ ਮੰਤਰੀ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਦੇ ਇਨ੍ਹਾਂ ਸਵਾਲਾਂ ਤੋਂ ਬਾਅਦ ਦੱਸਣਾ ਚਾਹੁੰਦਾ ਹਾਂ ਅਤੇ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਜਲ ਸਪਲਾਈ ਸਕੀਮ ਸ਼ਹਿਰ ਫਰੀਦਕੋਟ ਨੂੰ ਅਪਗ੍ਰੇਡ ਕਰਨ ਲਈ ਅਮਰੂਤ ਫੇਜ਼-2 ਅਧੀਨ ਲਗਭਗ 19 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਪ੍ਰਾਜੈਕਟ ਅਧੀਨ ਲਗਭਗ 22 ਕਿਲੋਮੀਟਰ ਪਾਈਪ ਲਾਈਨ ਪਾਈ ਜਾਵੇਗੀ, ਜਿਸ ਵਿੱਚ ਸ਼ਹਿਰ ਦੀਆਂ ਨਵੀਂਆਂ ਆਬਾਦੀਆਂ ਵਿੱਚ ਪਾਈਪ ਲਾਈਨ, ਪੁਰਾਣੀ ਹੋ ਚੁੱਕੀ ਪਾਈਪ ਲਾਈਨ ਦੀ ਰਿਪਲੇਸਮੈਂਟ ਕੀਤੀ ਜਾਵੇਗੀ। ਇਸ ਪ੍ਰਾਜੈਕਟ ਅਧੀਨ 1 ਨੰਬਰ ਕਲੀਅਰ ਵਾਟਰ ਟੈਂਕ ਅਤੇ ਇੱਕ ਨਵਾਂ ਸਟੋਰੇਜ ਐਂਡ ਸੈਂਡੀਮੇਨਟੇਸ਼ਨ ਟੈਂਕ ਬਣਾਇਆ ਜਾਵੇਗਾ। ਇਸ ਕੰਮ ਦੀ ਡਿਟੇਲ ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ, ਜਿਸ ਦੀ ਅਪਰੂਵਲ ਉਪਰੰਤ ਟੈਂਡਰ ਕਾਲ ਕਰਦੇ ਹੋਏ ਕੰਮ ਕਰਵਾ ਦਿੱਤਾ ਜਾਵੇਗਾ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜ਼ਿਆਦਾ ਸਮਾਂ ਨਹੀਂ, ਤਕਰੀਬਨ ਤਿੰਨ ਤੋਂ ਚਾਰ ਮਹੀਨੇ ਤੱਕ ਸਾਰੇ ਪਾਣੀ ਦਾ ਹੱਲ ਹੋ ਜਾਵੇਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਸੇਖੋਂ ਸਾਹਿਬ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਇੱਕ ਹੋਰ ਗੱਲ ਹੈ ਕਿ ਰਾਜਾ ਮਾਈਨਰ ਦਾ ਪਾਣੀ ਵੀ ਸ਼ਹਿਰ ਨੂੰ ਦਿੱਤਾ ਗਿਆ ਹੈ ਪਰ ਉਹ ਪਾਣੀ ਵੀ ਪੂਰਾ ਨਹੀਂ ਮਿਲਦਾ। ਉਸ ਪਾਣੀ ਨੂੰ ਵੀ ਇਹ ਸਾਫ ਕਹਿ ਰਹੇ ਹਨ। ਜਿਹੜਾ ਸਰਹਿੰਦ ਫੀਡਰ ਦਾ ਪਾਣੀ ਜਾਂਦਾ ਹੈ, ਉਸ ਵਿੱਚ ਜਲੰਧਰ ਅਤੇ ਲੁਧਿਆਣਾ ਦਾ ਗੰਦਾ ਪਾਣੀ ਮਿਲਣ ਕਰਕੇ, ਇੱਧਰ ਵਾਲੇ ਪਾਸੇ ਉਹ ਪਾਣੀ ਵੀ ਬਹੁਤਾ ਸਾਫ ਨਹੀਂ ਹੈ। ਇਸ ਲਈ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿੰਨਾ ਪਾਣੀ ਸਾਨੂੰ ਰਾਜਾ ਮਾਈਨਰ ਤੋਂ ਮਿਲਿਆ ਹੈ, ਉਹ ਵੀ ਪਾਣੀ ਸਾਫ ਕਰਕੇ ਸਾਨੂੰ ਪੀਣ ਲਈ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਰਾਜਾ ਮਾਈਨਰ ਦਾ ਪਾਣੀ ਵਧਾਉਗੇ?

**ਮੰਤਰੀ**: ਸਰ, ਇਹ ਗੱਲ ਮੇਰੇ ਧਿਆਨ ਵਿੱਚ ਆ ਗਈ ਹੈ। ਇਨ੍ਹਾਂ ਦੀ ਪ੍ਰਾਬਲਮ ਜਲਦੀ ਹੀ ਹੱਲ ਹੋ ਜਾਵੇਗੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

-------

## ਬਿਜਲੀ ਦਫਤਰ ਬੁਢਲਾਡਾ ਅਤੇ ਬਰੇਟਾ ਦੀਆਂ ਨਵੀਆਂ ਇਮਾਰਤਾਂ ਬਣਾਉਣਾ

***1740. ਪ੍ਰਿੰਸੀਪਲ ਬੁੱਧ ਰਾਮ**: ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਵਿੱਚ ਬਿਜਲੀ ਕਾਰਪੋਰੇਸ਼ਨ ਦੀਆਂ ਤਿੰਨ ਸਬ ਡਿਵੀਜ਼ਨਾਂ ਵਿੱਚੋਂ ਦੋ ਸਬ ਡਿਵੀਜ਼ਨਾਂ ਬੁਢਲਾਡਾ ਅਤੇ ਬਰੇਟਾ ਦੇ ਦਫ਼ਤਰਾਂ ਦੀਆਂ ਆਪਣੀਆਂ ਬਿਲਡਿੰਗਾਂ ਨਹੀਂ ਹਨ ਅਤੇ ਇਹਨਾਂ ਦਾ ਸਟਾਫ ਕਿਰਾਏ ਦੀਆਂ ਇਮਾਰਤਾਂ ਵਿੱਚ ਕੰਮ ਕਰ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਬੁਢਲਾਡਾ ਅਤੇ ਬਰੇਟਾ ਵਿੱਚ ਬਿਜਲੀ ਦਫਤਰਾਂ ਦੀਆਂ ਨਵੀਆਂ ਇਮਾਰਤਾਂ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਸੰਜੀਵ ਅਰੋੜਾ**:ਹਾਂ ਜੀ, ਇਹ ਠੀਕ ਹੈ ਕਿ ਉਪ ਮੰਡਲ ਬੁਢਲਾਡਾ ਅਤੇ ਬਰੇਟਾ ਦੇ ਦਫਤਰ ਇਸ ਸਮੇਂ ਕਿਰਾਏ ਦੀਆਂ ਬਿਲਡਿੰਗਾਂ ਵਿਚ ਚੱਲ ਰਹੇ ਹਨ। ਉਪ ਮੰਡਲ ਬੁਢਲਾਡਾ ਦਫਤਰ ਲਈ ਨਵੀਂ ਇਮਾਰਤ ਦਾ ਕੰਮ 66 ਕੇ.ਵੀ. ਗਰਿਡ ਸਬ-ਸਟੇਸ਼ਨ, ਬੁਢਲਾਡਾ (ਪੀ.ਐਸ.ਪੀ.ਸੀ.ਐਲ. ਦੀ ਆਪਣੀ ਜ਼ਮੀਨ) ਵਿਖੇ ਠੇਕੇਦਾਰ ਨੂੰ ਮਿਤੀ 10/10/2025 ਵਿਚ ਅਲਾਟ ਹੋ ਚੁੱਕਾ ਹੈ ਅਤੇ ਇਹ ਕੰਮ ਅਲਾਟਮੈਂਟ ਦੀ ਮਿਤੀ ਤੋਂ 18 ਮਹੀਨਿਆਂ ਦੇ ਵਿਚ-ਵਿਚ ਭਾਵ ਅਪ੍ਰੈਲ, 2027 ਵਿਚ ਕੰਪਲੀਟ ਹੋ ਜਾਵੇਗਾ। 66 ਕੇ.ਵੀ. ਸਬ-ਸਟੇਸ਼ਨ ਬਰੇਟਾ ਵਿਖੇ ਸਬ ਡਿਵੀਜ਼ਨ ਬਰੇਟਾ ਦੇ ਦਫ਼ਤਰ ਦੀ ਇਮਾਰਤ ਦੇ ਨਿਰਮਾਣ ਲਈ ਪ੍ਰਕਿਰਿਆ ਇਸ ਸਮੇਂ ਸ਼ੁਰੂਆਤੀ ਪੜਾਅ ਵਿੱਚ ਹੈ, ਜਿਸ ਵਿੱਚ ਗਰੇਡ ਲੈਵਲ ਫਿਕਸੇਸ਼ਨ ਅਤੇ ਡਰਾਇੰਗਾਂ ਅਤੇ ਅੰਦਾਜ਼ਿਆਂ ਦੀ ਤਿਆਰੀ ਸ਼ਾਮਲ ਹੈ। ਇਹ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਜਲਦੀ ਹੀ ਟੈਂਡਰ ਜਾਰੀ ਕੀਤਾ ਜਾਵੇਗਾ।

**ਪ੍ਰਿੰਸੀਪਲ ਬੁੱਧ ਰਾਮ**: ਸਰ, ਮੈਂ ਸਵਾਲ ਇਹ ਕੀਤਾ ਸੀ ਕਿ ਬੁਢਲਾਡਾ ਅਤੇ ਬਰੇਟਾ ਦੇ ਬਿਜਲੀ ਬੋਰਡ ਦੇ ਦਫਤਰ ਕਿਰਾਏ ਦੀਆਂ ਬਿਲਡਿੰਗਾਂ ਤੇ ਚੱਲ ਰਹੇ ਹਨ। ਜਿਹੜੀਆਂ ਇਨ੍ਹਾਂ ਦੀਆਂ ਬਿਲਡਿੰਗਾਂ ਸਨ, ਬੁਢਲਾਡਾ ਵਾਲੀ ਤਾਂ ਡਿਸਮੈਂਟਲ ਕਰ ਦਿੱਤੀ ਗਈ ਹੈ ਪਰ ਬਰੇਟਾ ਦੀ ਬਿਜਲੀ ਬੋਰਡ ਦੀ ਬਿਲਡਿੰਗ ਡਿਸਮੈਂਟਲ ਕਰਨ ਵਾਲੀ ਰਹਿੰਦੀ ਹੈ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਜਵਾਬ ਵਿੱਚ ਦੱਸਿਆ ਹੈ ਕਿ ਬੁਢਲਾਡਾ ਵਿਖੇ ਬਣਾਈ ਜਾਣ ਵਾਲੀ ਬਿਜਲੀ ਬੋਰਡ ਦੀ ਬਿਲਡਿੰਗ ਦਾ ਟੈਂਡਰ ਮਿਤੀ 10.10.2025 ਨੂੰ ਲਗਾਇਆ ਜਾ ਚੁੱਕਿਆ ਹੈ ਅਤੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਬਰੇਟਾ ਦੀ ਬਿਲਡਿੰਗ ਦਾ ਕੰਮ ਵੀ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਕੀ ਤੁਸੀਂ ਬਰੇਟਾ ਦੀ ਬਿਲਡਿੰਗ ਦਾ ਕੰਮ ਜਲਦੀ ਸ਼ੁਰੂ ਕਰਵਾ ਦੇਵੋਗੇ? ਹਾਂ ਜੀ, ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ**: ਜਿਹੜਾ ਬਰੇਟਾ ਦਾ ਐਸ.ਡੀ.ਓ ਹੈ, ਉਹ ਡੇਢ ਕਿਲੋਮੀਟਰ ਦੂਰ ਬੈਠਦਾ ਹੈ ਅਤੇ ਜਿਹੜੇ ਲਾਈਨਮੈਨਜ਼ ਹਨ, ਉਹ ਡੇਢ ਕਿਲੋਮੀਟਰ ਦੂਰ ਕਿਸੇ ਹੋਰ ਥਾਂ ਤੇ ਬੈਠਦੇ ਹਨ, ਜਿਸ ਕਰਕੇ ਲੋਕਾਂ ਨੂੰ ਤਾਲਮੇਲ ਕਰਨ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ। ਜੇਕਰ ਬਰੇਟਾ ਦੀ ਬਿਲਡਿੰਗ ਦਾ ਕੰਮ ਵੀ ਸ਼ੁਰੂ ਹੋ ਜਾਵੇ ਤਾਂ ਤੁਹਾਡਾ ਬਹੁਤ ਧੰਨਵਾਦ ਹੋਵੇਗਾ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਬੁਢਲਾਡੇ ਦੇ ਸਬ ਸਟੇਸ਼ਨ ਦਾ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਸਰ, ਹੋਵੇਗਾ ਨਹੀਂ, ਕੰਮ ਸ਼ੁਰੂ ਹੋ ਚੁੱਕਿਆ ਹੈ। ਮਿਤੀ 10.10.2025 ਨੂੰ ਟੈਂਡਰ ਅਲਾਟ ਕਰ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ ਪੁਰਾਣੀ ਬਿਲਡਿੰਗ ਗਿਰਾ ਦਿੱਤੀ ਗਈ ਹੈ ਅਤੇ ਨਵੀਂ ਬਣਨੀ ਸ਼ੁਰੂ ਹੋ ਗਈ ਹੈ। ਉਨ੍ਹਾਂ ਨੂੰ 10.10.2025 ਤੋਂ 18 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਉਹ ਅਪ੍ਰੈਲ, 2027 ਵਿੱਚ ਪੂਰਾ ਹੁੰਦਾ ਹੈ। ਹੁਣ ਤੱਕ ਇਹ ਕੰਮ ਸਮੇਂ ਅਨੁਸਾਰ ਹੀ ਚੱਲ ਰਿਹਾ ਹੈ। ਬਰੇਟਾ ਵਾਸਤੇ ਡਰਾਇੰਗ ਅਤੇ ਐਸਟੀਮੇਟ ਬਣ ਚੁੱਕੇ ਹਨ, ਬੜੀ ਜਲਦੀ ਹੀ ਉਸ ਵਾਸਤੇ ਟੈਂਡਰ ਫਲੋਟ ਕਰ ਦੇਵਾਂਗੇ ਅਤੇ ਅਸੀਂ ਕੰਮ ਜਲਦੀ ਚਾਲੂ ਕਰ ਦੇਵਾਂਗੇ।

**1005/Pawan sharma/BS khokhar**

**1010/Beant kaur**

10.10 BK

**ਪ੍ਰਿੰਸੀਪਲ ਬੁੱਧ ਰਾਮ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ :** ਮੇਰੀ ਗੱਲ ਸੁਣੋ ਜੀ। ਬਜਟ ਤੇ ਬੋਲਣਾ ਹੈ, ਗਵਰਨਰ ਐਡਰੈਸ ਤੇ ਬੋਲਣਾ ਹੈ। ਤੁਸੀਂ ਜਿੰਨਾ ਮਰਜ਼ੀ ਧੰਨਵਾਦ ਕਰ ਲੈਣਾ।

**ਪ੍ਰਿੰਸੀਪਲ ਬੁੱਧ ਰਾਮ** : ਠੀਕ ਹੈ ਜੀ। ਜਿਵੇਂ ਤੁਹਾਡੀ ਮਰਜ਼ੀ।

-------

## ਕਿੰਨੂ ਦੇ ਬਾਗਾਂ ਦੀ ਬਦਲਵੀਂ ਫਸਲ ਲਈ ਯੋਜਨਾ ਬਣਾਉਣਾ

***1744. ਸ੍ਰੀ ਸੰਦੀਪ ਜਾਖੜ** : ਕੀ ਬਾਗਬਾਨੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਅਬੋਹਰ ਤਹਿਸੀਲ ਵਿੱਚ ਸੇਮ ਕਾਰਨ ਜੜ੍ਹੋਂ ਪੁੱਟੇ ਜਾ ਰਹੇ ਕਿੰਨੂ ਦੇ ਬਾਗਾਂ ਦੀ ਬਦਲਵੀਂ ਫਸਲ ਲਈ ਕੋਈ ਯੋਜਨਾ ਬਣਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਮਹਿੰਦਰ ਭਗਤ** : ਫਲਾਂ ਦੇ ਬੂਟੇ ਪਾਣੀ ਭਰੀਆਂ ਸਥਿਤੀਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ ਕਿਉਂਕਿ ਉਨ੍ਹਾਂ ਦੀਆਂ ਜੜ੍ਹਾਂ ਨੂੰ ਸਹੀ ਸਾਹ ਲੈਣ ਅਤੇ ਪੌਸ਼ਟਿਕ ਤੱਤਾਂ ਨੂੰ ਸੋਖਣ ਲਈ ਚੰਗੀ ਤਰ੍ਹਾਂ ਹਵਾਦਾਰ ਮਿੱਟੀ ਦੀ ਲੋੜ ਹੁੰਦੀ ਹੈ। ਲੰਬੇ ਸਮੇਂ ਲਈ ਮਿੱਟੀ ਵਿੱਚ ਪਾਣੀ ਖੜ੍ਹੇ ਰਹਿਣ ਨਾਲ ਮਿੱਟੀ ਦੀਆਂ ਜੈਵਿਕ, ਰਸਾਇਣਕ ਅਤੇ ਸੂਖਮਜੀਵ-ਵਿਗਿਆਨਕ ਪ੍ਰਕ੍ਰਿਆਵਾਂ ਬਦਲ ਜਾਂਦੀਆਂ ਹਨ। ਜਿਸ ਦੇ ਨਤੀਜੇ ਵਜੋਂ ਜੜ੍ਹਾਂ ਨੂੰ ਨੁਕਸਾਨ, ਬਿਮਾਰੀ ਦੀ ਘਟਨਾ, ਘੱਟ ਉਤਪਾਦਕਤਾ ਅਤੇ ਅੰਤ ਵਿੱਚ ਪੌਦੇ ਮਰ ਜਾਂਦੇ ਹਨ। ਇਸ ਤਰ੍ਹਾਂ ਫਲਦਾਰ ਬੂਟਿਆਂ ਦੀ ਉਤਪਾਦਕਤਾ ਲਈ ਚੰਗੀ ਨਿਕਾਸ ਵਾਲੀ ਮਿੱਟੀ ਅਤੇ ਪ੍ਰਭਾਵਸ਼ਾਲੀ ਨਿਕਾਸ ਪ੍ਰਬੰਧਨ ਦੀ ਲੋੜ ਹੁੰਦੀ ਹੈ। ਇਸ ਲਈ ਪਾਣੀ ਭਰੀਆਂ ਸਥਿਤੀਆਂ ਵਿੱਚ ਕਿੰਨੂ ਦੇ ਬਾਗਾਂ ਦੀ ਥਾਂ ਤੇ ਕੋਈ ਹੋਰ ਫਲਦਾਰ ਬੂਟਿਆਂ ਦਾ ਵਿਕਲਪ ਨਹੀਂ ਹੈ। ਜਦੋਂ ਤੱਕ ਉਤਪਾਦਕਤਾ ਲਈ ਮਿੱਟੀ ਵਿੱਚ ਚੰਗੀ ਨਿਕਾਸੀ ਅਤੇ ਸੇਮ ਦੇ ਪੱਖੋਂ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਨਹੀਂ ਆ ਜਾਂਦਾ।

**ਸ਼੍ਰੀ ਸੰਦੀਪ ਜਾਖੜ** : ਸਪੀਕਰ ਸਾਹਿਬ, ਜਿਹੜਾ ਸਰਕਾਰ ਦਾ ਜਵਾਬ ਆਇਆ ਹੈ, ਉਹ ਕਹਿੰਦੇ ਹਨ ਕਿ ਸੇਮ ਕਰਕੇ ਇੱਥੇ ਨਾ ਕੋਈ ਸਬਜ਼ੀ ਅਤੇ ਹੀ ਕੋਈ ਕੋਈ ਫਰੂਟ ਹੋ ਸਕਦਾ ਹੈ। ਮੇਰਾ ਮੰਤਰੀ ਸਾਹਿਬ ਤੋਂ ਸਵਾਲ ਹੈ ਕਿ ਜਿਹੜਾ ਐਫਐਮ ਸਾਹਿਬ ਕਲ੍ਹ ਬਜਟ ਲੈ ਕੇ ਆਏ ਸੀ, ਉਸ ਵਿੱਚ ਸਪੈਸੇਫਿਕਲੀ ਬਾਗਬਾਨੀ ਵਾਸਤੇ 1300 ਕਰੋੜ ਦੀ ਪ੍ਰੋਵੀਜ਼ਨ ਰੱਖੀ ਹੈ ਅਤੇ ਸਰਕਾਰ ਜਵਾਬ ਦੇ ਰਹੀ ਹੈ ਕਿ ਸਾਡੇ ਕੋਲ ਆਲਟਰਨੇਟਿਵ ਨਹੀਂ ਹੈ। ਸਰ, ਸਾਡੇ ਉਥੇ ਨਾ ਕਿੰਨੂ ਹੋ ਰਿਹਾ ਹੈ, ਨਾ ਨਰਮਾ ਹੋ ਰਿਹਾ ਹੈ ਫੇਰ ਇਹ ਜਿਹੜਾ 1300 ਕਰੋੜ ਰੁਪਿਆ ਬਾਗਬਾਨੀ ਵਾਸਤੇ ਰੱਖਿਆ ਹੈ, ਤੁਸੀਂ ਜਵਾਬ ਦੇ ਰਹੇ ਹੋ ਕਿ ਇੱਥੇ ਕੋਈ ਫਸਲ ਨਹੀਂ ਹੋ ਸਕਦੀ ਕਿਉਂਕਿ ਸੇਮ ਹੈ। ਫੇਰ ਸਰਕਾਰ ਕੀ ਕਰ ਰਹੀ ਹੈ? ਜਾਂ ਤਾਂ ਸਾਨੂੰ ਸੇਮ ਵਾਲੀ ਜਗ੍ਹਾ ਕਾਰਨ ਕੋਈ ਆਲਟਰਨੇਟ ਕੱਢ ਕੇ ਦਿਓ ਕਿਉਂਕਿ ਕਿਸੇ ਕਰਾਪ ਦਾ ਆਲਟਰਨੇਟਿਵ ਤਾਂ ਦੇਣਾ ਹੀ ਪੈਣਾ ਹੈ। ਸਾਡੀ ਇਕਾਨਮੀ ਜਿਹੜੀ ਪਹਿਲਾਂ ਨਰਮੇ ਤੇ ਸੀ, ਉਹ ਖਤਮ ਹੋ ਗਿਆ, ਫੇਰ ਕਿੰਨੂ ਆਇਆ ਅਤੇ ਹੁਣ ਹੌਲੀ ਹੌਲੀ ਉਹ ਖਤਮ ਹੋ ਰਿਹਾ ਹੈ। ਫੇਰ ਅਸੀਂ ਕਿੱਥੇ ਜਾਵਾਂਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਸਵਾਲ ਬੜਾ ਇੰਪਾਰਟੈਂਟ ਹੈ ਅਤੇ ਇਨ੍ਹਾਂ ਦਾ ਸਵਾਲ ਮੈਨੂੰ ਬੜਾ ਅੱਛਾ ਲੱਗਿਆ ਹੈ। ਕਿਸੇ ਵੀ ਕਾਸ਼ਤਕਾਰ ਜਾਂ ਫਾਰਮਰ ਨੂੰ ਆਪਣੀ ਫਸਲ ਦੀ ਚਿੰਤਾ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਵੀ ਹੈ। ਸੱਚਾਈ ਇਹ ਹੈ ਕਿ ਇਹ ਇਕ ਨੈਚੁਰਲ ਸਿਸਟਮ ਹੈ ਜਿਸ ਕਾਰਨ ਇਲਾਕੇ ਵਿੱਚ ਲਗਾਤਾਰ ਪਾਣੀ ਰਹਿੰਦਾ ਹੈ, ਜਿਸ ਕਾਰਨ ਉਥੇ ਕੋਈ ਵੀ ਪਲਾਂਟ ਪੈਦਾ ਨਹੀਂ ਹੋ ਸਕਦਾ। ਇਸ ਲਈ ਕੋਈ ਦੋ ਰਾਏ ਨਹੀਂ ਹਨ। ਇਸ ਦੇ ਨਾਲ ਹੀ ਅਬੋਹਰ ਦੇ ਇਲਾਕੇ ਦੇ ਕਈ ਪਿੰਡਾਂ ਵਿੱਚ 1-2 ਫੁੱਟ ਤੱਕ ਸੇਮ ਦਾ ਪਾਣੀ ਖੜ੍ਹਾ ਰਹਿੰਦਾ ਹੈ। ਇਸ ਸਥਿਤੀ ਵਿੱਚ ਬਾਗਬਾਨੀ ਅਤੇ ਹੋਰ ਕਾਸ਼ਤ ਕਰਨੀ ਅਸੰਭਵ ਹੈ। ਉਕਤ ਸੇਮ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਭੂਮੀ ਅਤੇ ਪਾਣੀ ਸੰਭਾਲ ਵਿਭਾਗ ਵੱਲੋਂ ਆਲਰੇਡੀ ਅਬੋਹਰ ਦੇ ਇਲਾਕੇ ਦੀ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਪੜ੍ਹਾਅ ਤਹਿਤ 27 ਪਿੰਡਾਂ ਵਿੱਚ 27.73 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਦੂਜੇ ਪੜ੍ਹਾਅ ਵਿੱਚ 15 ਪਿੰਡਾਂ ਵਿੱਚ ਹੋਰ ਇਹ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਜਿਵੇਂ ਹੀ ਇਸ ਵਿੱਚ ਕੋਈ ਡਿਵੈਲਪਮੈਂਟ ਹੋਵੇਗੀ, ਅਸੀਂ ਤੁਹਾਨੂੰ ਦੱਸਦੇ ਰਹਾਂਗੇ। ਫਿਲਹਾਲ ਅਸੀਂ ਇਸ ਵਾਸਤੇ ਪ੍ਰਯਾਸ ਕਰ ਰਹੇ ਹਾਂ ਤਾਂ ਜੋ ਭੂਮੀ ਉਪਜਾਊ ਰਹੇ ਅਤੇ ਹਾਰਟੀਕਲਚਰ ਨੂੰ ਬੜਾਵਾ ਦਿੱਤਾ ਜਾ ਸਕੇ।

**ਸ੍ਰੀ ਸੰਦੀਪ ਜਾਖੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਗੁਜਾਰਿਸ਼ ਕਰਾਂਗਾ ਕਿ ਜਿਹੜੇ 27 ਪਿੰਡਾਂ ਦੀ ਤੁਸੀਂ ਗੱਲ ਕਰ ਰਹੇ ਹੋ।

**ਮਾਣਯੋਗ ਸਪੀਕਰ :** ਗੁਜਾਰਿਸ਼ ਤੁਸੀਂ ਮਿਲ ਕੇ ਕਰ ਲੈਣਾ, ਹੁਣ ਸਵਾਲ ਪੁੱਛ ਲਓ।

**ਸ੍ਰੀ ਸੰਦੀਪ ਜਾਖੜ** : ਮੇਰਾ ਸਵਾਲ ਹੈ ਕਿ ਉਨ੍ਹਾਂ 27 ਪਿੰਡਾਂ ਦਾ ਵੇਰਵਾ ਸਾਨੂੰ ਜ਼ਰੂਰ ਦਿਓ ਕਿਉਂਕਿ ਇਨ੍ਹਾਂ 27 ਪਿੰਡਾਂ ਦਾ ਪਾਇਲਟ ਪ੍ਰਾਜੈਕਟ ਅਸੀਂ ਕਈ ਸਾਲਾਂ ਤੋਂ ਸੁਣ ਰਹੇ ਹਾਂ ਕਿ ਇਹ ਸ਼ੁਰੂ ਹੋਣ ਵਾਲਾ ਹੈ। ਦੂਜਾ, ਮੰਤਰੀ ਸਾਹਿਬ ਮੇਰਾ ਸਵਾਲ ਹੈ ਕਿ 5 ਮਹੀਨੇ ਪਹਿਲਾਂ ਫਾਜ਼ਿਲਕਾ ਜ਼ਿਲਾ ਪ੍ਰਧਾਨ ਮੰਤਰੀ ਧੰਨ ਧਾਨਯ ਕ੍ਰਿਸ਼ੀ ਯੋਜਨਾ ਰਾਹੀਂ 100 ਐਸਪ੍ਰੇਸ਼ਨਲ ਜ਼ਿਲ੍ਹਿਆਂ ਵਿੱਚ ਸੈਂਟਰ ਗੌਰਮਿੰਟ ਵੱਲੋਂ ਅਡਾਪਟ ਕੀਤਾ ਗਿਆ ਹੈ। ਮੇਰਾ ਸਵਾਲ ਹੈ ਕਿ ਕੀ ਆਪਣਾ ਮਹਿਕਮਾ ਸੈਂਟਰਲ ਏਜੰਸੀਜ਼ ਨਾਲ ਗੱਲਬਾਤ ਕਰਕੇ ਕੋਈ ਪ੍ਰੋਪੋਜਲਜ਼ ਬਣਾ ਰਿਹਾ ਹੈ ਤਾਂ ਜੋ ਸਾਡੀ ਸੇਮ ਦੀ ਸਮੱਸਿਆ ਹੱਲ ਹੋਵੇ, ਨਵੀਂਆਂ ਵੇਰਾਈਟੀਜ਼ ਆਉਣ ਕਿਉਂਕਿ ਨਰਮਾ ਨਹੀਂ ਹੋ ਰਿਹਾ, ਉਹ ਇੰਪਰੂਵ ਹੋਵੇ। ਧੰਨਵਾਦ।

**ਮਾਣਯੋਗ ਸਪੀਕਰ :** ਮੰਤਰੀ ਜੀ, ਕੀ ਸੇਮ ਦੀ ਸਮੱਸਿਆ ਦਾ ਹੱਲ ਕਰਨ ਲਈ ਕੋਈ ਨਵੀਂ ਪ੍ਰੋਪੋਜ਼ਲ ਬਣ ਰਹੀ ਹੈ ਜੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਆਲਰੇਡੀ ਦੱਸਿਆ ਹੈ ਕਿ 27.73 ਕਰੋੜ ਨਾਲ 27 ਪਿੰਡਾਂ ਵਿੱਚ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਪਿੰਡਾਂ ਦੀ ਡਿਟੇਲ ਮੈਂ ਜਾਖੜ ਸਾਹਿਬ ਨੂੰ ਦੇ ਦੇਵਾਂਗਾ। ਆਪਾਂ ਬਹਿ ਕੇ ਜਿਵੇਂ ਚਾਹੁੰਦੇ ਹੋ, ਉਸ ਪ੍ਰਕਾਰ ਦੀ ਬੈਟਰਮੈਂਟ ਕਰਾਂਗੇ।

-------

## ਰਾਏਕੋਟ ਵਿਖੇ ਬਣੇ ਜੱਚਾ-ਬੱਚਾ ਹਸਪਤਾਲ ਨੂੰ ਸ਼ੁਰੂ ਕਰਨਾ

***1757. ਸ੍ਰੀ ਹਾਕਮ ਸਿੰਘ ਠੇਕੇਦਾਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਏਕੋਟ ਵਿਖੇ ਬਣੇ ਜੱਚਾ-ਬੱਚਾ ਹਸਪਤਾਲ ਦੀ ਬਿਲਡਿੰਗ ਦਾ ਕੰਮ ਪੂਰਾ ਹੋ ਗਿਆ ਹੈ ਪ੍ਰੰਤੂ ਇਸ ਦਾ ਏਸੀ ਅਤੇ ਲਿਫਟ ਦਾ ਕੰਮ ਅਜੇ ਅਧੂਰਾ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਟੈਂਡਰ ਪ੍ਰਕ੍ਰਿਆ ਕਦੋਂ ਤੱਕ ਮੁਕੰਮਲ ਹੋਵੇਗੀ ਅਤੇ ਇਸ ਹਸਪਤਾਲ ਨੂੰ ਜਲਦ ਤੋਂ ਜਲਦ ਕਦੋਂ ਤੱਕ ਸ਼ੁਰੂ ਕਰਵਾਇਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ, ਹਾਂ, ਇਹ ਸਹੀ ਹੈ ਕਿ ਐਸਡੀਐਚ ਰਾਏਕੋਟ ਵਿਖੇ 30 ਬਿਸਤਰਿਆਂ ਵਾਲੇ ਜੱਚਾ-ਬੱਚਾ ਹਸਪਤਾਲ ਦਾ ਕੰਮ ਪੂਰਾ ਹੋ ਗਿਆ ਹੈ। ਹਾਲਾਂਕਿ, ਫੰਡਾਂ ਦੀ ਘਾਟ ਕਾਰਨ ਏਸੀ, ਲਿਫਟ ਅਤ ਮੈਡੀਕਲ ਗੈਸ ਪਾਈਪਲਾਈਨ ਸਿਸਟਮ ਦੇ ਕੰਮਾਂ ਨੂੰ ਅਸਲ ਪ੍ਰੋਜੈਕਟ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਿਆ। ਹੁਣ, ਏਸੀ, ਲਿਫਟ, ਮੈਡੀਕਲ ਗੈਸ ਪਾਈਪਲਾਈਨ ਸਿਸਟਮ ਆਦਿ ਦੇ ਬਾਕੀ ਕੰਮਾਂ ਲਈ 136.28 ਲੱਖ ਰੁਪਏ ਦਾ ਅਨੁਮਾਨ ਤਿਆਰ ਕੀਤਾ ਗਿਆ ਹੈ। ਹਾਲਾਂਕਿ, ਇਸ ਦੇ ਲਈ ਫੰਡਾਂ ਦਾ ਪ੍ਰਬੰਧ ਕਰਨ ਅਤੇ ਉਸ ਤੋਂ ਬਾਅਦ ਪ੍ਰਸ਼ਾਸਕੀ ਪ੍ਰਵਾਨਗੀ

ਪ੍ਰਾਪਤ ਕਰਨ ਲਈ ਮਾਮਲਾ ਪ੍ਰਕ੍ਰਿਆ ਅਧੀਨ ਹੈ। ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ ਇਹ ਕੰਮ 2 ਮਹੀਨਿਆਂ ਦੇ ਅੰਦਰ ਸ਼ੁਰੂ ਹੋ ਜਾਵੇਗਾ।

ਮੈਂਬਰ ਸਾਹਿਬ ਨੇ ਬਹੁਤ ਪਬਲਿਕ ਇੰਟ੍ਰਸਟ ਦਾ ਮੁੱਦਾ ਮੇਰੇ ਧਿਆਨ ਵਿੱਚ ਲਿਆਂਦਾ ਹੈ। ਮੈਂ ਵਿਜ਼ਟ ਵੀ ਕਰਕੇ ਆਇਆ ਸੀ। ਸਰ, ਇਸ਼ੂ ਇਹ ਹੈ ਕਿ ਜਿਹੜੀ ਐਸਡੀਐਚ ਸੈਂਟਰ ਬਣੇ ਹਨ, ਇਨ੍ਹਾਂ ਵਿੱਚ ਨਾ ਤਾਂ ਲਿਫਟ ਕੰਮ ਕਰਦੀ ਹੈ ਅਤੇ ਇਸ ਦੇ ਨਾਲ ਹੀ ਪਿਛਲੀਆਂ ਸਰਕਾਰਾਂ ਵੇਲੇ ਬਣੀਆਂ ਸਕੀਮਾਂ ਵਿੱਚ ਤਰੁੱਟੀਆਂ ਸਨ, ਇੰਡੀਅਨ ਪਬਲਿਕ ਸਟੈਂਡਰਡ ਮੁਤਾਬਿਕ ਨਹੀਂ ਸਨ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਾਰਾ ਹੋਮ ਵਰਕ ਕਰ ਲਿਆ ਹੈ। ਇਸ ਵਿੱਚ ਲਿਫਟ ਵੀ ਲੱਗੇਗੀ, ਗੈਸ ਪਾਈਪਲਾਈਨ ਵੀ ਪਵੇਗੀ ਅਤੇ ਏਅਰ ਕੰਡੀਸ਼ਨਜ਼ ਵੀ ਲੱਗਣਗੇ ਅਤੇ ਅਸੀਂ ਵਿਦਇਨ 2 ਮੰਥਸ ਇਸ ਦਾ ਕੰਮ ਸ਼ੁਰੂ ਕਰਵਾ ਦੇਵਾਂਗੇ। ਇਨ੍ਹਾਂ ਦਾ ਕੰਮ ਸ਼ੁਰੂ ਕਰਵਾ ਦਿਆਂਗੇ ਅਤੇ ਨਾਲ ਹੀ ਦੋਰਾਹੇ ਵਿੱਚ ਤੇ ਨਾਭੇ ਦੇ ਵਿੱਚ ਵੀ, ਜਿੱਥੇ ਜਿੱਥੇ ਕਮੀਆਂ ਹਨ, ਮੈਂ ਪੂਰੀ ਲਿਸਟ ਬਣਾ ਲਈ ਹੈ। ਅਸੀਂ ਪੰਜਾਬ ਦੇ ਹਸਪਤਾਲਾਂ ਵਿੱਚ ਸਾਰੀਆਂ ਲਿਫਟਾਂ ਚਲਦੀਆਂ ਕਰ ਦਿਆਂਗੇ ।

**1015/Karamjit kaur**

**ਮਾਣਯੋਗ ਸਪੀਕਰ**: ਬਹੁਤ ਬਹੁਤ ਧੰਨਵਾਦ ਜੀ।

**ਸ਼੍ਰੀ ਹਾਕਮ ਸਿੰਘ ਠੇਕੇਦਾਰ**: ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਧੰਨਵਾਦ ਹੈ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਿ ਉਨ੍ਹਾਂ ਨੇ ਸਪੈਸ਼ਲੀ ਦੋਰਾਹੇ ਦਾ ਨਾਮ ਲਿਆ ਹੈ। ਮੇਰਾ ਮਨ ਵੀ ਖੁਸ਼ ਹੋ ਗਿਆ ਹੈ। ਮੰਤਰੀ ਸਾਹਿਬ, ਪ੍ਰਮਾਤਮਾ ਤੁਹਾਨੂੰ ਚੜ੍ਹਦੀਕਲਾ ਵਿੱਚ ਰੱਖੇ ਜੀ।

**ਮਾਣਯੋਗ ਸਪੀਕਰ**: ਦੇਖੋ ਮੰਤਰੀ ਜੀ, ਵੈਸੇ ਇਹ ਲਿਫਟਾਂ ਲਗਾਉਣ ਦਾ ਕੰਮ ਤਾਂ ਤੁਰੰਤ ਹੀ ਹੋ ਜਾਣਾ ਚਾਹੀਦਾ ਹੈ, ਮਤਲਬ ਇੰਨਾ ਵੱਡਾ ਇਨਫ੍ਰਾਸਟ੍ਰਕਚਰ ਬਣਿਆ ਹੋਇਆ ਹੈ ਪਰ ਇੱਕ ਲਿਫਟ ਕਰਕੇ ਲੋਕਾਂ ਨੂੰ ਪ੍ਰਾਬਲਮ ਆਵੇ ਤਾਂ ਇਹ ਠੀਕ ਨਹੀਂ ਹੈ। ਇਹ ਜਲਦੀ ਹੋ ਜਾਵੇ।

**ਮੰਤਰੀ**: ਸਪੀਕਰ ਸਾਹਿਬ, ਅਸੀਂ ਇਸ ਦੇ ਨਾਲ ਹੋਰ ਵੀ ਕਰ ਦਿੱਤਾ ਹੈ ਕਿ ਜਿਹੜੀ ਲਿਫਟ ਲੱਗਣੀ ਹੈ ਅਤੇ ਜਿਹੜਾ ਵੀ ਕੰਮ ਅਸੀਂ ਕਰਵਾਉਂਦੇ ਹਾਂ, ਉਸ ਦੀ ਪੰਜ ਸਾਲ ਦੀ ਮੈਨਟੇਨੈਂਸ ਵੀ ਉਸ ਦੇ ਵਿੱਚ ਹੀ ਇਨਕਲੂਡਿਡ ਹੋਵੇਗੀ।

**Mr. Speaker:** Very good. Very good. ਅਗਲੇ ਸਵਾਲ 1691 ਦਾ ਜਵਾਬ ਮੁੱਖ ਮੰਤਰੀ ਜੀ ਦੀ ਜਗ੍ਹਾ ਵਿੱਤ ਮੰਤਰੀ ਜੀ ਦੇਣਗੇ

-------------

**ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੌਰਾਨ ਫੜੇ ਗਏ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਕੀਤੀ ਕਾਰਵਾਈ ਦੇ ਵੇਰਵੇ**

***1691. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੌਰਾਨ ਕਿੰਨੇ ਨਸ਼ਿਆਂ ਦੇ ਸੌਦਾਗਰ ਫੜੇ ਗਏ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਹੈ;

(ਅ) ਕੀ ਸਰਕਾਰ ਇਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਦੀਆਂ ਜਮਾਨਤਾਂ ਕਰਵਾਉਣ ਵਾਲਿਆਂ ਦੇ ਨਾਮ ਜਨਤਕ ਕਰਨ ਬਾਰੇ ਕੋਈ ਨੀਤੀ ਅਮਲ ਵਿੱਚ ਲਿਆ ਰਹੀ ਹੈ ਤਾਂ ਜੋ ਮਾੜੇ ਅਨਸਰਾਂ ਦਾ ਪੱਖ ਪੂਰਨ ਵਾਲਿਆਂ ਬਾਰੇ ਪਿੰਡਾਂ ਦੇ ਲੋਕਾਂ ਨੂੰ ਪਤਾ ਲੱਗ ਸਕੇ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ,

ੳ) ਪੰਜਾਬ ਸਰਕਾਰ ਵੱਲੋਂ I ਮਾਰਚ 2025 ਤੋਂ 28 ਫਰਵਰੀ 2026 ਤੱਕ ਚਲਾਈ ਗਈ "ਯੁੱਧ ਨਸ਼ਿਆ ਵਿਰੁੱਧ" ਨਸ਼ਾ ਵਿਰੋਧੀ ਮੁਹਿੰਮ ਨੂੰ ਸਖ਼ਤੀ ਨਾਲ ਲਾਗੂ ਕਰਨ, ਭਾਈਚਾਰਕ ਸਮੂਲੀਅਤ ਅਤੇ ਰੋਕਥਾਮ ਸਿੱਖਿਆ ਰਾਹੀਂ ਰਾਜ ਵਿੱਚ ਨਸ਼ਾ ਤਸਕਰੀ ਨੂੰ ਮਹੱਤਵਪੂਰਨ ਤੋਰ ਤੇ ਪ੍ਰਭਾਵਿਤ ਕੀਤਾ ਹੈ।

ਇੱਕ ਸਾਲ ਦੀ ਮੁਹਿੰਮ ਦੀਆਂ ਮੁੱਖ ਉਪਲੱਬਧੀਆਂ ਹੇਠ ਲਿਖੀਆਂ ਹਨ:

**ਮਾਮਲੇ ਅਤੇ ਗ੍ਰਿਫਤਾਰੀਆਂ:** ਐਨ ਡੀ ਪੀ ਐਸ ਐਕਟ ਤਹਿਤ 36, 178 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਜਿਨ੍ਹਾਂ ਵਿੱਚ 47,902 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਮੁਲਜ਼ਮਾਂ ਵਿਚੋਂ 3,036 ਮੁਲਜਮ ਵਪਾਰਕ ਮਾਤਰਾ ਨਾਲ ਸਬੰਧਤ ਸਨ। 3,173 ਨਸ਼ੀਲੇ ਪਦਾਰਥ ਸਪਲਾਇਰ (ਵੰਡਣ ਵਾਲੇ) ਸਨ। ਇਸ ਮੁਹਿੰਮ ਤਹਿਤ 45,398 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਵਿੱਚ 429 ਵੱਡੇ ਤਸਕਰ ਫੜੇ ਗਏ।

**ਨਸ਼ਿਆਂ ਦੀ ਬਰਾਮਦਗੀ:** ਵੱਡੀ ਮਾਤਰਾ ਵਿੱਚ ਬਰਾਮਦਗੀ ਕੀਤੀ ਗਈ, ਜਿਸ ਵਿੱਚ 2276 ਕਿਲੋਗ੍ਰਾਮ ਹੈਰੋਇਨ, 20 ਟਨ ਭੁੱਕੀ, 686 ਕਿਲੋਗ੍ਰਾਮ ਅਫੀਮ, 786 ਕਿਲੋਗ੍ਰਾਮ ਗਾਂਜਾ, 68 ਕਿਲੋ ਗ੍ਰਾਮ ਚਰਸ, 4 ਕਿਲੋ ਗ੍ਰਾਮ ਕੋਕੀਨ, 36 ਕਿਲੋ ਗ੍ਰਾਮ ਆਈਸ, ਅਤੇ 49 ਗੋਲੀਆਂ/ਕੈਪਸੂਲ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। 245 ਡਰੋਨ ਬਰਾਮਦ ਕੀਤੇ ਗਏ ਅਤੇ 338 ਕਿਲੋਗ੍ਰਾਮ ਹੈਰੋਇਨ ਡਰੋਨ ਰਾਹੀਂ ਬਰਾਮਦ ਕੀਤੀ ਗਈ।

**ਵਿੱਤੀ ਪ੍ਰਭਾਵ:** 17 ਕਰੋੜ ਰੁਪਏ ਦੇ ਡਰੱਗ ਮਨੀ ਬਰਾਮਦ ਕੀਤੇ ਗਏ। 65 ਵੱਡੇ ਹਵਾਲਾ ਓਪਰੇਟਰਾਂ ਦੀ ਗ੍ਰਿਫਤਾਰੀ ਨਾਲ ਹਵਾਲਾ ਨੈਟਵਰਕ ਨੂੰ ਭਾਰੀ ਝਟਕਾ ਲੱਗਿਆ, ਜਿਸ ਨਾਲ ਡਰੱਗ ਤਸਕਰਾਂ ਦੇ ਵਿੱਤੀ ਢਾਂਚੇ ਤੇ ਅਸਰ ਪਿਆ।

**ਸਜ਼ਾਦਰ**: 6,822 ਕੇਸਾਂ ਵਿਚੋਂ 6,083 ਵਿੱਚ ਸਜ਼ਾ ਹੋਈ, ਜਿਸ ਨਾਲ 89% ਸਜ਼ਾਦਰ ਪ੍ਰਾਪਤ ਕੀਤੀ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਨੂੰ ਡਿਜੀਟਲ ਸਬੂਤ ਇਕੱਠਾ ਕਰਨ ਅਤੇ ਵਿੱਤੀ ਟਰੈਕਿੰਗ ਵਰਗੀਆਂ ਵਿਗਿਆਨਕ ਜਾਂਚ ਤਕਨੀਕਾਂ ਦੁਆਰਾ ਸਹਾਇਤਾ ਮਿਲੀ।

**ਕਾਨੂੰਨ ਲਾਗੂ ਕਰਨ ਵਾਲੀਆਂ ਕਾਰਵਾਈਆਂ**: ਐਨ.ਡੀ.ਪੀ.ਐਸ ਐਕਟ ਅਧੀਨ 47 ਐਲਾਨੇ ਅਪਰਾਧੀ, 636 ਭਗੌੜੇ, 83 ਜਮਾਨਤ ਜੰਪਰ ਅਤੇ 8 ਪੈਰੋਲ ਜੰਪਰ ਗ੍ਰਿਫਤਾਰ ਕੀਤੇ ਗਏ।

**ਜਾਇਦਾਦ ਕਾਰਵਾਈਆਂ**: ਨਸ਼ਾ ਤਸਕਰਾਂ ਦੀਆਂ 323 ਗੈਰ-ਕਾਨੂੰਨੀ ਤੌਰ ਤੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ, ਅਤੇ 569 ਨਸ਼ਾ ਤਸਕਰਾਂ ਦੀ 241 ਕਰੋੜ ਰੁਪਏ ਦੀ ਗੈਰ-ਕਾਨੂੰਨੀ ਤੌਰ ਤੇ ਪ੍ਰਾਪਤ ਕੀਤੀ ਜਾਇਦਾਦ ਨੂੰ ਜ਼ਬਤ ਕਰ ਦਿੱਤਾ ਗਿਆ।

ਅ) ਨਹੀਂ।

ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ । ਮੈਂ ਸਮਝਦਾ ਹਾਂ ਕਿ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਸਾਹਿਬ ਨੇ ਬਹੁਤ ਹੀ ਅੱਛਾ ਕੁਐਸ਼ਚਨ ਸਦਨ ਦੇ ਸਨਮੁੱਖ ਰੱਖਿਆ ਹੈ। ਇਨ੍ਹਾਂ ਦਾ ਕੁਐਸ਼ਚਨ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੌਰਾਨ ਕਿੰਨੇ ਨਸ਼ਿਆਂ ਦੇ ਸੌਦਾਗਰ ਫੜੇ ਗਏ। ਇਸ ਦਾ ਪੂਰਾ ਡਿਟੇਲ ਦੇ ਅੰਦਰ ਜਵਾਬ ਹੈ। ਇਨ੍ਹਾਂ ਕੋਲ ਸਵਾਲ ਦਾ ਜਵਾਬ ਤਾਂ ਬਿਲਕੁਲ ਪਹੁੰਚ ਗਿਆ ਹੈ ਪ੍ਰੰਤੂ ਮੈਂ ਇਸ ਦਾ ਜਵਾਬ on behalf of Hon'ble C.M. Sahib ਸਦਨ ਦੇ ਅੰਦਰ ਰੱਖਣਾ ਚਾਹੁੰਦਾ ਹਾਂ। ਜਿਹੜੀ ਇਹ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਹੈ, ਅਸੀਂ 01 ਮਾਰਚ, 2025 ਤੋਂ ਸ਼ੁਰੂ ਕੀਤੀ ਸੀ ਅਤੇ 28 ਫਰਵਰੀ, 2026 ਤੱਕ ਇਹ ਮੁਹਿੰਮ ਬੜੇ ਅੱਛੇ ਤਰੀਕੇ ਨਾਲ ਚੱਲ ਰਹੀ ਹੈ। ਜਦੋਂ ਤੱਕ ਇਸ ਸਵਾਲ ਦਾ ਜਵਾਬ ਤਿਆਰ ਹੋਇਆ ਹੈ, ਮੈਂ ਉਦੋਂ ਤੱਕ ਦੀ ਗੱਲ ਕਰ ਰਿਹਾ ਹਾਂ, ਜਵਾਬ ਤਿਆਰ ਹੋਣ ਵੇਲੇ ਹੁਣ ਤੱਕ 36178 ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 47902 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਵਿੱਚੋਂ 3036 ਵਪਾਰਕ ਮਾਤਰਾ ਵਾਲੇ ਸਨ ਯਾਨੀ ਕਿ ਕਮਰਸ਼ੀਅਲ ਕੁਆਂਟਿਟੀ ਦੇ ਕੇਸ ਫੜੇ ਗਏ, ਇਹ ਕੋਈ ਸਮਾਲ ਕੁਆਂਟਿਟੀ ਨਹੀਂ ਸੀ, ਸਗੋਂ ਹਾਈ ਕੁਆਂਟਿਟੀ ਦੇ ਕੇਸ ਫੜੇ ਗਏ ਹਨ।

ਇਸੇ ਤਰ੍ਹਾਂ 3173 ਨਸ਼ੀਲੇ ਪਦਾਰਥ ਸਪਲਾਈ ਵੰਡਣ ਵਾਲਿਆਂ ਨੂੰ ਅਤੇ 45398 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਵਿੱਚੋਂ 429 ਵੱਡੇ ਤਸਕਰਾਂ ਨੂੰ ਵੀ ਫੜਿਆ ਗਿਆ ਹੈ। ਇਸੇ ਤਰ੍ਹਾਂ ਜਿਹੜੀ ਰਿਕਵਰੀ ਹੋਈ ਹੈ, ਨਸ਼ਿਆਂ ਦੀ ਵੱਡੀ ਮਾਤਰਾ ਵਿੱਚ ਬਰਾਮਦਗੀ ਕੀਤੀ ਗਈ ਹੈ ਜਿਸ ਵਿੱਚ 2276 ਕਿਲੋਗ੍ਰਾਮ ਹੈਰੋਇਨ, 20 ਟਨ 686 ਕਿਲੋਗ੍ਰਾਮ ਅਫੀਮ, 786 ਕਿਲੋਗ੍ਰਾਮ ਗਾਂਜਾ, 68 ਕਿਲੋਗ੍ਰਾਮ ਚਰਸ ਤੇ 4 ਕਿਲੋਗ੍ਰਾਮ ਹੈਰੋਇਨ, 36 ਕਿਲੋਗ੍ਰਾਮ ਆਈਸ ਅਤੇ 49 ਗੋਲੀਆਂ ਆਦਿ ਦੀ ਡਿਟੇਲ ਦਿੱਤੀ ਗਈ ਹੈ। ਸੋ, 17 ਕਰੋੜ ਰੁਪਏ ਦੀ ਡਰੱਗ ਮਨੀ ਵੀ ਇਸ ਦੇ ਵਿੱਚ ਇਸ ਮੁਹਿੰਮ ਵਿੱਚ ਫੜੀ ਗਈ ਹੈ। 65 ਵੱਡੇ ਹਵਾਲਾ ਓਪਰੇਟਰਾਂ ਦੀ ਗ੍ਰਿਫਤਾਰੀ ਨਾਲ ਪੰਜਾਬ ਸਰਕਾਰ ਇਸ ਨਸ਼ਿਆਂ ਦੇ ਨੈੱਟਵਰਕ ਨੂੰ ਤੋੜਨ ਵਿੱਚ ਬਹੁਤ ਸਫ਼ਲ ਹੋਈ ਹੈ।

ਸੋ, ਬਿਲਕੁਲ ਮੈਂ ਨੋਟ ਪੜ੍ਹਦਾ ਹੋਇਆ ਦੇਖ ਰਿਹਾ ਸੀ ਕਿ ਕਿਸ ਤਰ੍ਹਾਂ ਹੁਣ ਤੱਕ ਇਨ੍ਹਾਂ ਕੇਸਾਂ ਵਿੱਚ ਸਜ਼ਾ ਦੀ ਦਰ ਵਧੀ ਹੈ। ਸਰ, ਇੰਪੋਰਟੈਂਟ ਗੱਲ ਇਹ ਹੈ ਕਿ ਪੰਜਾਬ ਦੇ ਅੰਦਰ ਐਨ.ਡੀ.ਪੀ.ਐਸ. ਐਕਟ ਦੇ ਅੰਦਰ ਕਨਵਿਕਸ਼ਨ ਰੇਟ 89 ਪਰਸੈਂਟ ਹੈ, ਜਿਹੜਾ ਕਿ ਦੇਸ਼ ਦੇ ਅੰਦਰ ਹਾਈਐਸਟ ਹੈ। ਦੇਸ਼ ਅੰਦਰ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਸੋ, ਸਾਡੇ ਸਮੇਂ ਦੌਰਾਨ ਇਨ੍ਹਾਂ ਕੇਸਾਂ ਦੀ ਕਨਵਿਕਸ਼ਨ ਦਾ ਹਾਈਐਸਟ ਰੇਟ ਹੈ। ਸੋ, ਯਾਨੀ ਕਿ ਇਕੱਲਾ ਇਹ ਨਹੀਂ ਕਿ ਨਸ਼ਾ ਤਸਕਰਾਂ ਨੂੰ ਫੜਿਆ ਜਾਂਦਾ ਹੈ, ਸਗੋਂ ਉਨ੍ਹਾਂ ਨੂੰ ਸਜ਼ਾ ਕਰਵਾਉਣ ਤੱਕ ਸਰਕਾਰ ਪੂਰੀ ਪੁਖ਼ਤਾ ਪੈਰਵਾਈ ਕਰਦੀ ਹੈ। ਸੋ, ਹੁਣ ਤੱਕ ਦੇਸ਼ ਦੇ ਕਿਸੇ ਵੀ ਰਾਜ ਦੇ ਅੰਦਰ 89 ਪਰਸੈਂਟ ਜਿੰਨਾ ਕਨਵਿਕਸ਼ਨ ਰੇਟ ਨਹੀਂ ਹੈ ਕਿਉਂਕਿ ਨਹੀਂ ਤਾਂ ਅਜਿਹੇ ਕੇਸ ਵਿਚ-ਵਿਚਾਲੇ ਹੀ ਰਹਿ ਜਾਂਦੇ ਹਨ। ਇਸ ਤੋਂ ਬਿਨਾਂ ਜਿਹੜੇ 47 ਲੋਕ ਇਸ ਮੁਹਿੰਮ ਦੌਰਾਨ, ਇਸ ਸਾਲ ਦੌਰਾਨ ਭੱਜ ਗਏ ਸੀ, ਉਨ੍ਹਾਂ ਨੂੰ ਭਗੌੜੇ ਐਲਾਨਿਆ ਗਿਆ ਹੈ। ਪੁਰਾਣੀਆਂ ਸਰਕਾਰਾਂ ਸਮੇਂ ਜਿਹੜੇ 636 ਭਗੌੜੇ ਭੱਜੇ ਹੋਏ ਸੀ, ਮੈਂ ਸਮਝਦਾ ਹਾਂ ਕਿ ਜਿਨ੍ਹਾਂ ਨੂੰ ਸਿਆਸੀ ਪੁਸ਼ਤ-ਪਨਾਹੀ ਮਿਲੀ ਹੋਈ ਸੀ, ਉਨ੍ਹਾਂ ਨੂੰ ਫੜਿਆ ਗਿਆ ਹੈ ਔਰ 38 ਜਿਹੜੇ ਕਿ ਬੇਲ ਜੰਪ ਕਰ ਗਏ ਸੀ, ਬੇਲ ਤੇ ਆਉਣ ਤੋਂ ਬਾਅਦ ਕਦੇ ਦੁਬਾਰਾ ਪੇਸ਼ ਨਹੀਂ ਹੋਏ ਸੀ, 83 ਉਹ ਵੀ ਫੜੇ ਗਏ। 4 ਜਿਹੜੇ ਪੈਰੋਲ ਤੇ ਸੀ, ਜਿਨ੍ਹਾਂ ਨੂੰ ਸਜ਼ਾ ਹੋਈ ਸੀ, ਉਹ ਵੀ ਫੜੇ ਗਏ ਹਨ। ਸੋ ਬਿਲਕੁਲ ਨਸ਼ਾ ਤਸਕਰਾਂ ਦੇ ਖਿਲਾਫ ਆਮ ਆਦਮੀ ਪਾਰਟੀ ਠੋਕ ਕੇ ਕਾਰਵਾਈ ਕਰ ਰਹੀ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਬਿਲਕੁਲ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲਗਾਤਾਰ ਮੁਹਿੰਮ ਵਿੱਚ ਲੱਗੇ ਹੋਏ ਹਨ।

**1020/harpreet singh**

ਜੇਕਰ ਮੈਂ ਇਤਿਹਾਸ ਦੀ ਗੱਲ ਕਰਾਂ ਤਾਂ ਪੰਜਾਬ ਦੇ ਸ਼ਬਦਕੋਸ਼ ਵਿਚ "ਚਿੱਟਾ" ਸ਼ਬਦ ਉਸ ਸਮੇਂ ਪ੍ਰਵੇਸ਼ ਕੀਤਾ ਜਦੋਂ ਅਕਾਲੀ-ਭਾਜਪਾ ਸਰਕਾਰ ਸੀ ਪਰ ਅਫਸੋਸ ਕਿ ਸਾਲ 2017 ਵਿਚ ਲੋਕਾਂ ਨੇ ਉਨ੍ਹਾਂ ਦੀ ਸਰਕਾਰ ਬਣਾਈ, ਜਿਨ੍ਹਾਂ ਨੇ ਗੁਟਕਾ ਸਾਹਿਬ ਦੀ ਝੂਠੀ ਸਹੁੰ ਖਾਈ, ਮੱਥੇ ਨੂੰ ਗੁਟਕਾ ਸਾਹਿਬ ਛੁਹਾ ਕੇ ਤਲਵੰਡੀ ਸਾਬੋ ਤੋਂ ਠੀਕ 35 ਕਿਲੋਮੀਟਰ ਦੂਰ ਖੜ੍ਹੇ ਹੋ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲ ਹੱਥ ਕਰਕੇ ਕਿਹਾ ਕਿ ਅਸੀਂ ਗੁਟਕਾ ਸਾਹਿਬ ਮੱਥੇ ਨੂੰ ਲਗਾ ਕੇ ਕਹਿੰਦੇ ਹਾਂ ਕਿ ਸਾਡੀ ਸਰਕਾਰ ਬਣਾਓ, ਅਸੀਂ ਪੰਜਾਬ ਵਿਚੋਂ ਨਸ਼ਾ ਖਤਮ ਕਰਾਂਗੇ ਪਰ ਪੰਜ ਸਾਲ ਉਹ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਦੇ ਰਹੇ। ਸਪੀਕਰ ਸਾਹਿਬ, ਤੁਸੀਂ ਵੀ ਦੇਖਦੇ ਰਹੇ ਹੋ ਕਿ ਇੱਥੇ ਉਨ੍ਹਾਂ ਦੀ ਲੜਾਈ ਜ਼ਰੂਰ ਹੁੰਦੀ ਰਹੀ, ਤੂੰ ਤੂੰ, ਮੈਂ ਮੈਂ ਜ਼ਰੂਰ ਹੁੰਦੀ ਰਹੀ ਪਰ ਕਦੇ ਕਿਸੇ ਨੇ ਉਨ੍ਹਾਂ ਨੂੰ ਫੜਨ ਦੀ ਜ਼ੁਰਅੱਤ ਨਹੀਂ ਕੀਤੀ। ਸੋ, ਸਾਡੀ ਸਰਕਾਰ ਵਿਚ ਅਜਿਹੇ ਲੋਕਾਂ ਤੇ ਵੱਡੀਆਂ ਕਾਰਵਾਈਆਂ ਹੋਈਆਂ ਹਨ। ਸੋ, ਮੈਂ ਆਪਣੇ ਐਮ.ਐਲ.ਏ. ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਕਾਰਵਾਈ ਇਸੇ ਤਰ੍ਹਾਂ ਜਾਰੀ ਰਹੇਗੀ ਪਰ ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ ਨਸ਼ੇ ਦੇ ਸੌਦਾਗਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲੇ ਲੋਕਾਂ ਦੇ ਨਾਮ ਜਨਤਕ ਕੀਤੇ ਜਾਣ ਤਾਂ ਜਦੋਂ ਕੋਈ ਬੇਲ ਬਾਉਂਡ ਭਰਦਾ ਹੈ, ਉਸ ਸਮੇਂ ਉਹ ਆਪਣਾ ਨਾਮ ਦਿੰਦਾ ਹੈ ਪਰ ਉਨ੍ਹਾਂ ਦੇ ਨਾਮ ਜਨਤਕ ਕਰਨ ਦੀ ਕੋਈ ਵੀ ਪ੍ਰੋਵਿਜ਼ਨ ਫਿਲਹਾਲ ਨਾ ਹੈ ਅਤੇ ਨਾ ਹੀ ਲਾਅ ਮੁਤਾਬਿਕ ਹੋ ਸਕਦੀ ਹੈ। ਬਹੁਤ ਬਹੁਤ ਧੰਨਵਾਦ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬੜੀ ਡਿਟੇਲ ਵਿਚ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜ਼ਿਕਰ ਕੀਤਾ

ਹੈ। ਮੇਰਾ ਸਵਾਲ ਇਹ ਸੀ ਕਿ ਸਾਨੂੰ ਅਕਸਰ ਪਿੰਡਾਂ ਵਿਚ ਇਹ ਮੁਸ਼ਕਲ ਆਉਂਦੀ ਹੈ ਕਿ ਜਿਹੜੇ ਪਿੰਡਾਂ ਵਿਚ ਨਸ਼ੇ ਵਾਲੇ ਹੁੰਦੇ ਹਨ, ਉਨ੍ਹਾਂ ਦੀਆਂ ਜ਼ਮਾਨਤਾਂ ਨਸ਼ੇ ਦੇ ਸੌਦਾਗਰ ਕਰਵਾ ਲਿਆਉਂਦੇ ਹਨ। ਲੋਕ ਇਹ ਸਮਝਦੇ ਹਨ ਕਿ ਸ਼ਾਇਦ ਪੁਲਿਸ ਨੇ ਇਨ੍ਹਾਂ ਦੀ ਜ਼ਮਾਨਤ ਕਰਵਾ ਦਿੱਤੀ। ਮੈਂ ਇਹ ਸਵਾਲ ਪੁੱਛਿਆ ਸੀ ਕਿ ਕੀ ਸਰਕਾਰ ਇਨ੍ਹਾਂ ਨਸ਼ੇ ਦੇ ਸੌਦਾਗਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲਿਆਂ ਦੇ ਨਾਮ ਜਨਤਕ ਕਰਨ ਬਾਰੇ ਕੋਈ ਨੀਤੀ ਅਮਲ ਵਿਚ ਲਿਆ ਸਕਦੀ ਹੈ ਕਿਉਂਕਿ ਜੇਕਰ ਇਹ ਨੀਤੀ ਬਣੇਗੀ ਤਾਂ ਇਸ ਨਾਲ ਵੱਡੇ ਮਗਰਮੱਛਾਂ ਦੀ ਤਸਦੀਕ ਹੋ ਸਕੇਗੀ। ਮੇਰੇ ਹਲਕੇ ਵਿਚ ਕਾਂਗਰਸ ਸਰਕਾਰ ਵੇਲੇ ਰਾਣੋ ਹੁੰਦਾ ਸੀ, ਜੋ ਆਪਣੀ ਗੱਡੀ ਦੇ ਅੱਗੇ ਅਤੇ ਪਿੱਛੇ ਜਿਪਸੀ ਲਗਾ ਕੇ ਚਿੱਟਾ, ਡਰੱਗ, ਆਈਸ ਆਦਿ ਨਸ਼ੇ ਦੀ ਸਮਗਲਿੰਗ ਕਰਦਾ ਸੀ। ਅੱਜ ਵੀ ਉਹੀ ਅਕਾਲੀ ਅਤੇ ਕਾਂਗਰਸੀ ਲੋਕ ਉਸੇ ਤਰੀਕੇ ਨਾਲ ਉਨ੍ਹਾਂ ਦੀਆਂ ਜ਼ਮਾਨਤਾਂ ਕਰਵਾਉਂਦੇ ਹਨ, ਉਨ੍ਹਾਂ ਨੂੰ ਆਪਣੇ ਘਰਾਂ ਵਿਚ ਲੈ ਕੇ ਆਉਂਦੇ ਹਨ, ਉਨ੍ਹਾਂ ਦੀ ਪੁਸ਼ਤਪਨਾਹੀ ਕਰਦੇ ਹਨ ਅਤੇ ਰੌਲਾ ਵੀ ਪਾਉਂਦੇ ਹਨ ਕਿ ਨਸ਼ਾ ਹੋ ਗਿਆ। ਜਦ ਕਿ ਆਮ ਲੋਕ ਇਹ ਮੰਨਦੇ ਹਨ ਕਿ ਜਦੋਂ ਦਾ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤਾ ਹੈ, ਉਦੋਂ ਤੋਂ ਨਸ਼ਾ ਖਤਮ ਹੋਇਆ ਹੈ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਪਾਂ ਕੋਈ ਅਜਿਹੀ ਨੀਤੀ ਬਣਾ ਸਕਦੇ ਹਾਂ ਕਿਉਂਕਿ ਨੀਤੀ ਬਣਨ ਦੇ ਨਾਲ ਸਾਡੇ ਕੋਲ ਉਨ੍ਹਾਂ ਗਲਤ ਅਨਸਰਾਂ ਦੇ ਨਾਮ ਵੀ ਸਾਹਮਣੇ ਆ ਜਾਣਗੇ, ਜਿਹੜੇ ਲੋਕ ਅਜਿਹੇ ਨਸ਼ੇ ਦੇ ਸੌਦਾਗਰਾਂ ਦੀ ਪੁਸ਼ਤ ਪਨਾਹੀ ਕਰਦੇ ਹਨ।

**ਮਾਣਯੋਗ ਸਪੀਕਰ:** ਮੰਤਰੀ ਜੀ, ਵੈਸੇ ਤਾਂ ਇਸ ਵਿਚ ਕੋਈ ਬਾਰ ਨਹੀਂ ਹੋਣੀ ਚਾਹੀਦੀ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਇਹ ਇਕ ਵੱਡੀ ਸਮੱਸਿਆ ਹੈ ਕਿਉਂਕਿ ਬੇਲ ਕਰਨਾ, ਜ਼ਮਾਨਤ ਦੇਣਾ, ਜ਼ਮਾਨਤ ਰੱਦ ਕਰਨਾ ਮਾਣਯੋਗ ਅਦਾਲਤ ਦਾ ਕਾਰਜ ਖੇਤਰ ਅਤੇ ਅਧਿਕਾਰ ਹੈ। ਇਹ ਮਾਣਯੋਗ ਅਦਾਲਤ ਨੇ ਹੀ ਦੇਖਣਾ ਹੁੰਦਾ ਹੈ ਕਿ ਕਮਰਸ਼ੀਅਲ ਕੁਆਂਟਿਟੀ ਹੈ, ਨਾਨ ਕਮਰਸ਼ੀਅਲ ਕੁਆਂਟਿਟੀ ਹੈ, ਬਾਲਗ ਹੈ ਜਾਂ ਨਬਾਲਗ ਹੈ। ਇਹ ਸਾਰੇ ਪੈਰਾਮੀਟਰ ਮਾਣਯੋਗ ਅਦਾਲਤ ਨੇ ਦੇਖਣੇ ਹੁੰਦੇ ਹਨ ਪਰ ਜਿਹੜਾ ਮੈਂਬਰ ਸਾਹਿਬ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਨਾਮ ਜਨਤਕ ਕਰਨ ਬਾਰੇ ਕਿਹਾ ਹੈ, ਉਸ ਬਾਰੇ ਮੈਂ ਮਾਣਯੋਗ ਮੁੱਖ ਮੰਤਰੀ ਜੀ ਨਾਲ ਵਿਚਾਰ ਵਟਾਂਦਰਾ ਕਰ ਲਵਾਂਗਾ। ਅਸੀਂ ਪ੍ਰਾਸੀਕਿਉਸ਼ਨ ਵਿਭਾਗ ਨਾਲ ਅਤੇ ਲਾਅ ਵਿਭਾਗ ਨਾਲ ਸਲਾਹ ਮਸ਼ਵਰਾ ਕਰ ਲਵਾਂਗੇ ਕਿਉਂਕਿ ਇਸ ਬਾਰੇ ਸਲਾਹ ਮਸ਼ਵਰਾ ਕਰਕੇ ਹੀ ਨੀਤੀ ਬਣਾਈ ਜਾ ਸਕਦੀ ਹੈ। ਧੰਨਵਾਦ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚੱਲੀ ਹੈ ਅਤੇ ਇਸ ਤਹਿਤ ਜਿਹੜੇ ਕੇਸ ਰਜਿਸਟਰ ਹੋਏ ਹਨ, ਉਸ ਵਿਚ ਕੋਈ ਅਜਿਹੀ ਪ੍ਰੋਵਿਜ਼ਨ ਹੈ ਕਿ ਸਪੈਸ਼ਲ ਕੋਰਟ ਜਾਂ ਟ੍ਰਿਬਿਊਨਲ ਗਠਿਤ ਕਰਕੇ ਕੇਸ ਨੂੰ ਟਾਈਮ ਬਾਊਂਡ ਕੀਤਾ ਜਾ ਸਕੇ। ਇਹ ਨਾ ਹੋਵੇ ਕਿ ਸਮਾਂ ਬਹੁਤ ਲਗ ਜਾਵੇ। ਜਿਵੇਂ ਵਜ਼ੀਰ ਸਾਹਿਬ ਨੇ ਕਿਹਾ ਕਿ ਇਸ ਵਿਚ ਕਨਵਿਕਸ਼ਨ ਰੇਟ 80 ਫੀਸਦੀ ਹੈ ਪਰ 15-20 ਫੀਸਦੀ ਅਜਿਹੇ ਕੇਸ ਵੀ ਹਨ, ਜਿਹੜੇ ਨਜਾਇਜ਼ ਫੜੇ ਗਏ। ਇਕ ਵਾਰ ਜੇਕਰ ਕਿਸੇ ਤੇ

ਅਜਿਹੀ ਤੌਹਮਤ ਲਗ ਜਾਵੇ ਤਾਂ ਪੀੜੀ ਦਰ ਪੀੜੀ ਚੱਲਦੀ ਰਹਿੰਦੀ ਹੈ। ਸੋ, ਕੀ ਇਹ ਕੋਈ ਅਜਿਹਾ ਕਮਿਸ਼ਨ ਗਠਿਤ ਕਰਨਗੇ, ਜੋ ਟਾਈਮ ਬਾਉਂਡ ਹੋਵੇ ਤਾਂ ਜੋ ਅਜਿਹੇ ਮਾਮਲੇ ਲਿੰਗਰ ਆਨ ਨਾ ਹੋਣ। ਕੀ ਕੋਈ ਅਜਿਹਾ ਪ੍ਰੋਵਿਜ਼ਨ ਸਰਕਾਰ ਦੇ ਜ਼ਹਿਨ ਵਿਚ ਹੈ?

**ਮਾਣਯੋਗ ਸਪੀਕਰ**: ਵੈਸੇ ਤਾਂ ਇਹ ਵੱਖਰਾ ਸਵਾਲ ਬਣਦਾ ਹੈ ਪਰ ਜੇਕਰ ਮੰਤਰੀ ਜੀ ਜਵਾਬ ਦੇਣਾ ਚਾਹੁਣ ਤਾਂ ਦੇ ਸਕਦੇ ਹਨ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਕੁੱਝ ਲੋਕ ਨਜਾਇਜ਼ ਫਸ ਜਾਂਦੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਤੁਹਾਨੂੰ ਲਗਦਾ ਹੈ ਜਾਂ ਤੁਹਾਡੇ ਕੋਲ ਕੋਈ ਨਜਾਇਜ਼ ਕੇਸਾਂ ਦੀ ਡਿਟੇਲ ਹੈ ਤਾਂ ਸਾਨੂੰ ਜ਼ਰੂਰ ਸਪਲਾਈ ਕੀਤੀ ਜਾਵੇ। ਕਿਉਂਕਿ ਇਹ ਤੁਹਾਨੂੰ ਪਤਾ ਹੋ ਸਕਦਾ ਹੈ ਕਿ ਕੇਸ ਜਾਇਜ਼ ਹੈ ਜਾਂ ਨਜਾਇਜ਼। ਤੁਸੀਂ ਤਾਂ ਮਾਣਯੋਗ ਅਦਾਲਤ ਤੋਂ ਉੱਪਰ ਦੀ ਗੱਲ ਕਰਦੇ ਹੋ ਕਿਉਂਕਿ ਇਹ ਅਧਿਕਾਰ ਤਾਂ ਮਾਣਯੋਗ ਅਦਾਲਤ ਕੋਲ ਹੈ। ਮੈਂ ਤੁਹਾਡੀ ਜਾਣਕਾਰੀ ਲਈ ਤੁਹਾਨੂੰ ਦੱਸ ਦਿਆਂ ਕਿ ਇਹ ਸਪੈਸ਼ਲ ਕੋਰਟ ਹੀ ਹੁੰਦੀ ਹੈ। ਐਨ.ਡੀ.ਪੀ.ਐਸ. ਐਕਟ ਦਾ ਮੁਕੱਦਮਾ ਆਲਰੇਡੀ ਸਪੈਸ਼ਲ ਕੋਰਟ ਦੇ ਅਧੀਨ ਹੀ ਚੱਲ ਸਕਦਾ ਹੈ ਅਤੇ ਐਨ.ਡੀ.ਪੀ.ਐਸ. ਐਕਟ ਭਾਰਤ ਸਰਕਾਰ ਦਾ ਬਣਾਇਆ ਹੋਇਆ ਐਕਟ ਹੈ। ਉਸ ਦੇ ਅੰਦਰ ਸੋਧ ਕਰਨ ਦੀ ਪ੍ਰੋਵੀਜ਼ਨ ਵੀ ਗੌਰਮਿੰਟ ਆਫ ਇੰਡੀਆ ਨੂੰ ਹੀ ਹੈ।

**1020/harpreet singh/Monika sharma**

**1025/amandeep kaur**

ਜੇ ਤੁਹਾਡਾ ਕੋਈ ਪੁਰਾਣਾ ਸਾਥੀ ਜਿਹੜਾ ਇਸ ਤਰ੍ਹਾਂ ਦਾ ਕੰਮ ਕਰਦਾ ਸੀ ਅਤੇ ਹੁਣ ਛੱਡ ਗਿਆ ਹੋਵੇ, ਉਸ ਨੂੰ ਹਾਲੇ ਵੀ ਇਸ ਤਰ੍ਹਾਂ ਦੀ ਆਦਤ ਹੋਵੇ, ਕਿਉਂਕਿ ਤੁਹਾਡਾ ਜ਼ਿਆਦਾ ਐਕਸਪੀਰੀਐਂਸ ਨਸ਼ਾ ਤਸਕਰਾਂ ਦੇ ਨਾਲ ਹੈ, ਇਸ ਲਈ ਤੁਸੀਂ ਜ਼ਰੂਰ ਇਨਫਰਮੇਸ਼ਨ ਦੇ ਸਕਦੇ ਹੋ।

**ਰਾਣਾ ਗੁਰਜੀਤ ਸਿੰਘ**: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਰਾਣਾ ਜੀ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਤਾਂ ਫਿਰ ਡਿਬੇਟ ਚੱਲ ਪੈਣੀ ਹੈ। ਦੂਸਰੇ ਕੁਐਸ਼ਚਨ ਰਹਿ ਜਾਣੇ ਹਨ।

**ਰਾਣਾ ਗੁਰਜੀਤ ਸਿੰਘ**: ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਗੱਲ ਹੈ, ਮੈਂ ਗੁਸਤਾਖੀ ਨਹੀਂ ਕਰਦਾ। ਸਪੀਕਰ ਸਾਹਿਬ, ਜਦੋਂ ਮੈਂ ਅੰਦਰ ਐਂਟਰ ਕੀਤਾ ਤਾਂ ਵਿੱਤ ਮੰਤਰੀ ਜੀ ਜਵਾਬ ਦੇ ਰਹੇ ਸੀ ਕਿ ਟਨਾਂ ਦੇ ਹਿਸਾਬ ਨਾਲ ਹੈਰੋਇਨ, ਅਫੀਮ, ਆਈਸ ਫੜੀ ਗਈ, ਪੈਸਾ ਫੜਿਆ ਗਿਆ, ਵੈਪਨ ਫੜੇ ਗਏ ਲੇਕਿਨ ਜਿਹੜੀ ਚੀਜ਼ ਪੰਜਾਬ ਨੂੰ ਸਤਾ ਰਹੀ ਹੈ ਉਸ ਬਾਰੇ ਕੋਈ ਗੱਲ ਨਹੀਂ ਕਰ ਰਿਹਾ ਹੈ। ਅਸੀਂ ਕਰਾਸ ਬਾਰਡਰ ਤੇ ਲੱਗੇ ਹਾਂ। ਅਸੀਂ ਕਹਿੰਦੇ ਹਾਂ ਕਿ ਪਾਕਿਸਤਾਨ

ਤੋਂ ਇਹ ਆ ਰਿਹਾ ਉਹ ਆ ਰਿਹਾ ਹੈ, ਇਹ ਜਿੰਨਾ ਕੁਝ ਆ ਰਿਹਾ ਹੈ, ਇਸ ਦੀ 10% ਖਪਤ ਵੀ ਪੰਜਾਬ ਵਿੱਚ ਨਹੀਂ ਹੈ। ਪੰਜਾਬ ਦਾ ਨੌਜਵਾਨ ਅੱਜ ਮਰ ਰਿਹਾ ਹੈ ਤੇ ਉਹ ਵੀ synthetic ਨਸ਼ਿਆਂ ਨਾਲ ਮਰ ਰਿਹਾ ਹੈ। ਇਸ ਬਾਰੇ ਜ਼ਿਕਰ ਹੀ ਨਹੀਂ ਹੈ। ਦੇਸ਼ ਵਿੱਚ ਬਣ ਕੇ ਸਾਡੇ ਸੂਬੇ ਵਿੱਚ ਇਹ ਨਸ਼ਾ ਵਿੱਕ ਰਿਹਾ ਹੈ। ਕੁਝ ਤਵੱਜੋਂ ਇਸ ਪਾਸੇ ਵੀ ਜ਼ਰੂਰ ਦੇ ਦੇਈਏ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ, ਰਾਣਾ ਜੀ, ਤੁਸੀਂ ਸਾਰਿਆਂ ਤੋਂ ਐਕਸਪੀਰੀਐਂਸ ਮਾਣਯੋਗ ਮੈਂਬਰ ਹੋ। ਹੁਣ ਜਿਹੜਾ ਕੁਐਸ਼ਚਨ ਚੱਲ ਰਿਹਾ ਹੈ ਜਵਾਬ ਤਾਂ ਉਸੇ ਦਾ ਆਉਣਾ ਹੈ ਜੀ। ਆਪਾਂ ਬਜਟ ਸੈਸ਼ਨ ਜਾਂ ਗਵਰਨਰ ਐਡਰੈੱਸ ਦੀ ਡਿਸਕਸ਼ਨ ਸਮੇਂ ਇਹ ਗੱਲਾਂ ਕਰ ਲਈਏ। ਹੁਣ ਆਪਾਂ ਅੱਗੇ ਚੱਲੀਏ।

------

## ਰੂਲਾਂ/ਕਾਨੂੰਨ ਦੀ ਉਲੰਘਣਾ ਕਰਨ ਵਾਲੇ ਪ੍ਰਮੋਟਰਾਂ/ ਬਿਲਡਰਾਂ ਵਿਰੁੱਧ ਕੀਤੀ ਕਾਰਵਾਈ ਦੇ ਵੇਰਵੇ

***1666 ਸਰਦਾਰ ਕੁਲਵੰਤ ਸਿੰਘ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਗਮਾਡਾ ਵੱਲੋਂ ਪਿਛਲੇ 10 ਸਾਲਾਂ ਦੌਰਾਨ ਨਿਲਾਮੀ ਰਾਹੀਂ ਜੋ ਗਰੁੱਪ ਹਾਊਸਿੰਗ ਸਾਈਟਾਂ ਵੇਚੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਕਿੰਨੇ ਪ੍ਰੋਜੈਕਟਾਂ ਦੇ ਪ੍ਰਬੰਧਕਾਂ ਵੱਲੋਂ ਪ੍ਰੋਜੈਕਟਾਂ ਅੰਦਰ ਬਣਾਈਆਂ ਕਨਵੀਨੀਐਂਸ ਸ਼ੋਪਸ ਦਾ ਗੇਟ ਚਾਰਦੀਵਾਰੀ ਦੇ ਅੰਦਰ ਦੀ ਬਜਾਏ ਮੇਨ ਸੜਕ ਵੱਲ ਰੱਖਿਆ ਗਿਆ ਹੈ ਅਤੇ ਰੋਡ ਬਰਮਾਂ ਤੇ ਨਜਾਇਜ਼ ਕਬਜਾ ਕੀਤਾ ਹੋਇਆ ਹੈ;

ਅ) ਉਕਤ ਅਨੁਸਾਰ ਪ੍ਰੋਜੈਕਟਾਂ ਵਿੱਚੋਂ ਕਿੰਨੇ ਪ੍ਰੋਜੈਕਟਾਂ ਨੂੰ ਰੇਰਾ ਕੋਲ ਰਜਿਸਟਰ ਕਰਵਾਉਣ ਸਮੇਂ ਕਨਵੀਨੀਐਂਸ ਸ਼ੋਪਸ ਜੋ ਕਿ ਪ੍ਰੋਜੈਕਟ ਦੇ ਕਾਮਨ ਏਰੀਏ ਦਾ ਹਿੱਸਾ ਹੁੰਦਾ ਹੈ, ਨੂੰ ਪ੍ਰੋਜੈਕਟ ਦੀ ਇਨਵੈਂਟਰੀ ਵਿੱਚ ਸ਼ਾਮਲ ਕੀਤਾ ਗਿਆ ਹੈ;

ੲ) ਉਕਤ ਦਰਸਾਏ ਅਨੁਸਾਰ ਪ੍ਰੋਜੈਕਟਾਂ ਵਿੱਚੋਂ ਜੇਕਰ ਕਿਸੇ ਪ੍ਰੋਜੈਕਟ ਵਿੱਚ ਉਲੰਘਣਾ ਹੋਈ ਹੈ ਤਾਂ ਕੀ ਅਜਿਹੇ ਪ੍ਰੋਜੈਕਟਾਂ ਨੂੰ ਪਾਰਸ਼ੀਅਲ ਕੰਪਲੀਸ਼ਨ ਸਰਟੀਫ਼ਿਕੇਟ/ਕੰਪਲੀਸ਼ਨ ਸਰਟੀਫ਼ਿਕੇਟ ਜ਼ਾਰੀ ਕੀਤਾ ਗਿਆ ਹੈ; ਜੇਕਰ ਹਾਂ ਤਾਂ ਅਜਿਹੇ ਪ੍ਰੋਜੈਕਟਾਂ ਦੇ ਵੇਰਵੇ ਦਿੱਤੇ ਜਾਣ;

ਸ) ਕਿੰਨੇ ਪ੍ਰੋਜਕਟਾਂ ਦੇ ਪਾਰਸ਼ੀਅਲ/ਕੰਪਲੀਸ਼ਨ ਸਰਟੀਫ਼ਿਕੇਟ ਕੈਂਸਲ ਕੀਤੇ ਗਏ ਹਨ ਅਤੇ ਕਿੰਨਿਆਂ ਨੂੰ ਨੋਟਿਸ ਜ਼ਾਰੀ ਕਰਨ ਉਪਰੰਤ ਰੂਲਾਂ ਅਨੁਸਾਰ ਅੰਤਿਮ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ?

**ਸਰਦਾਰ ਹਰਦੀਪ ਸਿੰਘ ਮੁੰਡੀਆਂ** : ਸ੍ਰੀਮਾਨ ਜੀ,

(ੳ) ਪਿਛਲੇ 10 ਸਾਲਾਂ ਦੌਰਾਨ (2016 ਤੋਂ 2026 ਤੱਕ) ਹੇਠ ਲਿਖੀਆਂ ਸਮੂਹ ਰਿਹਾਇਸ਼ੀ ਸਾਈਟਾਂ ਦੀ ਨਿਲਾਮੀ ਕੀਤੀ ਗਈ ਸੀ-

| **ਲੜੀ.ਨੰ** | **ਅਲਾਟੀ ਦਾ ਨਾਮ** | **ਸੈਕਟਰ** |
|---|---|---|
| 1. | ਏਜੀ ਰਿਐਲਿਟੀ ਪ੍ਰਾਈਵੇਟ ਲਿਮਿਟੇਡ | ਸੈਕਟਰ- 66 |
| 2. | ਅੰਬਿਕਾ ਰਿਅਲਕੋਨ ਡਿਵੈਲਪਰਸ ਪ੍ਰਾਇਵੇਟ ਲਿਮਿਟੇਡ | ਸੈਕਟਰ- 66 ਬੀਟਾ |
| 3. | ਅਪੂਰਵਾ ਲੀਜ਼ਿੰਗ, ਫਾਈਨੈਂਸ ਐਂਡ ਇਨਵੈਸਟਮੈਂਟ ਕੰਪਨੀ ਲਿਮਟਿਡ ਅਪੂਰਵਾ ਲੀਜ਼ਿੰਗ, ਫਾਈਨੈਂਸ ਐਂਡ ਇਨਵੈਸਟਮੈਂਟ ਕੰਪਨੀ ਲਿਮਟਿਡ | ਸੈਕਟਰ—88 |
| 4. | ਸੀ.ਆਰ.ਏ ਬਿਲਡਟੈਕ ਐਲਐਲਪੀ | ਸੈਕਟਰ- 88 |
| 5. | ਹੋਰਾਈਜ਼ਨ ਇਨਫਰਾਸਟ੍ਰਕਚਰ ਐਂਡ ਡਿਵੈਲਪਰਜ਼ ਐਲ.ਐਲ.ਪੀ. | ਸੈਕਟਰ- 88 |
| 6. | ਟਰਨਸਟੋਨ ਰਿਐਲਿਟੀ ਐਲਐਲਪੀ | ਸੈਕਟਰ- 67 |
| 7. | ਜੇ.ਐਮ.ਟੀ. ਹਾਉਸਿੰਗ ਪ੍ਰਾਇਵੇਟ ਲਿਮਿਟੇਡ | ਸੈਕਟਰ- 82 ਅਲਫਾ |
| 8. | ਕੇ.ਐਲ.ਜੀ. ਇਨਫਰਾ ਪ੍ਰਾਈਵੇਟ ਲਿਮਟਿਡ | ਸੈਕਟਰ- 83ਅਲਫਾ |
| 9. | ਨੋਬਲ ਡ੍ਰੀਮਜ਼ ਪ੍ਰੋਜੈਕਟਸ ਪ੍ਰਾਇਵੇਟ ਲਿਮਿਟੇਡ | ਸੈਕਟਰ- 66 ਬੀਟਾ |
| 10. | ਐਸ.ਏ. ਗਲੋਬਲ ਪ੍ਰਾਈਵੇਟ ਲਿਮਿਟੇਡ | ਸੈਕਟਰ-77 |

ਇਨ੍ਹਾਂ ਪ੍ਰੋਜੈਕਟਾਂ ਵਲੋਂ ਆਪਣੇ ਪ੍ਰੋਜੈਕਟਾਂ ਵਿੱਚ ਸੁਵਿਧਾਜਨਕ ਦੁਕਾਨਾਂ ਬਣਾਉਣ ਦੇ ਪ੍ਰਸਤਾਵ ਸਮੇਤ ਆਪਣੀ ਬਿਲਡਿੰਗ ਪਲਾਨਾਂ ਦੀ ਮਨਜ਼ੂਰੀ ਪ੍ਰਾਪਤ ਕੀਤੀ ਹੈ ਪਰ ਇਹ ਸੁਵਿਧਾਜਨਕ ਦੁਕਾਨਾਂ ਸਾਈਟ ਦੀ ਬਾਊਂਡਰੀ ਵਾਲ ਦੇ ਅੰਦਰ ਹੀ ਮਨਜ਼ੂਰ ਕੀਤੀਆਂ ਗਈਆਂ ਹਨ। ਉਪਰੋਕਤ ਵਿੱਚੋਂ ਕਿਸੇ ਵੀ ਅਲਾਟੀ/ਪ੍ਰਮੋਟਰ ਨੇ ਆਪਣੀ ਸਾਈਟ ਦੇ ਨਾਲ ਲੱਗਦੇ ਸੜਕ ਬਰਮ ਤੇ ਗੈਰ-ਕਾਨੂੰਨੀ ਕਬਜ਼ਾ ਨਹੀਂ ਕੀਤਾ ਗਿਆ ਹੈ। ਉਪਰੋਕਤ ਵਿੱਚੋਂ 2 ਨੰਬਰ ਅਲਾਟੀਆਂ JMT Housing Private Limited, Sector- 82 and SA Global Private Limited, Sector-77, SAS Nagar ਵਲੋਂ ਰੋਡ ਬਰਮ ਤੇ ਨਜਾਇਜ਼ ਕਬਜ਼ਾ ਕੀਤਾ ਹੈ ਅਤੇ ਇਨ੍ਹਾਂ ਅਲਾਟੀਆਂ ਨੂੰ ਪੰਜਾਬ ਰਿਜ਼ਨਲ ਟਾਊਨ ਪਲੈਨਿੰਗ ਅਤੇ ਡਿਵੈਪਲਮੈਂਟ ਐਕਟ-1995 ਦੀ ਧਾਰਾ 45 (3) ਤਹਿਤ ਦਫਤਰੀ ਪੱਤਰ ਨੰ.3117 ਮਿਤੀ 05.03.2026 ਅਤੇ ਪੱਤਰ ਨੰ. 3034 ਮਿਤੀ 03.03.2026 ਰਾਹੀਂ ਲੜੀਵਾਰ ਜਾਰੀ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਰੁੱਧ ਰੂਲਾਂ/ਕਾਨੂੰਨਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ l

(ਅ) ਇਸ ਸਬੰਧ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਇਹ 10 ਪ੍ਰੋਜੈਕਟ ਰੇਰਾ,ਪੰਜਾਬ ਵਿਖੇ ਰਜਿਸਟਰਡ ਹਨ ਅਤੇ ਵਸਤੂ ਸੂਚੀ ਬਣਾਉਣ ਦਾ ਕੰਮ RERA ਪੰਜਾਬ ਦੁਆਰਾ ਕੀਤਾ ਜਾਂਦਾ ਹੈ।

(ੲ) ਪ੍ਰਮੋਟਰ ਦੁਆਰਾ ਪ੍ਰਵਾਨਿਤ ਇਮਾਰਤ ਯੋਜਨਾਵਾਂ ਅਨੁਸਾਰ ਪ੍ਰੋਜੈਕਟ ਦੀ ਉਸਾਰੀ ਪੂਰੀ ਕਰਨ ਅਤੇ ਊਣਤਾਈਆਂ ਦੂਰ ਕਰਨ ਮਗਰੋਂ ਹੀ ਅੰਬਿਕਾ ਰੀਅਲਕੋਨ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ ਨੂੰ ਕੰਪਲੀਸ਼ਨ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ।

JMT ਹਾਊਸਿੰਗ ਪ੍ਰਾਈਵੇਟ ਲਿਮਟਿਡ ਨੂੰ ਸੁਵਿਧਾਜਨਕ ਦੁਕਾਨਾਂ ਤੋਂ ਬਿੰਨਾ ਕੇਵਲ ਗਰੁੱਪ ਹਾਊਸਿੰਗ ਟਾਵਰਾਂ ਲਈ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ l

(ਸ) ਕਿਸੇ ਵੀ ਪ੍ਰੋਜੈਕਟ ਦਾ ਕੋਈ ਵੀ ਪਾਰਸ਼ੀਅਲ/ਕੰਪਲੀਸ਼ਨ ਸਰਟੀਫਿਕੇਟ ਰੱਦ ਨਹੀਂ ਕੀਤਾ ਗਿਆ ਹੈ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਧੰਨਵਾਦ। ਇੱਕ ਧੰਨਵਾਦ ਮੈਂ ਇਨ੍ਹਾਂ ਦਾ ਹੋਰ ਵੀ ਕਰਨਾ ਹੈ ਕਿ ਮੋਹਾਲੀ ਵਿੱਚ ਬੜਾ ਵਧੀਆ ਕੰਮ ਚੱਲ ਰਿਹਾ ਹੈ। ਰਾਊਂਡ ਅਬਾਉਟ ਬਣ ਰਹੇ ਹਨ ਤੇ ਹਾਊਸਿੰਗ ਡਿਪਾਰਟਮੈਂਟ ਦੀ ਬਦੌਲਤ ਸਾਰੇ ਮੋਹਾਲੀ ਨੂੰ ਕੈਮਰੇ ਲਗਾ ਕੇ ਸਿਕਿਉਰ ਵੀ ਕੀਤਾ ਗਿਆ ਹੈ ਕਿਉਂਕਿ ਮੋਹਾਲੀ ਵਿੱਚ ਇੰਟਰਨੈਸ਼ਨਲ ਲੈਵਲ ਅਤੇ ਨੈਸ਼ਨਲ ਲੈਵਲ ਦੀਆਂ ਬਹੁਤ ਵੱਡੀਆਂ ਕੰਪਨੀਆਂ ਆ ਰਹੀਆਂ ਹਨ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹੈ। ਮੰਤਰੀ ਮੈਂ ਤੁਹਾਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਅਸੀਂ ਗਰੁੱਪ ਹਾਊਸਿੰਗ ਸਾਈਟ ਅਲਾਟੀਆਂ ਨੂੰ ਅਲਾਟ ਕਰਦੇ ਹਾਂ, ਉਸ ਦੀ ਚਾਰਦਿਵਾਰੀ ਬਣਨੀ ਹੈ ਕਿ ਨਹੀਂ ਬਣਨੀ? ਇਹ ਗੱਲ ਵੱਖਰੀ ਹੈ ਕਿ ਪਿਛਲੀ ਸਰਕਾਰ ਵੇਲੇ ਇਹ ਪਾਲਿਸੀ ਬਣਾਈ ਗਈ, ਜਿਸ ਦੇ ਕਰਕੇ ਬਹੁਤ ਵੱਡਾ ਨੁਕਸਾਨ ਮੋਹਾਲੀ ਨੂੰ ਹੋ ਰਿਹਾ ਹੈ। ਮੋਹਾਲੀ ਵਿੱਚ ਜਿਹੜੀਆਂ ਗਰੁੱਪ ਹਾਊਸਿੰਗ ਸਾਈਟਾਂ ਬਣਾਈਆਂ ਗਈਆਂ ਹਨ ਉਸ ਦੇ ਵਿੱਚ ਕੰਨਵੀਨੀਐਂਸ ਸ਼ਾਪਸ ਦਾ ਬਹੁਤ ਏਰੀਆ ਵਧਾਇਆ ਗਿਆ ਅਤੇ ਵਧਾਉਣ ਦੇ ਨਾਲ ਇਹ ਵੀ ਪਲਾਨ ਸੈਂਕਸ਼ਨ ਕੀਤੇ ਗਏ ਕਿ ਉਹ ਮੇਨ ਰੋਡ ਵੱਲ ਨੂੰ ਮੂੰਹ ਵੀ ਕਰ ਸਕਣ। ਹਾਲਾਂਕਿ ਕਰ ਨਹੀਂ ਸਕਦੇ ਹਨ ਕਿਉਂਕਿ ਚਾਰ ਦਿਵਾਰੀ ਹੋਣੀ ਸੀ। ਹੁਣ ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਚਾਰ ਦਿਵਾਰੀ ਹੋਣੀ ਚਾਹੀਦੀ ਹੈ ਕਿ ਨਹੀਂ ਹੋਣੀ ਚਾਹੀਦੀ। ਇਹ ਕਾਨੂੰਨ ਦੇ ਵਿੱਚ ਹੈ ਜਾਂ ਨਹੀਂ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ 10 ਪ੍ਰੋਜੈਕਟਾਂ ਅਤੇ 10 ਅਲਾਟੀਆਂ ਬਾਰੇ ਜਿਹੜਾ ਪੁੱਛਿਆ ਹੈ, ਇਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਪ੍ਰੋਜੈਕਟਾਂ ਵਲੋਂ ਆਪਣੇ ਪ੍ਰੋਜੈਕਟਾਂ ਵਿੱਚ ਸੁਵਿਧਾਜਨਕ ਦੁਕਾਨਾਂ ਬਣਾਉਣ ਦੇ ਪ੍ਰਸਤਾਵ ਸਮੇਤ ਆਪਣੀ ਬਿਲਡਿੰਗ ਪਲਾਨਾਂ ਦੀ ਮਨਜ਼ੂਰੀ ਪ੍ਰਾਪਤ ਕੀਤੀ ਹੈ ਪਰ ਇਹ ਸੁਵਿਧਾਜਨਕ ਦੁਕਾਨਾਂ ਸਾਈਟ ਦੀ ਬਾਊਂਡਰੀ ਵਾਲ ਦੇ ਅੰਦਰ ਹੀ ਮਨਜ਼ੂਰ ਕੀਤੀਆਂ ਗਈਆਂ ਹਨ। ਉਪਰੋਕਤ ਵਿੱਚੋਂ ਕਿਸੇ ਵੀ ਅਲਾਟੀ/ਪ੍ਰਮੋਟਰ ਨੇ ਆਪਣੀ ਸਾਈਟ ਦੇ ਨਾਲ ਲੱਗਦੇ ਸੜਕ ਬਰਮ ਤੇ ਗੈਰ-ਕਾਨੂੰਨੀ ਕਬਜ਼ਾ ਨਹੀਂ ਕੀਤਾ ਗਿਆ ਹੈ। ਉਪਰੋਕਤ ਵਿੱਚੋਂ 2 ਨੰਬਰ ਅਲਾਟੀਆਂ JMT Housing Private Limited, Sector- 82 and SA Global Private Limited, Sector-77, SAS Nagar ਵਲੋਂ ਰੋਡ ਬਰਮ ਤੇ ਨਜਾਇਜ਼ ਕਬਜ਼ਾ ਕੀਤਾ ਹੈ ਅਤੇ

ਇਨ੍ਹਾਂ ਅਲਾਟੀਆਂ ਨੂੰ ਪੰਜਾਬ ਰਿਜ਼ਨਲ ਟਾਊਨ ਪਲੈਨਿੰਗ ਅਤੇ ਡਿਵੈਪਲਮੈਂਟ ਐਕਟ-1995 ਦੀ ਧਾਰਾ 45 (3) ਤਹਿਤ ਦਫਤਰੀ ਪੱਤਰ ਨੰ.3117 ਮਿਤੀ 05.03.2026 ਅਤੇ ਪੱਤਰ ਨੰ. 3034 ਮਿਤੀ 03.03.2026 ਰਾਹੀਂ ਲੜੀਵਾਰ ਜਾਰੀ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਰੁੱਧ ਰੂਲਾਂ/ਕਾਨੂੰਨਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

---

**1025/amandeep kaur/Monika sharma**

**1030/Tarlochan Singh**

**ਮਾਣਯੋਗ ਸਪੀਕਰ** : ਇਨ੍ਹਾਂ ਨੇ ਇਹ ਪੁੱਛਿਆ ਸੀ ਕਿ ਗਰੁੱਪ ਹਾਊਸਿੰਗ ਸੋਸਾਇਟੀ ਵਿੱਚ ਚਾਰਦੀਵਾਰੀ ਬਣਾਉਣ ਦੀ ਇਜਾਜ਼ਤ ਹੈ ਜਾਂ ਨਹੀਂ?

**ਸਰਦਾਰ ਕੁਲਵੰਤ ਸਿੰਘ** : ਸਰ, ਚਾਰਦੀਵਾਰੀ ਬਣਾਉਣੀ ਹੀ ਪੈਣੀ ਹੈ ਪਰੰਤੂ ਬਣਾਈ ਨਹੀਂ ਗਈ। ਜੇਕਰ ਬਣਾਈ ਗਈ ਸੀ ਤਾਂ ਉਸ ਨੂੰ ਤੋੜ ਕੇ ਦੁਕਾਨਾਂ ਬਣਾ ਦਿੱਤੀਆਂ ਗਈਆਂ ਹਨ।

**ਮੰਤਰੀ** : ਸਰ, ਜਿਨ੍ਹਾਂ ਨੇ ਚਾਰਦੀਵਾਰੀ ਨਹੀਂ ਬਣਾਈ ਜਾਂ ਬਣਾ ਕੇ ਤੋੜ ਦਿੱਤੀ ਹੈ, ਉਨ੍ਹਾਂ ਤੇ ਕਾਰਵਾਈ ਕਰਾਂਗੇ।

**ਸਰਦਾਰ ਕੁਲਵੰਤ ਸਿੰਘ** : ਸਰ, ਮੇਰੀ ਬੇਨਤੀ ਹੈ ਕਿ ਜਿਹੜੀਆਂ ਕਨਵੀਨੀਐਂਸ ਸ਼ਾਪਜ਼ ਹਨ, ਉਨ੍ਹਾਂ ਵਿੱਚ ਬਹੁਤ ਵੱਡਾ ਫਰਾਡ ਹੋਣ ਦੀ ਸੰਭਾਵਨਾ ਹੈ। ਮੈਂ ਬਾਕਾਇਦਾ ਤੌਰ ਤੇ ਮੁੱਖ ਸਕੱਤਰ ਸਾਹਿਬ ਨੂੰ, ਸਕੱਤਰ ਸਾਹਿਬ ਨੂੰ, ਸੀ.ਏ. ਸਾਹਿਬ ਨੂੰ, ਅਸਟੇਟ ਅਫ਼ਸਰ ਸਾਹਿਬ ਨੂੰ, ਸਾਰਿਆਂ ਨੂੰ ਹੀ ਪੱਤਰ ਲਿਖੇ ਹਨ। ਇਹ ਜਿਹੜੀਆਂ ਕਨਵੀਨੀਐਂਸ ਸ਼ਾਪਜ਼ ਦੀ ਗੱਲ ਹੋ ਰਹੀ ਹੈ, ਇਹ ਪਬਲਿਕ ਪ੍ਰਾਪਰਟੀ ਹਨ ਲੇਕਿਨ ਇਹ ਵੇਚੀਆਂ ਜਾ ਰਹੀਆਂ ਹਨ। ਸਭ ਤੋਂ ਵੱਡੀ ਗੰਭੀਰ ਗੱਲ ਇਹ ਹੈ ਕਿ RERA ਵਿੱਚ ਵੀ ਇਨ੍ਹਾਂ ਨੂੰ ਇਨਵੈਂਟਰੀ ਵਿੱਚ ਐਡ ਕਰਵਾ ਦਿੱਤਾ ਗਿਆ ਹੈ। ਇਸ ਸਬੰਧੀ ਵੀ ਮੈਂ ਲੈਟਰ ਲਿਖੇ ਹਨ। ਮੈਂ 2024 ਤੋਂ, ਦੋ ਸਾਲਾਂ ਤੋਂ ਲੈਟਰ ਲਿਖ ਰਿਹਾ ਹਾਂ ਫਿਰ ਵੀ ਇਸ ਬਾਰੇ ਕੋਈ ਗੱਲ ਨਹੀਂ ਹੋ ਰਹੀ ਹੈ। ਹੁਣ ਮੈਨੂੰ ਇਸ ਬਾਰੇ ਦੱਸਿਆ ਜਾ ਰਿਹਾ ਹੈ ਕਿ ਪਰਸੋਂ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਮੰਤਰੀ ਜੀ ਜਿਹੜੇ 2 ਬਾਰੇ ਮੰਨਦੇ ਵੀ ਹਨ ਕਿ ਇਨ੍ਹਾਂ ਨੇ ਮੇਨ ਰੋਡ ਤੇ ਨਾਜਾਇਜ਼ ਕਬਜ਼ੇ ਕਰ ਲਏ ਹਨ, ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਹਨ। ਮੋਹਾਲੀ ਹੀ ਇੱਕੋ ਇੱਕ ਸ਼ਹਿਰ ਹੈ ਜਿਹੜਾ ਚੰਡੀਗੜ੍ਹ ਦੇ ਮੁਕਾਬਲੇ ਦਾ ਮੰਨਿਆ ਜਾਂਦਾ ਹੈ। ਇਸ ਸ਼ਹਿਰ ਵਿੱਚ ਮੇਨ ਰੋਡ ਤੇ ਕਬਜ਼ੇ ਕੀਤੇ ਹੋਏ ਹਨ, ਮੈਂ ਕਹਿ-ਕਹਿ ਥੱਕ ਗਿਆ ਹਾਂ, ਲੈਟਰ ਲਿਖ ਕੇ ਥੱਕ ਗਿਆ ਹਾਂ। ਮੈਂ ਤਾਂ ਸਮਝਦਾ ਹਾਂ ਕਿ ਉਨ੍ਹਾਂ ਨੇ ਜਿਹੜੇ ਕਬਜ਼ੇ ਕੀਤੇ ਹਨ, ਉਹ ਗਲਤ ਕੀਤੇ ਹਨ। ਇਹ ਉਹ ਸ਼ਾਪਜ਼ ਹਨ ਜਿਹੜੀਆਂ ਕਿ ਕਾਮਨ ਏਰੀਆ ਵਿੱਚ ਹਨ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਕੁਲਵੰਤ ਸਿੰਘ** : ਇੱਕ ਮਿੰਟ ਸਰ, ਬਹੁਤ ਇੰਪਾਰਟੈਂਟ ਗੱਲ ਹੈ। ਸਰ, ਮੋਹਾਲੀ ਵਿੱਚ ਪ੍ਰਾਪਰਟੀ ਦੇ ਬਹੁਤ ਜ਼ਿਆਦਾ ਫਰਾਡ ਹੋ ਰਹੇ ਹਨ। ਇਹ ਮੇਰਾ ਹਲਕਾ ਹੈ, ਇਸ ਲਈ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਦੁਕਾਨਾਂ ਵੇਚੀਆਂ ਜਾ ਰਹੀਆਂ ਹਨ, ਅਸਲ ਵਿੱਚ ਇਹ ਲੋਕਾਂ ਦੀ ਪ੍ਰਾਪਰਟੀ ਹੈ ਅਤੇ ਲੋਕਾਂ ਨੇ ਬਾਅਦ ਵਿੱਚ ਰੌਲਾ ਪਾਉਣਾ ਹੈ ਕਿ ਇਹ ਕਿਉਂ ਵੇਚੀਆਂ ਗਈਆਂ ਹਨ। ਇਹ ਤਾਂ ਹੱਦ ਹੀ ਹੋ ਗਈ ਕਿ ਇਨ੍ਹਾਂ ਲਈ ਕੰਪਲੀਸ਼ਨ ਸਰਟੀਫਿਕੇਟ ਵੀ ਜਾਰੀ ਕਰ ਦਿੱਤੇ ਗਏ ਹਨ। ਮੰਤਰੀ ਜੀ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਗਲਤ ਇਨਫਰਮੇਸ਼ਨ ਦਿੱਤੀ ਗਈ ਹੈ। ਬਾਕਾਇਦਾ ਸਾਰਿਆਂ ਵੱਲੋਂ ਹੀ ਮੇਨ ਰੋਡ ਤੇ ਨਾਜਾਇਜ਼ ਜਗ੍ਹਾ ਦੱਬੀ ਹੋਈ ਹੈ। ਮੇਰੇ ਕੋਲ ਵੀਡਿਉ ਹੈ। ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਖੁਦ ਫੀਲਡ ਵਿੱਚ ਜਾ ਕੇ ਚੈੱਕ ਕਰ ਲੈਣ।

**ਮਾਣਯੋਗ ਸਪੀਕਰ** : ਇੱਕ ਮਿੰਟ ਸਰਦਾਰ ਕੁਲਵੰਤ ਸਿੰਘ ਜੀ। ਤੁਸੀਂ ਬੇਨਤੀ ਨਹੀਂ ਕਰਨੀ ਹੈ, ਤੁਹਾਨੂੰ ਲੋਕਾਂ ਨੇ ਹੱਕ ਦਿੱਤਾ ਹੈ, ਤੁਸੀਂ ਸਵਾਲ ਪੁੱਛੋ।

**ਸਰਦਾਰ ਕੁਲਵੰਤ ਸਿੰਘ** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਕੰਮ ਹੋਇਆ ਹੈ ਤਾਂ ਇਹ ਕੰਮ ਬੰਦ ਕਿਉਂ ਨਹੀਂ ਹੋ ਰਿਹਾ ਹੈ? ਇਹ ਬੰਦ ਹੋਵੇਗਾ ਜਾਂ ਨਹੀਂ ਹੋਵੇਗਾ? ਇਸ ਬਾਰੇ ਸਾਡੇ ਕੋਲ ਕੀ ਪਲਾਨ ਹੈ, ਇਹ ਦੱਸਿਆ ਜਾਵੇ।

**ਮਾਣਯੋਗ ਸਪੀਕਰ** : ਇਹ ਜਿਹੜੀ ਕਾਨੂੰਨ ਦੀ ਅਵੱਗਿਆ ਹੋ ਰਹੀ ਹੈ, ਇਹ ਬੰਦ ਹੋਵੇਗੀ ਕਿ ਨਹੀਂ ਹੋਵੇਗੀ? ਜੇਕਰ ਬੰਦ ਹੋਵੇਗੀ ਤਾਂ ਕਦੋਂ ਹੋਵੇਗੀ? ਮੰਤਰੀ ਜੀ, ਇਹ ਦੱਸੋ।

**ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਜਲਦੀ ਹੀ ਉਨ੍ਹਾਂ ਤੇ ਕਾਰਵਾਈ ਹੋਵੇਗੀ। ਸੋ, ਜਿਵੇਂ ਮਾਣਯੋਗ ਮੈਂਬਰ ਸਾਹਿਬ ਕਹਿ ਰਹੇ ਹਨ, ਇਨ੍ਹਾਂ ਮੁਤਾਬਕ ਅਤੇ ਕਾਨੂੰਨ ਮੁਤਾਬਕ ਜ਼ਰੂਰ ਕਾਰਵਾਈ ਹੋਵੇਗੀ।

**ਮਾਣਯੋਗ ਸਪੀਕਰ** : ਇਨ੍ਹਾਂ ਦਾ ਬਹੁਤ ਤਜਰਬਾ ਹੈ। ਇਨ੍ਹਾਂ ਦੇ ਤਜਰਬੇ ਦਾ ਫਾਇਦਾ ਲਉ।

**ਸਰਦਾਰ ਕੁਲਵੰਤ ਸਿੰਘ** : ਸਰ, ਇਹ ਨੋਟਿਸ ਜਾਰੀ ਕਰਦੇ ਹਨ ਪਰ ਕੋਈ ਕਾਰਵਾਈ ਨਹੀਂ ਹੁੰਦੀ ਹੈ। ਇਹ ਬਹੁਤ ਜ਼ਰੂਰੀ ਗੱਲ ਹੈ। ਇਹ ਕਰੋੜਾਂ ਅਰਬਾਂ ਰੁਪਏ ਦਾ ਫਰਾਡ ਹੋਵੇਗਾ। ਦੂਜੀ ਸਭ ਤੋਂ ਵੱਡੀ ਗੱਲ ਇਹ ਹੈ ਕਿ RERA ਵਿੱਚ ਵੀ ਇਹ ਇਨਵੈਂਟਰੀ ਐਡ ਕਰਵਾ ਲਈ ਗਈ ਹੈ, ਜਿਸ ਤੇ ਲੋਕਾਂ ਨੇ ਸਭ ਤੋਂ ਵੱਡਾ ਯਕੀਨ ਕਰਨਾ ਹੈ।

**ਮਾਣਯੋਗ ਸਪੀਕਰ** : ਇਹ ਤੁਸੀਂ ਦੱਸ ਚੁੱਕੇ ਹੋ।

**ਸਰਦਾਰ ਕੁਲਵੰਤ ਸਿੰਘ** : ਫਿਰ ਤਾਂ ਹੁਣ ਮੰਤਰੀ ਜੀ ਹੀ ਦੱਸਣ ਕਿ ਕੀ ਕਾਰਵਾਈ ਕਰਨਗੇ। ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮੰਤਰੀ** : ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਨਾਲ ਲੈ ਕੇ ਜਾਵਾਂ, ਅਫ਼ਸਰ ਸਾਹਿਬਾਨਾਂ ਨੂੰ ਵੀ ਨਾਲ ਲਿਜਾਵਾਂਗਾ ਅਤੇ ਨਾਲ ਦੀ ਨਾਲ ਹੀ ਕਾਰਵਾਈ ਕਰਵਾ ਦਿਆਂਗਾ।

**ਸਰਦਾਰ ਕੁਲਵੰਤ ਸਿੰਘ** : ਕਦੋਂ ਕਾਰਵਾਈ ਕੀਤੀ ਜਾਵੇਗੀ।

**ਮੰਤਰੀ** : 16 ਤੋਂ ਬਾਅਦ ਕਰ ਦਿਆਂਗੇ।

**ਸਰਦਾਰ ਕੁਲਵੰਤ ਸਿੰਘ** : ਕਿਹੜੀ 16 ਸਰ। 16 ਤਾਂ ਦਸੰਬਰ ਵਿੱਚ ਵੀ ਆਵੇਗੀ।

**ਮੰਤਰੀ** : ਅਸੀਂ ਵਿਧਾਨ ਸਭਾ ਦਾ ਸਮਾਂ ਖਰਾਬ ਨਹੀਂ ਕਰਨਾ ਚਾਹੁੰਦੇ। 16 ਤਾਰੀਖ ਤੱਕ ਸੈਸ਼ਨ ਹੈ ਅਤੇ ਮੈਂ 18 ਤਾਰੀਖ ਨੂੰ ਇਨ੍ਹਾਂ ਕੋਲ ਲੈਟਰ ਪਹੁੰਚ ਜਾਵੇਗੀ ਅਤੇ 18 ਨੂੰ ਇਨ੍ਹਾਂ ਨੂੰ ਨਾਲ ਲੈ ਕੇ ਮੌਕਾ ਦੇਖਾਂਗੇ ਅਤੇ ਜਿਵੇਂ ਮੋਹਾਲੀ ਨੂੰ ਵਧੀਆ ਸ਼ਹਿਰ ਬਣਾਉਣਾ ਚਾਹੁੰਦੇ ਹਾਂ, ਅਸੀਂ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਦਾ ਨੰਬਰ 1 ਸ਼ਹਿਰ ਬਣਾਵਾਂਗੇ। ਮਾਣਯੋਗ ਮੈਂਬਰ ਸਾਹਿਬ ਨੂੰ ਨਾਲ ਲਿਜਾ ਕੇ ਇਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਦਿਆਂਗੇ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਮੇਰਾ ਜ਼ਿਲ੍ਹਾ ਵੀ ਮੋਹਾਲੀ ਹੀ ਹੈ। ਮੈਂ ਐਮ.ਐਲ.ਏ. ਸਾਹਿਬ ਵੱਲੋਂ ਕੀਤੀਆਂ ਗੱਲਾਂ ਦੀ ਤਾਈਦ ਕਰਦਾ ਹਾਂ ਅਤੇ ਮੰਤਰੀ ਜੀ ਤੋਂ ਆਸ ਕਰਦਾ ਹਾਂ ਕਿ ਥੋੜ੍ਹਾ ਜਿਹਾ ਟਾਈਮ ਕੱਢ ਲੈਣ। ਹੁਣ ਤੱਕ ਬੜਾ ਲੰਮਾ ਟਾਈਮ ਨਿਕਲ ਗਿਆ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਸਰਦਾਰ ਕੁਲਵੰਤ ਸਿੰਘ ਜੀ, ਤੁਹਾਡੀ ਗੱਲ ਹੋ ਗਈ ਹੈ?

**ਸਰਦਾਰ ਕੁਲਵੰਤ ਸਿੰਘ** : ਹਾਂ ਜੀ। ਇੱਕ ਗੱਲ ਰਹਿ ਗਈ ਹੈ ਜੀ। ਮੇਰੀ ਬੇਨਤੀ ਹੈ ਕਿ ਹੁਣ ਮੁੱਖ ਸਕੱਤਰ ਜੀ ਵੀ ਆ ਗਏ ਹਨ। RERA ਵਿੱਚ ਜਿਹੜੀ ਇਨਵੈਂਟਰੀ ਐਡ ਕੀਤੀ ਗਈ ਹੈ, ਉਸ ਬਾਰੇ depth ਵਿੱਚ ਜਾਇਆ ਜਾਵੇ। ਜੇਕਰ ਇਹ ਕੀਤੀ ਗਈ ਹੈ ਤਾਂ ਬਾਹਰ ਕਢਵਾਈ ਜਾਵੇ ਤਾਂ ਕਿ ਲੋਕ ਗੁੰਮਰਾਹ ਹੋ ਕੇ ਜ਼ਮੀਨਾਂ ਖਰੀਦ ਨਾ ਸਕਣ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਇੱਥੇ ਤੁਸੀਂ ਸੁਜੈਸ਼ਨ ਨਹੀਂ ਦੇਣੀ ਹੈ, ਇੱਥੇ ਤੁਸੀਂ ਸਵਾਲ ਪੁੱਛਣਾ ਹੈ ਤੇ ਸਵਾਲ ਪੂਰੇ ਦਮ ਨਾਲ ਪੁੱਛਿਆ ਕਰੋ ਕਿਉਂਕਿ ਸਾਨੂੰ ਲੋਕਾਂ ਨੇ ਇੱਥੇ ਸਵਾਲ ਪੁੱਛਣ ਵਾਸਤੇ ਭੇਜਿਆ ਹੈ।

**ਰਾਣਾ ਗੁਰਜੀਤ ਸਿੰਘ** : ਮੈਂ ਦੇਖ ਲਿਆ ਹੈ ਕਿ ਤੁਹਾਡੇ ਦੋ ਐਮ.ਐਲ.ਏਜ਼. ਦੀ ਗੱਲ ਮੰਤਰੀ ਮੰਨਦਾ ਹੀ ਨਹੀਂ ਹੈ।

**ਮਾਣਯੋਗ ਸਪੀਕਰ** : ਨਹੀਂ ਜੀ, ਮੰਤਰੀ ਜੀ ਗੱਲ ਮੰਨਦੇ ਹਨ।

--------

**ਹਲਕਾ ਦਸੂਹਾ ਦੇ ਵਿੱਚ ਮੰਡੀਆਂ ਨੂੰ ਪੱਕਾ ਕਰਨਾ/ਸ਼ੈੱਡ ਬਣਾਉਣਾ**

***1664. ਸਰਦਾਰ ਕਰਮਬੀਰ ਸਿੰਘ :**ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੀ ਦਾਣਾ ਮੰਡੀ ਅਤੇ ਹਲਕੇ ਦੇ ਪਿੰਡ ਸਫਦਰਪੁਰ, ਬਾਜਾਚੱਕ, ਘੋਗਰਾ,

ਦਤਾਰਪੁਰ, ਪੱਸੀ ਕੰਡੀ ਅਤੇ ਆਲਮਪੁਰ ਵਿੱਚ ਬਣੇ ਫੋਕਲ ਪੁਆਇੰਟਾਂ ਦੇ ਫੜ੍ਹ/ਫਰਸ ਕਾਫੀ ਕੱਚੇ ਅਤੇ ਮਾੜੀ ਹਾਲਤ ਵਿੱਚ ਹਨ ਅਤੇ ਇਹਨਾਂ ਮੰਡੀਆਂ ਵਿੱਚ ਫਸਲ ਵਾਸਤੇ ਸ਼ੈੱਡ ਵੀ ਨਹੀਂ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਹਨਾਂ ਮੰਡੀਆਂ ਨੂੰ ਪੱਕਾ ਕਰਨ ਜਾਂ ਸ਼ੈੱਡ ਬਣਾਉਣ ਦਾ ਪ੍ਰਬੰਧ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ :** ਵਿਧਾਨ ਸਭਾ ਹਲਕਾ ਦਸੂਹਾ ਦੀ ਦਾਣਾ ਮੰਡੀ ਅਤੇ ਹਲਕੇ ਦੇ ਪਿੰਡਾਂ ਵਿਖੇ ਬਣੇ ਖਰੀਦ ਕੇਂਦਰ/ਫੋਕਲ ਪੁਆਇੰਟ ਸਫਦਰਪੁਰ, ਬਾਜਾਚੱਕ, ਘੋਗਰਾ, ਦਤਾਰਪੁਰ, ਪੱਸੀ ਕੰਡੀ ਅਤੇ ਆਲਮਪੁਰ ਵਿਖੇ ਪਹਿਲਾਂ ਪੱਕੇ ਫੜ੍ਹ ਅਤੇ ਸ਼ੈੱਡ ਬਣੇ ਹੋਏ ਹਨ ਜਿਨ੍ਹਾਂ ਵਿੱਚੋਂ ਦਾਣਾ ਮੰਡੀ ਦਸੂਹਾ ਦੇ ਸੀ.ਸੀ. ਫਲੋਰਿੰਗ ਦੇ ਫੜ੍ਹ ਅਤੇ ਮੰਡੀ ਪੱਸੀ ਕੰਡੀ ਦੇ ਫੜ੍ਹ ਮੁਰੰਮਤ ਯੋਗ ਹਨ ਅਤੇ ਮੰਡੀ ਸਫਦਰਪੁਰ ਵਿਖੇ ਪਹਿਲਾਂ ਬਣੇ ਹੋਏ 30x30 ਫੁੱਟ ਦੇ ਆਰ.ਸੀ.ਸੀ. ਕਵਰ ਸ਼ੈੱਡ ਮੁਰੰਮਤ ਯੋਗ ਹੈ। ਇਨ੍ਹਾਂ ਮੁਰੰਮਤ ਯੋਗ ਫੜ੍ਹਾਂ ਅਤੇ ਕਵਰ ਸ਼ੈੱਡਾਂ ਨੂੰ ਵਿੱਤੀ ਸਾਲ 2026-27 ਵਿੱਚ ਫੰਡਾਂ ਦੀ ਉਪਲੱਬਧਤਾ ਅਨੁਸਾਰ ਮੁਰੰਮਤ ਕਰਨ ਲਈ ਵਿਚਾਰ ਲਿਆ ਜਾਵੇਗਾ।

**1030/Tarlochan Singh/Shubham jain**

**1035/mehak**

**ਸਰਦਾਰ ਕਰਮਬੀਰ ਸਿੰਘ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤਕਰੀਬਨ 25-30 ਸਾਲ ਪਹਿਲਾਂ ਇਹ ਫੋਕਲ ਪੁਆਇੰਟ ਬਣੇ ਸਨ ਅਤੇ ਜਿਹੜੇ ਫੜ੍ਹ ਬਣੇ ਹੋਏ ਹਨ, ਇੱਥੇ ਸਾਰੀਆਂ ਇੱਟਾਂ ਲਗੀਆਂ ਹੋਈਆਂ ਹਨ ਔਰ ਹੁਣ ਆੜ੍ਹਤਾਂ ਵੀ ਵੱਧ ਗਈਆਂ ਹਨ, ਸਮੇਂ ਮੁਤਾਬਿਕ ਫਸਲ ਵੀ ਵਧੀ ਹੈ ਜਿਸ ਕਾਰਨ ਹੁਣ ਫੜ੍ਹ ਬਿਲਕੁਲ ਛੋਟੇ ਹੋ ਗਏ ਹਨ। ਸੋ, ਮੈਂ ਜਿੰਨੇ ਵੀ ਫੋਕਲ ਪੁਆਇੰਟ ਦੱਸੇ ਹਨ।

**ਮਾਣਯੋਗ ਸਪੀਕਰ:** ਕਰਮਬੀਰ ਸਿੰਘ ਜੀ, ਸਵਾਲ ਪੁੱਛੋ।

**ਸਰਦਾਰ ਕਰਮਬੀਰ ਸਿੰਘ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਵਿਚਾਰ ਅਧੀਨ ਹੈ? ਇਸ ਨੂੰ ਸਮਾਂ ਬੱਧ ਕਰ ਦਿੱਤਾ ਜਾਵੇ ਕਿ ਕਦੋਂ ਤੱਕ ਫੰਡਜ਼ ਉਪਲਬਧ ਹੋਣਗੇ ਅਤੇ ਕਦੋਂ ਤੱਕ ਇਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ ਜਾਂ ਨਵੇਂ ਫੜ੍ਹ ਬਣਾਏ ਜਾਣਗੇ?

**ਮਾਣਯੋਗ ਸਪੀਕਰ**: ਕਦੋਂ ਤੱਕ ਕਰੋਗੇ ਜੀ?

**ਮੰਤਰੀ:** ਜਿਹੜਾ ਅਗਲਾ ਸੀਜ਼ਨ ਅਪ੍ਰੈਲ ਤੋਂ ਬਾਅਦ ਸ਼ੁਰੂ ਹੋਣਾ ਹੈ, ਉਸ ਵਿੱਚ ਇਸ ਨੂੰ ਸ਼ਾਮਿਲ ਕਰ ਲਿਆ ਜਾਵੇਗਾ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1683**

**ਮਾਣਯੋਗ ਸਪੀਕਰ**: ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਬਿਨਾ ਮਾਈਕ ਤੋਂ):** ਸਰ, ਜਵਾਬ ਆ ਗਿਆ ਹੈ ਜੀ।

**ਮਾਣਯੋਗ ਸਪੀਕਰ:** ਆ ਗਿਆ ਹੈ? ਥੈਂਕਿਊ।

-----

**ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E 3 ਵਿਖੇ ਰੇਲਵੇ ਅੰਡਰ ਬ੍ਰਿਜ਼ ਦੀ ਉਸਾਰੀ ਦੀ ਮੌਜੂਦਾ ਸਥਿਤੀ**

***1698. ਸ੍ਰੀ ਅਵਤਾਰ ਸਿੰਘ ਜੂਨੀਅਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹ ਜਲੰਧਰ ਵਿੱਚ ਸਾਹਨੇਵਾਲ-ਜਲੰਧਰ-ਅੰਮ੍ਰਿਤਸਰ ਲਾਈਨ ਤੇ ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E 3 ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਦੀ ਤਜਵੀਜ਼ ਹੈ; ਜੇਕਰ ਹਾਂ ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਜੀ ਹਾਂ, ਜ਼ਿਲ੍ਹਾ ਜਲੰਧਰ ਵਿੱਚ ਟਾਂਡਾ ਫਾਟਕ ਲੈਵਲ ਕਰਾਸਿੰਗ ਨੰ. S.63/-E3, ਸਾਹਨੇਵਾਲ–ਜਲੰਧਰ-ਅੰਮ੍ਰਿਤਸਰ ਲਾਈਨ ਤੇ ਰੇਲਵੇ ਅੰਡਰ ਬ੍ਰਿਜ (ਆਰ.ਯੂ.ਬੀ.) ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਪੀ.ਆਈ.ਡੀ.ਬੀ. ਦੇ ਮੀਮੋ ਨੰ. PIDB/ Projects/ G.M.(F&P)/2021/ 2394 ਮਿਤੀ 11-05-2021 ਬਾਬਤ ਰਕਮ 13.06 ਕਰੋੜ ਰੁਪਏ ਦੀ ਪ੍ਰਾਪਤ ਹੋਈ ਸੀ, ਜਿਸ ਵਿੱਚ ਰੇਲਵੇ ਪੋਰਸ਼ਨ ਦਾ ਕੰਮ 2.22 ਕਰੋੜ ਰੁਪਏ ਸ਼ਾਮਿਲ ਸੀ। ਇਸ ਖਰਚ ਲਈ 50:50 ਵੰਡ ਦੀ ਸਹਿਮਤੀ ਪ੍ਰਿੰਸੀਪਲ ਸਕੱਤਰ, ਪੰਜਾਬ ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ ਵੱਲੋਂ ਦਿੰਦੇ ਹੋਏ ਇਸ ਕੰਮ ਨੂੰ ਰੇਲਵੇ ਦੇ ਵਰਕ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਲਈ ਰੇਲਵੇ ਵਿਭਾਗ ਨੂੰ ਬੇਨਤੀ ਕੀਤੀ ਗਈ ਸੀ। ਰੇਲਵੇ ਵਿਭਾਗ ਵਲੋਂ ਇਸ ਕੰਮ ਨੂੰ ਸਾਲ 2025-26 ਦੇ ਵਰਕ ਪ੍ਰੋਗਰਾਮ ਵਿੱਚ ਸ਼ਾਮਿਲ ਕਰਦੇ ਹੋਏ ਪਲੈਨ ਅਤੇ ਸਰਵੇ ਚਾਰਜਿਜ਼ ਲਈ ਰਕਮ 21,24,035/- ਰੁਪਏ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ ਗਈ ਹੈ ਅਤੇ ਰੇਲਵੇ ਵਿਭਾਗ ਦੇ ਪੱਤਰ ਨੰ:635/W/02/25/JUC ਮਿਤੀ 26.11.2025 ਰਾਹੀਂ ਇਸ ਪ੍ਰੋਜੈਕਟ ਦੀ ਪ੍ਰਵਾਨਿਤ ਦਰਸਾਈ ਰਕਮ 10,65,54,155/- ਦਾ ਬਣਦਾ ਸ਼ੇਅਰ 5,32,77,078/- ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਹੈ। ਰੇਲਵੇ ਵਲੋਂ ਮੰਗੇ ਗਏ ਪਲਾਨ ਅਤੇ ਸਰਵੇ ਚਾਰਜਿਜ਼ ਦੀ ਰਾਸ਼ੀ ਜਲਦੀ ਜਮ੍ਹਾਂ ਕਰਾ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਸਵਾਲ ਮੈਂ ਪਿਛਲੇ ਸਾਲ ਵੀ ਪੁੱਛਿਆ ਸੀ ਤੇ ਜੋ ਪਿਛਲੇ ਸਾਲ ਜਵਾਬ ਸੀ, ਉਹੀ ਜਵਾਬ ਅੱਜ ਮਿਲ ਰਿਹਾ ਹੈ। ਸਪੀਕਰ ਸਾਹਿਬ, ਜੇਕਰ ਤੁਸੀਂ ਅਲਾਓ ਕਰ ਦਿਓ ਤਾਂ ਜਦੋਂ ਵਜ਼ੀਰ ਸਾਹਿਬ ਹਾਊਸ ਵਿੱਚ ਆ ਜਾਣ ਤਾਂ ਉਹ ਇਸ ਦਾ ਜਵਾਬ ਦੇ ਦੇਣ। ਭਾਵੇਂ ਇਹ ਪ੍ਰਸ਼ਨ ਕੱਲ੍ਹ ਜਾਂ ਪਰਸੋਂ ਵਾਸਤੇ ਮੁਲਤਵੀ ਕਰ ਦਿਓ। ਸਰ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਪ੍ਰਸ਼ਨ ਹਲਕੇ ਵਾਸਤੇ ਬਹੁਤ ਮਹੱਤਵਪੂਰਨ ਹੈ, ਅਗਰ ਤੁਸੀਂ ਮੁਲਤਵੀ ਕਰ ਦਿਓ ਤਾਂ ਬਹੁਤ ਮਿਹਰਬਾਨੀ ਹੋਵੇਗੀ ਕਿਉਂਕਿ ਮੈਂ ਵਜ਼ੀਰ ਸਾਹਿਬ ਤੋਂ ਇਹ ਟਾਈਮ ਬਾਊਂਡ ਕਰਵਾਉਣਾ ਹੈ।

**ਮਾਣਯੋਗ ਸਪੀਕਰ**: ਇਹ ਸਵਾਲ ਮੁਲਤਵੀ ਕੀਤਾ ਜਾਂਦਾ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਧੰਨਵਾਦ ਸਰ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1697**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਚੋਣ ਡਿਊਟੀ ਦੌਰਾਨ ਮ੍ਰਿਤਕਾਂ/ਜ਼ਖਮੀ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ**

*1729. **ਸਰਦਾਰ ਮਨਪ੍ਰੀਤ ਸਿੰਘ ਇਆਲੀ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2025 ਦੀਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦੌਰਾਨ ਜਸਕਰਨ ਸਿੰਘ ਅਤੇ ਕਮਲਜੀਤ ਕੌਰ (ਅਧਿਆਪਕ ਜੋੜਾ) ਦੇ ਪਰਿਵਾਰ ਲਈ 10 ਲੱਖ ਰੁਪਏ ਦੇ "ਪੱਖਪਾਤੀ" ਮੁਆਵਜ਼ੇ ਦਾ ਕੀ ਆਧਾਰ ਹੈ ਅਤੇ ਕੀ ਸਰਕਾਰ ਇਸ ਨੂੰ ਵਧਾ ਕੇ 2 ਕਰੋੜ ਰੁਪਏ ਕਰੇਗੀ;

(ਅ) ਕੀ ਸਰਕਾਰ 2025 ਦੀਆਂ ਉਪਰੋਕਤ ਚੋਣਾਂ ਦੌਰਾਨ ਜਖ਼ਮੀ ਹੋਏ ਅਧਿਆਪਕਾਂ ਨੂੰ 20 ਲੱਖ ਰੁਪਏ ਦਾ ਮੁਆਵਜ਼ਾ ਪ੍ਰਦਾਨ ਕਰੇਗੀ;

(ੲ) ਕੀ ਸਰਕਾਰ ਮੋਗਾ ਦੇ ਮ੍ਰਿਤਕ ਅਧਿਆਪਕ ਜੋੜੇ ਦੇ ਦੋ ਅਨਾਥ ਬੱਚਿਆਂ ਨੂੰ ਮੁਫ਼ਤ ਸਿੱਖਿਆ ਅਤੇ ਸਰਕਾਰੀ ਨੌਕਰੀ ਦੀ ਲਿਖਤੀ ਗਰੰਟੀ ਦੇਵੇਗੀ ?

**ਸਰਦਾਰ ਹਰਜੋਤ ਸਿੰਘ ਬੈਂਸ**: ਜੀ ਹਾਂ -

ੳ) 2025 ਦੀਆਂ ਪੇਂਡੂ ਚੋਣਾਂ ਦੌਰਾਨ ਜਸਕਰਨ ਸਿੰਘ ਅਤੇ ਕਮਲਜੀਤ ਕੌਰ (ਅਧਿਆਪਕ ਜੋੜ੍ਹਾ) ਦੀ ਜ਼ਿਲ੍ਹਾ ਪ੍ਰੀਸ਼ਦ 2025 ਚੋਣਾਂ ਦੌਰਾਨ ਹਾਦਸੇ ਵਿੱਚ ਹੋਈ ਮੌਤ ਉਪਰੰਤ ਮ੍ਰਿਤਕਾਂ ਦੇ ਪਰਿਵਾਰਾਂ ਲਈ ਸਰਕਾਰ ਵੱਲੋਂ ਐਲਾਨਿਆ ਗਿਆ 10 ਲੱਖ ਰੁਪਏ ਦਾ ਮੁਆਵਜ਼ਾ ਪੱਖਪਾਤੀ ਕਹਿਣਾ ਵਾਜ਼ਿਬ ਨਹੀਂ ਹੈ।

(ਅ) ਪੇਂਡੂ ਚੋਣਾਂ ਦੌਰਾਨ ਜੇਕਰ ਕਿਸੇ ਹਾਦਸੇ ਦੌਰਾਨ ਕੋਈ ਕਰਮਚਾਰੀ/ਅਧਿਆਪਕ ਜਖ਼ਮੀ ਹੁੰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਮੌਕੇ ਦੇ ਅਨੁਸਾਰ ਸਰਕਾਰ ਵੱਲੋਂ ਹਾਦਸੇ ਦੇ ਪੀੜਤਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਂਦਾ ਹੈ।

(ੲ) ਮ੍ਰਿਤਕ ਮੋਗਾ ਅਧਿਆਪਕ ਜੋੜੇ ਦੇ ਦੋ ਅਨਾਥ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣ ਬਾਰੇ ਦੱਸਿਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਪੜਾਈ ਮੁਫ਼ਤ ਕਰਵਾਈ ਜਾਂਦੀ ਹੈ। ਜਿੱਥੋਂ ਤੱਕ ਸਰਕਾਰੀ ਨੌਕਰੀ ਦੇਣ ਦੀ ਗੱਲ ਹੈ ਤਾਂ ਜੇਕਰ ਕਿਸੇ ਕਰਮਚਾਰੀ ਦੀ ਡਿਊਟੀ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਆਸ਼ਰਿਤਾਂ ਮੈਂਬਰਾਂ ਵਿੱਚ ਜੋ ਮੈਂਬਰ ਨੌਕਰੀ ਲਈ ਅਪਲਾਈ ਕਰਦਾ ਹੈ ਉਸ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਪਾਲਿਸੀ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ। ਇਸ ਕੇਸ ਦੇ ਮ੍ਰਿਤਕਾਂ ਦੇ ਬੱਚੇ ਅਜੇ ਨਾਬਾਲਗ ਹਨ ਬਾਲਗ ਹੋਣ ਤੇ ਹੀ ਤਰਸ ਦੇ ਆਧਾਰ ਤੇ ਨੌਕਰੀ ਲਈ ਵਿਚਾਰਿਆ ਜਾ ਸਕਦਾ ਹੈ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਐਮ.ਐਲ.ਏ. ਸਾਹਿਬ ਨੇ ਪ੍ਰਸ਼ਨ ਉਠਾਇਆ ਹੈ। ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਇੱਕ ਬੜੀ ਮੰਦਭਾਗੀ ਘਟਨਾ ਹੋਈ ਸੀ ਤੇ ਸਾਡੇ ਦੋ ਅਧਿਆਪਕਾਂ ਦੀ ਐਕਸੀਡੈਂਟ ਵਿੱਚ ਮੌਤ ਹੋ ਗਈ ਸੀ। ਜਿਹੜੇ ਬੈਨੀਫਿਟਸ ਡਿਪਾਰਟਮੈਂਟ ਦਿੰਦਾ ਹੈ, ਉਸ ਤੋਂ ਇਲਾਵਾ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਆਪਣੇ ਫੰਡ ਵਿੱਚੋਂ ਦਸ ਦਸ ਲੱਖ ਰੁਪਏ ਹੋਰ ਵੀ ਦਿੱਤੇ ਸੀ। ਇਸ ਦੇ ਨਾਲ ਹੀ ਬੱਚਿਆਂ ਦੀ ਨੌਕਰੀ ਤੇ ਸਿੱਖਿਆ ਬਾਰੇ ਪੁੱਛਿਆ ਗਿਆ ਹੈ। ਬੱਚਿਆਂ ਦੀ ਪੜ੍ਹਾਈ ਮੁਫਤ ਹੈ ਅਤੇ ਨੌਕਰੀ ਲਈ ਜੋ ਪ੍ਰਸੋਨਲ ਦੀਆਂ ਗਾਈਡਲਾਈਨਜ਼ ਹਨ, ਉਸ ਮੁਤਾਬਿਕ ਜੋ ਪਰਿਵਾਰ ਵੱਲੋਂ ਡਿਸਾਇਡ ਕੀਤਾ ਜਾਵੇਗਾ, ਉਸ ਤਰ੍ਹਾਂ ਨੌਕਰੀ ਮਿਲੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਸਪੀਕਰ ਸਾਹਿਬ, ਦਸੰਬਰ ਵਿੱਚ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਤੇ ਡਿਊਟੀ ਤੇ ਜਾਣ ਦੌਰਾਨ ਜਸਕਰਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਦੋਨਾਂ ਦੀ ਐਕਸੀਡੈਂਟ ਵਿੱਚ ਮੌਤ ਹੋ ਗਈ ਸੀ। ਇਨ੍ਹਾਂ ਦੇ ਘਰ ਵਿੱਚ ਦੋ ਬੱਚੇ ਹਨ, ਬੇਟੀ 15 ਸਾਲ ਦੀ ਹੈ ਅਤੇ ਬੇਟਾ 13 ਸਾਲਾਂ ਦਾ ਹੈ। ਇਨ੍ਹਾਂ ਦੇ ਘਰ ਵਿੱਚ ਕੋਈ ਔਰਤ ਨਹੀਂ ਹੈ, ਕੋਈ ਦਾਦੀ, ਚਾਚੀ, ਨਾਨੀ ਵੀ ਨਹੀਂ ਹੈ ਅਤੇ ਘਰ ਵਿੱਚ ਕੋਈ ਰੋਟੀ ਪਕਾਉਣ ਵਾਲਾ ਵੀ ਨਹੀਂ ਹੈ। ਇਸ ਲਈ ਇਨ੍ਹਾਂ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ। ਜਿਸ ਤਰ੍ਹਾਂ ਪੁਲਿਸ ਜਾਂ ਫੌਜ ਵਿੱਚ ਕਿਸੇ ਦੀ ਡਿਊਟੀ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਕਰੋੜ ਕਰੋੜ ਰੁਪਿਆ ਦਿੱਤਾ ਜਾਂਦਾ ਹੈ ਤਾਂ ਇੱਥੇ ਵੀ ਸਰਕਾਰ ਨੂੰ ਘੱਟੋ-ਘੱਟ ਉਸ ਪਰਿਵਾਰ ਨੂੰ ਦੋ ਕਰੋੜ ਰੁਪਏ ਦਿੱਤੇ ਜਾਣ ਅਤੇ ਨੌਕਰੀ ਦੀ ਗਾਰੰਟੀ ਦਿੱਤੀ ਜਾਵੇ। ਉਸ ਪਰਿਵਾਰ ਨੇ ਦਸ ਲੱਖ ਰੁਪਏ ਲੈਣ ਤੋਂ ਨਾਂਹ ਕਰ ਦਿੱਤੀ ਸੀ। ਇਸ ਲਈ ਇਨ੍ਹਾਂ ਬੱਚਿਆਂ ਦੇ ਭਵਿੱਖ ਲਈ ਇਨ੍ਹਾਂ ਨੂੰ ਮੁਫਤ ਸਿੱਖਿਆ ਮਿਲਣੀ ਚਾਹੀਦੀ ਹੈ। ਕੀ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਜੇਕਰ ਇਸ ਤਰ੍ਹਾਂ ਦੀ ਘਟਨਾ ਵਾਪਰ ਜਾਂਦੀ ਹੈ ਤਾਂ ਜਿਹੜੇ ਅਧਿਆਪਕ ਚੋਣ ਡਿਊਟੀ ਤੇ ਜਾਂਦੇ ਹਨ ਤਾਂ ਉਨ੍ਹਾਂ ਦੇ ਪਰਿਵਾਰ ਦੀ ਕਿਸ ਨੇ ਸੰਭਾਲ ਕਰਨੀ ਹੈ?

**1035/mehak/Shubham jain**

**1040/Sukhpiar Singh**

ਸੋ, ਇਸ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਕੋਈ ਇਸ ਤਰ੍ਹਾਂ ਦੀ ਵਿਉਂਤਬੰਦੀ ਹੈ ਜਿਸ ਦੇ ਨਾਲ ਪਰਿਵਾਰ ਸੇਫ ਹੋਵੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਐਜੂਕੇਸ਼ਨ ਫਰੀ ਮਿਲ ਸਕੇ ਅਤੇ ਨੌਕਰੀ ਦੀ ਗਾਰੰਟੀ ਦਿੱਤੀ ਜਾ ਸਕੇ।

**ਮਾਣਯੋਗ ਸਪੀਕਰ**: ਮੇਰਾ ਖਿਆਲ ਹੈ ਕਿ ਜਵਾਬ ਤਾਂ ਆ ਚੁੱਕਾ ਹੈ। ਜੇ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੀ ਗੱਲ ਫਿਰ ਰਿਪੀਟ ਕਰ ਰਿਹਾ ਹਾਂ ਕਿ ਇਹ 10 ਲੱਖ ਰੁਪਏ ਦੀ ਕੰਪਨਸੇਸ਼ਨ besides other benefits, ਜੋ ਮਹਿਕਮੇ ਵੱਲੋਂ ਸੀ.ਐਮ. ਸਾਹਿਬ ਨੇ ਆਪਣੇ ਡਿਸਕ੍ਰੀਸ਼ਨਰੀ ਫੰਡ ਵਿੱਚੋਂ ਦਿੱਤੇ ਸੀ। ਸੈਕਿੰਡ ਨੌਕਰੀ ਉਨ੍ਹਾਂ ਦਾ ਹੱਕ ਹੈ, ਜਿਵੇਂ ਉਨ੍ਹਾਂ ਦੇ ਬੱਚੇ ਬਾਲਗ ਹੋਣਗੇ ਤਾਂ ਨੌਕਰੀ ਦਿੱਤੀ ਜਾਵੇਗੀ ਅਤੇ ਪੜ੍ਹਾਈ ਫਰੀ ਹੈ। ਇਸ ਤੋਂ ਇਲਾਵਾ ਮੈਂ ਮਾਣਯੋਗ ਵਿਧਾਇਕ ਸਾਹਿਬ ਨੂੰ ਦੱਸ ਦੇਵਾਂਗਾ ਕਿ ਅਸੀਂ ਆਪਣੇ ਮੁਲਾਜ਼ਮਾਂ ਲਈ ਸਿੱਖਿਆ ਵਿਭਾਗ ਵਿੱਚ ਕਿਉਂਕਿ ਸਾਡਾ ਸਭ ਤੋਂ ਵੱਡਾ ਹਿਊਮਨ ਰਿਸੋਰਸ ਡਿਪਾਰਟਮੈਂਟ ਹੈ, ਸਭ ਤੋਂ ਵੱਧ ਮੁਲਾਜ਼ਮ ਹਨ। ਅਸੀਂ ਵੱਖ ਵੱਖ ਬੈਂਕਾਂ ਨੂੰ ਕਿਹਾ ਅਤੇ ਐਚ.ਡੀ.ਐਫ.ਸੀ. ਨੇ ਸਾਨੂੰ ਕੁਮਿਟਮੈਂਟ ਕੀਤੀ ਹੈ ਕਿ ਜੇ ਕਿਸੇ ਵੀ ਟੀਚਰ ਦਾ ਕੋਈ ਵੀ ਹਾਦਸਾ ਹੁੰਦਾ ਹੈ ਤਾਂ ਇੱਕ ਕਰੋੜ ਰੁਪਏ ਦੀ ਇੰਸ਼ੋਰੈਂਸ ਹੋਵੇਗੀ। ਪਲੱਸ ਇਹ ਵੀ ਹਾਊਸ ਨੂੰ ਦੱਸ ਦਿੰਦਾ ਹਾਂ ਕਿ ਅੱਜ ਤੱਕ ਮਿਡ-ਡੇਅ ਮੀਲ ਵਰਕਰਜ਼ ਨੂੰ ਵੀ ਕੁਝ ਨਹੀਂ ਮਿਲਦਾ ਸੀ, for mid-day meal workers also, ਅਸੀਂ 5 ਲੱਖ ਰੁਪਏ ਦੀ ਇੰਸ਼ੋਰੈਂਸ ਕਰਨ ਜਾ ਰਹੇ ਹਾਂ, ਕੋਈ ਵੀ ਕਿਸੇ ਤਰੀਕੇ ਦਾ ਹਾਦਸਾ ਹੁੰਦਾ ਹੈ, ਅਸੀਂ ਉਹ ਵੀ ensure ਕਰ ਰਹੇ ਹਾਂ। ਇਹ 10 ਲੱਖ ਰੁਪਿਆ ਸੀ.ਐਮ. ਸਾਹਿਬ ਨੇ ਆਪਣੇ ਫੰਡ ਵਿੱਚੋਂ ਦਿੱਤਾ। ਜਿਹੜੇ ਉਨ੍ਹਾਂ ਦੇ ਬਣਦੇ ਬੈਨੀਫਿਟਸ ਹਨ, ਉਹ ਉਨ੍ਹਾਂ ਦੀ ਅਮਾਨਤ ਹੈ। ਇਹ ਬੜੀ ਮੰਦਭਾਗੀ ਘਟਨਾ ਸੀ ਤੇ ਇਸ ਲਈ ਨਿੱਜੀ ਤੌਰ ਤੇ ਵੀ ਅਸੀਂ ਸਾਰੇ ਹਾਜ਼ਰ ਹਾਂ।

**ਮਾਣਯੋਗ ਸਪੀਕਰ**: ਇਆਲੀ ਸਾਹਿਬ, ਮੇਰਾ ਖਿਆਲ ਹੈ ਕਿ ਗੱਲ ਆ ਗਈ ਹੈ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਮੈਂ ਇਹ ਚਾਹੁੰਦਾ ਹਾਂ ਕਿ ਵੱਧ ਮੁਆਵਜ਼ਾ ਮਿਲਣਾ ਚਾਹੀਦਾ ਹੈ, ਘੱਟੋ-ਘੱਟ ਇੱਕ ਕਰੋੜ ਰੁਪਿਆ, ਇਸ ਬਾਰੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਉਨ੍ਹਾਂ ਨੇ ਕਲੈਰੀਫਾਈ ਕਰ ਦਿੱਤਾ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਹਾਂ ਜੀ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ :** ਸਕੂਲ ਆਫ ਐਮੀਨੈਂਸ, ਬਨੂੜ ਦੇ ਵਿਦਿਆਰਥੀ ਅੱਜ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ (ਥੰਪਿੰਗ)।

---

## STARRED QUESTION AND ANSWERS *(RESUMPTION)*

## ਪੁਲ ਦੇ ਦੋਵੇਂ ਪਾਸੇ ਡਿਵਾਈਡਰ ਬਣਾਉਣਾ

***1739. ਪ੍ਰਿੰਸੀਪਲ ਬੁੱਧ ਰਾਮ:** ਕੀ ਲੋਕ ਨਿਰਮਾਣ (ਭ ਤ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬੁਢਲਾਡਾ ਦੇ ਪਿੰਡ ਸ਼ੇਖੂਪੁਰ ਖੁਡਾਲ ਕੋਲ ਕੌਮੀ ਮਾਰਗ 148 ਬੀ ਤੇ ਬਣੇ ਪੁਲ ਦੇ ਇੱਕ ਪਾਸੇ ਡਿਵਾਈਡਰ ਬਣਿਆ ਹੋਇਆ ਹੈ ਪ੍ਰੰਤੂ ਦੂਜੇ ਪਾਸੇ ਨਹੀਂ ਬਣਿਆ ਹੈ, ਜਿਸ ਕਾਰਨ ਇੱਥੇ ਹਰ ਸਮੇਂ ਐਕਸੀਡੈਂਟ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ; ਜੇਕਰ ਅਜਿਹਾ ਹੈ, ਤਾਂ ਕੀ ਪੁਲ ਦੇ ਦੋਵੇਂ ਪਾਸੇ ਡਿਵਾਈਡਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਹਲਕਾ ਬੁਢਲਾਡਾ ਦੇ ਪਿੰਡ ਸੇਖੁਪਰ ਖੁਡਾਲ ਵਿੱਚੋਂ ਲੰਘਦੀ ਨੈਸ਼ਨਲ ਹਾਈਵੇ 148 ਬੀ ਉਪਰ ਰਾਸਟਰੀ ਰਾਜਮਾਰਗ ਮੰਤਰਾਲੇ, ਨਵੀਂ ਦਿੱਲੀ ਵੱਲੋਂ ਮਨਜ਼ੂਰਸ਼ੁਦਾ ਪ੍ਰੋਜੈਕਟ ਅਨੁਸਾਰ ਪਿੰਡ ਸੇਖੁਪੁਰਾ ਖੁਡਾਲ ਨਜ਼ਦੀਕ ਦੋ ਲੇਨ VUP (Vehicular Under Pass) ਦੀ ਉਸਾਰੀ ਸਾਲ 2023 ਵਿੱਚ ਕੀਤੀ ਗਈ ਹੈ। ਇਹ VUP ਨੈਸ਼ਨਲ ਹਾਈਵੇ 148B ਦੇ 2018 ਵਿੱਚ ਮਨਜ਼ੂਰ ਹੋਏ ਲਗਭਗ 46 ਕਿ.ਮੀ ਸੜਕੀ ਪ੍ਰੋਜੈਕਟ ਦਾ ਹਿੱਸਾ ਹੈ। VUP ਦੇ ਇੱਕ ਪਾਸੇ ਪਿੰਡ ਸ਼ੇਖੂਪੁਰਾ ਖੁਡਾਲ ਦੀ ਵਸਾਹਤ ਹੋਣ ਕਾਰਨ 04 ਮਾਰਗੀ ਨੈਸ਼ਨਲ ਹਾਈਵੇ ਦੀ ਉਸਾਰੀ ਕੀਤੀ ਗਈ ਹੈ ਅਤੇ ਇਸ ਦੇ ਦੂਸਰੇ ਦੋ ਲੇਨ ਸਣੇ ਪੇਵਡ ਸ਼ੋਲਡਰ ਸੜਕ ਦੀ ਉਸਾਰੀ ਕੀਤੀ ਗਈ ਹੈ। ਦੋ ਲੇਨ VUP ਤੋਂ ਉੱਤਰਦੇ ਹੋਏ ਟ੍ਰੈਫਿਕ ਦੇ 4 ਲੇਨ ਸੜਕ ਦੇ ਡਿਵਾਈਡਰ ਨਾਲ ਟਕਰਾਉਣ ਕਾਰਨ ਸੜਕੀ ਹਾਦਸਿਆਂ ਬਾਰੇ ਸੂਚਨਾ ਪ੍ਰਾਪਤ ਹੋਈ ਹੈ। ਸੜਕੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਡਿਵਾਈਡਰ ਦੀ ਲੰਬਾਈ ਨੂੰ ਛੋਟਾ ਕੀਤਾ ਜਾ ਰਿਹਾ ਹੈ। ਸੁਰੱਖਿਆ ਦੇ ਹੋਰ ਉਪਾਅ ਜਿਵੇਂ ਕਿ ਰੰਬਲ ਸਟਰੀਪਜ਼ ਦੀ ਉਸਾਰੀ, Flexible Bollards ਲਗਾਉਣਾ, Blinker ਲਗਾਉਣਾ ਅਤੇ ਹੋਰ ਸਾਈਨੇਜ਼ ਆਦਿ ਦੇ ਕੰਮ ਵੀ ਕੀਤੇ ਜਾ ਰਹੇ ਹਨ। ਇਸ VUP ਦੇ ਦੂਸਰੇ ਪਾਸੇ ਡਿਵਾਈਡਰ ਲਗਾਉਣ ਬਾਰੇ ਅਧਿਐਨ ਕਰਕੇ ਤਜਵੀਜ਼ ਬਣਾਈ ਜਾ ਰਹੀ ਹੈ।

**ਪ੍ਰਿੰਸੀਪਲ ਬੁੱਧ ਰਾਮ:** ਮੈਨੂੰ ਗੱਲ ਕਲੀਅਰ ਕਰ ਲੈਣ ਦਿਉ।

**ਮਾਣਯੋਗ ਸਪੀਕਰ:** ਮਾਈਕ ਨੇੜੇ ਕਰ ਲਵੋ ਜੀ।

**ਪ੍ਰਿੰਸੀਪਲ ਬੁੱਧ ਰਾਮ:**ਸਾਡੇ ਇਲਾਕੇ ਵਿੱਚ ਨੈਸ਼ਨਲ ਹਾਈਵੇ 148 ਬੀ ਲੰਘਦਾ ਹੈ, ਬੁਢਲਾਡਾ ਹਲਕੇ ਵਿੱਚ 4 ਪੁਲ ਬਣੇ ਹੋਏ ਹਨ। ਤਿੰਨ ਪੁਲਾਂ ਉੱਤੇ ਡਿਵਾਈਡਰ ਨਹੀਂ ਹੈ। ਮੈਂ ਪਿੰਡ ਸੇਖੁਪੁਰ ਖੁਡਾਲ ਦੀ ਗੱਲ ਕਰਦਾ ਹਾਂ, ਉਸ ਦੇ ਪੁਲ ਦੇ ਇੱਕ ਪਾਸੇ ਡਿਵਾਈਡਰ ਹੈ ਅਤੇ ਇੱਕ ਪਾਸੇ ਡਿਵਾਈਡਰ ਨਹੀਂ ਹੈ। ਜਦੋਂ ਅਸੀਂ ਬੁਢਲਾਡੇ ਦੀ ਤਰਫੋਂ ਜਾਂਦੇ ਹਾਂ, ਉਹ ਗੱਡੀ ਸਪੀਡ ਤੇ ਹੁੰਦੀ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਜਦੋਂ ਇੱਧਰ ਡਿਵਾਈਡਰ ਹੈ ਤਾਂ ਦੂਜੇ ਪਾਸੇ ਡਿਵਾਈਡਰ ਨਹੀਂ ਹੋਣਾ, ਡਿਵਾਈਡਰ ਵਿੱਚ ਵੱਜ ਕੇ ਸੈਂਕੜੇ ਹੀ ਲੋਕ ਜ਼ਖਮੀ ਹੋ ਗਏ, ਕਿੰਨੇ ਹੀ ਕਰੋੜਾਂ ਰੁਪਏ ਦੀਆਂ ਗੱਡੀਆਂ ਦਾ

ਨੁਕਸਾਨ ਹੋ ਗਿਆ। ਬਾਕੀ ਜੇ ਤਿੰਨ ਪੁਲਾਂ ਤੇ ਡਿਵਾਈਡਰ ਨਹੀਂ ਹਨ ਤਾਂ ਮੈਂ ਕਹਿੰਦਾ ਹਾਂ ਕਿ ਉਹ ਵੀ ਡਿਵਾਈਡਰ ਕਿਉਂ ਕੀਤਾ ਗਿਆ ਹੈ, ਉਹ ਡਿਵਾਈਡਰ ਵੀ ਹਟਾਇਆ ਜਾਵੇ। ਮੈਂ ਆਪਣੇ ਜ਼ਰੀਏ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਉਹ ਡਿਵਾਈਡਰ ਉੱਥੇ ਨਾ ਹੋਵੇ। ਜਦੋਂ ਬਾਕੀ ਤਿੰਨ ਪੁਲਾਂ ਤੇ ਡਿਵਾਈਡਰ ਵਿਚਾਲੇ ਨਹੀਂ ਹਨ ਤਾਂ ਉੱਥੇ ਇੱਕ ਪੁਲ ਦੇ ਇੱਕ ਪਾਸੇ ਹੈ, ਜੇ ਦੋਵੇਂ ਪਾਸੇ ਡਿਵਾਈਡਰ ਹੋਵੇ ਤਾਂ ਵੀ ਠੀਕ ਹੈ ਤਾਂ ਜੋ ਪਤਾ ਲੱਗ ਜਾਂਦਾ ਹੈ ਕਿ ਉੱਧਰ ਵੀ ਡਿਵਾਈਡਰ ਹੋਵੇਗਾ, ਮੈਂ ਦੇਖ ਕੇ ਚਲਾਵਾਂ। ਸੋ, ਮੇਰੀ ਬੇਨਤੀ ਹੈ ਕਿ ਦੂਜਾ ਡਿਵਾਈਡਰ ਪੂਰਨ ਤੌਰ ਤੇ ਉੱਥੋਂ ਹਟਾਇਆ ਜਾਵੇ।

**ਮਾਣਯੋਗ ਸਪੀਕਰ**: ਕੀ ਦੂਜਾ ਡਿਵਾਈਡਰ ਪੂਰਨ ਤੌਰ ਤੇ ਉੱਥੋਂ ਹਟਾਇਆ ਜਾਵੇਗਾ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਅਸਲ ਵਿੱਚ ਇਹ ਐਨ.ਐਚ. 14 ਬੀ.ਬੀ. ਦਾ ਮਾਮਲਾ ਹੈ, ਉਨ੍ਹਾਂ ਨਾਲ ਆਪਣੇ ਵੱਲੋਂ ਪਹਿਲਾਂ ਵੀ ਵਿਚਾਰ ਭੇਜਿਆ ਗਿਆ ਹੈ ਕਿ ਇਸ ਤੇ ਐਕਸੀਡੈਂਟ ਹੋ ਰਹੇ ਹਨ, ਇਸ ਲਈ ਇਸ ਨੂੰ ਮਾਣਯੋਗ ਐਮ.ਐਲ.ਏ. ਸਾਹਿਬ ਦੇ ਕਹਿਣ ਮੁਤਾਬਿਕ ਕੀਤਾ ਜਾਵੇ। ਸੋ, ਇਸ ਤੇ ਕਾਰਵਾਈ ਚੱਲ ਰਹੀ ਹੈ।

**ਮਾਣਯੋਗ ਸਪੀਕਰ**: ਮੈਨੂੰ ਇਹ ਮੁੱਦਾ ਮਹੱਤਵਪੂਰਨ ਲੱਗਦਾ ਹੈ। ਇਸ ਨੂੰ ਜਲਦੀ ਤੋਂ ਜਲਦੀ ਹੀ ਕਰਵਾ ਲਿਆ ਜਾਵੇ ਤਾਂ ਠੀਕ ਰਹੇਗਾ।

**ਪ੍ਰਿੰਸੀਪਲ ਬੁੱਧ ਰਾਮ:** ਗੱਲ ਇਹ ਹੈ ਕਿ ਮੈਂ ਆਪ ਤਿੰਨ-ਚਾਰ ਵਾਰੀ ਪਟਿਆਲਾ ਵਿਖੇ ਨੈਸ਼ਨਲ ਹਾਈਵੇ ਦੇ ਐਕਸੀਅਨ ਨੂੰ ਮਿਲ ਚੁੱਕਿਆ ਹਾਂ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ।

**ਪ੍ਰਿੰਸੀਪਲ ਬੁੱਧ ਰਾਮ:** ਤੁਸੀਂ ਇਹ ਡਿਵਾਈਡਰ ਕਿਉਂ ਬਣਾਇਆ ਹੈ ਜਦ ਕਿ ਇਸ ਦਾ ਕੋਈ ਫਾਇਦਾ ਹੀ ਨਹੀਂ ਹੈ। ਬਾਕੀ ਜੇ ਤਿੰਨ ਪੁਲ ਚੱਲ ਸਕਦੇ ਹਨ ਤਾਂ ਇਹ ਪੁਲ ਵੀ ਚੱਲ ਸਕਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਇਹ ਹੋ ਜਾਵੇਗਾ। ਤੁਸੀਂ ਮੰਤਰੀ ਜੀ ਨਾਲ ਟੇਕਅਪ ਕਰ ਲਵੋ, ਮੈਂ ਵੀ ਮੰਤਰੀ ਜੀ ਨਾਲ ਸਖਤੀ ਨਾਲ ਗੱਲ ਕਰਾਂਗਾ। (ਵਿਘਨ) ਧੰਨਵਾਦ ਜੀ। ਮੈਂ ਕਿਹਾ ਮਾਈਕ ਨੇੜੇ ਕਰ ਲਿਆ ਕਰੋ, ਤੁਸੀਂ ਨੌਜਵਾਨ ਵਿਧਾਇਕ ਹੋ, ਮੈਂ ਕਿਹਾ ਕਿ ਤੁਹਾਡੀ ਆਵਾਜ਼ ਨਹੀਂ ਆ ਰਹੀ, ਕੀ ਗੱਲ ਹੋ ਗਈ।

**ਪ੍ਰਿੰਸੀਪਲ ਬੁੱਧ ਰਾਮ:** ਠੀਕ ਹੈ ਜੀ।

---

**1040/Sukhpiar Singh/Abhishek gautam**

**1045/Manika Rani**

## ਹੜ੍ਹਾਂ ਦੌਰਾਨ ਵੰਡੀਆਂ ਗਈਆਂ ਗ੍ਰਾਂਟਾਂ ਦੇ ਵੇਰਵੇ

***1748. ਰਾਣਾ ਇੰਦਰ ਪ੍ਰਤਾਪ ਸਿੰਘ**: ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸੁਲਤਾਨਪੁਰ ਲੋਧੀ ਤਹਿਸੀਲ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਜਿਲ੍ਹਾ ਪ੍ਰਸ਼ਾਸਨ, ਕਪੂਰਥਲਾ ਦੁਆਰਾ ਕਿੰਨੇ ਨੁਕਸਾਨ ਦਾ ਅਨੁਮਾਨ ਲਗਾਇਆ ਗਿਆ ਹੈ;

ਅ) ਪ੍ਰਭਾਵਿਤ ਵਿਅਕਤੀਆਂ ਨੂੰ ਵੰਡਣ ਲਈ ਕਥਿਤ ਜਿਲ੍ਹਾ ਪ੍ਰਸ਼ਾਸਨ ਦੁਆਰਾ ਮੰਗੀਆਂ ਗਈਆਂ ਗ੍ਰਾਂਟਾਂ ਦੀ ਰਕਮ ਅਤੇ ਸਰਕਾਰ ਦੁਆਰਾ ਅਸਲ ਵਿੱਚ ਜਾਰੀ ਕੀਤੀ ਗਈ ਰਕਮ ਕਿੰਨੀ ਸੀ;

ੲ) ਉਪਰੋਕਤ ਭਾਗ (ਅ) ਵਿੱਚ ਦਰਸਾਏ ਗਏ ਪ੍ਰਭਾਵਿਤ ਵਿਅਕਤੀਆਂ ਨੂੰ ਅਸਲ ਵਿੱਚ ਕਿੰਨੀ ਰਕਮ ਵੰਡੀ ਗਈ ਕਿੰਨੀ ਰਕਮ ਹੁਣ ਤੱਕ ਨਹੀਂ ਵੰਡੀ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ਼੍ਰੀਮਾਨ ਜੀ,

(ੳ) ਸਪੈਸ਼ਲ ਗਿਰਦਾਵਰੀ ਅਨੁਸਾਰ ਸਾਲ 2025 ਦੌਰਾਨ ਦਰਿਆ ਬਿਆਸ ਵਿੱਚ ਆਏ ਹੜ੍ਹਾਂ ਕਾਰਨ ਤਹਿਸੀਲ ਸੁਲਤਾਨਪੁਰ ਲੋਧੀ ਦੇ ਕੁੱਲ 75 ਪਿੰਡ ਪ੍ਰਭਾਵਿਤ ਹੋਏ ਸਨ, ਜਿਸ ਕਾਰਨ ਫਸਲਾਂ, ਮਕਾਨਾਂ ਅਤੇ ਪਸ਼ੂ ਧਨ ਨੂੰ ਨੁਕਸਾਨ ਪਹੁੰਚਿਆ।

(ਅ) ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਹਿਸੀਲ ਸੁਲਤਾਨਪੁਰ ਲੋਧੀ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਵਜੋਂ ਕੁੱਲ 10,70,00,000/- ਰੁਪਏ ਦੀ ਗ੍ਰਾਂਟ ਦੀ ਮੰਗ ਕੀਤੀ ਗਈ ਸੀ। ਇਸ ਦੇ ਅਨੁਸਾਰ ਸਰਕਾਰ ਵੱਲੋਂ ਮੰਗੀ ਗਈ ਪੂਰੀ ਰਕਮ ਜਾਰੀ ਕਰ ਦਿੱਤੀ ਗਈ ਹੈ।

(ੲ) ਹੁਣ ਤੱਕ ਪ੍ਰਭਾਵਿਤ ਵਿਅਕਤੀਆਂ ਨੂੰ ਕੁੱਲ 10,68,07,507/- ਰੁਪਏ ਦੀ ਰਕਮ ਵੰਡ ਕੀਤੀ ਜਾ ਚੁੱਕੀ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਸਪਲੀਮੈਂਟਰੀ ਤਾਂ ਬਾਅਦ ਵਿੱਚ ਕਰਾਂਗਾ, ਪਹਿਲਾਂ ਤਾਂ ਮੈਨੂੰ ਜਵਾਬ ਨਹੀਂ ਆਇਆ ਹੈ।

**ਮਾਣਯੋਗ ਸਪੀਕਰ**: ਜਵਾਬ ਆਇਆ ਨਹੀਂ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਸਵਾਲ ਮੇਰਾ ਇਹ ਸੀ ਕਿ Will the Minister be pleased to state that the extent of loss caused by the recent floods in Sultanpur Lodhi teshsil estimated by the District Administration, Kapurthala; ਮੈਨੂੰ ਜਵਾਬ ਪ੍ਰਾਪਤ ਹੋਇਆ ਹੈ ਕਿ As per the special Gidawari, 75 villages of Tehsil Sultanpur Lodhi were affected due to floods in river Beas

during the year 2025 which caused loss to Crops, Houses, and Livestock. ਸਵਾਲ ਇਹ ਸੀ ਕਿ ਨੁਕਸਾਨ ਕਿੰਨੇ ਦਾ ਹੋਇਆ ਹੈ।

**ਮਾਣਯੋਗ ਸਪੀਕਰ**: ਮੈਂਬਰ ਸਾਹਿਬ, ਜਵਾਬ ਦਾ ਅਗਲਾ ਪੈਰ੍ਹਾ ਦੇਖੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਅਗਲੇ ਪੈਰ੍ਹੇ ਵਿੱਚ ਲਿਖਿਆ ਹੈ ਕਿ District Administration has sought Rs. 10,70,00,000/- as grant for the compensation caused by the Floods in the Tehsil Sultanpur Lodhi. ਮੈਂ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ ਇਸ ਵਿੱਚ ਪਹਿਲੀ ਗੱਲ ਤਾਂ ਇਹ ਹੈ ਕਿ ਇਸ ਵਿੱਚ quantifiable loss ਨਹੀਂ ਆਇਆ ਹੈ। ਦੂਸਰਾ, ਮੈਂ ਇਹ ਦੱਸਣਾ ਚਾਹਾਂਗਾ ਕਿ ਸੰਨ 2023 ਵਿੱਚ ਹੜ੍ਹ ਆਏ ਸਨ, ਉਦੋਂ 40 ਹਜ਼ਾਰ ਏਕੜ ਦਾ ਲਾੱਸ ਐਸਟੀਮੇਟ ਹੋਇਆ ਸੀ। ਇਸ ਤੋਂ ਬਾਅਦ ਸਾਲ 2025 ਵਿੱਚ ਹੜ੍ਹ ਆਏ ਔਰ ਇਸ ਵਿੱਚ ਲਾੱਸ 40 ਹਜ਼ਾਰ ਤੋਂ ਵੱਧ ਹੀ ਹੋਇਆ ਹੋਵੇਗਾ, ਇਸ ਗੱਲ ਦਾ ਆਪਾਂ ਸਾਰਿਆਂ ਨੂੰ ਹੀ ਪਤਾ ਹੈ। ਸਰ, ਜੇ 40 ਹਜ਼ਾਰ ਏਕੜ ਦੀ ਗੱਲ ਕਰੀਏ ਤਾਂ 20 ਹਜ਼ਾਰ ਰੁਪਏ ਦੇ ਹਿਸਾਬ ਨਾਲ 80 ਹਜ਼ਾਰ ਕਰੋੜ ਰੁਪਏ ਦੀ ਕੰਪਨਸੇਸ਼ਨ ਇਲਾਕੇ ਦੀ ਬਣਦੀ ਹੈ। ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 10 ਕਰੋੜ 70 ਲੱਖ ਰੁਪਿਆ ਵੰਡਿਆ ਗਿਆ ਹੈ ਪਰੰਤੂ ਮੈਂ ਐਸ.ਡੀ.ਐਮ. ਦਫਤਰ ਤੋਂ ਪਤਾ ਕਰਵਾਇਆ ਹੈ ਕਿ ਇਹ ਰਕਮ 8 ਕਰੋੜ 25 ਲੱਖ ਰੁਪਿਆ ਵੰਡੀ ਗਈ ਹੈ। ਮੈਂ ਚਾਹੁੰਦਾ ਹਾਂ ਕਿ ਇਸ quantum of loss ਨੂੰ ਆਪਾਂ ਰੀ-ਚੈੱਕ ਕਰ ਲਈਏ ਕਿਉਂਕਿ ਵਿਧਾਨ ਸਭਾ ਵਿੱਚ ਨੰਬਰ ਸਹੀ ਹੋਣਾ ਚਾਹੀਦਾ ਹੈ, ਕੀ ਪਤਾ ਇਹ ਸੁਣੀ-ਸੁਣਾਈ ਗੱਲ ਹੋਵੇ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਗੌਰਮਿੰਟ ਆਫ ਇੰਡੀਆ ਦੀ 18.09.2019 ਦੀ ਨੋਟੀਫਿਕੇਸ਼ਨ ਹੈ। ਉਸ ਦੇ ਮੁਤਾਬਿਕ ਜਿਹੜੇ ਜਿਮੀਂਦਾਰ ਗੌਰਮਿੰਟ ਲੈਂਡ ਉੱਤੇ ਕਾਬਜ਼ ਹਨ, ਉਨ੍ਹਾਂ ਨੂੰ ਵੀ ਕੰਪਨਸੇਸ਼ਨ ਮਿਲਣੀ ਹੈ, ਜੋ ਕਿ ਅੱਜ ਤੱਕ ਸਰਕਾਰ ਨੇ ਨਹੀਂ ਦਿੱਤੀ ਹੈ। ਸਰ, ਸਿਰਫ ਮਾਤਰ ਚਾਰ ਹਜ਼ਾਰ ਏਕੜ ਨੂੰ ਕੰਪਨਸੇਸ਼ਨ ਮਿਲੀ ਹੈ, ਜਦੋਂਕਿ ਲਾੱਸ 40 ਹਜ਼ਾਰ ਏਕੜ ਤੋਂ ਉੱਤੇ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੂੰ ਇਸ ਵਿੱਚ ਇਨਵਾਲਵ ਨਹੀਂ ਕੀਤਾ ਗਿਆ ਹੈ; ਜਿਨ੍ਹਾਂ ਦਾ 40 ਹਜ਼ਾਰ ਏਕੜ ਬੈਲੈਂਸ ਹੈ; ਜਿਹੜੇ ਲੋਕ ਸਰਕਾਰੀ ਜ਼ਮੀਨਾਂ ਤੇ ਕਾਬਜ਼ ਹਨ; ਕੀ ਸਰਕਾਰ ਉਨ੍ਹਾਂ ਲੋਕਾਂ ਨੂੰ 20 ਹਜ਼ਾਰ ਰੁਪਏ ਕਿੱਲੇ ਦੇ ਹਿਸਾਬ ਨਾਲ ਬਣਦਾ ਮੁਆਵਜ਼ਾ ਦੇਵੇਗੀ? ਕੀ ਸਰਕਾਰ quantum of loss ਨੂੰ ਰੀ-ਅਸੈੱਸ ਕਰੇਗੀ? ਇਸ ਤੋਂ ਇਲਾਵਾ ਜਿਹੜੇ ਲੋਕ ਜ਼ਮੀਨਾਂ ਵਾਹ ਰਹੇ ਹਨ; as a cultivator ਕਿਉਂਕਿ ਨੋਟੀਫਿਕੇਸ਼ਨ ਵਿੱਚ ਲਿਖਿਆ ਹੈ ਕਿ ਕਲਟੀਵੇਟਰ ਨੂੰ ਮੁਆਵਜ਼ਾ ਮਿਲਣਾ ਹੈ, ਜੋ ਲੋਕ ਠੇਕੇ ਤੇ ਜ਼ਮੀਨ ਵਾਹ ਰਹੇ ਹਨ, ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਵੇਗੀ?

**ਮੰਤਰੀ**: ਸਭ ਤੋਂ ਪਹਿਲਾਂ ਤਾਂ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਹਿਸੀਲ ਸੁਲਤਾਨਪੁਰ ਲੋਧੀ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਵਜੋਂ ਕੁੱਲ 10,70,00,000/- ਰੁਪਏ ਦੀ ਗ੍ਰਾਂਟ ਦੀ ਮੰਗ ਕੀਤੀ ਗਈ ਸੀ। ਸਾਡੇ ਵੱਲੋਂ 10 ਕਰੋੜ 70 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ, ਜਿਸ ਵਿੱਚੋਂ 10 ਕਰੋੜ 68 ਲੱਖ 75 ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਇਸ ਤੋਂ ਇਲਾਵਾ ਜਿਹੜੀ ਰਾਸ਼ੀ ਰਹਿ ਗਈ ਹੈ, ਉਹ

ਵੀ ਜਲਦੀ ਹੀ ਵੰਡ ਦਿੱਤੀ ਜਾਵੇਗੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹੁਣ ਭਾਰੀ ਮੀਂਹ ਨੂੰ ਵੀ State specific diastar ਘੋਸ਼ਿਤ ਕੀਤਾ ਗਿਆ ਹੈ ਅਤੇ ਭਾਰੀ ਮੀਂਹ ਕਾਰਨ ਹੋਏ ਨੁਕਸਾਨ ਵਾਲਿਆਂ ਨੂੰ ਵੀ ਮੁਆਵਜ਼ਾ ਵੰਡਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਜਿਨ੍ਹਾਂ ਜ਼ਮੀਨਾਂ ਉੱਤੇ ਕਿਸਾਨ ਪੁਰਾਣੇ ਸਮੇਂ ਤੋਂ ਕਾਸ਼ਤ ਕਰ ਰਹੇ ਹਨ ਪਰੰਤੂ ਮਾਣਯੋਗ ਕੋਰਟਾਂ ਵੱਲੋਂ ਵੱਖ-ਵੱਖ ਹੁਕਮਾਂ ਅਨੁਸਾਰ ਇਨ੍ਹਾਂ ਜ਼ਮੀਨਾਂ ਦੀ ਖਾਨਾਕਾਸ਼ਤ ਵਿੱਚ ਸਰਕਾਰ ਦੀ ਐਂਟਰੀ ਹੋ ਚੁੱਕੀ ਹੈ। ਉਨ੍ਹਾਂ ਜ਼ਮੀਨਾਂ ਦੇ ਹੋਏ ਖਰਾਬੇ ਸਬੰਧੀ ਵੀ ਬਾਕੀ ਜ਼ਮੀਨਾਂ ਦੇ ਬਰਾਬਰ ਮੁਆਵਜ਼ਾ ਦੇਣ ਦਾ ਫੈਸਲਾ ਲਿਆ ਗਿਆ ਹੈ ਅਤੇ ਜਿਹੜਾ ਵੀ ਮੈਂਬਰ ਸਾਹਿਬ ਮੁਆਵਜ਼ੇ ਦੀ ਗੱਲ ਕਹਿ ਰਹੇ ਹਨ, ਉਹ ਵੀ ਅਸੀਂ ਦੇਵਾਂਗੇ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਸਿਰਫ ਟਾਈਮ ਲਾਈਨ ਫਿਕਸ ਕਰ ਦੇਣ ਜੀ। ਇਹ ਮੁਆਵਜ਼ਾ ਕਿੰਨੀ ਦੇਰ ਵਿੱਚ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਪੰਜ ਏਕੜ ਤੋਂ ਉੱਤੇ ਵਾਲੇ ਜਿਮੀਂਦਾਰ ਹਨ, ਕੀ ਅਸੀਂ ਗੌਰਮਿੰਟ ਆਫ ਇੰਡੀਆ ਤੋਂ ਕੋਈ ਕਲੈਰੀਫਿਕੇਸ਼ਨ ਮੰਗੀ ਹੈ ਜਾਂ ਆਪਣਾ ਪੱਖ ਰੱਖਿਆ ਹੈ ਕਿ ਜਿਹੜਾ ਪੰਜ ਏਕੜ ਤੋਂ ਉੱਤੇ ਵਾਲਾ ਜ਼ਿਮੀਂਦਾਰ ਹੈ, ਜਿਸ ਦਾ ਨੁਕਸਾਨ ਹੋਇਆ ਹੈ, ਉਹ ਵੀ ਪੰਜ ਏਕੜ ਵਾਲੇ ਜ਼ਿਮੀਂਦਾਰ ਦੇ ਬਰਾਬਰ ਹੈ? ਉਨ੍ਹਾਂ ਬਾਰੇ ਸਾਡੀ ਕੀ ਸਕੀਮ ਹੈ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜੇਕਰ ਮੈਂ ਸੈਂਟਰ ਸਰਕਾਰ ਦੀ ਗੱਲ ਕਰਾਂ ਤਾਂ ਅਸੀਂ ਮੰਗ-ਮੰਗ ਕੇ ਅਤੇ ਰੋ-ਰੋ ਕੇ ਥੱਕ ਚੁੱਕੇ ਹਾਂ। ਉਨ੍ਹਾਂ ਨੇ ਤਾਂ ਪੰਜਾਬ ਦੇ ਕਿਸਾਨਾਂ ਬਾਰੇ ਨਾ ਕਦੇ ਸੋਚਿਆ ਹੈ ਅਤੇ ਨਾ ਕਦੇ ਸੋਚੇਗੀ। ਦੂਸਰੀ, ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਉਨ੍ਹਾਂ ਸਬੰਧੀ ਅਸੀਂ ਕਮੇਟੀਆਂ ਬਣਾਈਆਂ ਹੋਈਆਂ ਹਨ, ਉਨ੍ਹਾਂ ਦੀ ਰਿਪੋਰਟ ਜਲਦ ਆ ਜਾਵੇਗੀ। ਕੋਈ ਜ਼ਿਆਦਾ ਟਾਈਮ ਨਹੀਂ ਲੱਗਣਾ ਹੈ ਕਿਉਂਕਿ ਰਿਪੋਰਟ ਜਲਦ ਆਉਣ ਵਾਲੀ ਹੈ। ਅਸੀਂ ਦਿਨਾਂ ਵਿੱਚ ਹੀ ਬਣਦਾ ਮੁਆਵਜ਼ਾ ਦੇ ਦੇਵਾਂਗੇ।

(ਇਸ ਸਮੇਂ ਇੰਡੀਅਨ ਕਾਂਗਰਸ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਰਾਣਾ ਤੇ ਰਾਣਾ। (ਹਾਸਾ) ਹਾਂ ਜੀ। ਰਾਣਾ ਗੁਰਜੀਤ ਜੀ, ਸਪਲੀਮੈਂਟਰੀ ਕਰੋ ਜੀ।

**1045/Manika Rani/Abhishek gautam**

**1050/Gurpreet kaur**

**ਰਾਣਾ ਗੁਰਜੀਤ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਭਾਰਤ ਸਰਕਾਰ ਕੁਝ ਨਹੀਂ ਕਰਦੀ ਤਾਂ ਆਪਾਂ ਹੀ ਕਰ ਲਈਏ। ਮੈਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਤੁਸੀਂ ਬਜਟ ਵਿੱਚ ਸੁਝਾਅ ਦੇ ਦਿਓ। ਤੁਸੀਂ ਸਵਾਲ ਪੁੱਛੋ।

**ਰਾਣਾ ਗੁਰਜੀਤ ਸਿੰਘ**: ਮੈਂ ਇੱਕ ਸਵਾਲ ਪੁੱਛਦਾ ਹਾਂ ਜੀ। ਮੰਨ ਲਓ ਕਿਸੇ ਬੰਦੇ ਕੋਲ 15 ਏਕੜ ਜ਼ਮੀਨ ਹੈ। ਤੁਸੀਂ ਪੰਜ ਏਕੜ ਤੋਂ ਵੱਧ ਦਾ ਮੁਆਵਜ਼ਾ ਨਹੀਂ ਦੇ ਸਕਦੇ। 15 ਏਕੜ ਵਾਲਾ ਤਾਂ ਕਹਿੰਦਾ ਹੈ ਕਿ ਮੈਂ ਤਾਂ ਜ਼ਮੀਨ ਠੇਕੇ ਤੇ ਦਿੱਤੀ ਹੈ। ਇਸ ਦਾ ਕੀ ਹੱਲ ਹੈ? ਕੀ ਤੁਸੀਂ ਇਸ ਤੇ ਗੌਰ ਕਰੋਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਸਰਕਾਰ ਨੇ ਤਾਂ ਕੁਝ ਨਹੀਂ ਕੀਤਾ ਪਰ ਪੰਜਾਬ ਸਰਕਾਰ ਨੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਕੱਲੇ ਇਕੱਲੇ ਪਰਿਵਾਰ ਦਾ ਜਿੱਥੇ ਹਾਲ ਜਾਣਿਆ ਹੈ, ਉੱਥੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਵੀ ਦਿੱਤਾ ਹੈ। ਜਿਵੇਂ ਮਾਣਯੋਗ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਕੀ ਸਰਕਾਰ ਉਨ੍ਹਾਂ ਦਾ ਹਾਲ ਪੁੱਛੇਗੀ ਜਾਂ ਕੀ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਅਸੀਂ ਸਭ ਨੂੰ ਆਲਰੇਡੀ ਮੁਆਵਜ਼ਾ ਦੇ ਰਹੇ ਹਾਂ। ਹੜ੍ਹਾਂ ਦੇ ਦੌਰਾਨ ਮੇਰੀ ਆਪਣੀ ਡਿਊਟੀ ਰਾਣਾ ਜੀ ਦੇ ਹਲਕੇ ਵਿੱਚ, ਰਾਣਾ ਇੰਦਰ ਪ੍ਰਤਾਪ ਜੀ ਦੇ ਹਲਕੇ ਵਿੱਚ ਰਹੀ ਹੈ। ਮੈਨੂੰ ਉੱਥੇ ਰਾਣਾ ਸਾਹਿਬ ਵੀ ਮਿਲੇ ਸਨ। ਸਾਡੇ ਮਾਣਯੋਗ ਮੈਂਬਰ ਰਾਣਾ ਇੰਦਰ ਪ੍ਰਤਾਪ ਜੀ ਵੀ ਮਿਲੇ। ਅਸੀਂ ਉੱਥੇ ਜਿਸ ਤਰ੍ਹਾਂ ਸੇਵਾ ਕਰ ਰਹੇ ਸੀ, ਉਹ ਖੁਦ ਨਾਲ ਹੋ ਕੇ ਦੇਖ ਰਹੇ ਸਨ। ਜਿੱਥੇ ਜਿੱਥੇ ਕਿਸੇ ਦਾ ਜਿੰਨਾ ਜਿੰਨਾ ਵੀ ਨੁਕਸਾਨ ਹੋਇਆ, ਉਨ੍ਹਾਂ ਸਭ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਕਿਸਾਨ ਭਰਾਵਾਂ ਵੱਲੋਂ ਨੁਕਸਾਨ ਹੋਈ ਜ਼ਮੀਨ ਦਾ ਜਿੰਨਾ ਮੁਆਵਜ਼ਾ ਮੰਗਿਆ ਸੀ, ਉਨ੍ਹਾਂ ਸਭ ਨੂੰ ਓਨਾ ਮੁਆਵਜ਼ਾ ਦਿੱਤਾ ਗਿਆ ਹੈ। ਹੋਰ ਵੀ ਜੇਕਰ ਤੁਸੀਂ ਕਹੋਗੇ, ਰਾਣਾ ਇੰਦਰ ਪ੍ਰਤਾਪ ਜੀ ਪ੍ਰਸ਼ਾਸਨ ਨੂੰ ਦੱਸਣਗੇ ਤਾਂ ਜਿਹੜੀ ਵੀ ਰਿਪੋਰਟ ਬਣ ਕੇ ਆਵੇਗੀ, ਨਾਲ ਦੀ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਗੁਰਦਿੱਤ ਸਿੰਘ ਜੀ।

-------

## ਅਜ਼ਾਦੀ ਸੰਗਰਾਮੀਆਂ ਦੀ ਯਾਦਗਾਰ ਬਣਾਉਣਾ

***1716. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਆਜ਼ਾਦੀ ਘੁਲਾਟੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫ਼ਰੀਦਕੋਟ ਨਾਲ ਸਬੰਧਤ ਆਜ਼ਾਦੀ ਸੰਗਰਾਮੀਆਂ ਦੀ ਯਾਦ ਵਿੱਚ ਕੋਈ ਵਿਸ਼ੇਸ਼ ਸਮਾਰਕ ਜਾਂ ਯਾਦਗਾਰ ਸਥਾਪਿਤ ਨਹੀਂ ਕੀਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਕੀ ਹਲਕਾ ਫ਼ਰੀਦਕੋਟ ਵਿੱਚ ਆਜ਼ਾਦੀ ਸੰਗਰਾਮੀਆ ਦੀ ਯਾਦ ਵਿੱਚ ਇੱਕ ਸਮਾਰਕ/ਸ਼ਹੀਦੀ ਪਾਰਕ/ਸਮ੍ਰਿਤੀ ਭਵਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਮਹਿੰਦਰ ਭਗਤ**: ਹਾਂ ਸ਼੍ਰੀ ਮਾਨ ਜੀ, ਹਲਕਾ ਫ਼ਰੀਦਕੋਟ ਨਾਲ ਸਬੰਧਤ ਆਜ਼ਾਦੀ ਸੰਗਰਾਮੀਆਂ ਅਤੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਯਾਦਗਾਰ ਸਥਾਪਿਤ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਫਰੀਦਕੋਟ ਵੱਲੋਂ ਫਰੀਦਕੋਟ ਸ਼ਹਿਰ ਦਾ ਪ੍ਰਮੁੱਖ ਪਾਰਕ (ਸ਼ਹੀਦ ਭਗਤ ਸਿੰਘ ਪਾਰਕ) ਦੀ ਇਸ ਮੰਤਵ ਲਈ ਚੋਣ ਕੀਤੀ ਗਈ ਹੈ, ਜਿਸ ਦਾ ਨਿਰਮਾਣ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਪ੍ਰਵਾਨ ਕੀਤੇ ਗਏ ਡਿਜ਼ਾਇਨ ਅਨੁਸਾਰ ਕੀਤਾ ਜਾਵੇਗਾ ਅਤੇ ਇਸ

ਸਮਾਰਕ ਬਣਾਉਣ ਦੀ ਜ਼ਿੰਮੇਵਾਰੀ ਲੋਕ ਨਿਰਮਾਣ ਵਿਭਾਗ ਨੂੰ ਦਿੱਤੀ ਗਈ ਹੈ, ਜਿਸ ਦਾ ਨਿਰਮਾਣ ਜਲਦੀ ਹੋ ਜਾਵੇਗਾ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਜਵਾਬ ਆ ਗਿਆ ਹੈ ਜੀ। ਮੇਰਾ ਸਵਾਲ ਇਹ ਸੀ ਕਿ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਉਨ੍ਹਾਂ ਆਜ਼ਾਦੀ ਘੁਲਾਟੀਆਂ ਲਈ ਫਰੀਦਕੋਟ ਵਿੱਚ ਕੀ ਕੋਈ ਯਾਦਗਾਰ ਬਣਾਈ ਗਈ ਹੈ। ਇਸ ਸਵਾਲ ਦਾ ਜਵਾਬ ਆਇਆ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਪਾਰਕ ਜੋ ਫਰੀਦਕੋਟ ਸ਼ਹਿਰ ਵਿੱਚ ਹੈ, ਉਸ ਨੂੰ ਸਿਲੈਕਟ ਕੀਤਾ ਹੈ, ਉੱਥੇ ਯਾਦਗਾਰ ਬਣਾਉਣ ਬਾਰੇ ਵਿਚਾਰ ਕਰ ਰਹੇ ਹਾਂ। ਮੈਂ ਆਪ ਜੀ ਨਾਲ ਇਹ ਗੱਲ ਕਰਨੀ ਚਾਹੁੰਦਾ ਹਾਂ ਅਤੇ ਆਪ ਜੀ ਰਾਹੀਂ ਮੰਤਰੀ ਜੀ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਦੇ ਆਜ਼ਾਦੀ ਘੁਲਾਟੀਆਂ ਨੇ ਬਹੁਤ ਵੱਡੀ ਪਰਜਾ ਮੰਡਲ ਲਹਿਰ ਖੜ੍ਹੀ ਕੀਤੀ ਹੈ। ਸਾਡੇ ਆਜ਼ਾਦੀ ਘੁਲਾਟੀਆਂ ਨੂੰ ਜੇਲ੍ਹ ਵਿੱਚ ਬੰਦ ਕੀਤਾ ਗਿਆ। ਇੱਥੋਂ ਤੱਕ ਕਿ ਜੀਪਾਂ ਦੇ ਮਗਰ ਪਾ ਕੇ ਵੀ ਘੜੀਸਿਆ ਗਿਆ। ਉਨ੍ਹਾਂ ਨੇ ਸਾਨੂੰ ਇਹ ਦੇਸ਼ ਆਜ਼ਾਦ ਕਰਵਾ ਕੇ ਦਿੱਤਾ। ਉਹ ਜੇਲ੍ਹ ਅੱਜ ਵੀ ਸਲਾਮਤ ਹੈ। ਅਕਾਲੀ ਸਰਕਾਰ ਵੇਲੇ ਉਹ ਜੇਲ੍ਹ ਮੈਡੀਕਲ ਕਾਲਜ ਨੂੰ, ਯੂਨੀਵਰਸਿਟੀ ਨੂੰ ਦੇ ਦਿੱਤੀ ਗਈ ਸੀ। ਉਸ ਵਿੱਚ ਅਜੇ ਵੀ ਉਹ ਸਥਾਨ ਮੌਜੂਦ ਹਨ ਜਿੱਥੇ ਸਾਡੇ ਆਜ਼ਾਦੀ ਘੁਲਾਟੀਏ ਜੇਲ੍ਹ ਕੱਟਦੇ ਰਹੇ ਹਨ। ਜਿਨ੍ਹਾਂ ਤੋਂ ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਵੀ ਉਸ ਜੇਲ੍ਹ ਵਿੱਚ ਸਮਾਂ ਬਿਤਾਇਆ। ਉਨ੍ਹਾਂ ਨੇ ਉਸ ਸਮੇਂ ਦੀ ਸਰਕਾਰਾਂ ਦਾ ਉਹ ਜ਼ੁਲਮ ਸਿਹਾ। ਮੈਂ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਕੋਈ ਯਾਦਗਾਰ ਬਣਾਉਣਾ ਚਾਹੁੰਦੀ ਹੈ ਤਾਂ ਉਹ ਜੇਲ੍ਹ ਨੂੰ ਯੂਨੀਵਰਸਿਟੀ ਤੋਂ ਲੈ ਕੇ ਉਸ ਜਗ੍ਹਾ ਤੇ ਬਣਾ ਸਕਦੇ ਹਾਂ। ਉਨ੍ਹਾਂ ਨੂੰ ਕੋਈ ਹੋਰ ਜਗ੍ਹਾ ਦੇ ਦਿਓ। ਅਸੀਂ ਉਸ ਵਿਰਾਸਤ ਨੂੰ ਸੰਭਾਲ ਲਈਏ। ਅਸੀਂ ਕਾਲੇ ਪਾਣੀਆਂ ਵਾਲੀਆਂ ਜੇਲ੍ਹਾਂ ਤਾ ਸੰਭਾਲ ਕੇ ਬੈਠੇ ਹਾਂ। ਕਿਉਂ ਨਾ ਅਸੀਂ ਆਪਣੇ ਪੰਜਾਬ ਦੀਆਂ ਜੇਲ੍ਹਾਂ ਨੂੰ ਵੀ ਸੰਭਾਲ ਲਈਏ ਜਿੱਥੇ ਵੱਡੇ ਵੱਡੇ ਕ੍ਰਾਂਤੀਕਾਰੀ ਜੇਲ੍ਹਾਂ ਵਿੱਚ ਰਹੇ। ਅਸੀਂ ਉਨ੍ਹਾਂ ਦੀ ਯਾਦਗਾਰ ਵਜੋਂ ਉਸ ਜੇਲ੍ਹ ਨੂੰ ਸੰਭਾਲ ਲਈਏ। ਜਿਸ ਜੇਲ੍ਹ ਨੂੰ ਕ੍ਰਾਂਤੀਕਾਰੀਆਂ ਦੀ ਚਰਨ ਛੋਹ ਪ੍ਰਾਪਤ ਹੈ ਉਸ ਜਗ੍ਹਾ ਤੇ ਜੋ ਅਸੀਂ ਯਾਦਗਾਰ ਬਣਾਉਣੀ ਹੈ, ਉਸ ਲਈ ਜੋ ਫੰਡਾਂ ਦੀ ਜ਼ਰੂਰਤ ਹੋਵੇਗੀ, ਇਸ ਵਾਸਤੇ ਮੇਰੀ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਗੱਲ ਵੱਲ ਗੌਰ ਕੀਤਾ ਜਾਵੇ। ਦੇਸ਼ ਆਜ਼ਾਦ ਹੋਣ ਤੋਂ ਬਾਅਦ, ਸਾਡੇ ਪਿੰਡ ਅਹਿਲ ਦੇ ਕ੍ਰਾਂਤੀਕਾਰੀਆਂ ਨੂੰ ਸਰਕਾਰ ਨੇ ਇਨਾਮ ਭੇਜਿਆ, ਉਨ੍ਹਾਂ ਨੂੰ ਰਾਸ਼ੀ ਭੇਜੀ ਗਈ ਪਰ ਸਾਡੇ ਪਿੰਡ ਦੇ ਕ੍ਰਾਂਤੀਕਾਰੀਆਂ ਨੇ ਉਹ ਰਾਸ਼ੀ ਲੈਣ ਤੋਂ ਵੀ ਇਨਕਾਰ ਕਰ ਦਿੱਤਾ। ਕ੍ਰਾਂਤੀਕਾਰੀਆਂ ਦਾ ਕਹਿਣਾ ਸੀ ਕਿ ਅਸੀਂ ਆਪਣੇ ਦੇਸ਼ ਲਈ ਕੁਰਬਾਨੀ ਕੀਤੀ ਹੈ। ਅਸੀਂ ਤਨਖਾਹ ਲੈਣ ਲਈ ਕੁਝ ਨਹੀਂ ਕੀਤਾ। ਉਨ੍ਹਾਂ ਦੇ ਜਜ਼ਬਿਆਂ ਨੂੰ ਸਲਾਮ ਕਰੀਏ ਅਤੇ ਉਨ੍ਹਾਂ ਦੀ ਯਾਦਗਾਰ ਨੂੰ ਸੰਭਾਲ ਲਈਏ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਇਹ ਜਿਹੜੀ ਜੇਲ੍ਹ ਵਾਲੀ ਕੋਠੜੀ ਸੀ, ਜਿੱਥੇ ਗਿਆਨੀ ਜ਼ੈਲ ਸਿੰਘ ਜੀ ਵੀ ਰਹੇ ਹਨ, ਉਸ ਦਾ ਪ੍ਰਾਜੈਕਟ ਵੀ ਬਣਿਆ ਸੀ ਅਤੇ 02 ਕਰੋੜ ਰੁਪਏ ਦਾ ਫੰਡ ਵੀ ਸੀ। ਜੇਕਰ ਤੁਸੀਂ ਇਹ ਕਰਵਾ ਦਿਓ ਤਾਂ ਬਹੁਤ ਵੱਡੀ ਸੁਤੰਤਰਤਾ ਸੰਗਰਾਮੀਆਂ, ਪਰਜਾ ਮੰਡਲੀਆਂ ਦੀ ਸੇਵਾ ਹੋਵੇਗੀ। ਐਫ.ਐਮ. ਸਾਹਿਬ ਤੁਸੀਂ ਇਸ ਗੱਲ ਵੱਲ ਗੌਰ ਕਰ ਲਿਓ। ਇੱਕ ਮਿੰਟ ਭਗਤ ਜੀ, ਐਫ.ਐਮ. ਸਾਹਿਬ ਕੁਝ ਕਹਿਣ ਲੱਗੇ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਰਦਾਰ ਗੁਰਦਿੱਤ ਸਿੰਘ ਜੀ ਨੇ ਬਿਲਕੁਲ ਵਾਜਿਬ ਸਵਾਲ ਪੁੱਛਿਆ ਹੈ। ਮੈਂ ਰਿਪਲਾਈ ਕਰਨ ਲਈ ਇਸ ਲਈ ਖੜ੍ਹਾ ਹੋਇਆ

ਹਾਂ ਕਿ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੀਆਂ ਯਾਦਗਾਰਾਂ ਨੂੰ ਸੰਭਾਲਣ ਦਾ ਸਾਡਾ ਫਰਜ਼ ਬਣਦਾ ਹੈ। ਜੇਕਰ ਪੁਰਾਣੀਆਂ ਸਰਕਾਰਾਂ ਨੇ ਕੋਈ ਗਲਤੀ ਕੀਤੀ ਹੈ, ਤਾਂ ਉਨ੍ਹਾਂ ਗਲਤੀਆਂ ਨੂੰ ਦੁਬਾਰਾ ਨਾ ਦੁਹਰਾਈਏ। ਡਿਪਾਰਟਮੈਂਟ ਵੱਲੋਂ ਜਿਹੜੀ ਵੀ ਮੰਗ ਭੇਜੀ ਜਾਵੇਗੀ, ਚਾਹੇ 02 ਕਰੋੜ ਹੈ, ਚਾਹੇ 03 ਕਰੋੜ ਹੈ, ਮੈਂ ਇਸ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਹ ਪੈਸੇ ਜਾਰੀ ਕਰ ਦਿੱਤੇ ਜਾਣਗੇ, ਕਿਉਂਕਿ ਉਹ ਯਾਦਗਾਰਾਂ ਸੰਭਾਲਣਾ ਸਾਡਾ ਫਰਜ਼ ਬਣਦਾ ਹੈ (ਥੰਪਿੰਗ) ਇਹ ਜ਼ਿੰਮੇਵਾਰੀ ਅਸੀਂ ਬਾਖ਼ੂਬੀ ਨਿਭਾਵਾਂਗੇ।

**1050/Gurpreet kaur/BS khokhar**

**1055/Rajneet Kaur**

**ਮਾਣਯੋਗ ਸਪੀਕਰ** : ਠੀਕ ਹੈ ਜੀ। ਹਾਂ ਜੀ, ਗੁਰਦਿੱਤ ਸਿੰਘ ਸੇਖੋਂ ਜੀ ਤੁਸੀਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰ ਦਿਓ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਬਹੁਤ ਬਹੁਤ ਧੰਨਵਾਦ ਜੀ। ਵਿੱਤ ਮੰਤਰੀ ਜੀ ਦਾ ਵੀ ਬਹੁਤ ਬਹੁਤ ਧੰਨਵਾਦ ਕਿਉਂਕਿ ਅਸੀਂ ਸਾਡੇ ਸ਼ਹੀਦਾਂ ਦੇ ਸਿਰ ਤੇ ਹੀ ਖੜ੍ਹ ਕੇ ਅੱਜ ਅਸੀਂ ਇੱਥੇ ਬੋਲ ਰਹੇ ਹਾਂ। ਉਦੋਂ ਤਾਂ ਬੋਲਣ ਦੀ ਆਜ਼ਾਦੀ ਹੀ ਨਹੀਂ ਸੀ, ਉਹ ਤਾਂ ਡਾਂਗ ਨਾਲ ਗੱਲ ਕਰਦੇ ਸੀ। ਐਸੇ ਰਾਜੇ ਸੀ ਜਿਨ੍ਹਾਂ ਨੇ ਦੇਸ਼ ਦਾ ਤਿਰੰਗਾ ਵੀ ਨਹੀਂ ਲੱਗਣ ਦਿੱਤਾ ਸੀ। ਉੱਥੇ ਨਿੰਮ ਤੇ ਝੰਡਾ ਲਗਾਇਆ ਗਿਆ ਸੀ ਕਿਉਂਕਿ ਰਾਜਿਆਂ ਦਾ ਰਾਜ ਸੀ, ਰਾਜੇ ਜ਼ੁਲਮ ਕਰਦੇ ਸਨ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਝੰਡਾ ਨਹੀਂ ਲਗਾਉਣ ਦਿੱਤਾ ਸੀ। ਬਹੁਤ ਬਹੁਤ ਧੰਨਵਾਦ।

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ** : ਗੌਰਮਿੰਟ ਕਾਲਜ ਰੋਪੜ ਦੇ ਵਿਦਿਆਰਥੀ ਵੀ ਅੱਜ ਸੈਸ਼ਨ ਦੇਖਣ ਆਏ ਹਨ। ਆਓ ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

------

## STARRED QUESTIONS AND ANSWERS (RESUMPTION)

### ਹਲਕਾ ਦਸੂਹਾ ਅਤੇ ਪੂਰੇ ਪੰਜਾਬ ਵਿੱਚੋਂ ਨਿਕਲਦੀਆਂ ਬਿਜਲੀ ਦੀਆਂ ਤਾਰਾਂ ਨੂੰ ਸਹੀ ਦਿਸ਼ਾ ਤੇ ਲਗਾਉਣਾ

***1694. ਸਰਦਾਰ ਕਰਮਬੀਰ ਸਿੰਘ**: ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਅਤੇ ਪੂਰੇ ਪੰਜਾਬ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਬਿਜਲੀ ਦੀਆਂ ਤਾਰਾ ਘਰਾਂ ਦੇ ਕੋਲੋਂ, ਘਰਾਂ ਦੇ ਅੰਦਰੋਂ ਅਤੇ ਘਰਾਂ ਦੇ ਉੱਪਰੋਂ ਲੰਘਦੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇਹਨਾਂ ਤਾਰਾਂ ਨੂੰ ਸਹੀ ਦਿਸ਼ਾ ਤੇ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ਼੍ਰੀ ਸੰਜੀਵ ਅਰੋੜਾ:** ਹਲਕਾ ਦਸੂਹਾ ਅਤੇ ਪੂਰੇ ਪੰਜਾਬ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਵਲੋਂ ਹਾਈ ਵੋਲਟੇਜ਼ 11 ਕੇ.ਵੀ. ਅਤੇ 66 ਕੇ.ਵੀ.ਤਾਰਾਂ ਦੇ ਨੇੜੇ ਅਤੇ ਹੇਠਾਂ ਅਣਅਧਿਕਾਰਤ ਤਰੀਕੇ ਨਾਲ ਘਰ ਉਸਾਰੇ ਗਏ ਹਨ।

11 ਕੇ.ਵੀ. ਅਤੇ ਐਲ.ਟੀ. ਲਾਈਨਾਂ ਦੀ ਉਸਾਰੀ ਅਤੇ ਇਹਨਾਂ ਵਿੱਚ ਕੋਈ ਵੀ ਬਦਲਾਅ ਕੇਂਦਰੀ ਬਿਜਲੀ ਅਥਾਰਟੀ (ਸੀ.ਈ.ਏ.) ਦੀ ਰੈਗੂਲੇਸ਼ਨ 63 (ਸੁਰੱਖਿਆ ਅਤੇ ਬਿਜਲੀ ਸਪਲਾਈ ਨਾਲ ਸਬੰਧਤ ਉਪਾਅ) 2010 (ਨੋਟੀਫਿਕੇਸ਼ਨ ਨੰ: ਸੀ.ਈ.ਆਈ. 1/2/2015 ਮਿਤੀ 13.04.2015) ਅਧੀਨ ਕਵਰ ਕੀਤੇ ਗਏ ਹਨ। ਇਸ ਤੋ ਇਲਾਵਾ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੁਆਰਾ ਨੋਟੀਫਾਈ ਕੀਤੇ ਸਪਲਾਈ ਕੋਡ-2024 ਦੀ ਰੈਗੂਲੇਸ਼ਨ 27 (2) ਤਹਿਤ ਐਚ.ਟੀ. ਲਾਈਨਾਂ ਦੀ ਸ਼ਿਫਟਿੰਗ, ਘਰਾਂ ਵਿੱਚ ਲੱਗੇ ਟਰਾਂਸਫਾਰਮਰ ਦੀ ਸ਼ਿਫਟਿੰਗ ਜਾਂ ਹਟਾਉਣ ਦਾ ਕੰਮ ਖਪਤਕਾਰਾਂ/ਅਰਜ਼ੀਕਰਤਾ ਦੀ ਬੇਨਤੀ ਤੇ ਕੀਤਾ ਜਾਂਦਾ ਹੈ ਅਤੇ ਸ਼ਿਫਟਿੰਗ ਅਤੇ ਸ਼ਿਫਟਿੰਗ ਹੋਣ ਵਾਲਾ ਅਸਲ ਖਰਚਾ ਅਰਜ਼ੀਕਰਤਾ ਦੁਆਰਾ ਜ਼ਮ੍ਹਾਂ ਕਰਵਾਉਣਾ ਹੁੰਦਾ ਹੈ। ਇਸ ਲਈ ਪੀ.ਐਸ.ਪੀ.ਸੀ.ਐਲ. ਆਪਣੇ ਖਰਚ ਤੇ ਇਹਨਾਂ ਲਾਈਨਾਂ ਦੀ ਸ਼ਿਫਟਿੰਗ ਨਹੀਂ ਕਰ ਸਕਦਾ। ਰਕਮ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਹੀ ਲਾਈਨਾਂ ਦੀ ਸਿਫਟਿੰਗ ਦਾ ਕੰਮ ਕੀਤਾ ਜਾ ਸਕਦਾ ਹੈ।

**ਸਰਦਾਰ ਕਰਮਬੀਰ ਸਿੰਘ** : ਇੱਕ ਤਾਂ ਇਹ ਇਕੱਲਾ ਦਸੂਹੇ ਦਾ ਮਸਲਾ ਨਹੀਂ ਹੈ, ਇਹ ਪੂਰੇ ਪੰਜਾਬ ਦਾ ਮਸਲਾ ਹੈ। ਕਈ ਘਰ ਤਾਰਾਂ ਥੱਲੇ ਬਣ ਗਏ ਜਾਂ ਘਰਾਂ ਦੇ ਕੋਲੋਂ ਦੀ ਤਾਰਾਂ ਲੰਘਦੀਆਂ ਹਨ। ਜਦੋਂ ਵੀ ਕੋਈ ਬੰਦਾ ਬਿਜਲੀ ਦਫਤਰ ਦੇ ਵਿੱਚ ਜਾਂਦਾ ਹੈ ਤਾਂ ਇਨ੍ਹਾਂ ਦਾ ਐਸਟੀਮੇਟ ਇੰਨਾ ਕੁ ਬਣ ਜਾਂਦਾ ਹੈ ਕਿ ਉਹ ਖਰਚਾ ਕਰਨ ਦੇ ਬੰਦਾ ਜਾਂ ਲੋੜਵੰਦ ਪਰਿਵਾਰ ਸਮਰੱਥ ਨਹੀਂ ਹੁੰਦਾ। ਸੋ, ਆਪਣੀ ਸਰਕਾਰ ਨੇ, ਮੋਟਰਾਂ ਦੀ, ਘਰਾਂ ਦੀ ਬਿਜਲੀ ਮੁਆਫ ਕੀਤੀ ਹੈ। ਬਿਜਲੀ ਸਸਤੀ ਵੀ ਕੀਤੀ ਹੈ, ਅਸੀਂ ਉਸ ਦੇ ਲਈ ਧੰਨਵਾਦ ਕਰਦੇ ਹਾਂ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਪਣੇ ਕੋਲ ਕੋਈ ਅਜਿਹਾ ਪ੍ਰੋਵੀਜ਼ਨ ਹੈ ਕਿ ਆਪਾਂ ਉਨ੍ਹਾਂ ਪਰਿਵਾਰਾਂ ਦੀ ਕੁਝ ਨਾ ਕੁਝ ਮਦਦ ਕਰ ਦੇਈਏ ਕਿ ਉਨ੍ਹਾਂ ਦੀਆਂ ਤਾਰਾਂ ਘਰਾਂ ਤੋਂ ਬਾਹਰ ਨਿਕਲ ਜਾਣ। ਕੁਝ ਪੈਸੇ ਉਹ ਦੇ ਦੇਣ ਅਤੇ ਕੁਝ ਪੈਸੇ ਸਰਕਾਰ ਵੱਲੋਂ ਦਿੱਤੇ ਜਾਣ ਤਾਂ ਜੋ ਉਨ੍ਹਾਂ ਪਰਿਵਾਰਾਂ ਦੀ ਮਦਦ ਹੋ ਸਕੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਇਹ ਮੁੱਦਾ ਬੜਾ ਹੀ ਮਹੱਤਵਪੂਰਨ ਹੈ ਕਿਉਂਕਿ ਉਨ੍ਹਾਂ ਤਾਰਾਂ ਦੇ ਥੱਲੇ ਗਰੀਬ ਲੋਕਾਂ ਦੇ ਘਰ ਹਨ। ਜੇਕਰ ਇਸ ਬਾਰੇ ਕੋਈ ਸਕੀਮ ਹੈ ਤਾਂ ਦੱਸੋ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਇਸ ਬਾਰੇ ਹਾਲੇ ਕੋਈ ਸਕੀਮ ਨਹੀਂ ਹੈ। ਅਸੀਂ ਇਸ ਉੱਤੇ ਡਿਸਕਸ਼ਨ ਬਹੁਤ ਕੀਤੀ ਹੈ। ਇੱਕ ਗੱਲ ਤਾਂ ਪੱਕੀ ਹੈ ਅਤੇ ਇਹ ਗੱਲ ਵੇਖਣ ਵਾਲੀ ਹੈ ਕਿ ਪਹਿਲਾਂ ਤਾਰਾਂ ਹਨ ਜਾਂ ਪਹਿਲਾਂ ਘਰ ਹਨ। ਬਿਜਲੀ ਬੋਰਡ ਕਦੇ ਵੀ ਘਰਾਂ ਦੇ ਉੱਪਰ ਦੀ ਤਾਰਾਂ ਨਹੀਂ ਕੱਢਦਾ। ਇਹ ਪੁਰਾਣੀਆਂ ਤਾਰਾਂ ਪਈਆਂ ਹੋਈਆਂ ਹਨ ਅਤੇ ਥੱਲੇ ਘਰ ਬਣ ਗਏ। ਇਹ ਕੋਈ 30-30, 40-40 ਸਾਲ ਪੁਰਾਣੀਆਂ ਪ੍ਰਾਬਲਮਜ਼ ਹਨ। ਜਦੋਂ ਮੈਂ ਅੱਜ ਵੀ ਸਵੇਰੇ ਇੱਥੇ ਆ ਰਿਹਾ ਸੀ ਅਤੇ ਜਵਾਬ ਦੀ ਤਿਆਰੀ ਕਰ ਰਿਹਾ ਸੀ ਤਾਂ ਚੇਅਰਮੈਨ ਸਾਹਿਬ ਨਾਲ ਇਸ ਬਾਰੇ ਗੱਲ ਕੀਤੀ, ਉਹ ਇੱਥੇ ਬੈਠੇ ਵੀ ਹਨ ਅਤੇ ਸੈਕਟਰੀ ਸਾਹਿਬ ਵੀ ਬੈਠੇ ਹਨ। ਅਸੀਂ ਇਹ ਗੱਲ ਕੀਤੀ ਕਿ ਇਸ ਉੱਤੇ ਕੋਈ ਸਕੀਮ ਜਲਦੀ ਬਣਾਈਏ। ਅਸੀਂ ਰੈਗੂਲੇਟਰੀ ਕਮਿਸ਼ਨ ਕੋਲ ਇਸ ਦੀ ਅਰਜ਼ੀ ਪਾ ਦੇਵਾਂਗੇ। ਅਸੀਂ ਇਸ ਦੇ ਲਈ ਕੋਈ ਨਾ

ਕੋਈ ਸਕੀਮ ਜਲਦੀ ਹੀ ਲੈ ਕੇ ਆਵਾਂਗੇ। ਜਿੱਥੇ ਕੋਈ ਬੰਦਾ afford ਨਹੀਂ ਕਰ ਸਕਦਾ, ਉਸ ਦੀਆਂ ਤਾਰਾਂ ਬਿਜਲੀ ਬੋਰਡ ਆਪਣੇ ਖਰਚੇ ਤੇ ਜਾਂ ਸਾਂਝੇ ਖਰਚੇ ਤੇ ਕੱਢ ਸਕੇ। (ਥੰਪਿੰਗ)

**ਸਰਦਾਰ ਕਰਮਬੀਰ ਸਿੰਘ** : ਥੈਂਕ ਯੂ, ਮੰਤਰੀ ਸਾਹਿਬ ਜਿਹੜਾ ਤੁਸੀਂ ਇਸ ਤੇ ਵਿਚਾਰ ਕਰਨ ਦਾ ਸਾਨੂੰ ਭਰੋਸਾ ਦਿੱਤਾ ਹੈ।

(ਇਸ ਸਮੇਂ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਆਨ ਨਾ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਮੈਂਬਰ ਸਾਹਿਬ, ਜਿਹੜਾ ਕੋਈ ਤੁਸੀਂ ਸੁਝਾਅ ਦੇਣਾ ਹੈ, ਮਿਲ ਕੇ ਦੇ ਦੇਣਾ। ਬਾਕੀ ਮਾਣਯੋਗ ਮੈਂਬਰਾਂ ਦੇ ਸਵਾਲ ਰਹਿ ਜਾਣਗੇ। (ਵਿਘਨ) ਤੁਸੀਂ ਕੁਐਸ਼ਚਨ ਆਵਰ ਚੱਲਣ ਦਿਓ। ਤੁਸੀਂ ਬੈਠੋ।

--------

**ਗਰਾਮ ਪੰਚਾਇਤਾਂ ਵਿੱਚ ਸਰਪੰਚ ਹੋਣ ਦੇ ਬਾਵਜੂਦ ਪ੍ਰਸ਼ਾਸ਼ਕ ਨਿਯੁਕਤ ਕਰਨਾ**

***1804. ਸ਼੍ਰੀਮਤੀ ਅਰੁਨਾ ਚੌਧਰੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਵਿੱਚ ਜ਼ਿਲ੍ਹਾਵਾਰ ਅਜਿਹੀਆਂ ਗਰਾਮ ਪੰਚਾਇਤਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਜਿੱਥੇ ਸਰਕਾਰ ਵਲੋਂ ਚੁਣੇ ਗਏ ਸਰਪੰਚ ਹੋਣ ਦੇ ਬਾਵਜੂਦ ਪ੍ਰਸਾਸ਼ਕ ਨਿਯੁਕਤ ਕੀਤੇ ਗਏ ਹਨ;

ਅ) ਕਿਹੜੇ ਉਪਬੰਧਾਂ ਅਧੀਨ ਉਪਰੋਕਤ ਪ੍ਰਸ਼ਾਸਕ ਨਿਯੁਕਤ ਕੀਤੇ ਗਏ ਹਨ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਤੀ ਜੀ,

ੳ) ਪੰਜਾਬ ਰਾਜ ਦੇ 23 ਜ਼ਿਲ੍ਹਿਆਂ ਵਿੱਚੋਂ 9 ਜ਼ਿਲ੍ਹਿਆਂ ਦੀਆਂ 180 ਪੰਚਾਇਤਾਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗਰਾਮ ਪੰਚਾਇਤਾਂ ਵਿੱਚ ਪ੍ਰਸ਼ਾਸ਼ਕ ਨਿਯੁਕਤ ਕੀਤੇ ਗਏ ਹਨ। ਜ਼ਿਲ੍ਹਾਵਾਰ ਪੰਚਾਇਤਾਂ ਦਾ ਵੇਰਵਾ ਅਨੁਲੱਗ "ੳ" ਤੇ ਹੈ।

ਅ) ਜਦੋਂ ਕੋਈ ਗਰਾਮ ਪੰਚਾਇਤ ਆਪਣੀਆਂ ਡਿਊਟੀਆਂ(ਸਿਵਾਏ ਨਿਆਇਕ ਡਿਊਟੀ) ਨਿਭਾਉਣ ਵਿੱਚ ਅਸਮਰੱਥ ਹੋਵੇ ਤਾਂ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 200(1) ਅਧੀਨ ਗਰਾਮ ਪੰਚਾਇਤਾਂ ਦਾ ਕੰਮ-ਕਾਜ ਚਲਾਉਣ ਲਈ ਪ੍ਰਬੰਧਕ ਨਿਯੁਕਤ ਕਰਨ ਦਾ ਉਪਬੰਧ ਹੈ ਅਤੇ ਪ੍ਰਬੰਧਕ ਲਗਾਉਣ ਲਈ ਸਮੂਹਿਕ ਖੇਤਰੀ ਅਧਿਕਾਰੀਆਂ ਨੂੰ ਪੱਤਰ ਮਿਤੀ 07.11.2012 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਵਲੋਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੰਚਾਇਤਾਂ ਵਿੱਚ ਪ੍ਰਬੰਧਕ ਨਿਯੁਕਤ ਲਗਾਏ ਜਾਂਦੇ ਹਨ।

| ਲੜੀ ਨੰ | ਜਿਲ੍ਹੇ ਦਾ ਨਾਮ | ਬਲਾਕ ਦਾ ਨਾਮ | ਗਰਾਮ ਪੰਚਾਇਤ ਦਾ ਨਾਮ |
|---|---|---|---|
| 1 | ਅੰਮ੍ਰਿਤਸਰ | ਅਜਨਾਲਾ | ਦਾਲਮ |
| | | ਚੋਗਾਵਾਂ | ਵਰਿਆ |
| | | ਚੋਗਾਵਾਂ | ਸੈਦਪੁਰ |
| | | ਚੋਗਾਵਾਂ | ਭਿੰਡੀ ਸੈਂਦਾ |
| | | ਹਰਸਾ ਸ਼ੀਨਾ | ਢੰਡਾਲ |
| | | ਜੰਡਿਆਲਾ ਗੁਰੂ | ਮਿਹੋਕਾ |
| | | ਮਜੀਠਾ-2 | ਜੱਬੋਵਾਲ |
| | | ਮਜੀਠਾ | ਰੂਪੋਵਾਲੀ |
| | | ਮਜੀਠਾ | ਕੈਰੋਨੰਗਲ |
| | | ਰਮਦਾਸ | ਕੋਟਲੀ ਜਮੀਤ ਸਿੰਘ |
| | | ਰਮਦਾਸ | ਸੁਧਾਰ |
| 2 | ਬਰਨਾਲਾ | ਮਹਿਲਕਲਾਂ | ਚੁਹਾਨਕੇ ਕਲਾਂ |
| | | ਮਹਿਲਕਲਾਂ | ਕਲਾਲ ਮਾਜਰਾ |
| | | ਮਹਿਲਕਲਾਂ | ਬਾਹਮਣੀਆਂ |
| | | ਮਹਿਲਕਲਾਂ | ਚੀਮਾ |
| | | ਸ਼ਹਿਣਾ | ਕੋਟਦੁੰਨਾ |
| | | ਸ਼ਹਿਣਾ | ਕਾਹਨਕੇ |
| 3 | ਬਠਿੰਡਾ | ਤਲਵੰਡੀ ਸਾਬੋ | ਜਗ੍ਹਾ ਰਾਮ ਤੀਰਥ |
| | | ਮੌੜ | ਭਾਈ ਬਖਤੌਰ |
| 4 | ਫਰੀਦਕੋਟ | ਫਰੀਦਕੋਟ | ਪੱਖੀ ਕਲਾਂ |
| | | ਫਰੀਦਕੋਟ | ਘੁਮਿਆਰਾ |
| | | ਕੋਟਕਪੂਰਾ | ਜਲਾਲੇਆਣਾ |
| | | ਜੈਤੋ | ਰਾਮੇਆਣਾ |
| 5 | ਫਤਿਹਗੜ੍ਹ ਸਾਹਿਬ | ਅਮਲੋਹ | ਖੁੰਮਣਾ |
| | | | ਭਾਂਬਰੀ |
| | | | ਲੱਲੋ ਖੁਰਦ |
| | | | ਰਾਏਪੁਰ ਅਰਾਈਆਂ |
| | | | ਪੱਦਲਖ਼ੂਹਾ |

| | | | |
|---|---|---|---|
| | | | ਪਹੇੜੀ |
| | | ਬਸੀ ਪਠਾਣਾ | ਕਲੌਂਦੀ |
| | | | ਰਸੂਲਪੁਰ |
| | | ਸਰਹਿੰਦ | ਪੰਜੋਲੀ ਖੁਰਦ |
| | | | ਵਜੀਰਾਬਾਦ |
| | | ਖੇੜਾ | ਬਡਾਲੀ ਮਾਈ ਕੀ |
| | | | ਲੋਹਾ ਖੇੜੀ |
| | | | ਰੰਧਾਵਾ |
| 6 | ਫਾਜਿਲਕਾ | ਜਲਾਲਾਬਾਦ | ਬਸਤੀ ਕੋਰਾ ਵਾਲੀ |
| | | | ਸ਼ਹੀਦ ਊਧਮ ਸਿੰਘ ਨਗਰ |
| | | | ਬਸਤੀ ਬੱਲੂਆਣਾ |
| | | | ਢਾਬ ਖੁਸ਼ਹਾਲ ਜੋਈਆਂ ਨੰ: 2 |
| | | ਫਾਜਿਲਕਾ | ਮੁਹਾਰ ਖੀਵਾ ਭੁਵਾਨੀ |
| 7 | ਫਿਰੋਜਪੁਰ | ਘੱਲ ਖੁਰਦ | ਘੱਲ ਖੁਰਦ |
| | | ਘੱਲ ਖੁਰਦ | ਕੈਲਾਸ਼ |
| | | ਘੱਲ ਖੁਰਦ | ਚੰਗਾਲੀ ਜਦੀਦ |
| | | ਘੱਲ ਖੁਰਦ | ਬਸਤੀ ਖਜੂਰਾਂ ਵਾਲੀ |
| | | ਘੱਲ ਖੁਰਦ | ਹਰਾਜ |
| | | ਘੱਲ ਖੁਰਦ | ਮੋਹਕਮ ਖਾਂ ਵਾਲਾ |
| | | ਘੱਲ ਖੁਰਦ | ਮੋਹਕਮ ਵਾਲਾ |
| | | ਘੱਲ ਖੁਰਦ | ਚੰਗਾਲੀ ਕਦੀਮ |
| | | ਘੱਲ ਖੁਰਦ | ਕਾਸੂ ਬੇਗੂ |
| | | ਗੁਰੂ ਹਰ ਸਹਾਏ | ਪੀਰ ਬਖਸ਼ ਚੌਹਾਨ |
| | | ਗੁਰੂ ਹਰ ਸਹਾਏ | ਕੁਤਬਗੜ੍ਹ ਭਾਟਾ |
| | | ਗੁਰੂ ਹਰ ਸਹਾਏ | ਸ਼ਹੀਦ ਉੱਧਮ ਸਿੰਘ ਨਗਰ |
| | | ਗੁਰੂ ਹਰ ਸਹਾਏ | ਢਾਣੀ ਬਾਬਾ ਵੱਲੂ ਸਿੰਘ |
| | | ਗੁਰੂ ਹਰ ਸਹਾਏ | ਢਾਣੀ ਗੁਰਮੁੱਖ ਸਿੰਘ |

| | | | |
|---|---|---|---|
| | | ਗੁਰੂ ਹਰ ਸਹਾਏ | ਬਸਤੀ ਜੁਆਏ ਸਿੰਘ ਵਾਲੀ |
| | | ਮੱਖੂ | ਲਹਿਰਾ ਬੇਟ |
| | | ਮੱਖੂ | ਅੰਮੀ ਵਾਲਾ |
| | | ਮੱਖੂ | ਸ਼ੀਹਾਪਾੜੀ |
| | | ਮਮਦੋਟ | ਚੱਕ ਮੇਘਾ ਵੀਰਾਨ |
| | | ਮਮਦੋਟ | ਕਾਕੜ |
| | | ਮਮਦੋਟ | ਤੁਰਿੰਡਾ |
| | | ਮਮਦੋਟ | ਲਖਮੀਰ ਕੇ ਉਤਾੜ |
| | | ਜੀਰਾ | ਲੋਹਕੇ ਖੁਰਦ |
| | | ਜੀਰਾ | ਝੀਤੇ |
| | | ਜੀਰਾ | ਬਸਤੀ ਤਾਰਾ ਸਿੰਘ |
| | | ਜੀਰਾ | ਗੋਗੋਆਣੀ |
| | | ਜੀਰਾ | ਰਾਮਗੜ੍ਹ |
| | | ਜੀਰਾ | ਜੋਈਆ ਵਾਲਾ |
| | | ਜੀਰਾ | ਸੋਢੀਵਾਲਾ |
| | | ਫਿਰੋਜਪੁਰ | ਕਾਲੇ ਕੇ ਹਿਠਾੜ |
| | | ਫਿਰੋਜਪੁਰ | ਨਿਹਾਲਾ ਲਵੇਰਾ |
| | | ਫਿਰੋਜਪੁਰ | ਕੋਤਵਾਲ |
| 8 | ਗੁਰਦਾਸਪੁਰ | ਕਲਾਨੌਰ | ਸੁਚਾਨੀਆ |
| | | ਧਾਰੀਵਾਲ | ਆਲੋਵਾਲ |
| | | ਧਾਰੀਵਾਲ | ਪਸਨਾਵਾਲ |
| | | ਕਾਹਨੂੰਵਾਨ | ਹੰਬੋਵਾਲ |
| | | ਕਾਹਨੂੰਵਾਨ | ਕਾਲਾ ਬਾਲਾ |
| | | ਕਾਹਨੂੰਵਾਨ | ਕੂੰਟ |
| | | ਕਾਹਨੂੰਵਾਨ | ਛਿਛਰਾ |
| | | ਗੁਰਦਾਸਪੁਰ | ਵਰਸੋਲਾ |
| | | ਦੀਨਾਨਗਰ | ਮੱਦੋਵਾਲ |
| | | ਦੀਨਾਨਗਰ | ਰਾਮਨਗਰ |
| | | ਦੀਨਾਨਗਰ | ਆਹਲੂਵਾਲ |

| | | | |
|---|---|---|---|
| | | ਦੀਨਾਨਗਰ | ਮੇਘੀਆ |
| | | ਦੋਰਾਗਲਾਂ | ਦਬੂੜੀ |
| | | ਦੋਰਾਗਲਾਂ | ਭਰਥ ਕਾਜ਼ੀ ਚੱਕ |
| | | ਦੋਰਾਗਲਾ | ਸੁਲਤਾਨੀ |
| | | ਬਟਾਲਾ | ਕਲੇਰ ਖੁਰਦ |
| | | ਬਟਾਲਾ | ਠੀਕਰੀਵਾਲ |
| | | ਬਟਾਲਾ | ਮਨੋਹਰਪੁਰ |
| | | ਸ੍ਰੀ ਹਰਗੋਬਿੰਦਪੁਰ ਸਾਹਿਬ | ਛਕਾਲਾ |
| | | ਸ੍ਰੀ ਹਰਗੋਬਿੰਦਪੁਰ ਸਾਹਿਬ | ਕੋੜੇ |
| | | ਸ੍ਰੀ ਹਰਗੋਬਿੰਦਪੁਰ ਸਾਹਿਬ | ਪੱਤੀ ਡੋਗਰ |
| | | ਕਾਦੀਆ | ਪੱਤੀ ਜਾਲੀਆ |
| | | ਕਾਦੀਆ | ਅਦੋਵਾਲੀ |
| | | ਫਤਿਹਗੜ੍ਹ ਚੂੜੀਆ | ਛਿੱਤ |
| | | ਫਤਿਹਗੜ੍ਹ ਚੂੜੀਆ | ਈਸਾ ਨਗਰ |
| | | ਫਤਿਹਗੜ੍ਹ ਚੂੜੀਆ | ਤਲਵੰਡੀ ਬਖਤਾਂ |
| 9 | ਹੁਸ਼ਿਆਰਪੁਰ | ਹੁਸ਼ਿਆਰਪੁਰ-1 | ਅਜੜਾਮ |
| | | ਹੁਸ਼ਿਆਰਪੁਰ-1 | ਫਤਿਹਗੜ੍ਹਨਿਆੜਾ |
| | | ਭੂੰਗਾ | ਚੁਟਾਲਾ |
| | | ਭੂੰਗਾ | ਫਾਬੜਾ |
| | | ਭੂੰਗਾ | ਜੌਹਲ |
| | | ਮਾਹਿਲਪੁਰ | ਅਲਾਵਲਪੁਰ |
| | | ਗੜ੍ਹਸ਼ੰਕਰ | ਕੁਨੈਲ |
| | | ਗੜ੍ਹਸ਼ੰਕਰ | ਭੰਮੀਆਂ |
| | | ਟਾਂਡਾ | ਬਾਬਕ |
| | | ਟਾਂਡਾ | ਮਾਨਪੁਰ |
| | | ਟਾਂਡਾ | ਬਲੜ੍ਹਾ |
| | | ਟਾਂਡਾ | ਮਿਆਣੀ |
| | | ਦਸੂਹਾ | ਕੱਤੋਵਾਲ |
| | | ਦਸੂਹਾ | ਲਮੀਣ |

| | | | |
|---|---|---|---|
| | | ਮੁਕੇਰੀਆਂ | ਹੁਸ਼ਿਆਰਪੁਰਕਲੋਤਾ |
| 10 | ਜਲੰਧਰ | 0 | 0 |
| 11 | ਕਪੂਰਥਲਾ | ਕਪੂਰਥਲਾ | ਫਿਆਲੀ |
| | | ਕਪੂਰਥਲਾ | ਬਡਿਆਲ |
| | | ਕਪੂਰਥਲਾ | ਗੋਪੀਪੁਰ |
| | | ਕਪੂਰਥਲਾ | ਮੰਗਾਂਰੋਡਾਂ |
| | | ਢਿੱਲਵਾਂ | ਅਕਬਰਪੁਰ |
| | | ਢਿੱਲਵਾਂ | ਬਾਗੂਵਾਲ |
| | | ਢਿੱਲਵਾਂ | ਰੱਤੜਾ |
| | | ਢਿੱਲਵਾਂ | ਬੂਟ |
| | | ਨਡਾਲਾ | ਬਜਾਜ |
| | | ਸੁਲਤਾਨਪੁਰ ਲੋਧੀ | ਸ਼ਾਹਦੁੱਲਾਪੁਰ |
| 12 | ਲੁਧਿਆਣਾ | ਡੇਹਲੋ | ਜਸਪਾਲ ਬਾਂਗਰ |
| | | ਡੇਹਲੋ | ਕਿਲ੍ਹਾ ਰਾਏਪੁਰ |
| | | ਲੁਧਿਆਣਾ-1 | ਦੋਲੋਂ ਖੁਰਦ |
| | | ਲੁਧਿਆਣਾ-1 | ਬੀਲ੍ਹਾ |
| | | ਲੁਧਿਆਣਾ-1 | ਚਾਹੜ |
| 13 | ਮਲੇਰਕੋਟਲਾ | ਅਹਿਮਦਗੜ੍ਹ | ਨੱਥੂਮਾਜਰਾ |
| 14 | ਮਾਨਸਾ | 0 | 0 |
| 15 | ਮੋਗਾ | ਨਿਹਾਲ ਸਿੰਘ ਵਾਲਾ | ਬਿਲਾਸਪੁਰ |
| | | ਬਾਘਾਪੁਰਾਣਾ | ਢਿੱਲਵਾਂ ਵਾਲਾ |
| | | ਬਾਘਾਪੁਰਾਣਾ | ਚੰਨੂਵਾਲਾ |
| | | ਬਾਘਾਪੁਰਾਣਾ | ਹਰੀਏਵਾਲਾ |
| 16 | ਪਠਾਨਕੋਟ | ਘਰੋਟਾ | ਨਾਜੋਚੱਕ |
| | | ਘਰੋਟਾ | ਸ਼ੇਰਪੁਰ ਗਿੱਦੜਪੁਰ |
| | | ਘਰੋਟਾ | ਪਠਾਨਚੱਕ |
| | | ਘਰੋਟਾ | ਨਾਲਾ |
| | | ਨਰੋਟ ਜੈਮਲ ਸਿੰਘ | ਫਰਵਾਲ |
| | | ਨਰੋਟ ਜੈਮਲ ਸਿੰਘ | ਮਿਆਨੀ ਅਬਾਦੀ |

| | | | |
|---|---|---|---|
| | | ਨਰੋਟ ਜੈਮਲ ਸਿੰਘ | ਬਕਨੋਰ |
| | | ਨਰੋਟ ਜੈਮਲ ਸਿੰਘ | ਮਾਜਰਾ |
| | | ਨਰੋਟ ਜੈਮਲ ਸਿੰਘ | ਮੰਜੀਰੀ ਜੱਟਾਂ |
| | | ਨਰੋਟ ਜੈਮਲ ਸਿੰਘ | ਖੁਸ਼ੀਨਗਰ |
| | | ਨਰੋਟ ਜੈਮਲ ਸਿੰਘ | ਖਿਆਲਾ |
| | | ਨਰੋਟ ਜੈਮਲ ਸਿੰਘ | ਮੱਲਪੁਰ |
| | | ਨਰੋਟ ਜੈਮਲ ਸਿੰਘ | ਜਸਵਾਂ |
| 17 | ਪਟਿਆਲਾ | ਪਟਿਆਲਾ ਦਿਹਾਤੀ | ਮੰਡੌੜ |
| | | ਪਟਿਆਲਾ ਦਿਹਾਤੀ | ਸਿੰਬੜੋ |
| | | ਪਟਿਆਲਾ ਦਿਹਾਤੀ | ਰਣਜੀਤ ਨਗਰ |
| | | ਪਟਿਆਲਾ ਦਿਹਾਤੀ | ਲੰਗ |
| | | ਰਾਜਪੁਰਾ | ਦੇਵੀਨਗਰ (ਰ) |
| | | ਰਾਜਪੁਰਾ | ਉਗਾਣੀ |
| | | ਘਨੌਰ | ਕੁੱਥਾ ਖੇੜੀ |
| | | ਸਮਾਣਾ | ਬਠੋਈ ਖੁਰਦ |
| | | ਪਟਿਆਲਾ | ਗੱਜੂ ਮਾਜਰਾ |
| | | ਸਨੌਰ | ਕਰਨਪੁਰ |
| | | ਨਾਭਾ | ਗੁਦਾਇਆ |
| | | ਨਾਭਾ | ਸਕੋਹਾਂ |
| 18 | ਰੂਪਨਗਰ | 0 | 0 |
| 19 | ਸੰਗਰੂਰ | ਭਵਾਨੀਗੜ੍ਹ | ਨੂਰਪਰਾ |
| 20 | ਐਸ.ਏ.ਐਸ ਨਗਰ | 0 | 0 |
| 21 | ਐਸ.ਬੀ.ਐਸ ਨਗਰ | ਨਵਾਂਸਹਿਰ | ਸੇਖੂਪੁਰ |
| | | ਨਵਾਂਸਹਿਰ | ਜਾਡਲਾ |
| | | ਬੰਗਾ | ਮੱਲੂਪੱਤਾ |
| 22 | ਸ੍ਰੀ ਮੁਕਤਸਰ ਸਾਹਿਬ | ਗਿੱਦੜਬਾਹਾ | ਹੁਸਨਰ |
| | | ਗਿੱਦੜਬਾਹਾ | ਹਰੀਕੇ ਕਲ੍ਹਾਂ |
| | | ਮਲੋਟ | ਸੋਥਾ |
| | | ਸ੍ਰੀ ਮੁਕਤਸਰ ਸਾਹਿਬ | ਸੱਕਾਂਵਾਲੀ |

| | | | | |
|---|---|---|---|---|
| 23 | ਤਰਨਤਾਰਨ | ਤਰਨਤਾਰਨ | ਗਿੱਲ ਵੜੈਚ | - |
| | | ਤਰਨਤਾਰਨ | ਜੀਓਬਾਲਾ | - |
| | | ਗੰਡੀਵਿੰਡ | ਗਹਿਰੀ | |
| | | ਗੰਡੀਵਿੰਡ | ਬੁਰਜ 195 | |
| | | ਗੰਡੀਵਿੰਡ | ਗੱਗੋਬੂਆ | |
| | | ਪੱਟੀ | ਸਰਾਲੀ ਮੰਡਾ ਖੁਰਦ | |
| | | ਪੱਟੀ | ਪ੍ਰਿੰਗੜੀ | |
| | | ਵਲਟੋਹਾ | ਲਾਖਣਾ | |
| | | ਵਲਟੋਹਾ | ਰਾਮਖਾਰਾ | |
| | | ਵਲਟੋਹਾ | ਕਲਸ | |
| | | ਵਲਟੋਹਾ | ਕਾਲੀਆਂ | |
| | | ਖਡੂਰ ਸਾਹਿਬ | ਪਿੰਡੀਆਂ | |
| | | ਖਡੂਰ ਸਾਹਿਬ | ਵੇਈ ਪੂਈ | |
| | | ਖਡੂਰ ਸਾਹਿਬ | ਦੁੱਲਚੀਪੁਰ | |
| | | ਭਿੱਖੀਵਿੰਡ | ਕਲਸੀਆਂ ਖੁਰਦ ਹਵੇਲੀਆਂ | |
| | | ਭਿੱਖੀਵਿੰਡ | ਫਰੰਦੀਪੁਰ | |
| | | ਭਿੱਖੀਵਿੰਡ | ਸੂਰਵਿੰਡ | |
| | | ਚੋਹਲਾ ਸਾਹਿਬ | ਰਾਣੀਵਲਾਹ | |
| | | ਚੋਹਲਾ ਸਾਹਿਬ | ਜੌਹਲਢਾਏਵਾਲਾ | |
| | | ਚੋਹਲਾ ਸਾਹਿਬ | ਲੁਹਾਰ | |
| | | ਚੋਹਲਾ ਸਾਹਿਬ | ਚੱਕ ਮਹਿਰ | |
| | | ਚੋਹਲਾ ਸਾਹਿਬ | ਜਾਮਾਰਾਏ | |
| | | ਚੋਹਲਾ ਸਾਹਿਬ | ਮੁਹੱਲਾ ਚੰਡੀਗੜ੍ਹ | |

**ਸ਼੍ਰੀਮਤੀ ਅਰੁਣਾ ਚੌਧਰੀ** : ਸਪੀਕਰ ਸਾਹਿਬ, 19 ਜ਼ਿਲ੍ਹਿਆਂ ਵਿੱਚ 180 ਐਡਮਿਨਸਟ੍ਰੇਟਰ ਲਗਾਏ ਗਏ ਹਨ। ਤੁਸੀਂ ਮਿਤੀ 07.11.2012 ਦੀ ਚਿੱਠੀ ਦਾ ਹਵਾਲਾ ਦਿੱਤਾ ਹੈ। ਲੇਕਿਨ ਸ਼ਾਇਦ ਮੰਤਰੀ ਜੀ, ਇਹ ਤੁਹਾਡੀ ਨਾਲੇਜ ਵਿੱਚ ਨਹੀਂ ਹੈ ਕਿ ਇਹ ਜਿਹੜੀ ਲੈਟਰ ਹੈ, ਇਹ ਓਵਰ ਰੂਲ ਹੋ ਚੁੱਕੀ ਹੈ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਪੜ੍ਹ ਕੇ ਸੁਣਾ

ਦਿੰਦੀ ਹਾਂ। ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਦੇ ਜੱਜ ਸੂਰਿਆ ਕਾਂਤ ਅਤੇ ਸਰਦਾਰ ਜਸਪਾਲ ਸਿੰਘ ਨੇ ਸਤੰਬਰ, 2015 ਨੂੰ ਫੈਸਲਾ ਦਿੱਤਾ ਹੈ। ਜੋ ਇਸ ਤਰ੍ਹਾਂ ਹੈ:-Henceforth, no Administrator of the Gram Panchayat shall be appointed and Sarpanches alongwith elected Panches shall be allowed to handle the affairs of villages in accordance with the Rules, Government instructions of the State.

ਸੋ, ਇਹ ਜਿਹੜੀ ਲੈਟਰ ਹੈ, ਹਾਈਕੋਰਟ ਦੇ ਥਰੂ ਓਵਰ ਰੂਲ ਹੋ ਚੁੱਕੀ ਹੈ। ਜਿਹੜੇ ਜਸਟਿਸ ਸੂਰਿਆ ਕਾਂਤ ਹਨ, ਉਹ ਹੁਣ ਚੀਫ ਜਸਟਿਸ ਆਫ ਇੰਡੀਆ ਹਨ। ਇਹ ਉਨ੍ਹਾਂ ਦਾ ਫੈਸਲਾ ਹੈ। ਇਹ ਚਿੱਠੀ ਤੁਹਾਡੇ ਸਪੈਸ਼ਲ ਸੈਕਟਰੀ ਨੇ ਸਾਰੇ ਪੰਜਾਬ ਵਿੱਚ ਵੀ ਸਰਕੂਲੇਟ ਕੀਤੀ ਹੈ। ਇਹ ਚਿੱਠੀ ਵੀ ਮੇਰੇ ਕੋਲ ਹੈ।

**1055/Rajneet Kaur/BS khokhar**

**1100/Kuldeep kaur**

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤੇ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਜਲੰਧਰ-ਮੁਕੇਰੀਆਂ ਹਾਈਵੇ ਤੇ ਟ੍ਰੈਫਿਕ ਸਮੱਸਿਆ ਦਾ ਹੱਲ ਕਰਨਾ

***1733 ਸ੍ਰੀ ਜੰਗੀ ਲਾਲ ਮਹਾਜਨ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਲੰਧਰ-ਮੁਕੇਰੀਆਂ ਹਾਈਵੇ ਤੇ ਖਾਸ ਕਰਕੇ ਭੋਗਪੁਰ, ਟਾਂਡਾ ਅਤੇ ਮੁਕੇਰੀਆਂ ਵਿੱਚ ਹਰ ਵੇਲੇ ਟ੍ਰੈਫਿਕ ਜਾਮ ਹੋਣ ਕਾਰਨ ਲੋਕਾਂ ਨੂੰ ਭਾਰੀ ਅਸੁਵਿਧਾ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਗੰਭੀਰ ਸਮੱਸਿਆ ਦਾ ਹੱਲ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਭਗਵੰਤ ਮਾਨ:** ਜਲੰਧਰਮੁਕੇਰੀਆ ਹਾਈਵੇਅ ਖਾਸ ਕਰਕੇ ਕਸਬਾ ਭੋਗਪੁਰ ਵਿੱਚ ਟਰੈਫਿਕ ਜਾਮ ਦੀ - ਸਮੱਸਿਆ ਨੂੰ ਨਜਿੱਠਣ ਦੇ ਲਈ ਹਰ ਵਕਤERV ਗੱਡੀਆ ਪਰ ਤਾਇਨਾਤ ਪੁਲਿਸ ਕਰਮਚਾਰੀ 24 ਘੰਟੇ ਡਿਊਟੀ ਪਰ ਤਾਇਨਾਤ ਰਹਿੰਦੇ ਹਨ ਅਤੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਥਾਣਾ ਮੁਕੇਰੀਆ ਹਾਈਵੇਅ -ਜਿਨ੍ਹਾ ਵੱਲੋਂ ਜਲੰਧਰ ਭੋਗਪੁਰ ਦੇ ਕਰਮਚਾਰੀ ਵੀ ਸਹਾਇਤਾ ਪ੍ਰਦਾਨ ਕਰਦੇ ਹਨ। ਪਰ ਟਰੈਫਿਕ ਸੁਚਾਰੂ ਢੰਗ ਨਾਲ ਚਲਾਈ ਜਾਂਦੀ ਹੈ ਅਤੇ ਜਾਮ ਵਗੈਰਾ ਨਹੀਂ ਲੱਗਣ ਦਿੱਤਾ ਜਾਂਦਾ। ਜਿਸ ਨਾਲ ਆਮ ਪਬਲਿਕ ਨੂੰ ਕਿਸੇ ਪ੍ਰਕਾਰ ਦੀ ਕੋਈ ਅਸੁਵਿਧਾ ਨਹੀਂ ਹੁੰਦੀ ਹੈ।

ਕਿਸੇ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਸਬੰਧਤ ਥਾਣਾ ਦੇ ਕਰਮਚਾਰੀ ਅਤੇ ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀ 24 ਘੰਟੇ ਆਪਣੀ ਡਿਊਟੀ ਪਰ ਤਾਇਨਾਤ ਰਹਿੰਦੇ ਹਨ। ਇਸ ਤੋਂ ਇਲਾਵਾ ਟੀ ਪੁਆਇੰਟ ਆਦਮਪੁਰ ਪਰ ਟਰੈਫਿਕ ਲਾਇਟਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿੱਥੇ ਜਲਦ ਹੀ ਟਰੈਫਿਕ ਲਾਇਟਾਂ ਲਗ ਜਾਣਗੀਆਂ। ਇਸ ਸਬੰਧੀ ਉਪ ਪੁਲਿਸ ਕਪਤਾਨ ਟਰੈਫਿਕ, ਜਲੰਧਰ ਦਿਹਾਤੀ ਨੂੰ ਜਲੰਧਰ ਮੁਕੇਰੀਆਂ ਹਾਈਵੇਅ ਖਾਸ ਕਰਕੇ ਭੋਗਪੁਰ ਵਿਖੇ ਕਿਸੇ ਵੀ ਪ੍ਰਕਾਰ ਦੀ ਟਰੈਫਿਕ ਸਮੱਸਿਆ ਨਾਲ ਨਜਿੱਠਣ ਲਈ ਖਾਸ ਤੌਰ ਤੇ ਹਦਾਇਤ ਕੀਤੀ ਗਈ ਹੈ।

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਟਾਂਡਾ ਮੇਨ ਹਾਈਵੇਅ ਅਤੇ ਮੁਕੇਰੀਆਂ ਵਿੱਚ ਕੋਈ ਵੀ ਪੱਕਾ ਜਾਮ ਨਹੀਂ ਲੱਗਦਾ ਹੈ। ਜਦੋਂ ਵੀ ਕਿਸੇ ਵੀਪੀ ਦੀ ਜ਼ਿਲਾ.ਆਈ.ਵੀ.ਪੀ ਜਾਂ ਵੀ.ਆਈ. ਹੁਸ਼ਿਆਰਪੁਰ ਵਿੱਚ ਆਮਦ ਹੁੰਦੀ ਹੈ ਤਾਂ ਕੁਝ ਸਮੇਂ ਲਈ ਰੂਟ ਡਾਈਵਰਟ ਕਰਨ ਸਮੇਂ ਟਰੈਫਿਕ ਦੀ ਇਸ ਤੋਂ ਇਲਾਵਾ । ਕੁਝ ਹੱਦ ਤੱਕ ਸਮੱਸਿਆ ਆਉਂਦੀ ਹੈਸਵੇਰੇ ਵਜੇ ਤੱਕ 9.00 ਤੋਂ ,ਵਜੇ 6.00 ਵਜੇ ਤੱਕ ਸਕੂਲਾਂ ਦੇ ਲੱਗਣ ਅਤੇ ਛੁੱਟੀ ਦਾ ਸਮਾਂ ਹੋਣ ਕਰਕੇ 4.00 ਵਜੇ ਤੋਂ 1.00 ਅਤੇ ਦੁਪਹਿਰ ਮੁਕੇਰੀਆਂ ਵਿਖੇ ਸੂਗਰ ਮਿੱਲ ਹੋਣ ਕਾਰਨ ਅਤੇ ਹੈਵੀ ਵਹੀਕਲਾਂ ਦੇ ਰੋਡ ਪਰ ਚੱਲਣ ਦੀ ਮਨਾਹੀ ਹੈ। ਗੰਨੇ ਦਾ ਸੀਜ਼ਨ ਹੋਣ ਕਰਕੇ ਅੱਜ਼ ਕੱਲ ਕੁਝ ਸਮੇਂ ਲਈ ਮੇਨ ਰੋਡ ਪਰ ਟਰੈਫਿਕ ਦੀ ਸਮੱਸਿਆ ਆਉਂਦੀ ਹੈ ਟਾਂਡਾ ਮੇਨ ਹਾਈਵੇ ਅਤੇ ਮੁਕੇਰੀਆਂ ਵਿੱਚ ਪਰ ਕਦੇ ਵੀ ਪੱਕਾ ਜਾਮ ਨਹੀਂ ਲੱਗਦਾ ਹੈ। , ਟਰੈਫਿਕ ਦੀ ਆਵਾਜਾਈ ਨੂੰ ਸਹੀ ਢੰਗ ਨਾਲ ਚਲਾਉਣ ਲਈ ਪੁਲਿਸ ਕਰਮਚਾਰੀ ਪਹਿਲਾਂ ਹੀ ਤਾਇਨਾਤ ਹਨ।

------

## ਹਲਕਾ ਜਲਾਲਾਬਾਦ ਦੇ ਵਾਟਰ ਟ੍ਰੀਟਮੈਂਟ ਦੇ ਵੇਰਵੇ

***1678. ਸ੍ਰੀ ਜਗਦੀਪ ਕੰਬੋਜ ਗੋਲਡੀ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਵਿਖੇ ਵਾਟਰ ਟਰੀਟਮੈਂਟ ਪਲਾਂਟ ਮਨਜ਼ੂਰ ਹੋਇਆ ਹੈ, ਜੇਕਰ ਮਨਜ਼ੂਰ ਹੋਇਆ ਹੈ ਤਾਂ ਇਹ ਕਦੋਂ ਤਿਆਰ ਹੋ ਕੇ ਸ਼ੁਰੂ ਹੋ ਜਾਵੇਗਾ ?

**ਸ੍ਰੀ ਸੰਜੀਵ ਅਰੋੜਾ:** ਹਾਂ ਜੀ,ਜਲਾਲਾਬਾਦ ਸ਼ਹਿਰ ਦਾ 10 ਮਿਲੀਅਨ ਲੀਟਰ ਪ੍ਰਤੀ ਦਿਨ ਵਾਟਰ ਟਰੀਟਮੈਂਟ ਪਲਾਂਟ ਅਮਰੁਤ-2.0 ਸਕੀਮ ਅਧੀਨ ਮੰਜੂਰ ਹੋਇਆ ਹੈ। ਇਸ ਦੀ ਡਿਟਲੇਡ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾ ਚੁੱਕੀ ਹੈ, ਜਿਸ ਦੀ ਪ੍ਰਵਾਨਗੀ ਅਤੇ ਫੰਡਾਂ ਦੀ ਉਪਲਬਧਤਾ ਅਨੁਸਾਰ 4 ਮਹੀਨੇ ਵਿੱਚ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

---

## ਪਿੰਡਾਂ ਦੇ ਗਰੀਬ ਦਲਿਤ ਲੋਕਾਂ ਦੇ ਘਰਾਂ ਦੀ ਮੁਰੰਮਤ ਕਰਵਾਉਣਾ

***1722. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਵਿੱਚ ਗਰੀਬ ਦਲਿਤ ਲੋਕਾਂ ਦੇ ਘਰਾਂ ਦੀ ਮੁਰੰਮਤ ਕਰਵਾਉਣ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**: ਸ਼੍ਰੀਮਾਨ ਜੀ, ਪੇਂਡੂ ਖੇਤਰਾਂ ਵਿੱਚ ਰਹਿ ਰਹੇ ਗਰੀਬ ਪਰਿਵਾਰ, ਜਿਨ੍ਹਾਂ ਦੇ ਘਰ ਕੱਚੇ ਜਾਂ ਰਹਿਣ ਯੋਗ ਨਹੀਂ ਹਨ, ਨੂੰ ਯੋਗਤਾ ਅਨੁਸਾਰ ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਅਧੀਨ ਨਵੇਂ ਮਕਾਨ ਦੀ ਉਸਾਰੀ ਲਈ 1.20 ਲੱਖ ਰੁਪਏ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਪੀ.ਐਮ.ਏ.ਵਾਈ (ਜੀ) ਸਕੀਮ ਤਹਿਤ ਕੇਂਦਰ ਸਰਕਾਰ ਵੱਲੋਂ ਕੁੱਲ ਟੀਚੇ ਦਾ ਘੱਟੋ-ਘੱਟ 60% ਹਿੱਸਾ ਦਲਿਤ ਪਰਿਵਾਰਾਂ (ਐਸ.ਸੀ) ਲਈ ਨਿਰਧਾਰਤ ਕੀਤਾ ਗਿਆ ਹੈ।

---

## ANNOUNCEMENT BY THE SECRETARY

**ਮਾਣਯੋਗ ਸਪੀਕਰ:** ਹੁਣ ਸਕੱਤਰ ਸਾਹਿਬ ਐਲਾਨ ਕਰਨਗੇ।

**ਸਕੱਤਰ:** ਸ਼੍ਰੀਮਾਨ ਜੀ, ਮੈਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 11ਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧ) ਬਿਲ, 2025
2. ਪੰਜਾਬ ਅਬਾਦੀ ਦੇਹ (ਰਿਕਾਰਡ ਆਫ ਰਾਈਟਜ਼) ਸੋਧ ਬਿਲ, 2025
3. ਪੰਜਾਬ ਭੌਂ ਮਾਲੀਆ (ਸੋਧ) ਬਿਲ, 2025

---

## ANNOUNCEMENT BY THE HONB'LE SPEAKER

**ਮਾਣਯੋਗ ਸਪੀਕਰ** : ਅੱਜ 01.00 ਵਜੇ ਬਾਅਦ ਦੁਪਹਿਰ ਖਾਣੇ ਤੋਂ ਬਾਅਦ ਇਹ ਸਦਨ 02.00 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਵੇਗਾ।

------

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਇਕ ਬੜੀ ਸੀਰੀਅਸ anomaly ਆਈ ਹੈ। ਤੁਹਾਡੇ ਵੱਲੋਂ ਜਿਹੜਾ ਪਹਿਲਾਂ questionnaire ਇਸ਼ੂ ਕੀਤਾ ਗਿਆ ਹੈ, ਉਸ ਵਿੱਚ ਮੇਰਾ ਬਕਾਇਦਾ ਤੌਰ ਤੇ ਸਵਾਲ ਨੰ. 1696 ਸੀ। ਇਹ ਐਗਰੀਕਲਚਰ ਪਾਲਿਸੀ ਤੇ ਸੀ, Government ਪਾਲਿਸੀ ਲੈ ਕੇ ਨਹੀਂ ਆਈ। ਮੇਰਾ ਖਿਆਲ ਹੈ ਕਿ ਮੰਤਰੀ ਸਾਹਿਬ

ਜਵਾਬ ਨਹੀਂ ਦੇਣਾ ਚਾਹੁੰਦੇ ਸਨ। ਇੱਕ ਘੰਟੇ ਬਾਅਦ ਸਾਰਾ questionnaire ਬਦਲਿਆ ਗਿਆ ਹੈ। ਪਹਿਲਾਂ ਸਵਾਲ ਘੱਲ ਦਿੱਤੇ ਗਏ ਸਨ ਅਤੇ ਫਿਰ ਨਵਾਂ questionnaire ਬਦਲਿਆ ਗਿਆ ਹੈ। ਮੇਰੇ ਵਾਲਾ ਸਵਾਲ ਬਾਹਰ ਕੱਢ ਲਿਆ ਗਿਆ ਹੈ, ਕੰਬੋਜ ਸਾਹਿਬ ਦਾ ਫਿਰ ਸਵਾਲ ਪਾ ਦਿੱਤਾ ਗਿਆ ਹੈ ਅਤੇ ਅੱਜ questions over ਹੋ ਗਏ ਹਨ। ਸੋ, ਮੈਨੂੰ ਤੁਸੀਂ ਆਪ ਹੀ ਦੱਸੋ, ਸਰ, ਇਹ ਤੁਹਾਡੀ ਦੇਖ-ਰੇਖ ਵਿੱਚ ਹੀ ਹੋਇਆ ਹੋਵੇਗਾ। ਮੇਰਾ ਖਿਆਲ, this should not be done. ਮੈਂ ਸਮਝਦਾ ਹਾਂ ਕਿ ਇਹ ਬੜੀ ਗਲਤ ਪਾਰਲੀਮੈਂਟਰੀ ਪ੍ਰੈਕਟਿਸ ਹੈ। ਤੁਸੀਂ ਪਹਿਲਾਂ ਸਵਾਲ ਲਗਾਉਣ ਦਾ ਮੌਕਾ ਦੇ ਦਿੱਤਾ ਅਤੇ ਬਕਾਇਦਾ ਤੌਰ ਤੇ ਸਾਡੇ ਕੋਲ questionnaire ਵੀ ਪਹੁੰਚ ਗਿਆ ਸੀ। ਉਸ ਤੇ ਤੁਹਾਡੀ ਮੋਹਰ ਲੱਗੀ ਹੋਈ ਹੈ ਜੀ। ਉਸ ਤੋਂ ਬਾਅਦ ਆਹ ਦੇਖੋ (ਪ੍ਰਸ਼ਨਾਂ ਦੀ ਲਿਸਟ ਹੱਥ ਵਿੱਚ ਫੜ ਕੇ ਦਿਖਾਉਂਦੇ ਹੋਏ।) ਸਾਰੀ Starred Question ਦੀ ਲਿਸਟ ਵਿੱਚ after one hour the whole questionnaire is changed because your Minister could not answer this. ਕਾਈਂਡਲੀ ਇਸ ਦਾ ਧਿਆਨ ਰੱਖੋ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਥੈਂਕ ਯੂ।

________

## CALLING ATTENTION NOTICES UNDER RULE 66

**(ਕ੍ਰਮ ਨੰ: 11)**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸ਼੍ਰੀਮਾਨ ਜੀ,ਮੈਂ ਆਪ ਜੀ ਦਾ ਧਿਆਨ ਲੋਕ ਮਹੱਤਤਾ ਦੇ ਇਕ ਬਹੁਤ ਹੀ ਜਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ, ਅਰਥਾਤ ਮੇਰੇ ਹਲਕੇ ਜਗਰਾਉਂ ਅਧੀਨ ਪੈਂਦੇ ਪਿੰਡ ਬਾਘੀਆਂ ਤੋਂ ਪਿੰਡ ਸ਼ੇਰੇਵਾਲ ਤੱਕ ਸਤਲੁੱਜ ਦਰਿਆ ਦਾ ਬੰਨ ਲਗਭੱਗ ਢਾਈ ਕਿੱਲੋ ਮੀਟਰ ਕੱਚਾ ਹੈ। ਜਿਸ ਕਾਰਨ ਇਸ ਬੰਨ ਦੇ ਟੁੱਟਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਹਾਲ ਹੀ ਅਗਸਤ-ਸਤੰਬਰ-2025 ਦੌਰਾਨ ਆਏ ਭਾਰੀ ਹੜ ਕਾਰਨ ਸਤਲੁੱਜ ਦਰਿਆ ਦੇ ਨਾਲ ਲਗਦੇ ਪਿੰਡਾਂ ਵਿਚ ਬਹੁਤ ਸਾਰੇ ਲੋਕਾਂ ਦੇ ਘਰ ਆਦਿ ਡਿੱਗ ਪਏ ਹਨ ਅਤੇ ਹਲਕੇ ਦੇ ਲੋਕਾਂ ਦੀਆਂ ਬਹੁਤ ਸਾਰੀਆਂ ਫਸਲਾਂ ਬਰਬਾਦ ਹੋ ਗਈਆਂ ਹਨ। ਇਸ ਬੰਨ ਨੂੰ ਟੁੱਟਣ ਤੋਂ ਬਚਾਉਣ ਲਈ ਮੇਰੇ ਵੱਲੋਂ ਹਲਕੇ ਦੇ ਲੋਕਾਂ ਅਤੇ ਵਲੰਟੀਅਰਾਂ ਨਾਲ ਖੁਦ ਬੋਰੀਆਂ ਭਰਕੇ ਪੂਰੀ ਜੱਦੋ ਜਹਿਦ ਦੇ ਨਾਲ ਬੰਨ੍ਹ ਦੇ ਨਾਲ ਲਗਾਈਆਂ ਗਈਆਂ, ਜੇਕਰ ਇਹ ਬੰਨ੍ਹ ਟੁੱਟ ਜਾਂਦਾ ਤਾਂ ਬਹੁਤ ਵੱਡੀ ਤਬਾਹੀ ਹੋ ਸਕਦੀ ਸੀ। ਇਸ ਲਈ ਜੇਕਰ ਪਿੰਡ ਬਾਘੀਆਂ ਤੋਂ ਪਿੰਡ ਸ਼ੇਰੇਵਾਲ ਤੱਕ ਸਤਲੁੱਜ ਦਰਿਆ ਦੇ ਬੰਨ੍ਹ (ਲਗਭਗ ਢਾਈ ਕਿਲੋਮੀਟਰ) ਨੂੰ ਪੱਕਾ ਕਰਕੇ ਉਸ ਉਪਰ ਸੜਕ ਬਣਾ ਦਿੱਤੀ ਜਾਵੇ, ਤਾਂ ਇਸ ਨਾਲ ਜਿੱਥੇ ਸਤਲੁੱਜ ਦਰਿਆ ਦਾ ਬੰਨ੍ਹ ਪੂਰੀ ਤਰ੍ਹਾਂ ਮਜ਼ਬੂਤ ਹੋ ਜਾਵੇਗਾ, ਉੱਥੇ ਹੀ ਦਰਿਆ ਬੰਨ੍ਹ ਦੇ ਨਾਲ ਲਗਦੇ ਪਿੰਡਾਂ ਬਾਘੀਆਂ, ਬਹਾਦਰਕੇ, ਸ਼ੇਰੇਵਾਲ, ਮੰਡ ਤਿਹਾੜਾ, ਤਰਫ਼ ਕੋਟਲੀ, ਪੱਤੀ ਮੁਲਤਾਨੀ, ਲੋਧੀਵਾਲ, ਗਿਦੜਵਿੰਡੀ, ਕਾਕਟ, ਮਨਬਰਪੁਰਾ, ਪਰਜੀਆਂ, ਬਿਹਾਰੀਪੁਰ, ਕੰਨੀਆਂ ਹੁਸੈਨੀ ਅਤੇ ਹਲਕੇ ਧਰਮਕੋਟ (ਜ਼ਿਲ੍ਹਾ ਮੋਗਾ) ਅਧੀਨ ਪੈਂਦੇ ਦਰਜਾਂ ਪਿੰਡਾਂ ਨੂੰ ਸਤਲੁਜ ਦਰਿਆ ਦੇ ਬੰਨ੍ਹ ਟੁੱਟਣ ਦੇ ਖਤਰੇ ਤੋਂ ਵੀ ਨਿਯਾਤ ਮਿਲੇਗੀ ਅਤੇ ਆਮ ਲੋਕਾਂ ਤੇ ਸਕੂਲੀ ਬੱਚਿਆਂ ਨੂੰ ਵੀ ਆਪਣੇ ਪਿੰਡਾਂ ਨੂੰ ਆਉਣ ਜਾਣ ਲਈ ਸੜਕ ਦੀ ਵੱਡੀ ਸਹੂਲਤ ਮਿਲ ਜਾਵੇਗੀ।

ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਵਿਧਾਨ ਸਭਾ ਹਲਕਾ ਜਗਰਾਓਂ ਅਧੀਨ ਪੈਂਦੇ ਪਿੰਡ ਬਾਘੀਆਂ ਤੋਂ ਪਿੰਡ ਸ਼ੇਰੇਵਾਲ ਤੱਕ ਸਤਲੁੱਜ ਦਰਿਆ ਦੇ ਬੰਨ੍ਹ (ਲਗਭਗ ਢਾਈ ਕਿਲੋਮੀਟਰ) ਨੂੰ ਪੱਕਾ ਕਰਕੇ ਉਸ ਉਪਰ ਸੜਕ ਬਣਾਈ ਜਾਵੇ ਤਾਂ ਕਿ ਹਰ ਸਾਲ ਜੋ ਲੋਕਾਂ ਦਾ ਨੁਕਸਾਨ ਹੁੰਦਾ ਹੈ, ਉਸ ਨੂੰ ਬਚਾਇਆ ਜਾ ਸਕੇ।

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਸਮਝਦੇ ਹੋਏ ਸਬੰਧਤ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਜੀ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੰਦਾ ਹਾਂ ਕਿ ਜਿੰਨੀਆਂ ਵੀ ਨਦੀਆਂ ਜਾਂ ਦਰਿਆ ਹਨ, ਇਹ ਆਮ ਤੌਰ ਤੇ ਕੱਚੇ ਹੁੰਦੇ ਹਨ। ਇਨ੍ਹਾਂ ਦੇ ਸਾਰੇ ਬੰਨ੍ਹ ਕੱਚੇ ਹੁੰਦੇ ਹਨ। ਕੁਝ ਥਾਵਾਂ ਨੂੰ ਛੱਡ ਕੇ ਜਿੱਥੇ ਮੰਡੀ ਬੋਰਡ ਜਾਂ ਪੀ.ਡਬਲਿਊ.ਡੀ. ਨੇ ਐਨ.ਓ.ਸੀ. ਲੈ ਕੇ ਕਿਤੇ ਸੜਕਾਂ ਬਣਾਈਆਂ ਹੋਈਆਂ ਹਨ, ਬਾਕੀ ਸਾਰੇ ਬੰਨ੍ਹ ਕੱਚੇ ਹਨ। ਸਾਲ 2024-25 ਦੇ ਦੌਰਾਨ ਸਤਲੁਜ ਦਰਿਆ ਦੇ ਬੰਨ੍ਹ ਨੂੰ ਉੱਚਾ ਵੀ ਕੀਤਾ ਗਿਆ ਸੀ।

**1100/Kuldeep kaur/Rajneesh kumar**

**1105/Pawan sharma**

ਸਾਲ 2024-25 ਦੌਰਾਨ 3 ਕਰੋੜ 79 ਲੱਖ 96 ਹਜ਼ਾਰ ਰੁਪਏ ਦੀ ਲਾਗਤ ਨਾਲ ਜਗਰਾਉਂ ਵਿਧਾਨ ਸਭਾ ਹਲਕੇ ਵਿੱਚ ਹੜ੍ਹਾਂ ਦੀ ਸੁਰੱਖਿਆ ਦੇ ਨਾਲ ਸਬੰਧਿਤ ਕੰਮ ਕੀਤੇ ਗਏ ਸਨ। ਸਾਲ 2025 ਵਿੱਚ ਜਦੋਂ ਹੜ੍ਹ ਆਏ ਤਾਂ ਸਤਲੁਜ ਦਰਿਆ ਵਿੱਚ 1 ਲੱਖ 14 ਹਜ਼ਾਰ ਕਿਉਸਿਕ ਪਾਣੀ ਆਇਆ ਤੇ ਲੋਕਾਂ ਦੀ ਮਦਦ ਦੇ ਨਾਲ ਡਿਪਾਰਟਮੈਂਟ ਨੇ ਸਮੇਂ ਸਿਰ ਕਾਰਵਾਈ ਕੀਤੀ ਅਤੇ ਉੱਥੇ ਕੋਈ ਨੁਕਸਾਨ ਨਹੀਂ ਹੋਇਆ। ਜਿਹੜਾ ਦਰਿਆ ਦਾ ਕਰਾਸ ਸੈਕਸ਼ਨ ਹੈ, ਉਹ ਕਰੀਬ 1 ਕਿੱਲੋਮੀਟਰ ਹੈ। ਡਿਪਾਰਟਮੈਂਟ ਦੁਆਰਾ ਕੀਤੇ ਗਏ ਕੰਮਾਂ ਦੇ ਸਦਕਾ ਉੱਥੇ ਨੁਕਸਾਨ ਨਹੀਂ ਹੋਇਆ ਅਤੇ ਕੀਤੇ ਗਏ ਕੰਮ ਪ੍ਰਭਾਵਸ਼ਾਲੀ ਸਾਬਤ ਹੋਏ। ਹੁਣ ਸਾਲ 2026-27 ਵਿੱਚ ਇੱਕ ਪਰਪੋਜ਼ਲ ਤਿਆਰ ਕੀਤੀ ਗਈ ਹੈ ਕਿ ਸਤਲੁਜ ਦਰਿਆ ਦੇ ਦੋਨੋਂ ਪਾਸੇ ਜਿਹੜਾ ਬੰਨ੍ਹ ਹੈ, ਇਸ ਨੂੰ ਦੋ ਫੁੱਟ ਹੋਰ ਉੱਚਾ ਕੀਤਾ ਜਾਣਾ ਹੈ। ਸਰ, ਜਿਹੜਾ ਸਾਡਾ ਡਿਪਾਰਟਮੈਂਟ ਹੈ, ਇਹ ਸੜਕ ਦੀ ਉਸਾਰੀ ਦਾ ਕੰਮ ਨਹੀਂ ਕਰਦਾ ਹੈ। ਸਾਡੇ ਡਿਪਾਰਟਮੈਂਟ ਕੋਲੋਂ ਐਨ.ਓ.ਸੀ. ਲੈ ਕੇ ਚਾਹੇ ਪੀ.ਡਬਲਊ.ਡੀ. ਨੇ ਕੰਮ ਕਰਨਾ ਹੈ ਜਾਂ ਕਿਸੇ ਹੋਰ ਡਿਪਾਰਟਮੈਂਟ ਨੇ ਕੰਮ ਕਰਨਾ ਹੈ, ਅਸੀਂ ਐਨ.ਓ.ਸੀ. ਜਾਰੀ ਕਰ ਦਿੰਦੇ ਹਾਂ। ਬਾਕੀ ਜਗਰਾਓਂ ਹਲਕੇ ਦੇ ਵਿੱਚ ਜਿੱਥੇ ਹੜ੍ਹਾਂ ਦੇ ਪਾਣੀ ਤੋਂ ਬਚਾਉਣ ਲਈ ਕਾਫੀ ਕੰਮ ਕੀਤੇ ਹਨ, ਉੱਥੇ ਪਾਣੀ ਮੁਹੱਈਆ ਕਰਵਾਉਣ ਲਈ ਵੀ ਕਾਫੀ ਕੰਮ ਕੀਤੇ ਗਏ ਹਨ ਭਾਵੇਂ ਖਾਲਾਂ ਦੀ ਗੱਲ ਕਰੀਏ, ਪੁਲਾਂ ਦੀ ਗੱਲ ਕਰੀਏ ਜਾਂ ਨਹਿਰਾਂ ਦੀ ਗੱਲ ਕਰ ਲਈਏ। ਸੋ, ਮੈਂ ਸਾਡੀ ਭੈਣ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਇਹ ਜਿਹੜਾ ਸੜਕ ਬਣਾਉਣ ਦਾ ਕੰਮ ਹੈ, ਜਿਹੜਾ ਵੀ ਡਿਪਾਰਟਮੈਂਟ ਕਰੇਗਾ, ਇਹ ਉਨ੍ਹਾਂ ਤੋਂ ਕਰਵਾਉਣ ਅਤੇ ਸਾਡੇ ਵੱਲੋਂ ਸਿਰਫ ਐਨ.ਓ.ਸੀ. ਜਾਰੀ ਹੋਣੀ ਹੈ, ਉਹ ਐਨ.ਓ.ਸੀ. ਅੱਜ ਹੀ ਜਾਰੀ ਹੋਈ ਸਮਝ ਲੈਣ। ਸਾਡੇ ਵੱਲੋਂ ਐਨ.ਓ.ਸੀ. ਜਾਰੀ ਕਰ ਦਿੱਤੀ ਜਾਵੇਗੀ ਅਤੇ ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ।

**ਮਾਣਯੋਗ ਸਪੀਕਰ**: ਧੰਨਵਾਦ। ਹਾਂ ਜੀ, ਬੀਬੀ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਪੀਕਰ ਸਾਹਿਬ, ਵਾਕਿਆ ਹੀ ਮੇਰੇ ਮੰਤਰੀ ਸਾਹਿਬ ਜੀ ਨੇ, ਸਾਡੇ ਵੀਰ ਜੀ ਨੇ 21 ਕਿੱਲੋਮੀਟਰ ਨਹਿਰੀ ਖਾਲ, 15 ਨਵੇਂ ਪੁਲ, 59 ਕਰੋੜ ਰੁਪਏ ਲਗਾ ਕੇ ਇਨ੍ਹਾਂ ਨੇ ਅਤੇ ਸੈਕਟਰੀ ਕ੍ਰਿਸ਼ਨ ਕੁਮਾਰ ਜੀ ਨੇ ਦਿਨ ਰਾਤ ਲੱਗ ਕੇ ਕੰਮ ਕੀਤਾ ਹੈ। ਇਹ ਜਿਹੜਾ ਪੁਲ ਹੈ, ਇਹ ਧਰਮਕੋਟ ਤੱਕ ਪੱਕਾ ਹੈ। ਤੁਸੀਂ ਵੀ ਮੇਰੇ ਨਾਲ ਇੱਕ ਦੋ ਵਾਰੀ ਹੜ੍ਹ ਦਾ ਇਲਾਕਾ ਦੇਖਣ ਗਏ ਹੋਏ ਹੋ। ਮੇਰੀ ਤਾਂ ਇੱਕੋ ਹੀ ਬੇਨਤੀ ਹੈ ਕਿ ਇਸ ਨੂੰ ਪਹਿਲ ਦੇ ਅਧਾਰ ਤੇ ਮੰਡੀ ਬੋਰਡ ਨੂੰ ਬਣਨ ਲਈ ਦੇ ਦਿਓ ਜਾਂ ਪੀ.ਡਬਲਊ.ਡੀ. ਨੂੰ ਐਨ.ਓ.ਸੀ. ਦੇ ਕੇ ਕਰਵਾ ਦਿੱਤਾ ਜਾਵੇ। ਮੈਂ ਮੰਤਰੀ ਸਾਹਿਬ ਅਤੇ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਲਾਡੀ ਜੀ।

**ਸਰਦਾਰ ਹਰਦੇਵ ਸਿੰਘ ਲਾਡੀ**: ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਇਸ਼ੂ ਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਮਾਣੂੰਕੇ ਮੈਡਮ ਜੀ ਨੇ ਬਾਘੀਆਂ ਦੇ ਬਰਾਬਰ ਦੇ ਬੰਨ੍ਹ ਦੀ ਗੱਲ ਕੀਤੀ ਹੈ, ਉੱਥੇ ਸਾਡਾ ਵੀ **ਖਹਿਰਾ** ਮੁਸਤਰਕਾ ਪਿੰਡ ਪੈਂਦਾ ਹੈ, ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਉੱਦੋਂ ਉੱਥੋਂ ਬੰਨ੍ਹ ਟੁੱਟਣ ਲੱਗਿਆ ਸੀ ਅਤੇ ਪਬਲਿਕ ਨੇ ਬੋਰੇ ਭਰ ਕੇ ਉੱਥੇ ਪਾਣੀ ਨੂੰ ਰੋਕਿਆ ਗਿਆ ਸੀ। ਜੇਕਰ ਤੁਸੀਂ ਇੱਕ ਪਾਸਾ ਬਣਾ ਦੇਵੋਗੇ ਤਾਂ ਦੂਜਾ ਸਾਡੇ ਵਾਲਾ ਪਾਸਾ, ਜਿਹੜਾ ਨਿਮਾਣ ਤੇ ਹੈ, ਉੱਥੋਂ ਬੰਨ੍ਹ ਜ਼ਰੂਰ ਟੁੱਟੇਗਾ। ਮੈਂ ਇਹ ਕਹਿੰਦਾ ਹਾਂ ਕਿ ਜੇਕਰ ਉਸ ਬੰਨ੍ਹ ਨੂੰ ਪੱਕਾ ਕਰਨਾ ਹੈ ਤਾਂ ਇਸ ਬੰਨ੍ਹ ਨੂੰ ਵੀ ਪੱਕਾ ਕੀਤਾ ਜਾਵੇ। ਉਨ੍ਹਾਂ ਦੇ ਵੀ ਦੋ ਤਿੰਨ ਪਿੰਡ ਇਸ ਏਰੀਏ ਵਿੱਚ ਪੈਂਦੇ ਹਨ। ਸੋ, ਮੈਂ ਇਨ੍ਹਾਂ ਨੂੰ ਜ਼ਰੂਰ ਕਹਾਂਗਾ ਕਿ ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

------------

**(ਕ੍ਰਮ ਨੰ. 13)**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸ਼੍ਰੀਮਾਨ ਜੀ, ਮੈਂ ਆਪ ਜੀ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਬਹੁਤ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਮੇਰੇ ਹਲਕੇ ਦੇ ਸ਼ਹਿਰ ਜਗਰਾਉਂ ਦੇ ਤਹਿਸੀਲ ਰੋਡ ਉਪਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਤੇ ਸਕੂਲ ਆਫ ਐਮੀਨੈਂਸ ਬਣੇ ਹੋਏ ਹਨ, ਜਿੱਥੇ ਜਗਰਾਉਂ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਦੇ ਬੱਚੇ ਵੱਡੀ ਗਿਣਤੀ ਵਿੱਚ ਪੜ੍ਹਦੇ ਹਨ। ਤਹਿਸੀਲ ਰੋਡ ਜਗਰਾਉਂ ਸ਼ਹਿਰ ਅਤੇ ਬੱਸ ਸਟੈਂਡ ਦਾ ਪ੍ਰਮੁੱਖ ਰੋਡ ਹੋਣ ਕਾਰਨ ਆਵਾਜਾਈ ਬਹੁਤ ਰਹਿੰਦੀ ਹੈ ਅਤੇ ਗੱਡੀਆਂ ਤੇ ਵੱਡੇ ਵਾਹਨ ਵੀ ਤੇਜ਼ੀ ਨਾਲ ਚੱਲਦੇ ਹਨ। ਜਿਸ ਕਾਰਨ ਸਕੂਲੀ ਬੱਚਿਆਂ ਦੇ ਆਉਣ ਜਾਣ ਵੇਲੇ ਅਣਸੁਖਾਵੇਂ ਹਾਦਸੇ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਜੇਕਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਤੇ ਸਕੂਲ ਆਫ ਐਮੀਨੈਂਸ ਦੇ ਅੱਗੇ ਫੁੱਟ ਓਵਰ

ਬ੍ਰਿਜ ਬਣਾ ਦਿੱਤਾ ਜਾਵੇ, ਤਾਂ ਇਸ ਨਾਲ ਜਿੱਥੇ ਕਿਸੇ ਵੀ ਹਾਦਸੇ ਤੋਂ ਬਚਿਆ ਜਾ ਸਕਦਾ ਹੈ, ਉੱਥੇ ਹੀ ਟ੍ਰੈਫਿਕ ਵਿੱਚ ਵੀ ਕੋਈ ਵਿਘਨ ਨਹੀਂ ਪਵੇਗਾ ਅਤੇ ਸਕੂਲ ਆਉਣ ਜਾਣ ਲਈ ਬੱਚਿਆਂ ਨੂੰ ਵੀ ਵੱਡੀ ਸਹੂਲਤ ਮਿਲੇਗੀ। ਸੋ, ਕਿਰਪਾ ਸਕੂਲ ਆਫ ਐਮੀਨੈਂਸ ਦੇ ਅੱਗੇ ਫੁੱਟ ਓਵਰ ਬ੍ਰਿਜ ਬਣਾਇਆ ਜਾਵੇ ਜੀ।

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਸਮਝਦੇ ਹੋਏ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

**1110/Beant kaur**

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਸ੍ਰੀਮਾਨ ਜੀ, ਜਗਰਾਓਂ ਰਾਏਕੋਟ ਮਲੇਰਕੋਟਲਾ ਰੋਡ ਇਕ ਪਲੇਨ ਰੋਡ ਹੈ ਜਿਸ ਦਾ ਰੋਡ ਕੋਡ MDR-51 ਹੈ। ਇਥੇ ਇਹ ਦੱਸਿਆ ਜਾਂਦਾ ਹੈ ਕਿ ਸਕੂਲ ਆਫ ਐਮੀਨੈਂਸ, ਜਗਰਾਓਂ ਜੋ ਕਿ ਇਸ ਰੋਡ ਦੀ RD. 0.750 KM LHS ਤੇ ਸਥਿਤ ਹੈ। ਧਿਆਨ ਦਿਵਾਊ ਮਤੇ ਮੁਤਾਬਿਕ ਫੁਟ ਓਵਰ ਬ੍ਰਿਜ ਦੀ ਉਸਾਰੀ ਲਈ ਘੱਟੋ ਘੱਟ 35 ਮੀਟਰ ਚੌੜਾਈ ਦੀ ਜ਼ਰੂਰਤ ਹੈ ਪਰੰਤੂ ਮੌਕੇ ਉਪਰ 25 ਮੀਟਰ ਚੌੜਾਈ ਮੌਜੂਦ ਹੈ। ਸੜਕ ਦੇ ਦੂਜੇ ਪਾਸੇ (RHS) ਰੇਲਵੇ ਓਵਰਬ੍ਰਿਜ (ROB) ਦੀ ਸਰਵਿਸ ਲੇਨ ਸ਼ੁਰੂ ਹੁੰਦੀ ਹੈ ਅਤੇ ਆਲੇ-ਦੁਆਲੇ ਮੌਜੂਦਾ ਦੁਕਾਨਾਂ/ਇਮਾਰਤਾਂ ਹਨ। ਇਸ ਸਕੂਲ ਕੰਪਲੈਕਸ ਵਿੱਚ ਬੱਚਿਆਂ ਦੇ ਆਉਣ-ਜਾਣ ਲਈ ਹੋਰ ਕਿਸੇ ਪਾਸੇ ਵੀ ਰਸਤਾ ਉਪਲਬਧ ਨਹੀਂ ਹਨ। ਇਸ ਫੁੱਟ ਓਵਰ ਬ੍ਰਿਜ ਦੀ ਉਸਾਰੀ ਲਈ ਦੋਨਾਂ ਸਾਈਡਾਂ ਤੇ ਜਗ੍ਹਾ ਐਕੁਆਇਰ ਕਰਨ ਦੀ ਜ਼ਰੂਰਤ ਪਵੇਗੀ। ਮਾਣਯੋਗ ਐਮ ਐਲ ਏ ਸਾਹਿਬ ਵੱਲੋਂ ਦਿੱਤੇ ਮਤੇ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕੇਸ ਨੂੰ ਜ਼ਿਲ੍ਹਾ ਰੋਡ ਸੇਫਟੀ ਦੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇਗਾ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਸਰ, ਸਕੂਲ ਦੇ ਅੱਗੇ ਜੇਕਰ ਥੋੜ੍ਹੀ ਜਗ੍ਹਾ ਨਹੀਂ ਬਣਾ ਸਕਦੇ ਤਾਂ ਸਕੂਲ ਤੋਂ ਥੋੜ੍ਹੀ ਅੱਗੇ ਕਰਕੇ ਕਰ ਦਿੱਤਾ ਜਾਵੇ ਤਾਂ ਜੋ ਬੱਚੇ ਦੇ ਆਉਣ-ਜਾਣ ਦਾ ਰਾਹ ਬਣ ਸਕੇ ਕਿਉਂਕਿ ਸਾਡੇ ਉਥੇ ਬੱਸ ਸਟੈਂਡ ਹੈ, ਜਿਸ ਕਾਰਨ ਸਕੂਲ, ਜਿੱਥੇ ਛੇਵੀਂ ਤੋਂ ਦਸਵੀਂ ਤੱਕ ਦੇ ਬੱਚੇ ਪੜ੍ਹਦੇ ਹਨ, ਉਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ। ਕਿਰਪਾ ਕਰਕੇ ਮੰਤਰੀ ਸਾਹਿਬ ਇਸ ਨੂੰ ਪਹਿਲ ਦੇ ਅਧਾਰ ਤੇ ਲੈਣ। ਇਹ ਮੈਨੂੰ ਮੀਟਿੰਗ ਬਾਰੇ ਦੱਸ ਦੇਣ, ਜਿਸ ਦਿਨ ਕਹਿਣਗੇ ਆਪਾਂ ਉਥੇ ਇਕੱਠੇ ਹੋ ਜਾਵਾਂਗੇ। ਇਹ ਉਸ ਵਾਸਤੇ ਇਕ ਡੇਟ ਦੇ ਦੇਣ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਗਰਾਓਂ ਰਾਏਕੋਟ ਮਲੇਰਕੋਟਲਾ ਰੋਡ ਇਕ ਪਲੇਨ ਰੋਡ ਹੈ ਜਿਸ ਦਾ ਰੋਡ ਕੋਡ MDR-51 ਹੈ। ਇਥੇ ਇਹ ਦੱਸਿਆ ਜਾਂਦਾ ਹੈ ਕਿ ਸਕੂਲ ਆਫ ਐਮੀਨੈਂਸ, ਜਗਰਾਓਂ ਜੋ ਕਿ ਇਸ ਰੋਡ ਦੀ RD. 0.750 KM LHS ਤੇ ਸਥਿਤ ਹੈ, ਦੇ ਅੱਗੇ ਫੁਟ ਓਵਰ ਬ੍ਰਿਜ ਦੀ ਉਸਾਰੀ ਲਈ ਘੱਟੋ ਘੱਟ 35 ਮੀਟਰ ਚੌੜਾਈ ਦੀ ਜ਼ਰੂਰਤ ਹੈ ਪਰੰਤੂ ਮੌਕੇ ਉਪਰ 25 ਮੀਟਰ ਚੌੜਾਈ ਮੌਜੂਦ ਹੈ। ਸੜਕ ਦੇ ਦੂਜੇ ਪਾਸੇ (RHS) ਰੇਲਵੇ ਓਵਰਬ੍ਰਿਜ (ROB) ਦੀ ਸਰਵਿਸ ਲੇਨ ਸ਼ੁਰੂ ਹੁੰਦੀ ਹੈ ਅਤੇ ਆਲੇ-ਦੁਆਲੇ ਮੌਜੂਦਾ ਦੁਕਾਨਾਂ/ਇਮਾਰਤਾਂ ਹਨ। ਇਸ ਸਕੂਲ ਕੰਪਲੈਕਸ ਵਿੱਚ ਬੱਚਿਆਂ ਦੇ ਆਉਣ-ਜਾਣ ਲਈ ਹੋਰ ਕਿਸੇ ਪਾਸੇ ਵੀ ਗੇਟ ਉਪਲਬਧ ਨਹੀਂ ਹਨ। ਇਸ ਫੁੱਟ ਓਵਰ ਬ੍ਰਿਜ ਦੀ ਉਸਾਰੀ ਲਈ ਦੋਨਾਂ ਸਾਈਡਾਂ ਤੇ 150-150 ਸੁਕੇਅਰ ਮੀਟਰ ਕੁੱਲ 300 ਸੁਕੇਅਰ ਮੀਟਰ ਜਗ੍ਹਾ ਐਕੁਆਇਰ ਕਰਨ ਦੀ ਜ਼ਰੂਰਤ ਪਵੇਗੀ। ਇਸ ਤੋਂ ਇਲਾਵਾ ਇਸ ਜਗ੍ਹਾ ਨੂੰ

ਐਕੁਆਇਰ ਕਰਨ ਦੇ ਨਾਲ ਨਾਲ ਦਰੱਖਤਾਂ ਦੀ ਕਟਾਈ ਅਤੇ ਬਿਜਲੀ ਦੇ ਖੰਭਿਆਂ ਨੂੰ ਸ਼ਿਫਟ ਕਰਨ ਦੀ ਜ਼ਰੂਰਤ ਪਵੇਗੀ। ਮਾਣਯੋਗ ਐਮਐਲਏ ਸਾਹਿਬ ਵੱਲੋਂ ਦਿੱਤੇ ਮਤੇ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕੇਸ ਨੂੰ ਡਿਸਟ੍ਰਿਕਟ ਰੋਡ ਸੇਫਟੀ ਦੀ ਮੀਟਿੰਗ ਵਿੱਚ ਵਿਚਾਰਨ ਲਈ ਪੇਸ਼ ਕਰ ਦਿੱਤਾ ਜਾਵੇਗਾ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਹਾਡੀ ਸਪਲੀਮੈਂਟਰੀ ਹੋ ਗਈ ਹੈ, ਤੁਸੀਂ ਬੈਠੋ ਜੀ। ਧੰਨਵਾਦ।

-------

## PRESENTATION OF THE FIRST REPORT OF THE BUSINESS ADVISORY COMMITTEE

**ਮਾਣਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ, ਜੋ ਇਸ ਪ੍ਰਕਾਰ ਹੈ :-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ, ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 06 ਮਾਰਚ, 2026 ਤੋਂ 16 ਮਾਰਚ, 2026 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਖਿਤ ਕੰਮ-ਕਾਰ ਕੀਤਾ ਜਾਵੇਗਾ-

| | |
|---|---|
| ਸ਼ੁੱਕਰਵਾਰ, ਮਿਤੀ 06 ਮਾਰਚ, 2026 | ਅਕਾਲ ਚਲਾਣਿਆਂ ਦਾ ਵਰਣਨ |
| (02:00 ਵਜੇ ਬਾਅਦ ਦੁਪਹਿਰ) | |
| ਸ਼ਨਿੱਚਰਵਾਰ, ਮਿਤੀ 07 ਮਾਰਚ, 2026 | ਛੁੱਟੀ |
| ਐਤਵਾਰ, ਮਿਤੀ 08 ਮਾਰਚ, 2026 | ਸਾਲ 2026-27 ਲਈ ਬਜਟ ਅਨੁਮਾਨ ਪੇਸ਼ ਕਰਨਾ। (11:00 ਵਜੇ ਸਵੇਰ) |
| (10:00 ਵਜੇ ਸਵੇਰ) | |
| ਸੋਮਵਾਰ, ਮਿਤੀ 09 ਮਾਰਚ, 2026 | i) ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ ਤੇ ਬਹਿਸ। |
| (10:00 ਵਜੇ ਸਵੇਰ) | (ਸਮਾਪਤ ਕੀਤੀ ਜਾਵੇਗੀ।) |
| | ii) ਸਾਲ 2026-27 ਲਈ ਬਜਟ ਅਨੁਮਾਨਾਂ ਤੇ ਬਹਿਸ ਆਰੰਭ ਕਰਨਾ। |
| ਮੰਗਲਵਾਰ, ਮਿਤੀ 10 ਮਾਰਚ, 2026 | i) ਸਾਲ 2025-26 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ |

| | |
|---|---|
| (10:00 ਵਜੇ ਸਵੇਰ) | ਪੇਸ਼ ਕਰਨਾ; |
| | ii) ਸਾਲ 2025-26 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਬਹਿਸ ਅਤੇ ਵੋਟਿੰਗ; |
| | iii) ਸਾਲ 2025-26 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਦੇ ਸਬੰਧ ਵਿਚ ਨਮਿੱਤਣ ਬਿਲ; |
| | iv) ਭਾਰਤ- ਅਮਰੀਕਾ ਵਪਾਰਕ ਸਮਝੌਤੇ ਕਾਰਨ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਬਹਿਸ; ਅਤੇ |
| | v) ਸਾਲ 2026-27 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਆਮ ਬਹਿਸ ਮੁੜ ਅਰੰਭ ਕਰਨਾ। |
| ਬੁੱਧਵਾਰ, ਮਿਤੀ 11 ਮਾਰਚ, 2026<br>(10:00 ਵਜੇ ਸਵੇਰ) | i) ਸਾਲ 2026-27 ਲਈ ਬਜਟ ਅਨੁਮਾਨਾਂ ਤੇ ਬਹਿਸ ਮੁੜ ਆਰੰਭ ਕਰਨਾ;<br>(ਸਮਾਪਤ ਕੀਤੀ ਜਾਵੇਗੀ) |
| | ii) ਸਾਲ 2026-27 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; ਅਤੇ |
| | iii) ਸਾਲ 2026-27 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ। |
| ਵੀਰਵਾਰ, ਮਿਤੀ 12 ਮਾਰਚ, 2026<br>(10:00 ਵਜੇ ਸਵੇਰ) | ਗੈਰ ਸਰਕਾਰੀ ਕੰਮ-ਕਾਰ। |
| ਸ਼ੁੱਕਰਵਾਰ, ਮਿਤੀ 13 ਮਾਰਚ, 2026 | ਖਾਲੀ ਦਿਨ |
| ਸ਼ਨਿੱਚਰਵਾਰ, ਮਿਤੀ 14 ਮਾਰਚ, 2026<br>ਐਤਵਾਰ, 15 ਮਾਰਚ, 2026 | ਛੁੱਟੀਆਂ |
| ਸੋਮਵਾਰ, ਮਿਤੀ 16 ਮਾਰਚ, 2026 | i) ਵਿਧਾਨਕ ਕੰਮ-ਕਾਰ; |
| (11:00 ਵਜੇ ਸਵੇਰ) | ii)ਸਾਲ 2026-27 ਲਈ ਪੰਜਾਬ ਵਿਧਾਨ ਸਭਾ ਲਈ |

ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ; ਅਤੇ

iii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**1110/Beant kaur/Monika sharma**

**1115/Karamjit kaur**

**ਮਾਣਯੋਗ ਸਪੀਕਰ** : ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ, ਜੇ ਕੋਈ ਹੋਵੇ ?

(ਇਸ ਸਮੇਂ ਕੋਈ ਮੈਂਬਰ ਬਹਿਸ ਲਈ ਖੜਾ ਨਹੀਂ ਹੋਇਆ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

------

## PRESENTATION OF REPORTS OF THE COMMITTEE

**ਮਾਣਯੋਗ ਸਪੀਕਰ**: ਪ੍ਰਿੰਸੀਪਲ ਬੁੱਧ ਰਾਮ ਜੀ, ਸਭਾਪਤੀ, ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ (ਪ੍ਰਿੰਸੀਪਲ ਬੁੱਧ ਰਾਮ)**: ਸ੍ਰੀਮਾਨ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਸਾਲ 2025-26 ਲਈ ਰਿਪੋਰਟਾਂ ਪੇਸ਼ ਕਰਨ ਲਈ ਮੈਨੂੰ ਆਗਿਆ ਦਿੱਤੀ ਹੈ।

ਸ੍ਰੀਮਾਨ ਜੀ, ਮੈਂ ਸਭਾਪਤੀ, ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਸਾਲ 2025-2026 ਦੁਆਰਾ ਅਧਿਕਾਰ ਦਿੱਤੇ ਜਾਣ ਤੇ ਇਸ ਕਮੇਟੀ ਦੀਆਂ ਪੰਜ ਰਿਪੋਰਟਾਂ ਪੇਸ਼ ਕਰਦਾ ਹਾਂ ਜੋ ਕਿ ਹੇਠ ਲਿਖੇ ਅਨੁਸਾਰ ਹਨ:

**(i)** ਕਮੇਟੀ ਦੁਆਰਾ ਵੱਖ-ਵੱਖ ਪੰਚਾਇਤੀ ਰਾਜ ਇਕਾਈਆਂ ਵਿੱਚ ਆਡਿਟ ਪੈਰਿਆਂ ਸਬੰਧੀ ਵੱਖ ਵੱਖ ਮੀਟਿੰਗਾਂ ਵਿੱਚ ਕੀਤੇ ਗਏ ਜਨਰਲ ਆਬਜ਼ਵੇਸ਼ਨ/ਸਿਫ਼ਾਰਸ਼ਾਂ ਤੇ 8ਵੀਂ ਰਿਪੋਰਟ;

**(ii)** 15ਵੇਂ ਵਿੱਤ ਕਮਿਸ਼ਨ ਸਬੰਧੀ ਸਿਫਾਰਸ਼ਾਂ ਸਹਿਤ ਕਮੇਟੀ ਦੀ 9ਵੀਂ ਰਿਪੋਰਟ;

**(iii)** ਕਮੇਟੀ ਵੱਲੋਂ ਜ਼ਿਲ੍ਹਾ ਪੱਧਰ ਤੇ ਪੇਂਡੂ ਵਿਕਾਸ ਯੋਜਨਾਵਾਂ ਦੀ ਸਮੀਖਿਆ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਕੀਤੇ ਦੌਰਿਆਂ ਸਬੰਧੀ ਕਮੇਟੀ ਦੀ 10ਵੀਂ ਰਿਪੋਰਟ;

**(iv)** ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ ਦੀ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ ਤੇ 11ਵੀਂ ਰਿਪੋਰਟ; ਅਤੇ

**(v)** ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਵੱਲੋਂ ਵੱਖ-ਵੱਖ ਮੀਟਿੰਗਾਂ ਵਿੱਚ ਕੀਤੇ ਗਏ ਜਨਰਲ ਆਬਜ਼ਰਵੇਸ਼ਨ/ਸਿਫ਼ਾਰਸ਼ਾਂ ਤੇ ਕਮੇਟੀ ਦੀ 12ਵੀਂ ਰਿਪੋਰਟ।

ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਮੈਂ ਇੱਕ ਮਿੰਟ ਹੀ ਲੈਣਾ ਹੈ।

**ਮਾਣਯੋਗ ਸਪੀਕਰ**: ਪਲੀਜ਼ ਬੈਠੋ ਜੀ। ਨਹੀਂ ਜੀ। ਧੰਨਵਾਦ ਹੋ ਗਿਆ ਹੈ ਜੀ। ਤੁਸੀਂ ਬੈਠੋ। ਬੈਠੋ ਜੀ। ਥੈਂਕ ਯੂ।

--------------

## PAPERS RE-LAID/LAID ON THE TABLE OF THE HOUSE

**ਮਾਣਯੋਗ ਸਪੀਕਰ:** ਮੇਜ਼ ਤੇ ਮੁੜ ਰੱਖੇ/ਰੱਖੇਜਾਣ ਵਾਲੇਕਾਗਜ਼-ਪੱਤਰ।ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਜੀ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰਬਰ 6 ਅਧੀਨ ਦਰਸਾਏ ਗਏ ਲੜੀ ਨੰਬਰ (1) ਤੋਂ (5) ਤੱਕ ਦੇ ਮੁੜ ਰੱਖੇ ਜਾਣ ਵਾਲੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ-ਵੱਖ ਨਿਯਮਾਂ ਅਧੀਨ ਲੋੜੀਂਦੇ ਹਨ:

**(1)** ਨੋਟੀਫਿਕੇਸ਼ਨ ਨੰ. ਜੀ.ਐਸ.ਆਰ 177/ਪੀ.ਏ.1/2020/ਐਸ.14/2025 ਮਿਤੀ 18.11.2025 ਜਿਸ ਵਿੱਚ ਪੰਜਾਬ ਰਾਈਟ ਟੂ ਬਿਜ਼ਨਸ ਰੂਲਜ਼, 2025 ਸ਼ਾਮਲ ਹੈ, ਨੂੰ ਸਦਨ ਦੀ ਮੇਜ਼ ਤੇ ਮੁੜ ਰੱਖਦਾ ਹਾਂ, ਜਿਵੇਂ ਕਿ ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਦੀ ਧਾਰਾ 14(2) ਅਧੀਨ ਲੋੜੀਂਦਾ ਹੈ।

**(2)** ਸਾਲ 2021-22 ਲਈ ਪੰਜਾਬ ਰਾਜ ਕੰਨਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਦੀ 27ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (23) ਅਧੀਨ ਲੋੜੀਂਦਾ ਹੈ ।

**(3)** ਸਾਲ 2018-19 ਲਈ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਿਟੀ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ, 1987 ਦੀ ਧਾਰਾ 18(6) ਅਧੀਨ ਲੋੜੀਂਦਾ ਹੈ।

**(4)** ਸਾਲ 2019-20 ਲਈ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਿਟੀ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ, 1987 ਦੀ ਧਾਰਾ 18(6) ਅਧੀਨ ਲੋੜੀਂਦਾ ਹੈ।

**(5)** ਸਾਲ 2020-21 ਲਈ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਿਟੀ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ, 1987 ਦੀ ਧਾਰਾ 18(6) ਅਧੀਨ ਲੋੜੀਂਦਾ ਹੈ।

----------------

## DISCUSSION ON GOVERNOR'S ADDRESS AND VOTE ON THE MOTION OF THANKS

**ਮਾਣਯੋਗ ਸਪੀਕਰ:** ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ। ਪ੍ਰੋਫੈਸਰ ਬਲਜਿੰਦਰ ਕੌਰ ਜੀ, ਮਤਾ ਪੇਸ਼ ਕਰਨ। (ਵਿਘਨ)

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਕੀ ਜ਼ੀਰੋ ਆਵਰ ਵੈਸੇ ਮੁਕਾ ਹੀ ਦਿੱਤਾ?

**ਮਾਣਯੋਗ ਸਪੀਕਰ:** ਤੁਹਾਨੂੰ ਬੋਲਣ ਲਈ enough ਟਾਈਮ ਮਿਲੇਗਾ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਪ੍ਰੰਤੂ ਇਹ ਨਹੀਂ ਕਿ ਜ਼ੀਰੋ ਆਵਰ ਨਾ ਹੋਵੇ।

**ਮਾਣਯੋਗ ਸਪੀਕਰ**: ਜ਼ੀਰੋ ਆਵਰ ਤੇ ਵੀ ਬੋਲਣਾ ਹੀ ਹੁੰਦਾ ਹੈ ਜੀ। You will get enough time.

**ਸਰਦਾਰ ਪਰਗਟ ਸਿੰਘ ਪੋਆਰ**: ਇਹ ਤਾਂ ਕੋਈ ਗੱਲ ਨਾ ਹੋਈ ਕਿ ਜ਼ੀਰੋ ਆਵਰ ਤੇ ਬੋਲਣਾ ਹੀ ਹੁੰਦਾ ਹੈ। ਜ਼ੀਰੋ ਆਵਰ ਤਾਂ ਮਿਲਣਾ ਚਾਹੀਦਾ ਹੈ। ਤੁਸੀਂ ਤਾਂ ਮੁਕਾ ਹੀ ਦਿੱਤਾ ਸਭ। ਬਾਜਵਾ ਸਾਹਿਬ, ਇਨ੍ਹਾਂ ਨੂੰ ਕਹੋ, ਇੱਕੋ ਇੱਕ ਚੀਜ਼ ਤਾਂ ਸੀ। (ਵਿਘਨ)

**Mr. Speaker:** You will get enough time. ਠੀਕ ਹੈ ਜੀ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇ:-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 06 ਮਾਰਚ, 2026 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।''

**ਮਾਣਯੋਗ ਸਪੀਕਰ**: ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ**:** ਉਪਰੋਕਤ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਨਗੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸ਼੍ਰੀਮਾਨ ਜੀ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇ-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 06 ਮਾਰਚ, 2026 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।''

**ਮਾਣਯੋਗ ਸਪੀਕਰ**: ਟਾਈਮ ਐਲੋਕੇਸ਼ਨ। ਟੋਟਲ ਟਾਈਮ 2 ਘੰਟੇ। ਆਮ ਆਦਮੀ ਪਾਰਟੀ 94 ਮੈਂਬਰਜ਼= 1 ਘੰਟਾ 36 ਮਿੰਟ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ 16 ਮੈਂਬਰਜ਼= 16 ਮਿੰਟ। ਸ਼੍ਰੋਮਣੀ ਅਕਾਲੀ ਦਲ 3 ਮੈਂਬਰਜ਼= 3 ਮਿੰਟ। ਭਾਰਤੀ ਜਨਤਾ ਪਾਰਟੀ 2 ਮੈਂਬਰਜ਼= 3 ਮਿੰਟ। ਬਹੁਜਨ ਸਮਾਜ ਪਾਰਟੀ 1 ਮੈਂਬਰ= 1 ਮਿੰਟ। ਇੰਡੀਪੈਂਡੈਂਟ 1 ਮੈਂਬਰ= 1 ਮਿੰਟ। ਪ੍ਰੋਫੈਸਰ ਬਲਜਿੰਦਰ ਕੌਰ ਜੀ ਧੰਨਵਾਦੀ ਮਤੇ ਤੇ ਬੋਲਣ ਦੀ ਸ਼ੁਰੂਆਤ ਕਰਨਗੇ।

**1115/Karamjit kaur/Monika sharma**

**1120/harpreet singh**

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਭ ਤੋਂ ਪਹਿਲਾਂ ਸਾਡੇ ਸਾਰਿਆਂ ਲਈ ਜਿਹੜੇ ਕਿ ਮੈਜਾਰਿਟੀ ਵਿਚ ਅਸੀਂ ਮੈਂਬਰ ਬੈਠੇ ਹਾਂ। ਅਸੀਂ ਸਾਰੇ ਮੈਜਾਰਿਟੀ ਮੈਂਬਰ ਉਸ ਸਰਕਾਰ ਦਾ, ਉਸ ਪਾਰਟੀ ਦਾ ਹਿੱਸਾ ਹਾਂ, ਜਿਸ ਪਾਰਟੀ ਦੀ ਕਹਿਣੀ ਤੇ ਕਥਨੀ ਵਿਚ ਕੋਈ ਫਰਕ ਨਹੀਂ ਹੈ। ਮੈਂ ਕਹਿ ਸਕਦੀ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਐਸੀ ਸਰਕਾਰ ਸਾਬਤ ਹੋਈ ਹੈ, ਜਿਸ ਨੇ ਜੋ ਕਿਹਾ ਉਹ ਕਰਕੇ ਵਿਖਾਇਆ। ਯਾਨੀ ਕਿ ਅੱਜ ਤੱਕ ਦੇ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਸਰਕਾਰ ਹੈ, ਜੋ ਇਸ ਗੱਲ ਦੀ ਜ਼ੁਰਅੱਤ ਅਤੇ ਹਿੰਮਤ ਰੱਖਦੀ ਹੈ ਕਿ ਜਿੰਨੇ ਵੀ ਵਾਅਦੇ ਪੰਜਾਬ ਦੇ ਲੋਕਾਂ ਦੇ ਨਾਲ ਕੀਤੇ, ਉਨ੍ਹਾਂ ਸਾਰੇ ਵਾਅਦਿਆਂ ਨੂੰ ਜੇਕਰ ਕਿਸੇ ਨੇ ਪੂਰਾ ਕੀਤਾ ਤਾਂ ਉਹ ਸਿਰਫ਼ ਤੇ ਸਿਰਫ਼ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਿੱਸੇ ਆਇਆ ਹੈ ਕਿਉਂਕਿ ਸਪੀਕਰ ਸਾਹਿਬ, ਜੇਕਰ ਮੈਂ ਗੱਲ ਅੱਗੇ ਵਧਾਵਾਂ ਤਾਂ ਮਾਣਯੋਗ ਗਵਰਨਰ ਸਾਹਿਬ ਨੇ ਮਿਤੀ 06 ਮਾਰਚ, 2026 ਨੂੰ ਇਸ ਪਵਿੱਤਰ ਸਦਨ ਦੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ, ਜੋ ਕਿ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਚੱਲ ਰਹੀ ਹੈ। ਇਸ ਸਰਕਾਰ ਦੀਆਂ ਸਾਰੀਆਂ ਨੀਤੀਆਂ ਨੂੰ ਸਰਕਾਰ ਦੇ ਕੰਮਾਂ ਨੂੰ ਇਸ ਹਾਊਸ ਵਿਚ ਐਡਰੈਸ ਕੀਤਾ ਅਤੇ ਜੋ ਗਵਰਨਰ ਸਾਹਿਬ ਗਵਰਨਰ ਐਡਰੈਸ ਵਿਚ ਪੇਸ਼ ਕਰਦੇ ਹਨ ਤਾਂ ਅਕਸਰ ਅਸੀਂ ਉਸ ਨੂੰ ਸਰਕਾਰ ਦੇ ਕੰਮਾਂ ਦਾ ਅਤੇ ਸਰਕਾਰ ਦੀਆਂ ਨੀਤੀਆਂ ਦਾ ਸ਼ੀਸ਼ਾ ਮੰਨਦੇ ਹਾਂ। ਜੇਕਰ ਮੈਂ ਇਸ ਨੂੰ ਹੋਰ ਅੱਗੇ ਵਧਾਵਾਂ ਤਾਂ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਨੇ ਬਣਾਈ। ਲੋਕ ਪੰਜਾਬ ਦੀ ਇਸ ਧਰਤੀ ਤੇ ਬਹੁਤ ਵੱਡਾ ਇਨਕਲਾਬ ਲੈ ਕੇ ਆਏ। ਆਮ ਆਦਮੀ ਪਾਰਟੀ ਦੀ ਸਰਕਾਰ, ਜਿਸ ਦੀ ਅਗਵਾਈ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਕਰ ਰਹੇ ਹਨ ਅਤੇ ਅੱਜ ਉਨ੍ਹਾਂ ਦੀ ਅਗਵਾਈ ਹੇਠ, ਉਨ੍ਹਾਂ ਦੀ ਸੋਚ ਸਦਕਾ ਮੈਨੂੰ ਇਸ ਗੱਲ ਦੀ ਖੁਸ਼ੀ ਅਤੇ ਫ਼ਖ਼ਰ ਮਹਿਸੂਸ ਹੁੰਦਾ ਹੈ ਕਿ ਸਾਡੀ ਸਰਕਾਰ ਤੋਂ ਜਿਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨੇ ਆਸਾਂ ਉਮੀਦਾਂ ਰੱਖੀਆਂ, ਸਾਡੀ ਸਰਕਾਰ ਉਨ੍ਹਾਂ ਸਾਰੀਆਂ ਤੇ ਖਰੀ ਉੱਤਰੀ ਅਤੇ ਬੁਲੰਦੀਆਂ ਨੂੰ ਛੂਹ ਰਹੀ ਹੈ। ਸਾਲ 2022 ਪੰਜਾਬ ਦੇ ਇਤਿਹਾਸ ਵਿਚ ਐਸਾ ਮੀਲ ਪੱਥਰ ਵਜੋਂ ਸਾਬਤ ਹੋਇਆ, ਜਿੱਥੇ ਪੰਜਾਬੀਆਂ ਨੇ ਨਾ ਸਿਰਫ਼ ਪੰਜਾਬ ਦੇ ਲਈ ਸਗੋਂ ਪੂਰੇ ਦੇਸ਼ ਲਈ ਨਵੇਂ ਸੂਰਜ ਅਤੇ ਨਵੇਂ ਦਿਨ ਦਾ ਅਗਾਜ਼ ਅਤੇ ਇਕ ਨਵੀਂ ਸੋਚ ਦੀ ਪਿਰਤ ਪਾਈ। ਇਸ ਗੱਲ ਨੂੰ ਅਸੀਂ ਸਾਰੇ ਜਾਣਦੇ ਵੀ ਹਾਂ ਅਤੇ ਮੰਨਦੇ ਵੀ ਹਾਂ ਕਿ ਪੰਜਾਬੀ ਹਮੇਸ਼ਾਂ ਹੀ ਇਸ ਗੱਲ ਦੀ ਜ਼ੁਰਅੱਤ ਰੱਖਦੇ ਆਏ ਹਨ ਕਿ ਸਾਡੇ ਦੇਸ਼ ਦੇ ਸਿਰ ਦਾ ਤਾਜ ਬਣਦੇ ਹੋਏ ਉਨ੍ਹਾਂ ਨੇ ਹਰ ਚੰਗੇ ਕੰਮ ਦੇ ਵਿਚ ਪਹਿਲਕਦਮੀ ਨਿਭਾਈ ਹੈ ਅਤੇ ਹਮੇਸ਼ਾ ਪਹਿਲੇ ਨੰਬਰ ਤੇ ਆ ਕੇ ਭੂਮਿਕਾ ਨਿਭਾਈ ਹੈ। ਸਾਡੇ ਸਾਹਮਣੇ ਹੈ ਕਿ ਜਿਹੜੀਆਂ ਸੱਤਾਧਾਰੀ ਪਾਰਟੀਆਂ ਲਗਾਤਾਰ ਲੰਬੇ ਸਮੇਂ ਤੋਂ ਰੂੜੀਵਾਦੀ ਸੋਚ, ਪੂੰਜੀਪਤੀ ਸੋਚ ਦੀਆਂ ਮਾਲਕ ਲਗਾਤਾਰ ਸੱਤਾ ਹੰਢਾ ਰਹੀਆਂ ਸਨ, ਉਨ੍ਹਾਂ ਨੂੰ ਪੰਜਾਬੀਆਂ ਨੇ ਐਸਾ ਜਵਾਬ ਦਿੱਤਾ ਕਿ ਉਨ੍ਹਾਂ ਲੋਕਾਂ ਦੇ ਹੱਥੋਂ ਸੱਤਾ ਖੋਹ ਕੇ ਆਮ ਲੋਕਾਂ ਦੇ ਹੱਥਾਂ ਵਿਚ ਦੇ ਦਿੱਤੀ।

**1120/harpreet singh/Shubham jain**

**1125/amandeep kaur**

ਖੈਰ, ਇਹ ਗੱਲ ਵਿਰੋਧੀ ਪਾਰਟੀਆਂ ਨੂੰ ਹਜ਼ਮ ਕਰਨੀ ਬਹੁਤ ਔਖੀ ਸੀ। ਉਦੋਂ ਇਸ ਤਰ੍ਹਾਂ ਲੱਗਦਾ ਸੀ ਕਿ ਇਹ ਅਣਜਾਣ ਲੋਕ ਜਿਹੜੇ ਆਮ ਘਰਾਂ ਦੇ ਵਿੱਚ ਰਹਿੰਦੇ ਹਨ, ਆਮ ਪਿੰਡਾਂ ਦੇ ਵਿੱਚੋਂ ਉੱਠ ਕੇ ਆਏ ਹੋਏ ਹਨ, ਜੇਕਰ ਇਨ੍ਹਾਂ ਦੇ ਹੱਥਾਂ ਦੇ ਵਿੱਚ ਸੱਤਾ ਆ ਗਈ ਤਾਂ ਇਹ ਕੀ ਕਰਨਗੇ। ਇਹ ਪੰਜਾਬ ਦਾ ਕੁਝ ਨਹੀਂ ਕਰ ਸਕਦੇ। ਇਸ ਤਰ੍ਹਾਂ ਦਾ ਮਖੌਲ ਅਕਸਰ ਬਣਾਇਆ ਜਾਂਦਾ ਸੀ। ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕੱਲ੍ਹ ਜਿਸ ਤਰੀਕੇ ਦੇ ਨਾਲ ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕੀਤਾ ਹੈ। ਇਸ ਬਜਟ ਦੇ ਤਹਿਤ ਜਿੱਥੇ ਬਹੁਤ ਸਾਰੇ ਵਾਅਦੇ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲਾਂ ਹੀ ਪੂਰੇ ਕਰ ਚੁੱਕੀ ਸੀ ਅਤੇ ਸਿਰਫ ਇੱਕੋ-ਇੱਕ ਵਾਅਦਾ ਹੀ ਮਹਿਲਾਵਾਂ ਨੂੰ 1000 ਰੁਪਏ ਦੇਣ ਵਾਲਾ ਬੱਚਦਾ ਸੀ। ਕੱਲ੍ਹ ਬਹੁਤ ਖਾਸ ਦਿਨ ਸੀ। ਉਸ ਵਾਅਦੇ ਨੂੰ ਇੰਨੀ ਕੁ ਸ਼ਿਦੱਤ ਦੇ ਨਾਲ ਪੂਰਾ ਕੀਤਾ ਕਿ ਕੱਲ੍ਹ ਇਹੋ ਜਿਹਾ ਮਾਹੌਲ ਪੰਜਾਬ ਵਿੱਚ ਬਣਿਆ ਹੋਇਆ ਸੀ ਜਿਹੜਾ ਕਿ ਮੈਂ ਪਹਿਲੀ ਵਾਰ ਵੇਖਿਆ ਹੈ। ਮਹਿਲਾਵਾਂ, ਮਾਤਾਵਾਂ, ਸਾਡੀਆਂ ਭੈਣਾਂ ਸਕਰੀਨ ਲਗਾ ਕੇ, ਟੀ.ਵੀ. ਲਗਾ ਕੇ ਬੈਠੀਆਂ ਦੇਖ ਰਹੀਆਂ ਸਨ, ਉਨ੍ਹਾਂ ਵਿੱਚ ਇੰਨਾ ਕੁ ਖੁਸ਼ੀ ਦਾ ਮਾਹੌਲ ਸੀ ਕਿ ਉਨ੍ਹਾਂ ਨੇ ਇਸ ਵੂਮੈਨ-ਡੇਅ ਨੂੰ ਸਰਕਾਰ ਵੱਲੋਂ 1000 ਰੁਪਏ ਦੀ ਗਾਰੰਟੀ ਜਿਹੜੀ ਪੂਰੀ ਕੀਤੀ ਹੈ, ਉਸ ਨੂੰ ਧੂਮ-ਧਾਮ ਦੇ ਨਾਲ ਸੈਲੀਬਰੇਟ ਕੀਤਾ।

**ਮਾਣਯੋਗ ਸਪੀਕਰ**: ਬੀਬਾ ਜੀ, ਕਨਕਲੂਡ ਕਰ ਦੇਣਾ ਜੀ। ਸਿਰਫ 5-5 ਮਿੰਟ ਹੀ ਬੋਲਣ ਲਈ ਹਨ।

**ਪ੍ਰੋਫੈਸਰ ਬਲਜਿੰਦਰ ਕੌਰ**: ਸਪੀਕਰ ਸਾਹਿਬ, ਮੈਂ ਤਾਂ ਹਾਲੇ ਬੋਲਣਾ ਹੀ ਸ਼ੁਰੂ ਕੀਤਾ ਹੈ। ਇਸ ਤਰ੍ਹਾਂ ਨਾ ਕਰੋ ਜੀ। ਸਪੀਕਰ ਸਾਹਿਬ, ਇੱਕ ਅੱਧੇ ਜਣੇ ਦਾ ਟਾਈਮ ਹੀ ਮੈਨੂੰ ਦੇ ਦਿਉ ਜੀ। ਖੈਰ, ਸਪੀਕਰ ਸਾਹਿਬ, ਇਹ ਤਾਂ ਕਿਸੇ ਨੇ ਚਿਤਵਿਆ ਹੀ ਨਹੀਂ ਸੀ ਕਿ 1000 ਰੁਪਏ ਤੋਂ ਵੱਧ ਕੇ 1500 ਰੁਪਿਆ ਵੀ ਲੇਡੀਜ਼ ਨੂੰ ਮਿਲੇਗਾ। ਐਸ.ਸੀ ਲੇਡੀਜ਼ ਵਾਸਤੇ 1500 ਰੁਪਏ ਦੇਣਾ ਯਾਨੀ ਕਿ 97% ਪੰਜਾਬ ਦੀਆਂ ਮਹਿਲਾਵਾਂ ਇਸ ਸਕੀਮ ਤੋਂ ਬੈਨੀਫਿਟ ਲੈਣਗੀਆਂ। This has happened for the first time only in the State of Punjab because of AAP Government. ਇਸ ਤੋਂ ਪਹਿਲਾਂ ਛੋਟੀਆਂ ਛੋਟੀਆਂ ਸਕੀਮਾਂ ਸਬੰਧੀ ਬਹੁਤ ਸਾਰੀਆਂ ਸਟੇਟਸ ਦਾਅਵਾ ਕਰਦੀਆਂ ਸਨ। ਚਲੋਂ, ਹੁਣ ਮੈਂ ਛੇਤੀ ਛੇਤੀ ਬੋਲਦੀ ਹਾਂ। ਉਸ ਦਾਅਵੇ ਦੇ ਵਿੱਚ ਲੇਡੀਜ਼ ਸਿਰਫ 20% ਹੀ ਕਵਰ ਹੁੰਦੀਆਂ ਸਨ ਪਰ 97% ਲੇਡੀਜ਼ ਨੂੰ ਸਕੀਮਾਂ ਵਿੱਚ ਕਵਰ ਕਰਨਾ ਅਤੇ ਜੇ ਕਿਸੇ ਨੇ ਇੰਨੀਆਂ ਲੇਡੀਜ਼ ਨੂੰ ਇਨਕਲੂਡ ਕੀਤਾ ਹੈ, that credit goes to Aam Admi Party, only to AAP Government. (ਥੰਪਿੰਗ) ਸੋ, ਮੈਂ ਵੇਖ ਰਹੀ ਸੀ ਕਿ 9300 ਕਰੋੜ ਰੁਪਏ ਦੀ ਰਾਸ਼ੀ ਇਸ ਸਕੀਮ ਲਈ ਰੱਖੀ ਗਈ ਸੀ ਤੇ ਸਾਡੇ ਸਾਰਿਆਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ। ਇਸ ਤੋਂ ਅੱਗੇ ਮੈਂ ਸਾਡੀਆਂ ਸਿਹਤ ਸੇਵਾਵਾਂ ਦੀ ਗੱਲ ਕਰਨ ਲੱਗੀ ਹਾਂ। ਸਾਡੇ ਸਿਹਤ ਮੰਤਰੀ ਅੱਜ ਇਸ ਸਦਨ ਦੇ ਵਿੱਚ ਆਏ ਨਹੀਂ ਹਨ, ਮੈਨੂੰ ਪਤਾ ਲੱਗਿਆ ਹੈ ਕਿ ਅੱਜ ਉਨ੍ਹਾਂ ਦਾ ਜਨਮ ਦਿਨ ਹੈ। ਸਿਹਤ ਸੇਵਾਵਾਂ ਵਿੱਚ ਜੇਕਰ ਮੈਂ ਕ੍ਰਾਂਤੀ ਦੀ ਗੱਲ ਕਰਾਂ ਤਾਂ ਉਸ ਕ੍ਰਾਂਤੀ ਦਾ ਬੇਸ 881 ਮੁਹੱਲਾ ਕਲੀਨਿਕ ਹਨ ਜਿਹੜੇ ਕਿ ਪਿੰਡਾਂ ਵਿੱਚ ਚੱਲ ਰਹੇ ਹਨ। ਜਦੋਂ ਮੁਹੱਲਾ ਕਲੀਨਿਕ ਦੀ ਗੱਲ ਕਰਦੇ ਹਾਂ (ਘੰਟੀ) ਤਾਂ ਉਥੇ ਇੱਕ ਗੱਲ ਸਮਝ ਆਉਂਦੀ ਹੈ ਕਿ ਇਸ ਤੋਂ ਪਹਿਲਾਂ ਹੁੰਦਾ ਇਹ ਸੀ ਕਿ ਜੇਕਰ ਕਿਸੇ ਐਮ.ਬੀ.ਬੀ.ਐਸ. ਡਾਕਟਰ ਨੂੰ ਮਿਲਣਾ ਹੁੰਦਾ ਸੀ ਤਾਂ ਡਾਕਟਰ ਨੂੰ ਮਿਲਣ ਲਈ ਸ਼ਹਿਰ ਜਾਣਾ ਪੈਂਦਾ ਸੀ।

**1125/amandeep kaur/Shubham jain**

**1130/Tarlochan Singh**

**ਮਾਣਯੋਗ ਸਪੀਕਰ** : ਠੀਕ ਹੈ ਬੀਬਾ ਜੀ। ਧੰਨਵਾਦ। (ਘੰਟੀ)

**ਸਰਦਾਰ ਹਰਦੇਵ ਸਿੰਘ ਲਾਡੀ** : ਸਪੀਕਰ ਸਾਹਿਬ, ਇੱਕ ਬਹੁਤ ਗੰਭੀਰ ਇਸ਼ੂ ਹੈ।

**ਮਾਣਯੋਗ ਸਪੀਕਰ** : ਮੈਂ ਤੁਹਾਨੂੰ ਸਮਾਂ ਦੇਵਾਂਗਾ। ਤੁਸੀਂ ਬੋਲਦੇ ਬੋਲਦੇ ਥੱਕ ਜਾਉਗੇ, ਤੁਹਾਨੂੰ ਮੈਂ ਇੰਨਾ ਟਾਈਮ ਦਿਆਂਗਾ। ਹੁਣ ਤੁਸੀਂ ਬਹਿ ਜਾਉ। (ਵਿਘਨ) (ਸ਼ੋਰ) ਤੁਸੀਂ ਬੈਠੋ, ਤੁਹਾਨੂੰ ਸੁਣਾਂਗੇ। (ਸ਼ੋਰ) ਤੁਹਾਡੀਆਂ ਸਾਰੀਆਂ ਗੱਲਾਂ ਸੁਣਾਂਗੇ, ਤੁਸੀਂ ਬੇਫਿਕਰ ਰਹੋ। (ਵਿਘਨ) ਤੁਸੀਂ ਬੈਠੋ ਜੀ। ਆਪਾਂ ਬਿਲਕੁਲ ਤੁਹਾਡੀ ਗੱਲ ਸੁਣਾਂਗੇ। ਮੈਂ ਬੈਠਾ ਹਾਂ, ਮੈਂ ਤੁਹਾਡੀ ਗੱਲ ਸੁਣਾਂਗਾ।

**ਪ੍ਰੋਫੈਸਰ ਬਲਜਿੰਦਰ ਕੌਰ** : ਸਰ, ਇੱਕ ਮਿੰਟ ਜੀ।

**ਮਾਣਯੋਗ ਸਪੀਕਰ** : ਨਹੀਂ ਜੀ। ਮੈਂ ਟਰੇਜ਼ਰੀ ਬੈਂਚਿਜ਼ ਦੇ ਸਾਰੇ ਸਨਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ they have five minutes each, nothing more, nothing less. So 5 ਮਿੰਟ ਵਿੱਚ ਹੀ ਆਪਣੀ ਗੱਲ ਕਰਨੀ ਹੈ। ਬੀਬਾ ਬਲਜਿੰਦਰ ਕੌਰ ਨੂੰ ਮੈਂ ਬਾਵਾ ਜੀ ਦਾ ਵੀ ਟਾਈਮ ਦੇ ਦਿੱਤਾ ਹੈ। ਇਹ 10 ਮਿੰਟ ਬੋਲ ਗਏ ਹਨ। ਬੀਬਾ ਜੀ, ਤੁਸੀਂ 10 ਮਿੰਟ ਬੋਲ ਗਏ ਹੋ। ਹੁਣ ਬੈਠੋ ਜੀ। ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ।

ਸੋ, ਅਮਨ ਅਰੋੜਾ ਜੀ, ਬਹਿਸ ਸ਼ੁਰੂ ਕਰਨਗੇ। After Aman then you (Sardar Kulwant Singh Padori).

**ਪ੍ਰੋਫੈਸਰ ਬਲਜਿੰਦਰ ਕੌਰ** : ਪ੍ਰਧਾਨ ਜੀ (ਸ੍ਰੀ ਅਮਨ ਅਰੋੜਾ), 2 ਕੁ ਮਿੰਟ ਮੈਨੂੰ ਦੇ ਦਿਉ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਸੀਂ ਬੋਲ ਲਿਉ, ਤੁਹਾਨੂੰ ਫਿਰ ਟਾਈਮ ਦੇ ਦਿਆਂਗਾ।

**ਪ੍ਰੋਫੈਸਰ ਬਲਜਿੰਦਰ ਕੌਰ** : ਸਰ, ਫਿਰ ਗੱਲ ਨਹੀਂ ਬਣਨੀ।

**ਮਾਣਯੋਗ ਸਪੀਕਰ** : ਆਪਾਂ ਗੱਲ ਬਣਾ ਲਵਾਂਗੇ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਰ, ਇਹ ਸਾਡੇ ਚੀਫ ਵਿੱਪ੍ਹ ਹਨ ਜੀ। ਇਨ੍ਹਾਂ ਦਾ ਹੁਕਮ ਟਾਲ ਨਹੀਂ ਸਕਦੇ, ਇਨ੍ਹਾਂ ਨੂੰ ਜ਼ਰੂਰ ਟਾਈਮ ਦੇ ਦਿਉ ਜੀ।

**ਮਾਣਯੋਗ ਸਪੀਕਰ** : ਜ਼ਰੂਰ ਦਿਆਂਗੇ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਪਹਿਲਾਂ ਮੇਰਾ ਨਾਂ ਅਨਾਊਂਸ ਕੀਤਾ ਸੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬੋਲ ਲੈਣ ਦਿਉ ਜੀ।

**ਮਾਣਯੋਗ ਸਪੀਕਰ** : ਚੱਲੋ ਬਾਜਵਾ ਜੀ, ਤੁਸੀਂ ਬੋਲੋ ਜੀ। ਤੁਹਾਡੀ ਗੱਲ ਤਾਂ ਕਦੇ ਮੋੜੀ ਨਹੀਂ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਮਿਹਰਬਾਨੀ ਜੀ। ਪਰ ਮੰਨੀ ਵੀ ਕੋਈ ਨਹੀਂ ਹੈ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਅੱਜ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ, ਗੜ੍ਹਸ਼ੰਕਰ ਦੇ ਵਿਦਿਆਰਥੀ ਸਦਨ ਦੀ ਕਾਰਵਾਈ ਦੇਖਣ ਆਏ ਹਨ, ਆਉ ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---

## DISCUSSION ON GOVERNOR'S ADDRESS AND VOTE ON THE MOTION OF THANKS (*RESUMPTION))*

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੱਲ੍ਹ ਐਫ.ਐਮ. ਸਾਹਿਬ ਨੇ ਬਜਟ ਪੇਸ਼ ਕੀਤਾ ਹੈ। ਬਜਟ ਦੀਆਂ ਮੈਜਾਰਟੀ ਗੱਲਾਂ ਨਾਲ ਅਸੀਂ ਸਹਿਮਤ ਨਹੀਂ ਹਾਂ। ਫਿਰ ਵੀ as a responsible opposition ਅਸੀਂ ਬਿਲਕੁਲ pin drop silence ਨਾਲ ਸੁਣਿਆ ਸੀ।

**ਮਾਣਯੋਗ ਸਪੀਕਰ** : ਤੁਹਾਡੀ ਇਸ ਸਾਈਲੈਂਸ ਤੇ ਇੱਕ ਤਾੜੀ ਜ਼ਰੂਰ ਹੋਣੀ ਚਾਹੀਦੀ ਹੈ। I appreciate ਕਿ ਤੁਸੀਂ ਸੁਣਿਆ ਹੈ। (ਥੰਪਿੰਗ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹੁਣ ਅਸੀਂ expect ਕਰਦੇ ਹਾਂ ਕਿ ਜਿੰਨਾ ਚਿਰ ਮੈਨੂੰ ਤੁਸੀਂ ਟਾਈਮ ਦਿੱਤਾ ਹੈ, ਉਸੇ ਤਰ੍ਹਾਂ ਹੀ kindly ਤੁਸੀਂ ਸਾਡੀ ਗੱਲ ਵੀ ਉਸੇ ਪਿਆਰ ਨਾਲ, ਸਤਿਕਾਰ ਨਾਲ ਸੁਣੋ।

ਸੋ, ਜਿਹੜੀ ਗੱਲ ਮੈਂ ਪਹਿਲਾਂ ਦੱਸਣਾ ਚਾਹੁੰਦਾ ਹਾਂ ਕਿ ਐਫ.ਐਮ. ਸਾਹਿਬ ਨੇ ਬਜਟ ਦਾ ਨਾਂ ਰੱਖਿਆ ਹੈ "ਗਾਰੰਟੀਆਂ ਪੂਰੀਆਂ ਕਰਨ ਵਾਲਾ ਬਜਟ"।

**ਮਾਣਯੋਗ ਸਪੀਕਰ** : ਮੈਂ ਥੋੜ੍ਹੀ ਜਿਹੀ ਇੱਕ ਬੇਨਤੀ ਕਰ ਦਿੰਦਾ ਹਾਂ ਕਿ This is Governor's Address. ਬਾਕੀ ਤੁਹਾਡੀ ਇੱਛਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਠੀਕ ਹੈ ਜੀ। I can mold both of them together.

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਸਿਰਫ ਨਾਂ ਦੀ ਗੱਲ ਹੀ ਕੀਤੀ ਹੈ, ਜੇਕਰ ਨਾਂ ਮਾੜਾ ਹੈ ਤਾਂ ਬਦਲ ਦਿਉ।

**Mr. Speaker** : You are welcome ji.

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ, ਮੁੱਖ ਮੰਤਰੀ ਸਾਹਿਬ ਵੀ ਆ ਗਏ ਹਨ, ਅਸੀਂ ਉਨ੍ਹਾਂ ਦਾ ਵੈਲਕਮ ਕਰਦੇ ਹਾਂ। ਮੁੱਖ ਮੰਤਰੀ ਜੀ ਮੈਂ ਗੱਲ ਕੀਤੀ ਸੀ ਕਿ ਤੁਹਾਡੇ ਸਾਰੇ ਬਜਟ ਦੀਆਂ ਮੈਜਾਰਟੀ ਚੀਜਾਂ ਨਾਲ ਅਸੀਂ ਸਹਿਮਤ ਨਹੀਂ ਸੀ ਪਰ ਅਸੀਂ ਬਿਲਕੁਲ ਸ਼ਾਂਤੀ ਨਾਲ ਸੁਣਿਆ ਹੈ, as a responsible opposition. ਹੁਣ ਮੈਂ ਸਮਝਦਾ ਹਾਂ ਕਿ ਤੁਸੀਂ ਵੀ ਸਾਰੇ ਸ਼ਾਂਤੀ ਨਾਲ ਗੱਲ ਸੁਣੋਗੇ। ਇੱਥੇ ਡੈਮੋਕਰੇਸੀ ਵਿੱਚ ਹਰ ਗੱਲ ਪੇਸ਼ ਹੋਣ ਚਾਹੀਦੀ ਹੈ। ਕੁਝ ਕੌੜੀਆਂ ਗੱਲਾਂ ਵੀ ਹੋਣਗੀਆਂ, ਉਹ ਸੁਣਨੀਆਂ ਵੀ ਪੈਣਗੀਆਂ। ਸੋ, ਕਿਰਪਾ ਕਰਕੇ ਸੁਣਿਉ ਜੀ।

ਸਭ ਤੋਂ ਪਹਿਲਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਗਾਰੰਟੀਆਂ ਹਨ, ਗਾਰੰਟੀਆਂ ਵਿੱਚ ਨੰਬਰ 1 ਗਾਰੰਟੀ ਸਾਡੇ ਗੁਰੂਆਂ ਨਾਲ ਗਾਰੰਟੀ ਸੀ। ਪੰਜਾਬ ਦੇ ਲੋਕਾਂ ਨਾਲ ਗਾਰੰਟੀ ਤਾਂ ਹੈ, ਜ਼ਰੂਰ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਪਰ ਜਿਹੜੀ ਸਾਡੇ ਗੁਰੂਆਂ ਨਾਲ ਗਾਰੰਟੀ ਸੀ, ਜੋ ਕਿ ਤੁਸੀਂ ਵੀ ਆਪਣੇ ਸ਼ਹਿਰ ਵਿੱਚ ਦਿੱਤੀ, ਬਰਗਾੜੀ ਅਤੇ ਬਹਿਬਲ ਕਲਾਂ ਸਬੰਧੀ। ਪਹਿਲੀ ਗਾਰੰਟੀ ਕੇਜਰੀਵਾਲ ਸਾਹਿਬ ਨੇ ਦਿੱਤੀ ਸੀ। ਉਦੋਂ ਸਰਕਾਰ ਨਹੀਂ ਬਣੀ ਸੀ। ਮਾਨ ਸਾਹਿਬ ਵੀ ਬਿਲਕੁਲ ਨਾਲ ਖੜ੍ਹੇ ਸਨ। ਉਨ੍ਹਾਂ ਨੇ ਇਸ ਗੱਲ ਦਾ ਯਕੀਨ ਦਿਵਾਇਆ ਸੀ ਕਿ ਸਾਡੇ ਕੋਲ ਕੁੰਵਰ ਵਿਜੇ ਪ੍ਰਤਾਪ ਸਿੰਘ ਜੀ ਹਨ। ਇਹ ਪੁਲਿਸ ਦਾ ਸੀਨੀਅਰ ਅਫ਼ਸਰ ਹੈ। ਬੜੀ ਛੇਤੀ ਇਹ ਆਪਣੀ ਨੌਕਰੀ ਛੱਡ ਰਿਹਾ ਅਤੇ ਸਾਨੂੰ ਜੁਆਇਨ ਕਰ ਰਿਹਾ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਪਿਛਲੀਆਂ ਸਰਕਾਰਾਂ ਨੇ ਜਸਟਿਸ ਨਹੀਂ ਕੀਤਾ, ਜੇ ਸਾਨੂੰ ਮੌਕਾ ਦਿੰਦੇ ਹੋ ਤਾਂ ਅਸੀਂ ਜਸਟਿਸ ਕਰਾਂਗੇ। ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਕੀਤੀਆਂ ਹਨ, ਜਿਨ੍ਹਾਂ ਨੇ ਇੰਨਾ ਘੋਰ ਪਾਪ ਕੀਤਾ ਹੈ, ਉਨ੍ਹਾਂ ਨੂੰ ਅਸੀਂ ਕਟਹਿਰੇ ਵਿੱਚ ਖੜ੍ਹਾ ਕਰਾਂਗੇ ਅਤੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ within one week, ਕਿਉਂਕਿ ਇਹ SIT ਦੇ ਮੈਂਬਰ ਹਨ, ਇਨ੍ਹਾਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੈ, ਇਨ੍ਹਾਂ ਦੀ SIT ਦੀ ਰਿਪੋਰਟ ਇੰਨ ਬਿੰਨ ਲਾਗੂ ਕਰਾਂਗੇ। ਅਸੀਂ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਾਂਗੇ। ਸਪੀਕਰ ਸਾਹਿਬ, 4 ਸਾਲ ਗੁਜ਼ਰ ਗਏ ਹਨ। ਮੈਜਾਰਟੀ ਕੇਸਿਜ਼ ਪੰਜਾਬ ਦੀਆਂ ਕਚਿਹਰੀਆਂ ਤੋਂ ਬਦਲ ਕੇ ਬਾਹਰਲੇ ਕੋਰਟਾਂ ਵਿੱਚ ਚਲੇ ਗਏ ਹਨ out of state ਚਲੇ ਗਏ ਹਨ। ਆਪਾਂ ਇਹ ਕੋਸ਼ਿਸ਼ ਵੀ ਨਹੀਂ ਕੀਤੀ ਕਿ ਆਪਣੇ ਸੂਬੇ ਵਿੱਚ ਹੀ ਰਹਿ ਸਕਣ। ਅਜੇ ਤੱਕ ਅਸੀਂ 4 ਸਾਲਾਂ ਵਿੱਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਪਾਪੀਆਂ ਨੂੰ, ਜਿਨ੍ਹਾਂ ਨੂੰ ਕਚਹਿਰੀਆਂ ਵਿੱਚੋਂ ਵੱਡੇ ਪੈਮਾਨੇ ਤੇ ਆਜ਼ਾਦੀ ਵੀ ਮਿਲ ਰਹੀ ਹੈ, ਉਨ੍ਹਾਂ ਲੋਕਾਂ ਨੂੰ ਅਜੇ ਤੱਕ ਆਪਾਂ ਬਾਂਹ ਫੜ ਕੇ ਕਟਹਿਰੇ ਵਿਚ ਪੇਸ਼ ਨਹੀਂ ਕੀਤਾ ਹੈ। ਸੋ, ਪਹਿਲਾਂ ਤਾਂ ਮੈਂ ਚਾਹੁੰਦਾ ਸੀ ਕਿ ਇਸ ਬਾਰੇ ਵੀ ਸਾਨੂੰ ਜ਼ਰੂਰ ਦੱਸਣਾ ਚਾਹੀਦਾ ਸੀ। ਉਸ ਤੋਂ ਬਾਅਦ ਬੇਅਦਬੀਆਂ ਤੇ ਪਿੱਛੇ ਜਿਹੇ ਹੀ ਚਰਚਾ ਹੋਈ ਹੈ। 6 ਮਹੀਨੇ ਦਾ ਟਾਈਮ ਵੀ ਦਿੱਤਾ ਗਿਆ ਹੈ।

**1130/Tarlochan Singh/Abhishek gautam**

**1135/mehak**

ਇੰਨੇ ਬੱਜਰ ਗੁਨਾਹ ਕਰਨ ਵਾਲੇ ਲੋਕਾਂ ਨੂੰ ਮਿਲਣ ਵਾਲੀਆਂ ਸਜ਼ਾਵਾਂ ਸਬੰਧੀ ਰਿਪੋਰਟ ਬਕਾਇਦਾ ਤੌਰ ਤੇ ਸਰਕਾਰ ਕੋਲ ਪਈ ਹੈ। ਅਜੇ ਤੱਕ ਸਰਕਾਰ ਨੇ ਉਸ ਤੇ ਕੋਈ ਚਰਚਾ ਨਹੀਂ ਕੀਤੀ ਹੈ, ਕੋਈ ਸ਼ਬਦ ਨਹੀਂ ਵਰਤਿਆ ਹੈ। ਇੱਕ ਵੱਡਾ ਮੋਰਚਾ ਸਮਾਣੇ ਲਗਿਆ ਹੈ, ਉਹ ਲੋਕ ਰੋਜ਼ ਸਵਾਲ ਕਰਦੇ ਹਨ। ਤੁਹਾਡੇ ਮੈਂਬਰਜ਼ ਵੀ ਉੱਥੇ ਜਾਂਦੇ ਹਨ ਤੇ ਉੱਥੇ ਜਾ ਕੇ ਮੈਂਬਰ ਇਹ ਗੱਲ ਕਹਿੰਦੇ ਹਨ ਕਿ ਮੈਂ ਤਾਂ ਇਕੱਲਾ ਹਾਂ ਤੇ ਮੇਰੀ ਪਾਰਟੀ ਵਿੱਚ ਕੋਈ ਸੁਣਵਾਈ ਨਹੀਂ ਹੈ ਤੇ ਆਪੋਜ਼ੀਸ਼ਨ ਨੂੰ ਉਸ ਗੱਲ ਪਿੱਛੇ ਜ਼ੋਰ ਪਾਉਣਾ ਚਾਹੀਦਾ ਹੈ ਤੇ ਸਮੁੱਚੀ ਆਪੋਜ਼ੀਸ਼ਨ ਇਹ ਗੱਲ ਤੁਹਾਡੇ ਸਾਹਮਣੇ ਰੱਖ ਰਹੀ ਹੈ ਕਿ ਕਿਰਪਾ ਕਰਕੇ ਦੱਸੋ ਕਿ ਜਿਹੜੀ ਇੱਥੇ ਕਮੇਟੀ ਬਣਾਈ ਗਈ ਸੀ, ਉਸ ਦੀ ਕੀ ਰਿਪੋਰਟ ਹੈ, ਉਹ ਰਿਪੋਰਟ ਇੱਥੇ ਪੇਸ਼ ਕਰਨੀ ਚਾਹੀਦੀ ਹੈ।

ਅਗਲੀ ਗੱਲ, ਆਪ ਦੇ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਸਾਹਿਬ ਨੂੰ ਇਹ ਸਵਾਲ ਕੀਤਾ ਗਿਆ ਸੀ ਕਿ ਪੰਜਾਬ ਤੇ ਪਹਿਲਾਂ ਹੀ ਬਹੁਤ ਕਰਜ਼ਾ ਹੈ ਤੇ ਅਸੀਂ ਤੁਹਾਡੀ ਪਾਰਟੀ ਨੂੰ ਮੌਕਾ ਕਿਉਂ ਦੇਈਏ? ਤੁਸੀਂ ਰੈਵੇਨਿਊ ਕਿੱਥੋਂ ਲੈ ਕੇ ਆਓਗੇ? ਤਾਂ ਉਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਪੰਜਾਬ ਦਾ ਜੋ ਅੱਜ ਤੋਂ ਚਾਰ ਸਾਲ ਪਹਿਲਾਂ ਬਜਟ ਸੀ ਉਹ 1 ਲੱਖ 70 ਹਜ਼ਾਰ ਕਰੋੜ ਰੁਪਏ ਦਾ ਸੀ ਤੇ ਉਹ ਕਹਿੰਦੇ ਸੀ ਕਿ ਇਸ ਵਿੱਚ ਬਹੁਤ ਭਾਰੀ ਪੈਮਾਨੇ ਤੇ ਕੁਰੱਪਸ਼ਨ ਚਲਦੀ ਹੈ, ਲੀਕੇਜ਼ ਚਲਦੀ ਹੈ ਤੇ ਮਿਸ-ਮੈਨੇਜਮੈਂਟ ਹੁੰਦੀ ਹੈ ਤੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ, ਕਿਉਂਕਿ ਮੈਂ ਇੰਡੀਅਨ ਰੈਵੇਨਿਊ ਸਰਵਿਸ਼ਜ਼ ਦਾ ਅਫਸਰ ਹਾਂ, ਇਨਕਮ ਟੈਕਸ ਦਾ ਕਮਿਸ਼ਨਰ ਰਿਹਾ ਹਾਂ ਤੇ ਮੈਨੂੰ ਇਸ ਗੱਲ ਦਾ ਪਤਾ ਹੈ ਕਿ ਬਜਟ ਕਿਸ ਤਰ੍ਹਾਂ ਇਕੱਠਾ ਕਰਨਾ ਹੈ, ਰੈਵੇਨਿਊ ਦੀ ਕੁਲੈਕਸ਼ਨ ਕਿੱਥੋਂ ਕਰਨੀ ਹੈ। ਇਸ ਵਿੱਚ ਮਿਨੀਮਮ 20% ਸੇਵਿੰਗ ਕਰਕੇ 34 ਹਜ਼ਾਰ ਕਰੋੜ ਰੁਪਏ ਸਲਾਨਾ ਤੁਹਾਨੂੰ ਦੇਵਾਂਗੇ, ਇਸ ਦੇ ਨਾਲ ਹੀ ਉਨ੍ਹਾਂ ਕਿਹਾ ਸੀ ਕਿ 20 ਹਜ਼ਾਰ ਕਰੋੜ ਰੁਪਏ ਮਾਈਨਿੰਗ ਵਿੱਚੋਂ ਦਿਆਂਗੇ। ਪੰਜਾਬ ਵਿੱਚ ਇਸ ਸਮੇਂ ਤਿੰਨ ਦਰਿਆ ਹਨ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਕਾਂਗਰਸ ਵਾਲੇ ਤਾਂ 300 ਕਰੋੜ ਰੁਪਏ ਹੀ ਮਾਇਨਿੰਗ ਤੋਂ ਦਿੰਦੇ ਹਨ, ਬੜੀ ਇਲਲੀਗਲ ਮਾਈਨਿੰਗ ਹੁੰਦੀ ਹੈ, ਬੜੀ ਚੋਰੀ ਹੁੰਦੀ ਹੈ ਤੇ ਉੱਥੇ ਬੜਾ ਕੁਝ ਹੁੰਦਾ ਹੈ। ਇਸ ਵਿੱਚ potential 20 ਹਜ਼ਾਰ ਕਰੋੜ ਸਲਾਨਾ ਹਨ ਅਤੇ ਕੁੱਲ 34000 + 20000 ਤੁਹਾਨੂੰ 54000 ਕਰੋੜ ਰੁਪਏ ਕੈਪੀਟਲ ਐਕਸਪੈਂਡੀਚਰ ਵਾਸਤੇ ਦੇਵਾਂਗੇ, ਮੈਡੀਕਲ ਕਾਲਜਾਂ ਵਾਸਤੇ, ਸਰਕਾਰੀ ਅਦਾਰਿਆਂ ਵਾਸਤੇ, ਸੜਕਾਂ ਵਾਸਤੇ ਦਿਆਂਗੇ। ਕੋਈ ਵਧੀਆ ਇੰਸਟੀਚਿਊਟਸ ਲਿਆਉਣੇ ਹਨ, ਕੋਈ ਏਮਜ਼ ਲਿਆਉਣਾ ਹੈ ਜਾਂ ਮੈਡੀਕਲ ਕਾਲਜ ਲਿਆਉਣੇ ਹਨ ਤਾਂ ਉਨ੍ਹਾਂ ਵਾਸਤੇ ਪੈਸੇ ਦਿੱਤੇ ਜਾਣਗੇ। ਉਨ੍ਹਾਂ ਸਾਰਿਆਂ ਦਾ ਇਸ ਬਜਟ ਵਿੱਚ ਕੋਈ ਰਿਫਲੈਕਸ਼ਨ ਨਹੀਂ ਹੈ। ਜਿਹੜਾ ਅਰਵਿੰਦ ਕੇਜਰੀਵਾਲ ਸਾਹਿਬ ਦਾ ਕਹਿਣਾ ਸੀ, ਉਸ ਮੁਤਾਬਿਕ ਪਿਛਲੇ ਚਾਰ ਸਾਲਾਂ ਦਾ 1 ਲੱਖ 36 ਹਜ਼ਾਰ ਕਰੋੜ ਰੁਪਿਆ ਬਜਟ ਵਿੱਚ ਰਿਫਲੈਕਟ ਕਰਨਾ ਚਾਹੀਦਾ ਸੀ ਤੇ ਉਸ ਦੀ ਬਜਟ ਵਿੱਚ ਕਿਤੇ ਰਿਫਲੈਕਸ਼ਨ ਨਹੀਂ ਹੈ। ਜਿਹੜੇ 80 ਹਜ਼ਾਰ ਕਰੋੜ ਰੁਪਏ ਮਾਇਨਿੰਗ ਦੇ ਆਉਣੇ ਸਨ, ਉਸ ਵਿੱਚੋਂ ਤੁਹਾਡੀ ਸਰਕਾਰ ਨੇ ਐਵਰੇਜ 1200 ਕਰੋੜ ਰੁਪਏ ਚਾਰ ਸਾਲਾਂ ਦੇ ਦਿੱਤੇ ਹਨ। 1200 ਕਰੋੜ ਰੁਪਏ ਦਾ ਮਤਲਬ ਹੋਇਆ ਕਿ 78,800 ਕਰੋੜ ਰੁਪਏ ਉਸ ਵਿੱਚੋਂ ਮਿਸਿੰਗ ਹਨ। ਜਿਹੜੀ ਗੱਲ ਤੁਸੀਂ ਕਹੀ ਹੈ, ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਬਹੁਤ ਅੱਛਾ ਕੰਮ ਕੀਤਾ ਹੈ। ਤੁਸੀਂ ਸਾਡੀਆਂ ਬੱਚੀਆਂ, ਮਾਤਾਵਾਂ, ਭੈਣਾਂ ਲਈ ਐਲਾਨ ਕੀਤਾ ਹੈ ਕਿ ਅਸੀਂ ਹਜ਼ਾਰ ਰੁਪਏ ਜਨਰਲ ਕੈਟਾਗਰੀ ਅਤੇ 1500 ਰੁਪਏ ਦਲਿਤ ਭਾਈਚਾਰੇ ਦੀਆਂ ਔਰਤਾਂ, ਭੈਣਾਂ ਨੂੰ ਦਿਆਂਗੇ। ਅਸੀਂ ਵੈਲਕਮ ਕਰਦੇ ਹਾਂ, ਇਹ ਬਹੁਤ ਚੰਗਾ ਕੰਮ ਕੀਤਾ ਹੈ। ਕਾਂਗਰਸ ਦੀ ਸਰਕਾਰ ਵਿੱਚ ਅਸੀਂ 51 ਹਜ਼ਾਰ ਰੁਪਏ ਦਾ ਸ਼ਗਨ ਬੱਚੀਆਂ ਦੇ ਵਿਆਹ ਵਾਸਤੇ ਦਿੰਦੇ ਸੀ। ਪਰ ਮੈਨੂੰ ਅਫਸੋਸ ਨਾਲ

ਚੀਮਾ ਸਾਹਿਬ ਨੂੰ ਕਹਿਣਾ ਪੈ ਰਿਹਾ ਹੈ ਕਿ ਕੇਜਰੀਵਾਲ ਸਾਹਿਬ ਦਾ ਇਹ ਵਾਅਦਾ ਸੀ, ਤੁਹਾਡੀ ਸਰਕਾਰ 16 ਮਾਰਚ, 2022 ਨੂੰ ਆਈ ਸੀ, ਇਹ ਬਜਟ ਨੂੰ ਹੁਣ ਪੂਰੇ ਚਾਰ ਸਾਲ ਹੋ ਚੁੱਕੇ ਹਨ। ਪੰਜਾਬ ਵਿੱਚ ਕੋਈ ਦੋ ਲੱਖ, ਤਿੰਨ ਲੱਖ, ਪੰਜ ਲੱਖ ਔਰਤਾਂ ਨੂੰ ਜੇ ਹਜ਼ਾਰ ਰੁਪਿਆ ਦੇਣਾ ਹੋਵੇ ਤਾਂ ਸਾਲ ਦਾ 12 ਹਜ਼ਾਰ ਰੁਪਿਆ ਬਣਦਾ ਹੈ ਤੇ ਪੰਜ ਸਾਲਾਂ ਦਾ 60 ਹਜ਼ਾਰ ਰੁਪਿਆ ਬਣਦਾ ਹੈ। ਅਸੀਂ ਹੁਣ 9300 ਕਰੋੜ ਰੁਪਏ ਰੱਖੇ ਹਨ ਤੇ 9300 ਦਾ ਮਤਲਬ ਹੋਇਆ ਕਿ ਅਸੀਂ ਜਿਹੜੇ ਲਿਫਾਫੇ ਵਿੱਚ ਔਰਤਾਂ ਨੂੰ, ਭੈਣਾਂ ਨੂੰ 60 ਹਜ਼ਾਰ ਰੁਪਏ ਦੇਣੇ ਸਨ ਤੇ ਉਨ੍ਹਾਂ ਨੂੰ ਹੁਣ ਅਸੀਂ 9000 ਰੁਪਏ ਦੇਣ ਲੱਗੇ ਹਾਂ 51 ਹਜ਼ਾਰ ਰੁਪਏ ਉਸ ਲਿਫਾਫੇ ਵਿੱਚੋਂ ਹੀ ਕੱਢ ਲਏ ਹਨ। ਅਰੁਨਾ ਚੌਧਰੀ ਜੀ, ਤੁਸੀਂ ਦੱਸੋ ਜੀ। ਪੰਜ ਸਾਲਾਂ ਦਾ ਦੇਣਾ ਤਾਂ 60 ਹਜ਼ਾਰ ਰੁਪਏ ਸੀ। ਮੈਂ ਇਹ ਜ਼ਰੂਰ ਚਾਹਾਂਗਾ ਕਿ ਇੱਕ ਵਾਰੀ ਫਿਰ ਕਿਉਂਕਿ ਅਜੇ ਬਜਟ ਤੇ ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ, ਮੈਂ ਵਾਇੰਡ ਅੱਪ ਕਰਦਾ ਹਾਂ, ਬਹਿਸ ਭਾਵੇਂ ਗਵਰਨਰ ਐਡਰੈਸ ਤੇ ਹੋਵੇ, ਉਸ ਵਿੱਚ ਕਿਰਪਾ ਕਰਕੇ ਥੋੜ੍ਹਾ ਜਿਹਾ ਪੰਜਾਬ ਦੀਆਂ ਭੈਣਾਂ ਨੂੰ ਦੱਸਿਆ ਜਾਵੇ।

**ਮਾਣਯੋਗ ਸਪੀਕਰ**: ਸੀ.ਐਮ. ਸਾਹਿਬ ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਮੁੱਖ ਮੰਤਰੀ (ਬਿਨਾਂ ਮਾਇਕ ਤੋਂ)**: ਬਿਲਕੁਲ ਨਹੀਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ ਅਜੇ ਨਹੀਂ, ਮੇਰੀ ਬੇਨਤੀ ਹੈ ਕਿ ਮੈਨੂੰ ਗੱਲ ਕੰਪਲੀਟ ਕਰ ਲੈਣ ਦਿਓ ਤੇ ਉਸ ਤੋਂ ਬਾਅਦ floor is with him. ਮੇਰੀ ਗੁਜ਼ਾਰਿਸ਼ ਹੈ ਕਿ ਜਿਸ ਤਰ੍ਹਾਂ ਬਲਜਿੰਦਰ ਕੌਰ ਜੀ ਨੇ ਗੱਲ ਕਹੀ ਹੈ, ਟੀ.ਵੀ. ਦੀਆਂ ਸਕ੍ਰੀਨਾਂ ਲਗੀਆਂ ਹਨ।

**1135/mehak/Abhishek gautam**

**1140/Sukhpiar Singh**

ਬਹੁਤ ਲੋਕਾਂ ਨੇ ਖੁਸ਼ੀ ਮਨਾਈ ਹੈ, ਉਹ 48 ਹਜ਼ਾਰ ਰੁਪਏ ਲਈ ਵੀ ਖੁਸ਼ੀ ਦਾ ਇੰਤਜ਼ਾਰ ਕਰ ਰਹੀਆਂ ਹਨ ਕਿ ਕੀ ਗੱਲ ਉਹ ਕੁੜਤਾ ਝਾੜ ਦੇਈਏ? ਕੀ ਉਸ ਵਿੱਚ ਕੋਈ ਆਸ ਉਮੀਦ ਨਹੀਂ ਹੈ? ਕਿਉਂਕਿ ਜਦੋਂ ਤੁਸੀਂ ਰੱਖੇ ਹੀ 9300 ਕਰੋੜ ਰੁਪਏ ਹਨ, ਉਸ ਦਾ ਮਤਬਲ ਹਜ਼ਾਰ ਰੁਪਏ, ਨੌ ਮਹੀਨਿਆਂ ਦੇ ਪੈਸੇ ਰੱਖੇ ਹਨ। ਇਹ 13 ਅਪ੍ਰੈਲ ਤੋਂ ਸ਼ੁਰੂ ਹੋਣੀ ਹੈ। ਦੇਖੋ ਤੁਹਾਡੀ ਇੰਨੀ ਪੜ੍ਹੀ ਲਿਖੀ ਜਮਾਤ ਹੈ, ਤੁਹਾਡੇ ਕੋਲ ਇੰਨੇ ਵਧੀਆ ਇੰਟਰਨੈਸ਼ਨਲ ਕੁਆਲਟੀ ਦੇ ਲੀਡਰਸ਼ਿਪ ਦਿੱਲੀ ਵਿੱਚ ਵੀ ਬੈਠੇ ਹਨ। ਇੱਕ ਟਿਪ ਬਾਰੇ ਤਾਂ ਆਪਾਂ ਨੂੰ ਪਤਾ ਹੀ ਹੈ ਕਿ ਤੁਸੀਂ ਰਜਿਸਟ੍ਰੇਸ਼ਨ ਦਾ 3 ਮਹੀਨੇ ਦਾ ਟਾਈਮ ਲੈ ਲਿਆ ਹੈ, ਅਪ੍ਰੈਲ ਦੀ 13 ਤਾਰੀਖ ਤੱਕ, ਉਸ ਦਾ ਮਤਲਬ ਹੈ ਕਿ 3-4 ਮਹੀਨੇ ਇਸ ਵਿੱਚ ਗੁਜ਼ਰ ਜਾਣੇ ਹਨ। ਸੋ, ਸਾਡੀ ਗੁਜ਼ਾਰਿਸ਼ ਹੈ ਕਿ ਇਸ ਬਾਰੇ ਕਾਈਂਡਲੀ ਦੱਸੋ ਕਿ ਕੀ 60 ਹਜ਼ਾਰ ਕਰੋੜ ਰੁਪਏ ਦਿਉਗੇ ਜਾਂ 9 ਤੋਂ ਵੀ ਘੱਟ ਹੀ ਮਿਲੇਗਾ? ਇਸ ਦੇ ਨਾਲ ਨਾਲ ਜਿਹੜੀਆਂ ਅਸੀਂ ਗਾਰੰਟੀਆਂ ਦੀ ਗੱਲ ਕਰ ਰਹੇ ਹਾਂ। ਮੈਨੂੰ ਯਾਦ ਹੈ ਕਿ ਜਦੋਂ ਮਾਨ ਸਾਹਿਬ ਚੀਫ ਮਨਿਸਟਰ ਬਣੇ ਹਨ, ਇਨ੍ਹਾਂ ਨੂੰ ਵੈਲਕਮ ਸਰਕਾਰੀ ਮੁਲਾਜ਼ਮ ਕਰ ਰਹੇ ਸੀ ਤਾਂ ਮੇਰੀ ਗੱਡੀ ਪਿੱਛੇ ਪਿੱਛੇ ਵਿਧਾਨ ਸਭਾ ਨੂੰ ਚਲੀ ਆਉਂਦੀ ਸੀ, ਮੈਂ ਵੇਖਿਆ ਬਹੁਤ ਭਾਰੀ ਸਵਾਗਤ ਹੋਇਆ, ਕੁਇੰਟਲਾਂ ਦੇ ਹਿਸਾਬ ਨਾਲ ਫੁੱਲ ਲੋਕਾਂ ਨੇ ਉੱਤੋਂ ਸੁੱਟੇ ਸਨ। ਉਨ੍ਹਾਂ ਨੂੰ ਬਹੁਤ ਆਸਾਂ ਅਤੇ ਉਮੀਦਾਂ ਸਨ ਕਿਉਂਕਿ ਉਨ੍ਹਾਂ ਦੇ ਪਿਤਾ ਜੀ

ਵੀ ਟੀਚਰ ਰਹੇ ਸਨ, ਇੱਕ ਮੁਲਾਜ਼ਮ ਦੇ ਬੱਚੇ ਹਨ। ਇਨ੍ਹਾਂ ਦੀ ਪਹਿਲੀ ਪਰੈਫਰੈਂਸ ਸਰਕਾਰੀ ਮੁਲਾਜ਼ਮ ਹੋਵੇਗੀ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਚੀਮਾ ਸਾਹਿਬ ਨੇ ਸਰਕਾਰੀ ਮੁਲਾਜ਼ਮਾਂ ਵੱਲ ਤਾਂ ਧਿਆਨ ਹੀ ਨਹੀਂ ਕੀਤਾ। ਸਰਕਾਰ ਬਣਾਉਣ ਵਿੱਚ ਅਹਿਮ ਰੋਲ, 7.5 ਲੱਖ ਮੁਲਾਜ਼ਮ ਹਨ। ਉਨ੍ਹਾਂ ਨੂੰ ਅਜੇ 16% ਡੀ.ਏ. ਨਹੀਂ ਮਿਲਿਆ। ਜਦੋਂ ਤੁਹਾਡੇ ਫਿਜ਼ੀਕਲ ਹਾਲਾਤ ਇੰਨੇ ਚੰਗੇ ਹਨ, ਤੁਸੀਂ ਕਹਿੰਦੇ ਹੋ ਕਿ ਸਾਡੇ ਕੋਲ ਤਾਂ ਇੰਨਾ ਕੁਝ ਬਜਟ ਵਿੱਚ ਪਿਆ ਹੈ, ਇੰਨੇ ਪੈਸੇ ਸਾਡੇ ਕੋਲ ਪਏ ਹਨ। ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਘੱਟ ਤੋਂ ਘੱਟ ਉਨ੍ਹਾਂ ਨੂੰ ਵੀ ਦੱਸ ਦਿਉ, ਉਹ ਵੀ ਕੁੜਤਾ ਝਾੜ ਲੈਣਗੇ ਜਾਂ ਕੁਝ ਆਸ ਉਮੀਦ ਰੱਖਣ। ਮਾਣਯੋਗ ਸਪੀਕਰ ਸਾਹਿਬ, ਓਲਡ ਏਜ ਪੈਨਸ਼ਨ, ਇੱਧਰ ਧਿਆਨ ਕਰੋ। ਹਿਮਾਚਲ ਦੀ ਇਲੈਕਸ਼ਨ ਅੱਜ ਤੋਂ ਤਿੰਨ ਸਾਲ ਪਹਿਲਾਂ ਸੀ, 2022 ਦਾ ਨਵੰਬਰ ਦਾ ਟਾਈਮ ਸੀ। ਹਿਮਾਚਲ ਦੀਆਂ ਵੋਟਾਂ ਭਰਮਾਉਣ ਵਾਸਤੇ ਤੁਹਾਡੀ ਜਮਾਤ ਨੇ, ਇਨ੍ਹਾਂ ਦੀ ਸਰਕਾਰ ਨੇ ਓਲਡ ਏਜ ਪੈਨਸ਼ਨ ਨੋਟੀਫਾਈ ਕੀਤੀ। ਅੱਜ ਉਸ ਗੱਲ ਨੂੰ ਤਿੰਨ ਸਾਲ ਹੋ ਗਏ ਹਨ। ਨੋਟੀਫਿਕੇਸ਼ਨ ਉੱਥੇ ਦੀ ਉੱਥੇ ਹੀ ਹੈ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) (ਬੈਠੇ-ਬੈਠੇ):** ਹਿਮਾਚਲ ਦਾ ਕੀ ਹਾਲ ਹੋ ਗਿਆ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਦਿੱਤੀ ਹੈ।

**ਮੁੱਖ ਮੰਤਰੀ (ਬੈਠੇ-ਬੈਠੇ):** ਨਹੀਂ, ਉਨ੍ਹਾਂ ਦਾ ਕੀ ਹਾਲ ਹੋ ਗਿਆ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਹਾਲ ਜੋ ਮਰਜ਼ੀ ਹੋਵੇ। ਸਾਨੂੰ ਟਾਈਮ ਦੇ ਦਿਉ। ਜੇ ਆਪਾਂ ਡਿਸਟਰਬੈਂਸ ਸ਼ੁਰੂ ਕਰ ਲਵਾਂਗੇ, this sets a very bad precedent (ਵਿਘਨ)

**ਮੁੱਖ ਮੰਤਰੀ :** ਇਹ ਰਾਜਪਾਲ ਜੀ ਦੇ ਭਾਸ਼ਣ ਤੇ ਬੋਲ ਰਹੇ ਹਨ ਜਾਂ ਬਜਟ ਤੇ ਬੋਲ ਰਹੇ ਹਨ? ਇਨ੍ਹਾਂ ਦਾ ਟਾਈਮ ਕਿੱਥੇ ਗਿਣਿਆ ਜਾਵੇਗਾ ਜੀ? 11 ਮਿੰਟ ਹੋ ਗਏ ਹਨ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜਿਹੜਾ ਮੈਨੂੰ ਟਾਈਮ ਦਿੱਤਾ ਹੈ, ਉਸ ਵਿੱਚ ਹੀ ਹੈ।

**ਮਾਣਯੋਗ ਸਪੀਕਰ:** ਤੁਹਾਡੀ ਪਾਰਟੀ ਦੇ 16 ਮਿੰਟ ਸੀ, ਤੁਸੀਂ 11 ਮਿੰਟ ਲੈ ਚੁੱਕੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਫਿਰ ਆਪੋਜ਼ੀਸ਼ਨ ਨੂੰ ਬਾਹਰ ਹੀ ਕੱਢ ਦਿਉ।

**ਮਾਣਯੋਗ ਸਪੀਕਰ:** ਨਹੀਂ ਜੀ। ਤੁਸੀਂ ਬੋਲੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜ਼ੀਰੋ ਆਵਰ ਤੁਸੀਂ ਨਹੀਂ ਦਿੰਦੇ, ਪੰਜਾਬ ਦੇ ਲੋਕਾਂ ਦੀ ਗੱਲ ਰੱਖਣੀ ਹੈ, ਤੁਸੀਂ ਸੁਣਨ ਦੀ ਤਾਕਤ ਨਹੀਂ ਰੱਖਦੇ। (ਵਿਘਨ) (ਸ਼ੋਰ) ਤੁਸੀਂ ਗੱਲ ਸੁਣਨ ਦੀ ਤਾਕਤ ਨਹੀਂ ਰੱਖਦੇ।

**ਮੁੱਖ ਮੰਤਰੀ (ਬੈਠੇ-ਬੈਠੇ):** ਤੁਸੀਂ ਸੁਣਨ ਦੀ ਤਾਕਤ ਕਹਿੰਦੇ ਹੋ, ਤੁਸੀਂ ਕੁਝ ਵੀ ਬੋਲੀ ਜਾਓ। ਕੁਝ ਵੀ ਉਲ ਜੁਲੂਲ।

**ਮਾਣਯੋਗ ਸਪੀਕਰ:** ਉਨ੍ਹਾਂ ਨੇ ਕੁਝ ਨਹੀਂ ਕਿਹਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਮਾਨ ਸਾਹਿਬ, ਇਹ ਉਲ ਸਲੂਲ ਹੈ? ਤੁਸੀਂ ਨੋਟੀਫਾਈ ਕੀਤਾ ਹੈ, ਉਹ ਉਲ ਸੁਲੂਲ ਹੋ ਗਿਆ, ਇਸ ਦਾ ਮਤਲਬ ਪੱਲਾ ਝਾੜ ਦਿਉ। ਇਹ ਦੱਸ ਦਿਉ ਕਿ ਕੀ ਇਹ ਉਲ ਸੁਲੂਲ ਹੈ?

**ਮਾਣਯੋਗ ਸਪੀਕਰ:** ਤੁਸੀਂ ਆਪਣੀ ਗੱਲ ਰੱਖੋ ਜੀ।

**ਮੁੱਖ ਮੰਤਰੀ (ਬੈਠੇ-ਬੈਠੇ):** ਉਲ ਸੁਲੂਲ ਨਹੀਂ ਹੁੰਦਾ, ਉਲ ਜੁਲੂਲ ਹੁੰਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਓ ਚੱਲ ਸੁਲੂਲ ਹੋਵੇ, ਜੁਲੂਲ ਹੋਵੇ, ਤੁਹਾਡਾ ਮੁਕਾਬਲਾ ਤਾਂ ਅਸੀਂ ਗੱਲਬਾਤਾਂ ਤੋਂ ਕਰ ਹੀ ਨਹੀਂ ਸਕਦੇ।

**ਮੁੱਖ ਮੰਤਰੀ (ਬੈਠੇ-ਬੈਠੇ):** ਬੱਸ ਫਿਰ ਠੀਕ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਇੰਨੇ ਵੱਡੇ ਵਿਦਵਾਨ ਹੋ, ਕੋਈ ਜੰਮਿਆ ਹੀ ਨਹੀਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਲਾਭ ਸਿੰਘ ਉਗੋਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਚਲੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਵਰਗਾ ਵਿਦਵਾਨ ਤਾਂ ਪਿਛਲੇ 100-150 ਸਾਲ ਵਿੱਚ ਨਾ ਪੈਦਾ ਹੋਇਆ ਅਤੇ ਨਾ ਹੀ ਅਗਲੇ 500 ਸਾਲ ਵਿੱਚ ਹੋਣਾ।

**ਮਾਣਯੋਗ ਸਪੀਕਰ:** ਤੁਸੀਂ ਮੁੱਦੇ ਤੇ ਆਓ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਹਾਂ ਜੀ, ਆਪਾਂ ਮੁੱਦੇ ਤੇ ਆਈਏ। (ਵਿਘਨ) (ਸ਼ੋਰ) ਸਰ, ਮੇਰੀ ਬੇਨਤੀ ਸੁਣੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਲਾਭ ਸਿੰਘ ਉਗੋਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹੀ ਗੱਲ ਫੇਰ ਸ਼ੁਰੂ ਹੋ ਗਈ। ਸਪੀਕਰ ਸਾਹਿਬ, ਕੀ ਕਿਸੇ ਆਦਮੀ ਦੀ ਪੰਜਾਬ ਵਿੱਚ ਕੋਈ ਜ਼ਿੰਦਗੀ ਮਹਿਫੂਜ਼ ਹੈ? ਜਿਹੜੀ ਗੌਰਮਿੰਟ ਦੀ ਸਾਰਿਆਂ ਨਾਲੋਂ ਵੱਡੀ ਗਾਰੰਟੀ ਹੈ, ਫੰਡਾਂਮੈਂਟਲ ਗਾਰੰਟੀ ਆਫ ਗੌਰਮਿੰਟ, ਸਾਰਿਆਂ ਤੋਂ ਪਹਿਲਾਂ ਬੰਦੇ ਦੀ ਜ਼ਿੰਦਗੀ, ਉਸ ਦਾ ਪਰਿਵਾਰ, ਉਸ ਦਾ ਕਾਰੋਬਾਰ ਮਹਿਫੂਜ਼ ਰੱਖਣਾ ਹੈ। ਕੀ ਕਿਸੇ ਬੰਦੇ ਦੀ ਜ਼ਿੰਦਗੀ ਮਹਿਫੂਜ਼ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਲਾਭ ਸਿੰਘ ਉਗੋਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਬਹਿ ਜਾ ਯਾਰ। ਇਹ ਮੈਨੂੰ ਦੱਸੋ ਕਿ ਫਿਰ ਅਸੀਂ ਚਲੇ ਜਾਈਏ?

**ਮਾਣਯੋਗ ਸਪੀਕਰ:** ਬੈਠੋ ਲਾਭ ਸਿੰਘ ਜੀ (ਗੇਵਲ ਮਾਰਦੇ ਹੋਏ।) ਬੈਠੋ। ਡਿਸਕਸ਼ਨ ਹੋ ਰਹੀ ਹੈ, let him complete his point.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਬੇਨਤੀ ਸੁਣੋ।

**ਮਾਣਯੋਗ ਸਪੀਕਰ:** ਹਾਂ ਜੀ, ਪਲੀਜ਼।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੋਈ ਮੈਨੂੰ ਦੱਸੋ। ਅੱਜ ਹਰ ਪੰਜਾਬ ਦਾ ਵਿਅਕਤੀ, ਚਾਹੇ ਉਹ ਸ਼ਹਿਰ ਵਿੱਚ ਬੈਠਾ ਹੈ ਜਾਂ ਪਿੰਡ ਵਿੱਚ ਬੈਠਾ ਹੈ, ਤੁਹਾਡੇ ਐਮ.ਐਲ.ਏ., ਮਨਿਸਟਰਜ਼ ਹਨ, ਸਾਰਿਆਂ ਨਾਲੋਂ ਵੱਡੀ ਅੱਜ ਸਿਫਾਰਸ਼ ਕੀ ਹੈ? ਹਰੇਕ ਐਮ.ਐਲ.ਏ., ਮਨਿਸਟਰ ਕੋਲ ਅਤੇ ਸਾਡੇ ਕੋਲ ਵੱਡੀ ਸਿਫਾਰਸ਼ ਆਰਮਜ਼ ਦਾ ਲਾਇਸੰਸ ਲੈਣ ਦੀ ਹੈ, ਬੰਦਾ ਹੋਰ ਕੋਈ ਕੰਮ ਹੀ ਨਹੀਂ ਮੰਗਦਾ। ਕਿਸੇ ਦੀ ਜ਼ਿੰਦਗੀ ਮਹਿਫੂਜ਼ ਨਹੀਂ, ਕਿਸੇ ਦਾ ਕਾਰੋਬਾਰ ਮਹਿਫੂਜ਼ ਨਹੀਂ, ਹਰ ਤੀਸਰੇ ਬੰਦੇ ਨੂੰ ਫਿਰੌਤੀ ਦੇ ਟੈਲੀਫੋਨ ਅਤੇ ਚਿੱਠੀਆਂ ਆ ਰਹੀਆਂ ਹਨ।

**1140/Sukhpiar Singh/BS khokhar**

**1145/Manika Rani**

ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਬਹੁਤ ਸਾਰੇ ਲੋਕ ਤੁਹਾਡੇ ਇਸ ਕੰਮ ਵਿੱਚ ਸ਼ਾਮਿਲ ਹਨ। ਤੁਹਾਡੇ ਇੱਕ ਸਿਟਿੰਗ ਐਮ.ਪੀ., ਜੋ ਇਨ੍ਹਾਂ ਦੇ ਵਿੱਚੋਂ ਹੀ ਇੱਕ ਹਨ। ਉਨ੍ਹਾਂ ਨੇ ਆੱਨ ਰਿਕਾਰਡ ਗੱਲ ਕਹੀ ਹੈ ਕਿ ਪੰਜਾਬ ਵਿੱਚ ਜਿਹੜੀ ਨਸ਼ੇ ਦੀ ਵਿਕਰੀ ਅਤੇ ਇਲਲੀਗਲ ਮਾਈਨਿੰਗ ਹੋ ਰਹੀ ਹੈ, ਉਸ ਵਿੱਚ ਪੁਲਿਸ ਅਤੇ ਤੁਹਾਡੇ ਚੰਦ ਲੀਡਰ ਵੀ ਸ਼ਾਮਿਲ ਹਨ। ਇਹ ਤੁਹਾਡੇ ਸਿਟਿੰਗ ਐਮ.ਪੀ. ਨੇ ਗੱਲ ਕੀਤੀ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ। ਤੁਸੀਂ ਕਿਸੇ ਨੂੰ ਵੀ ਪੁੱਛ ਕੇ ਵੇਖੋ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਅੱਜ ਤੋਂ ਚਾਰ-ਪੰਜ ਦਿਨ ਪਹਿਲਾਂ ਗੁਰਦਾਸਪੁਰ ਵਿਖੇ ਲੋਕਲ ਐਸ.ਐਸ.ਪੀ. ਦੇ ਘਰ ਤੋਂ 200 ਕਿਲੋਮੀਟਰ ਦੂਰ ਸਵੇਰੇ 8.15 ਤੇ ਡਾਕਾ ਵੱਜਿਆ। ਦੇਖੋ, ਡਾਕੇ ਤਾਂ ਰਾਤ ਨੂੰ ਵੱਜਦੇ ਸਨ ਪਰ ਹੁਣ ਸਵੇਰੇ 8.15 ਤੇ ਹੀ ਡਾਕਾ ਵੱਜਿਆ ਹੈ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਪੰਜ ਲੋਕ ਨਿਹੰਗਾਂ ਦੀਆਂ ਡਰੈੱਸਾਂ ਵਿੱਚ ਆਉਂਦੇ ਹਨ, ਪਰਿਵਾਰ ਦੀਆਂ ਬਾਂਹਾਂ ਬੰਨ੍ਹ ਲੈਂਦੇ ਹਨ ਅਤੇ ਸਾਢੇ ਤਿੰਨ-ਚਾਰ ਕਰੋੜ ਰੁਪਿਆ ਲੁੱਟ ਕੇ ਲੈ ਗਏ। (ਸ਼ੇਮ-ਸ਼ੇਮ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੀ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬੀਬੀ ਜੀ, ਤੁਸੀਂ ਬੈਠੋ। (ਵਿਘਨ, ਸ਼ੋਰ) ਮੈਂਬਰ ਸਾਹਿਬ ਨੂੰ ਆਪਣੀ ਗੱਲ ਕਰਨ ਦਿਉ। ਤੁਸੀਂ ਬੈਠੋ। ਇਹ ਮੈਂ ਦੇਖਣਾ ਹੈ ਕਿ ਉਹ ਕਿਸ ਤੇ ਬੋਲ ਰਹੇ ਹਨ ਪਰ ਤੁਸੀਂ ਬੈਠੋ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਗਵਰਨਰ ਦਾ ਭਾਸ਼ਣ ਕੀ ਹੁੰਦਾ ਹੈ। (ਵਿਘਨ) ਸਪੀਕਰ ਸਾਹਿਬ, ਅਸੀਂ ਚਲੇ ਜਾਈਏ। (ਵਿਘਨ) ਫਿਰ ਅਸੀਂ ਚਲੇ ਜਾਂਦੇ ਹਾਂ।

**ਮਾਣਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਰੋ। (ਵਿਘਨ, ਸ਼ੋਰ) ਹਾਂ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ** : ਜਦੋਂ ਤੁਸੀਂ ਜਾਂਦੇ ਹੋ, ਉਦੋਂ ਤੁਸੀਂ ਸਾਨੂੰ ਪੁੱਛ ਕੇ ਜਾਂਦੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮਾਨ ਜੀ, ਅਸੀਂ ਚਲੇ ਜਾਈਏ । ਫਿਰ ਅਸੀਂ ਚਲੇ ਜਾਈਏ (ਵਿਘਨ, ਸ਼ੋਰ)

**ਮੁੱਖ ਮੰਤਰੀ:** ਤੁਹਾਨੂੰ 16 ਮਿੰਟ ਦਾ ਸਮਾਂ ਮਿਲਿਆ ਹੈ। ਉਹ 16 ਮਿੰਟ ਪੂਰੇ ਕਰ ਲਓ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਬੈਠੇ ਕੁਝ ਮੈਂਬਰਜ਼ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣੋ। ਸਪੀਕਰ ਸਾਹਿਬ, ਤਿੰਨ ਸਰਪੰਚ ਤਾਂ ਆਮ ਆਦਮੀ ਪਾਰਟੀ ਦੇ ਮਾਰੇ ਗਏ ਹਨ। (ਵਿਘਨ, ਸ਼ੋਰ) ਜਿਹੜੇ ਬੰਦੇ ਆਪਣੀ ਪਾਰਟੀ, ਆਪਣੇ ਸਰਪੰਚਾਂ ਨੂੰ ਸੇਫ-ਗਾਰਡ ਨਹੀਂ ਕਰ ਸਕਦੇ ਅਤੇ ਪੰਜਾਬ ਦੇ ਲੋਕਾਂ ਨੂੰ ਸੇਫ-ਗਾਰਡ ਨਹੀਂ ਕਰ ਸਕਦੇ, ਫਿਰ ਉਹ ਕਿਸ ਕਿਸਮ ਦੀਆਂ ਗਾਰੰਟੀਆਂ ਦੇ ਰਹੇ ਹਨ। ਤੁਸੀਂ ਇਨ੍ਹਾਂ ਦੀ ਗਾਰੰਟੀ ਦੀ ਗੱਲ ਵੇਖੋ। (ਵਿਘਨ, ਸ਼ੋਰ) ਸਰ, ਮੇਰੀ ਬੇਨਤੀ ਹੈ ਕਿ ਅੱਜ ਤੋਂ ਚੰਦ ਦਿਨ ਪਹਿਲਾਂ ਜਿਹੜੀ ਨਸ਼ੇ ਦੀ ਮੁਹਿੰਮ ਚੱਲ ਰਹੀ ਸੀ। ਸਪੀਕਰ ਸਾਹਿਬ, ਜ਼ਰਾ ਇੱਧਰ ਵੇਖੋ ਜੀ।

**ਮਾਣਯੋਗ ਸਪੀਕਰ:** ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਜਿਹੜੀ ਨਸ਼ੇ ਦੀ ਮੁਹਿੰਮ ਚੱਲ ਰਹੀ ਸੀ, ਉਸ ਦੌਰਾਨ ਇੱਕ ਹੈੱਡ ਕਾਂਸਟੇਬਲ ਸ੍ਰੀ ਅਸ਼ੋਕ ਕੁਮਾਰ ਸੈਣੀ, ਅੰਮ੍ਰਿਤਸਰ ਵਿਖੇ ਉਸ ਦਾ ਨੌਜਵਾਨ ਪੁੱਤਰ ਮਾਰਿਆ ਗਿਆ ਗਿਆ ਹੈ। (ਘੰਟੀ ) ਉਸ ਨੇ ਖੁਦ ਬਿਆਨ ਦਿੱਤਾ ਹੈ ਕਿ ਪੰਜਾਬ ਵਿੱਚ ਨਸ਼ਾ ਜਿਸ ਤਰ੍ਹਾਂ ਜਮੈਟੋ ਨੂੰ ਆਰਡਰ ਦਿੱਤਾ ਜਾਂਦਾ ਹੈ, ਉਸ ਤਰ੍ਹਾਂ ਵਿਦਇਨ ਮਿੰਟਸ ਨਸ਼ਾ ਘਰਾਂ ਵਿੱਚ ਡਿਲਿਵਰ ਹੋ ਜਾਂਦਾ ਹੈ। ਇਹ ਕਿਸ ਕਿਸਮ ਦੀ ਸਰਕਾਰ ਚਲਾ ਰਹੇ ਹਨ ਅਤੇ ਕਿਸ ਕਿਸਮ ਦੀ ਗਾਰੰਟੀ ਦੀ ਗੱਲ ਕਰ ਰਹੇ ਹੋ। (ਵਿਘਨ, ਸ਼ੋਰ) ਜ਼ਿੰਦਗੀ ਤੁਹਾਡੀ ਮਹਿਫੂਜ ਨਹੀਂ ਹੈ, ਕਾਰੋਬਾਰ ਤੁਹਾਡਾ ਮਹਿਫੂਜ ਨਹੀਂ ਹੈ। ਇਹ ਬਜਟ ਪੇਸ਼ ਕਰ ਰਹੇ ਹਨ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਬੈਠੇ ਸਮੂਹ ਮੈਂਬਰ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਇਹ ਕਿਸ ਕਿਸਮ ਦੀਆਂ ਗਾਰੰਟੀਆਂ ਦੀ ਗੱਲ ਕਰ ਰਹੇ ਹਨ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਬਾਜਵਾ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ ਅਤੇ ਤੁਹਾਨੂੰ ਦੋ ਮਿੰਟ ਹੋ ਦਿੱਤੇ ਜਾਂਦੇ ਹਨ। ਚਲੋ ਜੀ। ਕੋਈ ਡਿਸਟਰਬ ਨਾ ਕਰੋ। ਇਨ੍ਹਾਂ ਨੂੰ ਦੋ ਮਿੰਟ ਹੋਰ ਦਿੱਤੇ ਜਾਂਦੇ ਹਨ ਤਾਂ ਕਿ ਕੋਈ ਉਲਾਂਭਾ ਨਾ ਦੇਣ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਿਸੇ ਵੀ ਟੀਚੇ ਨੂੰ ਮਿਸ ਨਹੀਂ ਕੀਤਾ ਹੈ। ਇਨ੍ਹਾਂ ਦੇ ਬਜਟ ਦਾ ਸਬ-ਟਾਈਲ ਸੀ। ਇਨ੍ਹਾਂ ਨੇ ਸਾਲ 2022-23 ਦੀ ਬਜਟ ਸਪੀਚ ਵਿੱਚ ਹੈਲਥ ਸਬੰਧੀ ਕਿਹਾ ਸੀ ਕਿ ਅਸੀਂ 16 ਮੈਡੀਕਲ ਕਾਲਜਿਜ਼ ਪੰਜ ਸਾਲ ਵਿੱਚ ਪੰਜਾਬ ਵਿੱਚ ਬਣਾਵਾਂਗੇ ਅਤੇ ਫਿਰ ਇਹ ਚੁੱਪ ਹੋ ਗਏ। ਜਦੋਂ 2022-23 ਦਾ ਬਜਟ ਆਇਆ ਤਾਂ ਦੋ ਮੈਡੀਕਲ ਕਾਲਜਿਜ਼ ਨੂੰ ਐਲੋਕੇਸ਼ਨ ਕੀਤੀ ਗਈ । ਇਨ੍ਹਾਂ ਨੇ ਕਪੂਰਥਲਾ ਵਿਖੇ 422 ਕਰੋੜ ਅਤੇ ਹੁਸ਼ਿਆਰਪੁਰ ਵਿਖੇ 412 ਕਰੋੜ ਰੁਪਏ ਐਲੋਕੇਟ ਕੀਤਾ। ਮੈਂ ਇਨ੍ਹਾਂ ਦੇ ਬਜਟ ਵਿੱਚੋਂ ਹੀ ਕੋਟ ਕਰ ਰਿਹਾ ਹਾਂ which are expected to be operational soon ਫਿਰ ਅਗਲਾ ਬਜਟ ਸਾਲ 2024-25 ਦਾ ਆ ਗਿਆ ਅਤੇ ਇਹ ਪੈਰ੍ਹੇ 44 ਵਿੱਚ ਫਿਰ ਰੀਪੀਟ ਕਰਦੇ ਹਨ ਕਿ ਕਪੂਰਥਲਾ, ਹੁਸ਼ਿਆਰਪੁਰ ਅਤੇ ਇਸ ਦੇ ਨਾਲ ਦੋ ਹੋਰ ਐਡ ਕਰ ਦਿੱਤੇ, ਜਿਸ ਵਿੱਚ ਮਸਤੂਆਣਾ ਸਾਹਿਬ, ਸੰਗਰੂਰ ਅਤੇ ਮਲੇਰਕੋਟਲਾ ਸ਼ਾਮਿਲ ਹਨ ਔਰ ਇਨ੍ਹਾਂ ਦੀ ਸ਼ਬਦਾਵਲੀ ਹੈ ਕਿ works expected to start in financial year 2024-25. ਸਰ, ਹੁਣ 2025-26 ਦੀ ਸਪੀਚ ਆ ਗਈ। Para 84 - regarding colleges at Village Barnala Kalan and Saheed Bhagat Singh Nagar without mentioning any progress of the earlier report ਜਿਹੜੇ ਪਹਿਲੇ ਚਾਰ ਹਨ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ। ਹੁਣ ਨਵਾਂ ਬਜਟ ਆ ਗਿਆ। ਇਸ ਵਿੱਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਂ ਦਾ ਤਾਂ ਤੁਸੀਂ ਨਾਂ ਲਿਆ ਹੈ ਪਰੰਤੂ ਜਿਹੜੇ ਬਾਕੀ 9 ਰਹਿੰਦੇ ਹਨ, ਉਨ੍ਹਾਂ ਦਾ ਘੱਟੋ-ਘੱਟ ਨਾਂ ਤਾਂ ਲੈ ਦਿਓ ਕਿ ਇਹ ਕਿਹੜੀ ਲੋਕੇਸ਼ਨ ਤੇ ਬਣਨੇ ਹਨ। ਇਹ ਸਾਰੇ ਹਵਾਈ ਫਾਇਰ ਹੀ ਹਨ। ਸਰ, ਇਹ ਤਾਂ ਸਿਰਫ ਅਨਾਊਂਸਮੈਂਟਾਂ ਹਨ, ਇਸ ਵਿੱਚ ਕੱਢਣ-ਪਾਉਣ ਲਈ ਕੁਝ ਨਹੀਂ ਹੈ। By the end of the day ਜਿਸ ਤਰ੍ਹਾਂ ਸਾਡੀਆਂ ਨੌਜਵਾਨ ਬੱਚੀਆਂ, ਮਾਵਾਂ, ਭੈਣਾਂ ਉਡੀਕ ਰਹੀਆਂ ਹਨ ਕਿ ਪੈਸੇ ਮਿਲਣੇ ਹਨ ਪਰੰਤੂ ਤਾਰੀਕ ਕੋਈ ਨਹੀਂ ਹੈ ਕਿ ਉਹ ਕਿਸ ਦਿਨ ਮਿਲਣੇ ਹਨ। ਇਨ੍ਹਾਂ ਨੇ 60 ਹਜ਼ਾਰ ਦੀ ਜਗ੍ਹਾ 51 ਹਜ਼ਾਰ ਤਾਂ ਪਹਿਲਾਂ ਹੀ ਲਿਫਾਫੇ ਵਿੱਚੋਂ ਬਾਹਰ ਕੱਢ ਕੇ ਰੱਖ ਲਿਆ।

**ਮਾਣਯੋਗ ਸਪੀਕਰ**: ਸਰ, ਤੁਹਾਡਾ ਟਾਈਮ ਹੋ ਗਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ ਸਰ, ਹਾਲੇ ਨਹੀਂ ਹੋਇਆ ਹੈ।

**ਮਾਣਯੋਗ ਸਪੀਕਰ**: ਤੁਹਾਡਾ ਟਾਈਮ ਹੋ ਗਿਆ ਹੈ। ਤੁਹਾਡੇ 16 ਮਿੰਟ ਸੀ ਔਰ ਤੁਸੀਂ ਇਕੱਲੇ ਲੈ ਗਏ ਹੋ। ਉਨ੍ਹਾਂ ਨਾਲ ਸਲਾਹ ਵੀ ਕਰ ਲਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਸਲਾਹ ਕਰ ਲਈ ਹੈ।

**ਮਾਣਯੋਗ ਸਪੀਕਰ**: ਸਰ, ਤੁਹਾਡਾ ਟਾਈਮ ਹੋ ਗਿਆ ਹੈ। ਤੁਹਾਡੀ ਪਾਰਟੀ ਦਾ ਟਾਈਮ 16 ਮਿੰਟ ਸੀ ਔਰ ਤੁਸੀਂ ਆਲਰੇਡੀ ਟਾਈਮ ਲੈ ਚੁੱਕੇ ਹੋ। ਪਲੀਜ਼, ਹੁਣ ਬੈਠੋ। ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਫੌਰੇਨ ਗੈੱਸਟ ਵੀ ਬੈਠੇ ਹਨ।

## WELCOME ANNOUNCEMENT BY THE HON'BLE SPEAKER

**Mr. Speaker:** It is my pleasure to inform the House that a delegation from Australia, led by Professor Bernard Malik, accompanying Dr. Mark Robinson, M.P., Mr. Peter O'callaghan, Wealth Management and Mr. Christopher John Aiton, Director Favor Care Charity are present in the Governor's Box to watch the proceedings of the House. We heartily welcome them.

**1145/Manika Rani/BS khokhar**

**1150/Gurpreet kaur**

## DISCUSSION ON GOVERNOR'S ADDRESS AND VOTE ON THE MOTION OF THANKS (*RESUMPTION))*

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਇਹ ਜਿਹੜੇ Professor Bernard Malik ਹਨ, ਇਹ ਮੇਰੇ ਹਲਕੇ ਦੇ ਮੇਰੇ ਦੋਸਤ ਵੀ ਹਨ ਅਤੇ ਇਨ੍ਹਾਂ ਦੇ ਯਾਰ ਵੀ ਹਨ। ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਇੱਥੇ ਇਨ੍ਹਾਂ ਨੂੰ ਖਾਣ ਪਿਆਉਣ ਦਾ ਕੁਝ ਵੀ ਨਹੀਂ ਹੈ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਤੁਸੀਂ ਇਹ ਕਿਵੇਂ ਇਨ੍ਹਾਂ ਦਾ ਵੈਲਕਮ ਕਰ ਰਹੇ ਹੋ। ਇੱਥੇ ਕੀ ਖਾਣ ਪਿਆਉਣ ਨੂੰ ਨਹੀਂ ਹੈ। ਇਹ ਤਾਂ ਤੁਹਾਡੀਆਂ ਯਾਦਾਂ ਲੈ ਕੇ ਜਾਣਗੇ ਕਿ ਆਪੋਜ਼ੀਸ਼ਨ ਇਸ ਤਰ੍ਹਾਂ ਗੱਲ ਕਰਦੀ ਹੈ। ਅਸੀਂ host ਹਾਂ। ਅਸੀਂ ਪੰਜਾਬੀ ਹਾਸਪੀਟੈਲਿਟੀ ਵਾਸਤੇ ਜਾਣੇ ਜਾਂਦੇ ਹਾਂ। ਤੁਸੀਂ ਕਹਿ ਰਹੇ ਹੋ ਕਿ ਇੱਥੇ ਖਾਣ ਪਿਆਉਣ ਨੂੰ ਕੁਝ ਨਹੀਂ ਹੈ। ਇਹ ਸੂਬਾ ਕਾਂਗਰਸ ਦਾ ਉਜਾੜਿਆ ਹੋਇਆ ਹੈ। ਅਸੀਂ ਇਸ ਨੂੰ ਕਾਮਯਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਬਾਜਵਾ ਜੀ, ਤੁਹਾਡਾ ਸਮਾਂ ਤਾਂ ਹੋ ਚੁੱਕਾ ਹੈ। ਹੁਣ ਤੁਸੀਂ ਬੈਠੋ । ਮੈਂ ਹੁਣ ਅੱਗੇ ਹੋਰ ਬੁਲਾਰੇ ਵੀ ਬੁਲਾਉਣੇ ਹਨ। ਬਾਜਵਾ ਜੀ ਤੁਸੀਂ ਸਾਰੀ ਪਾਰਟੀ ਦਾ ਸਮਾਂ ਲੈ ਗਏ, ਹਾਲੇ ਵੀ ਨਹੀਂ ਰੱਜੇ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਤੁਹਾਨੂੰ ਦੋ ਮਿੰਟ ਹੋਰ ਵੀ ਦੇ ਦਿੱਤੇ ਗਏ ਸਨ। ਸਭ ਦਾ ਸਮਾਂ ਦੇ ਦਿੱਤਾ ਗਿਆ ਹੈ। ਹੁਣ ਬੈਠੋ। ਹਾਂ ਜੀ, ਸ੍ਰੀ ਅਮਨ ਅਰੋੜਾ ਜੀ। (ਵਿਘਨ)(ਸ਼ੋਰ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। (ਵਿਘਨ)(ਸ਼ੋਰ) ਅੱਜ ਪੰਜਾਬ ਦੀ ਆਮ ਲੋਕਾਂ ਦੀ ਸਰਕਾਰ ਮਾਨ ਸਾਹਿਬ ਦੀ ਅਗਵਾਈ ਵਿੱਚ ਆਪਣੇ ਪੰਜਵੇਂ ਸਾਲ ਵਿੱਚ ਐਂਟਰ ਕਰਨ ਜਾ ਰਹੀ ਹੈ। ਸਰ, ਆਪਣਾ ਜੋ ਪੁਲੀਟੀਕਲ ਅਤੇ ਲੈਜਿਸਲੇਟਿਵ ਲੈਂਡਸਕੇਪ ਹੈ (ਵਿਘਨ)(ਸ਼ੋਰ)

(ਇਸ ਸਮੇਂ ਸਰਦਾਰ ਹਰਦੇਵ ਸਿੰਘ ਲਾਡੀ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹੁਣ ਬੈਠੋ। ਲਾਡੀ ਜੀ, ਬੈਠੋ। ਤੁਹਾਨੂੰ ਬੋਲਣ ਲਈ ਸਮਾਂ ਦਿੱਤਾ ਜਾਵੇਗਾ। ਹਾਊਸ ਨੂੰ ਚੱਲਣ ਦਿਓ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਸਾਨੂੰ ਇਹ ਕਹਿ ਰਹੇ ਸਨ ਕਿ ਸੁਣ ਕੇ ਜਾਇਓ ਅਤੇ ਆਪ ਹੁਣ ਇਨ੍ਹਾਂ ਨੇ ਆਪਣੀਆਂ ਕਿਤਾਬਾਂ ਚੁੱਕ ਲਈਆਂ। ਬਾਜਵਾ ਸਾਹਿਬ, ਬੈਠੋ ਹੁਣ। (ਵਿਘਨ)(ਸ਼ੋਰ) ਅਸੀਂ ਪਹਿਲਾਂ ਤੁਹਾਡੀ ਸੁਣੀ ਹੈ ਅਤੇ ਹੁਣ ਤੁਸੀਂ ਸਾਡੀ ਸੁਣ ਕੇ ਜਾਓ। ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਨੂੰ ਬਿਠਾਓ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਨਾ ਦੇਣ ਦੇ ਰੋਸ ਵਜੋਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ**: ਤੁਸੀਂ ਤਾਂ ਖਹਿਰਾ ਸਾਹਿਬ ਦਾ ਸਮਾਂ ਵੀ ਲੈ ਗਏ। (ਵਿਘਨ)(ਸ਼ੋਰ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਾਨੂੰ ਕਹਿ ਰਹੇ ਸੀ ਕਿ ਇੱਥੇ ਬੈਠ ਕੇ ਸੁਣ ਕੇ ਜਾਇਓ ਅਤੇ ਆਪ ਹੁਣ ਭੱਜੇ ਜਾਂਦੇ ਹਨ। ਇਨ੍ਹਾਂ ਨੂੰ ਬਿਠਾਓ। ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਜੇਕਰ ਮਾੜੀ ਮੋਟੀ ਵੀ ਸ਼ਰਮ ਹੈ ਤਾਂ ਇੱਥੇ ਬੈਠੋ। ਬਾਜਵਾ ਸਾਹਿਬ ਤਾਂ ਗਿਆਨ ਦੇ ਰਹੇ ਸਨ ਕਿ ਮੇਰੀ ਗੱਲ ਸੁਣ ਕੇ ਜਾਇਓ। (ਵਿਘਨ)(ਸ਼ੋਰ) ਹੁਣ ਟਿਕਾਈ ਨਾਲ ਸੁਣ ਤਾ ਲਵੋ।

**ਮਾਣਯੋਗ ਸਪੀਕਰ**: ਅਮਨ ਅਰੋੜਾ ਜੀ, ਤੁਸੀਂ ਕੰਟੀਨਿਊ ਕਰੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਰ, ਬਾਜਵਾ ਸਾਹਿਬ ਅਤੇ ਇਨ੍ਹਾਂ ਦੀ ਟੋਲੀ ਦੀ ਤਾਂ ਹੱਦ ਹੀ ਹੈ। ਇਹ ਸਾਨੂੰ ਗਿਆਨ ਦਿੰਦੇ ਸਨ ਕਿ ਸੁਣ ਕੇ ਜਾਇਓ, ਹੁਣ ਆਪ ਭੱਜੇ ਜਾ ਰਹੇ ਹਨ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਤੁਸੀਂ ਆਪਣੀ ਗੱਲ ਕੰਟੀਨਿਊ ਕਰੋ। ਤੁਹਾਡਾ ਮਾਈਕ ਆਨ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਮਾਨ ਸਾਹਿਬ ਦੀ ਅਗਵਾਈ ਵਿੱਚ ਸਾਡਾ ਚੌਥਾ ਸਾਲ ਅੱਜ ਪੰਜਾਬ ਦੀ ਤਰੱਕੀ ਵਿੱਚ ਐਂਟਰ ਕਰ ਰਿਹਾ ਹੈ।

**ਮਾਣਯੋਗ ਸਪੀਕਰ**: ਇੱਕ ਮਿੰਨ ਅਮਨ ਜੀ, ਮੈਂ ਸਤਿਕਾਰਯੋਗ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਵਿੱਚ ਜਿੰਨੇ ਟੂਲਜ਼ ਅਵੇਲੇਬਲ ਹਨ, ਉਹ ਸਾਰੇ ਅਵੇਲ ਕੀਤੇ ਜਾਣਗੇ ਇਨਕਲੂਡਿੰਗ ਜ਼ੀਰੋ ਆਵਰ ਵੀ ਪਰ ਤੁਸੀਂ ਚੇਅਰ ਨੂੰ ਡਿਕਟੇਟ ਨਹੀਂ ਕਰੋਗੇ। ਇਨਕਲੂਡਿੰਗ ਜ਼ੀਰੋ ਆਵਰ ਸਾਰੇ ਟੂਲ ਅਵੇਲ ਕਰਾਂਗੇ। ਇਹ ਮੈਂ ਡੀਸਾਈਡ ਕਰਨਾ ਹੈ ਕਿ ਇਹ ਕਦੋਂ ਹੋਣਾ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਪਹਿਲਾਂ ਮੇਰਾ ਸਮਾਂ ਦੁਬਾਰਾ ਸ਼ੁਰੂ ਕਰਵਾਓ। ਮੇਰੇ ਤਿੰਨ ਮਿੰਟ ਤਾਂ ਇਨ੍ਹਾਂ ਨੇ ਹੀ ਬਰਬਾਦ ਕਰ ਦਿੱਤੇ। ਮੇਰਾ ਸਮਾਂ ਦੁਬਾਰਾ ਸ਼ੁਰੂ ਕਰਵਾਓ। (ਵਿਘਨ)(ਸ਼ੋਰ)

## WALK OUT

**(** ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਨਾ ਦੇਣ ਦੇ ਰੋਸ ਵਜੋਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਵੈਸੇ ਇਹ ਤਾਂ ਬੇਸ਼ਰਮੀ ਦੀ ਹੱਦ ਹੈ, ਜੋ ਇਹ ਕਰਕੇ ਚਲੇ ਗਏ ਹਨ।

**ਮਾਣਯੋਗ ਸਪੀਕਰ**: ਤੁਸੀਂ ਆਪਣੀ ਗੱਲ ਸ਼ੁਰੂ ਕਰੋ।

-----

## DISCUSSION ON GOVERNOR'S ADDRESS AND VOTE ON THE MOTION OF THANKS (*RESUMPTION))*

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਾਨੂੰ ਕਹਿੰਦੇ ਸਨ ਕਿ ਸੁਣ ਲਿਓ। ਹੁਣ ਆਪ ਇਹ ਭੱਜੇ ਜਾ ਰਹੇ ਹਨ। ਸਰ, ਮੇਰੀ ਬੇਨਤੀ ਇਹ ਹੈ ਕਿ ਆਪਣੇ ਮੁਲਕ ਦਾ ਪੁਲੀਟੀਕਲ ਅਤੇ ਲੈਜਿਸਲੇਟਿਵ ਲੈਂਡਸਕੇਪ ਹੈ। ਉਹ ਇਹ ਕਹਿੰਦਾ ਹੈ ਕਿ ਤੁਸੀਂ ਹਰ ਪੁਲੀਟੀਕਲ ਪਾਰਟੀ ਲੀਡਰ ਲੋਕਾਂ ਵਿੱਚ ਜਾਣ, ਆਪਣੀ ਗੱਲ ਰੱਖਣ, ਆਪਣਾ ਮੈਨੀਫੈਸਟੋ ਰੱਖਣ। ਜਿਹੜੀ ਵੀ ਪਾਰਟੀ ਦੀ ਸਰਕਾਰ ਬਣ ਜਾਵੇ।

**1150/Gurpreet kaur/Rajneesh kumar**

**1155/Rajneet Kaur**

ਜਿਹੜੀ ਪਾਰਟੀ ਦੀ ਸਰਕਾਰ ਬਣ ਜਾਵੇ ਉਹ ਪਾਰਟੀ ਉਸ ਮੈਨੀਫੈਸਟੋ ਮੁਤਾਬਿਕ ਆਪਣਾ ਕੰਮ ਕਰੇ ਅਤੇ ਜਿਵੇਂ ਜਿਵੇਂ ਸਾਲ ਅੱਗੇ ਚਲਦੇ ਜਾਣ, ਗਵਰਨਰ ਐਡਰੈੱਸ ਦੇ ਜ਼ਰੀਏ ਸਰਕਾਰ ਦੇ ਕੀਤੇ ਕੰਮਾਂ ਦਾ ਲੇਖਾ ਜੋਖਾ ਲੋਕਾਂ ਵਿੱਚ ਰੱਖ ਦਿੱਤਾ ਜਾਂਦਾ ਹੈ ਅਤੇ ਸਰਕਾਰ ਅਗਲੇ ਆਉਣ ਵਾਲੇ ਇੱਕ ਸਾਲ ਦੇ ਵਿੱਚ ਕੀ ਕਰੇਗੀ, ਉਹ ਬਜਟ ਵਿੱਚ ਰੱਖ ਦਿੱਤਾ ਜਾਂਦਾ ਹੈ। ਸਪੀਕਰ ਸਾਹਿਬ, ਹੁਣ ਬਾਜਵਾ ਸਾਹਿਬ ਨੇ ਬਹੁਤ ਗੱਲਾਂ ਕੀਤੀਆਂ ਹਨ। ਮੇਰੀ ਬੇਨਤੀ ਇਹੀ ਹੈ ਕਿ ਅੱਜ ਲੇਖੇ ਜੋਖੇ ਦਾ ਹੀ ਟਾਈਮ ਹੈ। ਜੋ ਕੱਲ੍ਹ ਚੀਮਾ ਸਾਹਿਬ ਨੇ ਬਜਟ ਰੱਖਿਆ ਹੈ, ਉਸ ਬਾਰੇ ਇਨ੍ਹਾਂ ਨੇ ਗੱਲ ਕੀਤੀ ਹੈ। ਮੈਂ ਅੱਜ ਬਜਟ ਦੀ ਗੱਲ ਨਹੀਂ ਕਰਾਂਗਾ ਕਿਉਂਕਿ ਗਵਰਨਰ ਐਡਰੈੱਸ ਤੇ ਗੱਲ ਚੱਲ ਰਹੀ ਹੈ, ਇਸ ਲਈ ਗਵਰਨਰ ਐਡਰੈੱਸ ਦੀ ਹੀ ਗੱਲ ਕਰਾਂਗਾ। ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆਈ, ਪਰਸੋਂ 6 ਮਾਰਚ ਵਾਲੇ ਦਿਨ ਸਾਰੇ ਕਾਂਗਰਸ ਵਾਲੇ ਬਾਜਵਾ ਸਾਹਿਬ ਦੀ ਅਗਵਾਈ ਵਿੱਚ ਗਵਰਨਰ ਐਡਰੈੱਸ ਵੇਲੇ ਵਾਕ ਆਊਟ ਕਰ ਗਏ। ਸਾਰਾ ਪੰਜਾਬ ਇਹ ਗੱਲ ਨਹੀਂ ਸਮਝ ਸਕਿਆ ਕਿ ਗਵਰਨਰ ਸਾਹਿਬ ਨੂੰ ਬਿਨਾਂ ਸੁਣੇ ਕਿਉਂ ਚਲੇ ਗਏ। ਗਵਰਨਰ ਸਾਹਿਬ ਕੀ ਕਹਿ ਰਹੇ ਸਨ ਕਿ ਭਗਵੰਤ ਮਾਨ ਦੀ ਸਰਕਾਰ ਨੇ ਆਹ ਆਹ ਕੰਮ ਕੀਤੇ ਹਨ, ਬਿਨਾਂ ਸੁਣੇ ਅਤੇ ਬਿਨਾਂ ਪੜ੍ਹੇ, ਆਪਣੇ ਕਾਗਜ਼ ਚੁੱਕੇ ਅਤੇ ਬਾਹਰ ਨੂੰ ਚਲੇ ਗਏ। ਹੁਣ ਮੇਰੀ ਬੇਨਤੀ ਹੈ ਕਿ ਮੈਂ ਅਗਲੀ ਗੱਲ ਨਹੀਂ ਕਰਨੀ, ਜੋ ਪਿਛਲੀ ਸਰਕਾਰ ਦਾ ਰੀਅਰ ਵਿਊ ਮਿਰਰ ਹੈ, ਜੋ ਪਿਛਲੇ ਪੰਜ-ਚਾਰ ਸਾਲ ਦੇ ਵਿੱਚ ਅਸੀਂ ਕੀ ਕੀਤਾ ਅਤੇ ਇਸ ਤੋਂ ਪਿੱਛੇ ਜਾ ਕੇ ਇਨ੍ਹਾਂ ਦੀ ਮੋਤੀਆਂ ਵਾਲੀ ਸਰਕਾਰ ਨੇ ਕੀ ਕੀਤਾ। ਸਪੀਕਰ ਸਾਹਿਬ, ਸਾਲ 2017 ਦੇ ਵਿੱਚ ਬਹੁਤ ਝੂਠੇ ਲਾਰੇ ਲਗਾ ਕੇ ਸੱਤਾ ਵਿੱਚ ਆਏ ਸਨ। ਸਾਰਾ ਪੰਜਾਬ ਇਹ ਜਾਣਦਾ ਹੈ ਕਿ ਸ੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਮਾਨ ਸਾਹਿਬ ਨੇ 5 ਵਾਅਦੇ ਕੀਤੇ ਸਨ ਅਤੇ 5 ਦੀਆਂ 5 ਗਾਰੰਟੀਆਂ ਪੂਰੀਆਂ ਹੋ ਚੁੱਕੀਆਂ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਹੁਣ ਇਨ੍ਹਾਂ ਦੀ ਕੀ ਕਰਤੂਤ ਰਹੀ ਹੈ ਅਤੇ ਕੀ ਕਾਰਗੁਜ਼ਾਰੀ ਰਹੀ ਹੈ, ਮੈਂ ਕਾਂਗਰਸ ਪਾਰਟੀ ਦਾ ਸਾਲ 2017 ਤੋਂ 2022 ਤੱਕ ਦਾ ਮੈਨੀਫੈਸਟੋ ਨਾਲ ਲੈ ਕੇ ਆਇਆ ਹਾਂ। ਇਸ ਦੇ ਨਾਲ ਨਾਲ ਜਿਹੜੇ ਸਾਡੇ ਪੰਜ ਗਵਰਨਰ ਐਡਰੈੱਸ ਹਨ ਕਿਉਂਕਿ ਮੈਂ ਗਵਰਨਰ ਐਡਰੈੱਸ ਤੇ ਬੋਲ ਰਿਹਾ ਹਾਂ, ਉਹ ਨਾਲ ਲੈ ਕੇ ਆਇਆ ਹਾਂ। ਸਾਡੇ ਪੰਜ ਗਵਰਨਰ ਐਡਰੈੱਸ ਅਤੇ ਕਾਂਗਰਸ ਪਾਰਟੀ ਦੇ ਪੰਜ ਗਵਰਨਰ ਐਡਰੈੱਸ ਨਾਲ ਲੈ ਕੇ ਆਇਆ ਹਾਂ। ਅੱਜ ਲੇਖੇ-ਜੋਖੇ ਦਾ ਸਮਾਂ ਹੈ।

*11.57 ਵਜੇ ਪੂਰਵ ਦੁਪਹਿਰ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਕੀ ਕਹਿ ਰਹੇ ਸਨ ਜਿਸ ਨੂੰ ਕਿ ਇਹ ਬਿਨਾਂ ਸੁਣੇ, ਬਿਨਾਂ ਪੜ੍ਹੇ, ਉੱਠ ਕੇ ਤੁਰ ਗਏ। ਗਵਰਨਰ ਸਾਹਿਬ ਨੌਕਰੀਆਂ ਦੀ ਗੱਲ ਕਰ ਰਹੇ ਸਨ। ਕਾਂਗਰਸ ਪਾਰਟੀ ਦੇ ਮੈਨੀਫੈਸਟੋ ਦੇ ਪੇਜ ਨੰ: 24 ਉੱਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਿਹਾ ਗਿਆ ਕਿ ਘਰ ਘਰ ਨੌਕਰੀ ਦੇਵਾਂਗੇ। 'ਕੈਪਟਨ ਨੇ ਸਹੁੰ ਚੁੱਕੀ, ਘਰ-ਘਰ ਨੌਕਰੀ ਪੱਕੀ' , ਸਰ, ਇਹ ਇੱਕ ਨੌਕਰੀ ਗਿਣਾ ਦੇਣ। ਆਹ ਬੈਠਾ ਪੰਜਾਬ ਦਾ ਪੁੱਤ, (ਮੁੱਖ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ।) 63 ਹਜ਼ਾਰ ਨੌਕਰੀਆਂ ਬਿਨਾਂ ਪੈਸਿਆਂ ਅਤੇ ਬਿਨਾਂ ਸਿਫਾਰਸ਼ਾਂ ਤੋਂ ਦੇ ਚੁੱਕਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਸ ਦਿਨ ਮਾਣਯੋਗ ਗਵਰਨਰ ਸਾਹਿਬ ਵੀ ਇਹੀ ਗੱਲ ਕਹਿ ਰਹੇ

ਸਨ। ਸਰ, ਇਸ ਤੋਂ ਇਲਾਵਾ ਇਨ੍ਹਾਂ ਨੇ ਕਿਹਾ ਸੀ ਕਿ ਜਿਸ ਨੂੰ ਅਸੀਂ ਨੌਕਰੀ ਨਹੀਂ ਦੇ ਸਕਾਂਗੇ, ਉਸ ਨੂੰ 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਵਾਂਗੇ। ਇਹ ਮੇਰੇ ਸਾਹਮਣੇ ਇੱਕ ਬੰਦਾ ਲਿਆ ਦੇਣ ਜਿਸ ਨੂੰ ਕਿ 2500 ਰੁਪਏ ਬੇਰੁਜ਼ਗਾਰੀ ਭੱਤਾ ਮਿਲਿਆ ਹੋਵੇ। ਇਹ ਹੁਣ ਗੱਲ ਕਰਦੇ ਸੀ ਕਿ ਤੁਸੀਂ 48000 ਵਾਲਾ ਲਿਫਾਫਾ ਲੈ ਕੇ ਤੁਰ ਗਏ। ਉਹ ਭਾਈ! ਜੇ ਸਾਡਾ 48000 ਦਿਖਦਾ ਹੈ ਤਾਂ 2500 ਰੁਪਏ ਪ੍ਰਤੀ ਮਹੀਨੇ ਦਾ 60 ਮਹੀਨਿਆਂ ਦਾ ਡੇਢ ਲੱਖ ਰੁਪਿਆ ਇਕੱਲੇ ਇਕੱਲੇ ਨੌਜਵਾਨ ਦਾ ਲਿਫਾਫਾ ਲੈ ਕੇ ਭੱਜ ਗਏ। ਬੇਰੁਜ਼ਗਾਰੀ ਭੱਤੇ ਦਾ ਇਕੱਲੇ ਇਕੱਲੇ ਨੌਜਵਾਨ ਦਾ ਡੇਢ ਲੱਖ ਰੁਪਿਆ ਬਣਦਾ ਹੈ। ਇਨ੍ਹਾਂ ਨੇ ਨਾ ਕਿਸੇ ਨੂੰ ਨੌਕਰੀ ਦਿੱਤੀ, ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ। ਅੱਜ ਇਨ੍ਹਾਂ ਨੂੰ ਸਾਡੇ ਵਿੱਚ ਕਮੀਆਂ ਨਜ਼ਰ ਆਈ ਜਾਂਦੀਆਂ ਹਨ। ਸਰ, ਗਵਰਨਰ ਸਾਹਿਬ ਕੀ ਕਹਿ ਰਹੇ ਸਨ ਅਤੇ ਇਨ੍ਹਾਂ ਦੇ ਗਵਰਨਰ ਸਾਹਿਬ ਹੈਲਥ ਬਾਰੇ ਕੀ ਕਹਿ ਰਹੇ ਸਨ? ਹੈਲਥ ਬਾਰੇ ਇਨ੍ਹਾਂ ਨੇ ਦਿੱਲੀ ਦੀ ਨਕਲ ਕਰਦੇ ਹੋਏ ਕਿਹਾ ਕਿ ਹਰ ਹਜ਼ਾਰ ਬੰਦੇ ਮਗਰ ਪੰਜਾਬ ਵਿੱਚ ਇੱਕ ਮੁਹੱਲਾ ਕਲੀਨਿਕ ਬਣਾਵਾਂਗੇ ਜਿਹੜਾ ਕਿ ਪੇਜ ਨੰ: 59 ਤੇ ਦਰਜ ਹੈ। ਇਨ੍ਹਾਂ ਨੇ ਨਾਲ ਹੀ ਕਿਹਾ ਸੀ ਕਿ ਨਵੇਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਭਰਤੀ ਕਰਾਂਗੇ, ਇਹ ਪੇਜ ਨੰ: 60 ਤੇ ਦਰਜ ਹੈ। ਸਰ, ਇਹ ਇੱਕ ਮੁਹੱਲਾ ਕਲੀਨਿਕ ਦਿਖਾ ਦੇਣ ਜਿਹੜਾ ਕਿ ਪੰਜ ਸਾਲਾਂ ਵਿੱਚ ਖੁੱਲ੍ਹਿਆ ਹੋਵੇ। ਭਗਵੰਤ ਮਾਨ ਦੀ ਸਰਕਾਰ ਨੇ 881 ਮੁਹੱਲਾ ਕਲੀਨਿਕ ਖੋਲ੍ਹ ਦਿੱਤੇ ਅਤੇ 240 ਦੀ ਤਿਆਰੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਦੇ ਨਾਲ ਹੀ 1750 ਦੇ ਕਰੀਬ ਸਪੈਸ਼ਲਿਸਟ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਨੌਕਰੀਆਂ ਦੀਆਂ ਚਿੱਠੀਆਂ ਵੰਡ ਚੁੱਕੇ ਹਨ। ਸਰ, ਹਰ ਵੈਲਫੇਅਰ ਸਟੇਟ ਹੈਲਥ ਐਜੂਕੇਸ਼ਨ ਦੇ ਬਾਰੇ ਗੱਲ ਕਰਦੀ ਹੈ ਅਤੇ ਇਨ੍ਹਾਂ ਨੇ (ਕਾਂਗਰਸ ਸਰਕਾਰ) ਐਜੂਕੇਸ਼ਨ ਦੇ ਬਾਰੇ ਕੀ ਕਿਹਾ ਸੀ ਕਿ ਪੇਜ ਨੰ: 57 ਉੱਤੇ ਕਿਹਾ ਸੀ ਕਿ ਟੀਚਰ ਰਿਕਰੂਟ ਕਰਾਂਗੇ। ਇਨ੍ਹਾਂ ਨੇ ਪੰਜਾਂ ਸਾਲਾਂ ਵਿੱਚ ਇੱਕ ਟੀਚਰ ਰਿਕਰੂਟ ਕੀਤਾ ਜਾਂ ਨਵਾਂ ਰੈਗੂਲਰਾਈਜ਼ ਕੀਤਾ ਤਾਂ ਮੈਨੂੰ ਦਿਖਾ ਦੇਣ, ਮੈਂ ਇਨ੍ਹਾਂ ਨੂੰ ਮੰਨ ਜਾਵਾਂਗਾ। 5 ਸਾਲਾਂ ਵਿੱਚ ਮਾਨ ਸਾਹਿਬ ਦੀ ਅਗਵਾਈ ਵਿੱਚ ਇਹ ਕੰਮ ਅਸੀਂ ਕੀਤਾ। 13765 ਨਵੀਆਂ ਟੀਚਰਾਂ ਦੀਆਂ ਭਰਤੀਆਂ, 12923 ਬਾਕੀ ਸਟਾਫ ਦੀ ਭਰਤੀ ਤਕਰੀਬਨ 26500 ਸਿੱਖਿਆ ਦੇ ਨਾਲ ਸਬੰਧਿਤ ਮੁਲਾਜ਼ਮਾਂ ਨੂੰ ਨੌਕਰੀਆਂ ਸਾਢੇ ਚਾਰ ਸਾਲ ਵਿੱਚ ਭਗਵੰਤ ਮਾਨ ਦੀ ਸਰਕਾਰ ਨੇ ਦਿੱਤੀਆਂ ਹਨ। (ਘੰਟੀ)
** **

**1200/Kuldeep kaur**

ਸਰ, ਅਗਲੀ ਗੱਲ ਇਨ੍ਹਾਂ ਨੇ ਪੇਜ ਨੰਬਰ 59 ਤੇ ਕਿਹਾ ਕਿ ਪੰਜਾਬ ਵਿੱਚ 3 ਐਨ.ਡੀ.ਏ. preparatory ਸਕੂਲ ਬਣਾਵਾਂਗੇ, ਇੱਕ ਦਾ ਨਾਂ ਨਹੀਂ ਲਿਆ ਅਤੇ ਜੇ ਉਹ ਅਨਾਊਂਸ ਹੋਇਆ ਹੈ ਤਾਂ ਕੱਲ੍ਹ ਚੀਮਾ ਸਾਹਿਬ ਨੇ ਸੰਤ ਬਾਬਾ ਅਤਰ ਸਿੰਘ ਮਹਾਰਾਜ ਜੀ ਦੀ ਧਰਤੀ ਤੇ ਇਨ੍ਹਾਂ ਨੇ ਅਨਾਊਂਸ ਕੀਤਾ ਹੈ ਅਤੇ ਸਾਡੀ ਸਰਕਾਰ ਇਹ ਸਕੂਲ ਬਣਾਉਣ ਜਾ ਰਹੀ ਹੈ। ਇਸੇ ਤਰੀਕੇ ਸਪੋਰਟਸ ਬਾਰੇ ਇਨ੍ਹਾਂ ਨੇ ਪੇਜ ਨੰਬਰ 89 ਤੇ ਕਿਹਾ ਸੀ ਕਿ ਪਿੰਡ ਪਿੰਡ ਸਪੋਰਟਸ ਕੰਪਲੈਕਸ ਬਣਾਵਾਂਗੇ। ਜੇਕਰ ਇਨ੍ਹਾਂ ਨੇ ਇੱਕ ਵੀ ਬਣਾਇਆ ਹੋਵੇ ਤਾਂ ਦਿਖਾ ਦੇਣ। ਅਸੀਂ 3100 ਸਪੋਰਟਸ ਕੰਪਲੈਕਸ ਬਣਾ ਚੁੱਕੇ ਹਾਂ ਅਤੇ ਇਸ ਸਾਲ 6000 ਸਪੋਰਟਸ ਕੰਪਲੈਕਸ ਬਣਾਉਣ ਦੀ ਤਿਆਰੀ ਹੈ। ਸਰ, ਵਾਅਦੇ ਇਨ੍ਹਾਂ ਦੇ ਕੀਤੇ ਹੋਏ ਹਨ, ਲੋਕਾਂ ਦਾ ਸਿਆਸੀ ਲੋਕਾਂ ਤੋਂ ਵਿਸ਼ਵਾਸ ਉੱਠ ਚੁੱਕਿਆ ਸੀ ਇਨ੍ਹਾਂ ਦੇ ਕੀਤੇ ਵਾਅਦੇ ਅਸੀਂ ਪੂਰੇ ਕਰੀ ਜਾਂਦੇ ਹਾਂ। ਇਹ ਕੁਝ ਸੁਣਦੇ ਨਹੀਂ ਅਤੇ ਬਿਨਾਂ ਸੁਣੇ, ਬਿਨਾਂ ਪੜ੍ਹੇ ਮੂੰਹ ਚੁੱਕ ਕੇ ਬਾਹਰ ਨੂੰ ਤੁਰ ਜਾਂਦੇ ਹਨ। ਇਨ੍ਹਾਂ ਦੀ ਕਮਾਲ ਹੋਈ ਪਈ ਹੈ। ਬੇਘਰਾਂ ਦੇ ਘਰਾਂ ਦੀ ਗੱਲ ਕੀਤੀ, ਸਰ, ਗਵਰਨਰ ਸਾਹਿਬ ਨੇ ਕਿਹਾ ਹੈ ਕਿ ਸਾਰੇ ਪੰਜਾਂ

ਸਾਲਾਂ ਵਿੱਚ ਇਨ੍ਹਾਂ ਨੇ ਮਹਿਜ਼ 39,000 ਬੇਘਰਾਂ ਨੂੰ ਘਰ ਦਿੱਤੇ ਅਤੇ ਸਾਡੀ ਸਰਕਾਰ ਨੇ ਸਾਲ 2025-26 ਵਿੱਚ ਇੱਕ ਸਾਲ ਵਿੱਚ 76,000 ਬੇਘਰਾਂ ਨੂੰ ਘਰ ਬਣਾ ਕੇ ਦਿੱਤੇ ਹਨ। ਇਸ ਇੱਕ ਸਾਲ ਵਿੱਚ ਇੱਕ ਲੱਖ ਬੇਘਰਾਂ ਨੂੰ ਘਰ ਬਣਾ ਕੇ ਦੇਣ ਦਾ ਟੀਚਾ ਹੋਰ ਦਿੱਤਾ ਹੋਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਮੈਂ ਇਨ੍ਹਾਂ ਤੋਂ ਇਹ ਹੀ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਉੱਠ ਕੇ ਕਿਉਂ ਚੱਲ ਗਏ? ਗਵਰਨਰ ਸਾਹਿਬ ਕੀ ਕਹਿਣਾ ਚਾਹੁੰਦੇ ਸਨ? ਗਵਰਨਰ ਸਾਹਿਬ ਕਹਿੰਦੇ ਸਨ ਕਿ ਭਗਵੰਤ ਮਾਨ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਅਤੇ 10 ਲੱਖ 63 ਹਜ਼ਾਰ ਨੌਜਵਾਨ ਬੱਚੇ ਜਿਹੜੇ ਇਸ ਦਲਦਲ ਵਿੱਚ ਫਸ ਚੁੱਕੇ ਸਨ, ਉਨ੍ਹਾਂ ਦਾ ਇਲਾਜ ਕਰਵਾਇਆ। ਗਵਰਨਰ ਸਾਹਿਬ ਕੀ ਕਹਿਣਾ ਚਾਹੁੰਦੇ ਸਨ, ਉਹ ਕਹਿੰਦੇ ਕਿ ਸੇਵਾ ਕੇਂਦਰਾਂ ਦੇ ਜ਼ਰੀਏ ਪੰਜਾਬ ਦੇ ਲੋਕਾਂ ਨੂੰ ਸਰਵਿਸ ਦੇਣ ਦੀ pendency ਅੱਜ lowest ਹੈ ਪਰ ਇਨ੍ਹਾਂ ਨੂੰ ਇਹ ਸੁਣਨਾ ਗਵਾਰਾ ਨਹੀਂ ਹੈ। ਗਵਰਨਰ ਸਾਹਿਬ ਕੀ ਕਹਿਣਾ ਚਾਹੁੰਦੇ ਸਨ ਕਿ 7,50,000 ਲੋਕਾਂ ਨੂੰ ਭਗਵੰਤ ਮਾਨ ਸਰਕਾਰ, ਤੀਰਥ ਯਾਤਰਾ ਦੇ ਜ਼ਰੀਏ ਗੁਰੂ ਘਰਾਂ ਦੇ ਨਾਲ ਅਤੇ ਤੀਰਥ ਸਥਾਨਾਂ ਦੇ ਨਾਲ ਜੋੜ ਰਹੀ ਹੈ ਪਰ ਇਨ੍ਹਾਂ ਨੂੰ ਇਹ ਸੁਣਨਾ ਗਵਾਰਾ ਨਹੀਂ ਸੀ। ਸੜਕ ਸੁਰੱਖਿਆ ਫੋਰਸਾਂ ਦੇ ਜ਼ਰੀਏ ਹੁਣ ਤੱਕ 47,000 ਲੋਕਾਂ ਦੀ ਜਾਨ ਬਚਾਈ ਜਾ ਚੁੱਕੀ ਹੈ। ਡਿਪਟੀ ਸਪੀਕਰ ਸਾਹਿਬ, ਹਰ ਰੋਜ਼ 63 ਬੰਦਿਆਂ ਦੀ ਜਾਨ ਬਚ ਰਹੀ ਹੈ, ਇਹ ਭਗਵੰਤ ਮਾਨ ਸਰਕਾਰ ਦਾ ਕੰਮ ਹੈ। ਨਵੀਂ ਇੰਡਸਟਰੀਅਲ ਪਾਲਿਸੀ ਦੇ ਜ਼ਰੀਏ ਡੇਢ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਪਿਛਲੇ 4 ਸਾਲਾਂ ਵਿੱਚ ਆ ਚੁੱਕੀ ਹੈ ਅਤੇ ਸਾਢੇ 5 ਲੱਖ ਨੌਕਰੀਆਂ ਪੈਦਾ ਹੋਣਗੀਆਂ। ਗਵਰਨਰ ਸਾਹਿਬ ਜਦੋਂ ਇਹ ਦੱਸ ਰਹੇ ਸਨ ਤਾਂ ਇਨ੍ਹਾਂ ਦੇ ਕੰਨਾਂ ਦੇ ਵਿੱਚ ਫੋੜੇ ਹੋਣ ਦਾ ਡਰ ਸੀ, ਇਸ ਕਰਕੇ ਹੀ ਇਹ ਉੱਠ ਕੇ ਤੁਰ ਗਏ ਸਨ। ਬਿਜਲੀ ਦੇ 600 ਯੂਨਿਟ ਹਰ ਘਰ ਨੂੰ ਮੁਫਤ ਮਿਲ ਰਹੇ ਹਨ। ਪਹਿਲੀ ਵਾਰ ਹੋਇਆ ਹੈ ਕਿ ਕਿਸੇ ਪ੍ਰਾਈਵੇਟ ਪਲੇਅਰ ਤੋਂ ਸਰਕਾਰ ਨੇ ਪਾਵਰ ਪਲਾਂਟ ਖਰੀਦਿਆ ਹੋਵੇ। ਜੀ.ਵੀ.ਕੇ ਦਾ ਪਾਵਰ ਪਲਾਂਟ ਜੇ ਸਭ ਤੋਂ ਸਸਤੇ ਰੇਟਾਂ ਦੇ ਉੱਪਰ ਖਰੀਦਿਆ ਹੈ ਤਾਂ ਭਗਵੰਤ ਮਾਨ ਸਰਕਾਰ ਨੇ ਖਰੀਦਿਆ ਹੈ। ਕਿਸਾਨ ਵੀਰਾਂ ਨੂੰ ਸਾਰੀ ਸਾਰੀ ਰਾਤ ਸੱਪਾਂ ਦੀਆਂ ਸਿਰੀਆਂ ਮਿੱਦਣ ਦੀ ਲੋੜ ਨਹੀਂ ਪੈਂਦੀ, ਦਿਨ ਵਿੱਚ ਅਫਸਰਾਂ ਵਾਂਗ 9.00 ਵਜੇ ਜਾਂਦੇ ਹਨ ਅਤੇ 5.00 ਵਜੇ ਘਰ ਆ ਜਾਂਦੇ ਹਨ। ਜੇ ਇਹ ਸੰਭਵ ਹੋਇਆ ਹੈ ਤਾਂ ਇਸ ਸਰਕਾਰ ਵਿੱਚ ਹੀ ਹੋਇਆ ਹੈ ਅਤੇ ਗਵਰਨਰ ਸਾਹਿਬ ਇਹ ਆਪਣੇ ਐਡਰੈੱਸ ਵਿੱਚ ਕਹਿਣਾ ਚਾਹੁੰਦੇ ਸਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਨਵੀਆਂ ਸੜਕਾਂ ਦੀ ਗੱਲ ਕਰ ਲਈਏ ਤਾਂ 44,000 ਕਿਲੋਮੀਟਰ ਨਵੀਆਂ ਸੜਕਾਂ 16,000/- ਰੁਪਏ ਪ੍ਰਤੀ ਕਿਲੋਮੀਟਰ ਦੀ ਲਾਗਤ ਨਾਲ ਚਾਰ ਸਾਲਾਂ ਵਿੱਚ ਬਣ ਚੁੱਕੀਆਂ ਹਨ। ਇਰੀਗੇਸ਼ਨ ਅੰਡਰ ਗਰਾਊਂਡ ਪਾਈਪਲਾਈਨਾਂ ਦੀ ਦੀ ਕੈਨਾਲ ਵਾਟਰ ਵੇਜ਼ ਦੀ ਗੱਲ ਕਰ ਲਈਏ ਤਾਂ 6000 ਕਿਲੋਮੀਟਰ ਲੰਬੀਆਂ ਲਾਈਨਾਂ 53000/- ਕਰੋੜ ਰੁਪਏ ਦੀ ਲਾਗਤ ਨਾਲ ਚਾਰ ਸਾਲਾਂ ਵਿੱਚ ਬਣ ਚੁੱਕੀਆਂ ਹਨ। ਇਹ ਹੀ ਗਵਰਨਰ ਸਾਹਿਬ ਕਹਿਣਾ ਚਾਹੁੰਦੇ ਸਨ ਪਰ ਇਨ੍ਹਾਂ ਨੂੰ ਉਹ ਹਜ਼ਮ ਨਹੀਂ ਹੋ ਸਕਦਾ ਸੀ, ਇਸੇ ਕਰਕੇ ਮੇਰਾ ਆਬਜੈਕਸ਼ਨ ਹੈ ਕਿ ਅੱਜ ਤਾਂ ਆਪ ਬੋਲ ਕੇ ਤੁਰ ਗਏ, ਉਸ ਦਿਨ ਵੀ ਰੌਲਾ ਪਾ ਕੇ ਤੁਰ ਗਏ ਸਨ। ਹੁਣ ਮੇਰਾ ਸਵਾਲ ਇਹ ਹੀ ਹੈ, ਮੈਂ ਇਹ ਹੀ ਪੁੱਛਣਾ ਚਾਹੁੰਦਾ ਸੀ, ਚੰਗਾ ਹੁੰਦਾ ਜੇ ਇੱਥੇ ਮੇਰੇ ਸਾਹਮਣੇ ਬੈਠੇ ਹੁੰਦੇ। ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਦੇ ਸਵਾਦ ਹੀ ਫੇਰ ਹੈ, ਪਿੱਠ ਪਿੱਛੇ ਗੱਲ ਕਰੀ ਦਾ ਸਵਾਦ ਨਹੀਂ ਆਉਂਦਾ। ਮੈਂ ਇਸੇ ਕਰਕੇ ਪੁੱਛਣਾ ਚਾਹੁੰਦਾ ਹਾਂ ਕਿ ਇਹ ਗਵਰਨਰ ਐਡਰੈੱਸ ਵਾਲੇ ਦਿਨ ਉੱਠ ਕੇ ਕਿਉਂ ਚੱਲ ਗਏ ਸਨ? ਡਿਪਟੀ ਸਪੀਕਰ ਸਾਹਿਬ, ਥੋੜ੍ਹੇ ਦਿਨ ਪਹਿਲਾਂ ਕਾਂਗਰਸ ਪਾਰਟੀ ਦੀ ਪੰਜਾਬ ਵਿੱਚ ਰੈਲੀ ਸੀ। ਉੱਥੇ ਇਨ੍ਹਾਂ ਦੇ ਆਪੋਜੀਸ਼ਨ ਲੀਡਰ ਰਾਹੁਲ ਗਾਂਧੀ ਜੀ ਅਤੇ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਜੀ ਆਏ ਸਨ। ਉਨ੍ਹਾਂ ਨੇ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ) ਨੂੰ ਕਿਹਾ ਕਿ ਜੇ ਬੰਦੇ ਦੇ ਪੁੱਤ ਹੋ ਤਾਂ ਕੰਮ ਕਰ ਲਵੋ ਨਹੀਂ ਮੈਂ ਤੁਹਾਨੂੰ ਰਿਜ਼ਰਵ ਵਿੱਚ

ਲਗਾ ਦੇਵਾਂਗਾ, ਨਿਊਟਲ ਬਿਠਾ ਦੇਵਾਂਗਾ। ਸਰ, ਉਹ ਜਿੰਨੇ ਇੱਥੇ ਮੂਹਰਲੀਆਂ ਲਾਈਨਾਂ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵਿੱਚ ਬੈਠਦੇ ਹਨ ਔਰ ਪਾਰਲੀਮੈਂਟ ਵਿੱਚ ਹਨ, ਸਾਰਿਆਂ ਨੂੰ ਕਹਿ ਕੇ ਗਿਆ ਹੈ। ਜੇ ਇਨ੍ਹਾਂ ਵਿੱਚ ਮਾੜੀ ਮੋਟੀ ਅਣਖ-ਗੈਰਤ ਹੁੰਦੀ ਤਾਂ ਉਸ ਦਿਨ ਸਟੇਜ ਦੇ ਉੱਪਰੋਂ ਉੱਠ ਕੇ ਤੁਰ ਕੇ ਜਾਂਦੇ ਕਿ ਹਜ਼ਾਰਾਂ ਲੋਕਾਂ ਦੇ ਸਾਹਮਣੇ ਤੂੰ ਸਾਡੀ ਪੰਜਾਬ ਦੇ ਲੀਡਰਾਂ ਦੀ ਬੇਇੱਜ਼ਤੀ ਕਿਵੇਂ ਕਰਦਾ ਹੈ? ਉਸ ਦਿਨ ਬੇਸ਼ਰਮਾਂ ਵਾਂਗੂੰ ਸਿਰ ਨੀਵੀਂ ਪਾ ਕੇ ਬੈਠੇ ਰਹੇ ਅਤੇ ਅੱਜ ਜਦੋਂ ਭਗਵੰਤ ਮਾਨ ਸਰਕਾਰ ਦੇ ਕੰਮਾਂ ਦੀ ਲਿਸਟ, ਗਿਣਤੀ ਗਵਰਨਰ ਸਾਹਿਬ ਕਰਵਾ ਰਹੇ ਸਨ, ਉਸ ਦਿਨ ਉੱਠ ਕੇ ਤੁਰ ਗਏ। ਸੋ, ਮੈਂ ਇਨ੍ਹਾਂ ਨੂੰ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਤੁਹਾਡਾ ਲੀਡਰ ਤਾਂ ਤੁਹਾਨੂੰ ਰਿਜ਼ਰਵ ਵਿੱਚ ਲਗਾ ਗਿਆ ਹੈ ਅਤੇ ਪੰਜਾਬ ਦੇ ਲੋਕਾਂ ਦੀ ਡਿਵੈਲਪਮੈਂਟ ਦੀ ਗੱਡੀ ਦਾ ਗੇਅਰ ਭਗਵੰਤ ਮਾਨ ਸਰਕਾਰ ਨੇ ਅਰਵਿੰਦ ਕੇਜਰੀਵਾਲ ਜੀ ਦੀ ਦੂਰ-ਅੰਦੇਸ਼ੀ ਸੋਚ ਦੇ ਸਦਕਾ ਇੱਕ ਡਿਵੈਲਪਮੈਂਟ ਦਾ ਗੇਅਰ ਪੰਜਾਬ ਨੇ ਪਾਇਆ ਹੋਇਆ ਹੈ। ਮਸਾਂ ਚਾਰ ਸਾਲਾਂ ਵਿੱਚ ਡਿਵੈਲਪਮੈਂਟ ਦੀ ਲੀਹ ਉੱਪਰ ਪੰਜਾਬ ਨੂੰ ਚੜ੍ਹਾਇਆ ਹੈ। ਕਿਰਪਾ ਕਰਕੇ ਇਹੋ ਜਿਹੀਆਂ ਕਰਤੂਤਾਂ, ਇਹੋ ਜਿਹੀਆਂ ਕੋਝੀਆਂ ਹਰਕਤਾਂ ਕਰਨੀਆਂ ਛੱਡੋ। ਸਚਾਈ ਨੂੰ ਸੁਣੋ। ਸਾਡੇ ਨਾਲੋਂ ਲਾਈਨ ਲੰਮੀ ਕਰੋ। ਮੈ ਇਹ ਹੀ ਕਾਂਗਰਸ ਵਾਲਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਲਾਈਨ ਮਿਟਾ ਕੇ ਤੁਹਾਡਾ ਕੰਮ ਨਹੀਂ ਚੱਲਣਾ। ਸੋ, ਤੁਹਾਡਾ ਬਹੁਤ ਬਹੁਤ ਧੰਨਵਾਦ।

**1200/Kuldeep kaur/Monika sharma**

**1205/Pawan sharma**

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੈਂਬਰ ਸਰਦਾਰ ਜਸਵੰਤ ਸਿੰਘ ਗੱਜਣਮਾਜਰਾ ਸਾਹਿਬ। ਤੁਹਾਡੇ 05 ਮਿੰਟ ਹਨ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਮੈਂ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਣ ਜੀ ਦਾ ਧੰਨਵਾਦ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ, ਜੋ ਉਨ੍ਹਾਂ ਨੇ 04 ਸਾਲਾਂ ਦੌਰਾਨ ਸਾਡੇ ਪੰਜਾਬ ਵਿੱਚ ਵਿਕਾਸ ਦੇ ਕਾਰਜ ਕੀਤੇ ਹਨ ਕਿਉਂਕਿ ਜਦੋਂ ਕੋਈ ਬਹੁਤ ਹਨੇਰ ਆਉਂਦਾ ਹੈ ਤਾਂ ਕੁਦਰਤ ਜਾਂ ਪਰਮਾਤਮਾ ਕੋਈ ਨਾ ਕੋਈ ਵਿਅਕਤੀ ਨੂੰ ਪੈਦਾ ਕਰ ਦਿੰਦੀ ਹੈ। ਸੰਤ ਰਾਮ ਉਦਾਸੀ ਇਹ ਹੀ ਕਹਿੰਦੇ ਹਨ ਕਿ ਇਹ ਚਾਨਣ ਦੇ ਕਾਤਲੋ, ਕਿਉਂ ਭੁੱਲ ਕਰਦੇ, ਲੱਖਾਂ ਸੂਰਜ ਨੂੜ ਲਵੋ, ਇਨ੍ਹਾਂ ਰਹਿਣਾ ਚੜ੍ਹ ਕੇ। ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਦੀ ਅਗਵਾਈ ਵਿੱਚ ਵਿਕਾਸ ਦੀ ਹਨੇਰੀ ਦੀ ਕ੍ਰਾਂਤੀ ਲਿਆਂਦੀ ਗਈ ਹੈ, ਜਿਹੜੀ ਕਿ ਅੱਜ ਸਾਨੂੰ ਥਾਂ ਥਾਂ ਨਜ਼ਰ ਆਉਂਦੀ ਹੈ। ਜੇਕਰ ਅਸੀਂ ਪਿਛਲੇ ਸਾਲਾਂ ਦਾ ਰਿਕਾਰਡ ਕਾਂਗਰਸ ਪਾਰਟੀ ਜਾਂ ਅਕਾਲੀ ਦਲ ਦਾ ਦੇਖੀਏ, ਜਦੋਂ ਆਪਣੀ ਸਰਕਾਰ ਆਈ ਤਾਂ ਪਿੰਡਾਂ ਦੇ ਵਿੱਚ ਜ਼ਮੀਨ ਦੀਆਂ ਕੀਮਤਾਂ ਸਨ 25 ਲੱਖ ਰੁਪਏ ਪ੍ਰਤੀ ਏਕੜ, ਕੋਈ ਪੁੱਛਦਾ ਨਹੀਂ ਸੀ। ਸਾਡੇ ਪਿੰਡਾਂ ਵਿੱਚ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਸਨ। ਅੱਜ ਜ਼ਮੀਨ ਦੀ ਕੀਮਤ ਇੱਕ ਕਰੋੜ ਰੁਪਏ ਦੇ ਕਰੀਬ ਹੋ ਗਈ ਹੈ, ਕਿਉਂਕਿ ਵਿਕਾਸ ਦੀ ਗਤੀ ਇੰਨੀ ਤੇਜ਼ ਹੋਈ ਹੈ। ਜਦੋਂ ਹੁਣ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਪਿੰਡਾਂ ਵਿੱਚ 18 ਫੁੱਟੀ ਸੜਕਾਂ ਲੈ ਕੇ ਆਉਂਦੀਆਂ, ਫਿਰਨੀਆਂ ਪੱਕੀਆਂ ਕੀਤੀਆਂ ਤਾਂ ਵਿਦੇਸ਼ਾਂ ਦੀ ਧਰਤੀ ਵਰਗੇ ਸਾਡੇ ਪਿੰਡ ਬਣ ਗਏ ਹਨ,

ਜਿਸ ਦੇ ਉੱਪਰ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਅਸੀਂ ਜਿਸ ਤਰ੍ਹਾਂ ਪੰਜਾਬ ਵਿੱਚ ਕੰਮਾਂ ਦੀ ਕ੍ਰਾਂਤੀ ਲੈ ਕੇ ਆਏ, ਜਿਵੇਂ ਅਮਨ ਅਰੋੜਾ ਜੀ ਬੋਲ ਕੇ ਗਏ ਹਨ, 63 ਹਜ਼ਾਰ ਨੌਕਰੀਆਂ ਬਿਨਾਂ ਕਿਸੇ ਸਿਫਾਰਸ਼ ਦੇ , ਬਿਨਾਂ ਕਿਸੇ ਖੌਫ ਤੋਂ ਨਿਰੋਲ ਮੈਰਿਟ ਦੇ ਅਧਾਰ ਤੇ ਲੋੜਵੰਦ ਬੱਚਿਆਂ ਨੂੰ ਦਿੱਤੀਆਂ ਹਨ, ਇਹ ਵੀ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਹੈ। ਇੱਕ ਇੱਕ ਘਰ ਵਿੱਚ ਦੋ ਦੋ ਨੌਕਰੀਆਂ ਆਈਆਂ ਹਨ। ਪਹਿਲਾਂ ਤਾਂ ਇਨ੍ਹਾਂ ਦੀਆਂ ਬੋਲੀਆਂ ਲੱਗਦੀਆਂ ਸਨ। ਅੱਜ ਇਨ੍ਹਾਂ ਕਾਂਗਰਸੀਆਂ ਨੂੰ ਇਹ ਗੱਲ ਫਿੱਟ ਨਹੀਂ ਬੈਠ ਰਹੀਆਂ ਕਿਉਂਕਿ ਉਹ ਤਾਂ ਬਹੁਤ ਜ਼ਿਆਦਾ ਸੁਫਨਿਆਂ ਦੀ ਦੁਨੀਆ ਵਿੱਚ ਰਹੇ ਹਨ। ਬੇਰੁਜ਼ਗਾਰੀ ਤੋਂ ਸਤਾਏ ਸਾਡੇ ਨੌਜਵਾਨ ਵਿਦੇਸ਼ਾਂ ਨੂੰ ਜਾਣ ਲੱਗ ਗਏ ਸਨ ਅਤੇ ਇਸ ਧਰਤੀ ਤੇ ਇਨ੍ਹਾਂ ਦੀਆਂ ਛਤਰ ਛਾਇਆ ਹੇਠ ਗੈਂਗਸਟਰ ਪਲ ਰਹੇ ਸਨ, ਨਸ਼ਿਆਂ ਤੋਂ ਡਰਦੇ ਮਾਪੇ ਬੱਚਿਆਂ ਨੂੰ ਬਾਹਰ ਭੇਜ ਰਹੇ ਸਨ ਪਰ ਮਾਣਯੋਗ ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਜੋ ਵਿਕਾਸ ਕੀਤਾ ਗਿਆ ਹੈ, ਉਹ ਅੱਜ ਸਾਡੇ ਵਿਦੇਸ਼ਾਂ ਵਿੱਚ ਬੈਠੇ ਮੁੰਡੇ, ਜਿਹੜੇ ਕਿ ਸਾਨੂੰ ਇੱਥੇ ਆ ਕੇ ਮਿਲਦੇ ਹਨ, ਉਹ ਕੰਮਾਂ ਦੀ ਰਫਤਾਰ ਨੂੰ ਦੇਖਦੇ ਹੋਏ ਇਹ ਕਹਿੰਦੇ ਹਨ ਕਿ ਸਰ, ਸਾਡੇ ਘਰ ਚਾਹ ਪੀ ਕੇ ਜਾਇਓ, ਸਾਨੂੰ ਪੰਜਾਬ ਵਿੱਚ ਇੱਕ ਨਵਾਂ ਚਾਨਣ ਵਿਖਾਈ ਦੇਣ ਲੱਗਿਆ ਹੈ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਵੱਖ ਵੱਖ ਖੇਤਰਾਂ ਵਿੱਚ ਇੰਨਾ ਕੰਮ ਕੀਤਾ ਹੈ, ਜਿਸ ਸਬੰਧੀ 05 ਮਿੰਟ ਵਿੱਚ ਦੱਸਿਆ ਨਹੀਂ ਜਾ ਸਕਦਾ। ਹੈਲਥ ਸਿਸਟਮ ਵਿੱਚ ਸੁਧਾਰ ਲਿਆਂਦਾ ਗਿਆ ਹੈ। ਪਹਿਲਾਂ ਬਿਲਡਿੰਗਾਂ ਟੁੱਟੀਆਂ ਪਈਆਂ ਸਨ। ਉਨ੍ਹਾਂ ਬਿਲਡਿੰਗਾਂ ਵਿੱਚ ਮਰੀਜ਼ ਜਾ ਕੇ ਖੁਸ਼ ਨਹੀਂ ਸਨ। ਮੁਹੱਲਾ ਕਲੀਨਿਕਾਂ ਬਣਾਈਆਂ ਗਈਆਂ, ਏ.ਸੀ. ਬਿਲਡਿੰਗਾਂ ਬਣਾਈਆਂ ਗਈਆਂ, ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸਾਡੇ ਲੋੜਵੰਦ ਇਲਾਜ ਕਰਵਾ ਰਹੇ ਹਨ। 10 ਲੱਖ ਰੁਪਏ ਦਾ ਹੈਲਥ ਕਾਰਡ ਬਣਾਇਆ ਗਿਆ ਹੈ। ਮੈਨੂੰ ਯਾਦ ਹੈ ਕਿ ਪਿੰਡਾਂ ਵਿੱਚ ਜਦੋਂ ਗਰੀਬ ਘਰ ਦਾ ਕੋਈ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਸੀ ਤਾਂ ਉਸ ਘਰ ਵਿੱਚ ਮਰਨ ਤੋਂ ਪਹਿਲਾਂ ਹੀ ਮਾਤਮ ਵਰਗਾ ਮਾਹੌਲ ਹੁੰਦਾ ਸੀ। ਘਰ ਦੀਆਂ ਜ਼ਨਾਨੀਆਂ ਗਹਿਣੇ ਵੇਚ ਕੇ ਇਲਾਜ ਕਰਵਾਉਂਦੀਆਂ ਸਨ, ਘਰ/ਜ਼ਮੀਨਾਂ ਵੇਚੀਆਂ ਜਾਂਦੀਆਂ ਸਨ। ਇਹ ਜਿਹੜਾ ਕਾਰਜ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕੀਤਾ ਹੈ, ਇਹ ਉਨ੍ਹਾਂ ਲੋਕਾਂ ਲਈ ਇਹੋ ਜਿਹਾ ਕੰਮ ਕੀਤਾ ਗਿਆ ਹੈ, ਜਿਵੇਂ ਰੱਬ ਕੰਮ ਕਰਦਾ ਹੈ ਕਿਉਂਕਿ ਜਿਸ ਤਨ ਲਾਗੇ, ਸੋ ਤਨ ਜਾਣੇ। ਜਿਹੜੇ ਲੋਕ ਇਨ੍ਹਾਂ ਵਿੱਚ ਵਿਚਰਦੇ ਹਨ, ਉਨ੍ਹਾਂ ਨੂੰ ਹੀ ਇਨ੍ਹਾਂ ਚੀਜ਼ਾਂ ਬਾਰੇ ਪਤਾ ਹੁੰਦਾ ਹੈ। ਮੈਨੂੰ ਯਾਦ ਹੈ ਕਿ ਸਾਡਾ ਇੱਕ ਮੁਲਾਜ਼ਮ ਸੀ। ਉਸ ਨੂੰ ਐਮਰਜੈਂਸੀ ਆਈ, ਉਸ ਨੇ ਆਪਣੇ ਗਲ ਤੋਂ ਚੈਨੀ ਲਾਹ ਕੇ ਬਿਨਾਂ ਤੋਲੇ ਹੀ ਸੁਨਿਆਰ ਨੂੰ ਦੇ ਦਿੱਤੀ ਕਿ ਜਿੰਨੇ ਪੈਸੇ ਹਨ, ਦੇ ਦਿਉ। ਇਸ ਕਰਕੇ ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਹ ਦਰਦ ਵੰਡਾਏ ਵੀ ਵੰਡੇ ਨਹੀਂ ਜਾਂਦੇ। ਮਾਨ ਸਾਹਿਬ ਦੀ ਸਰਕਾਰ ਨੇ ਇਨ੍ਹਾਂ ਦੇ ਸਿਰ ਦੇ ਹੱਥ ਰੱਖਿਆ ਹੈ, ਜਿਹੜਾ ਕਿ ਭੁੱਲਣ ਯੋਗ ਨਹੀਂ ਹੈ। ਇਸ ਤੋਂ ਇਲਾਵਾ ਬਿਜਲੀ ਦਾ ਵੀ ਜ਼ੀਰੋ ਬਿੱਲ ਆ ਰਿਹਾ ਹੈ। ਬਿਜਲੀ ਦਾ ਢਾਂਚਾ ਹੀ ਇੰਨਾ ਸੁਧਾਰ ਦਿੱਤਾ ਗਿਆ ਹੈ ਕਿ ਦਿਨੇਂ ਵੀ ਬਿਜਲੀ ਆ ਰਹੀ ਹੈ। ਲੋਕ ਵਧਾਈਆਂ ਦੇ ਰਹੇ ਹਨ। ਸਾਡੀਆਂ ਮਾਂਵਾਂ, ਭੈਣਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ। ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡ ਗਰਾਊਂਡ ਬਣਾਏ ਜਾ ਰਹੇ ਹਨ। ਇੰਡਸਟਰੀ ਲਈ ਜਿਹੜੀ ਸਿੰਗਲ ਵਿੰਡੋ ਬਣਾਈ ਗਈ ਹੈ, ਉਸ ਕਰਕੇ ਸੈਂਕੜੇ ਇੰਡਸਟਰੀਆਂ ਪੰਜਾਬ ਵਿੱਚ ਆ ਰਹੀਆਂ ਹਨ। ਬੇਰੁਜ਼ਗਾਰੀ ਖਤਮ ਹੋ ਰਹੀ ਹੈ। ਪਹਿਲਾਂ ਵੀ ਇਸ ਸਬੰਧੀ ਬੋਲਿਆ ਗਿਆ ਹੈ ਕਿ ਬਹੁਤ ਤੇਜ਼ੀ ਨਾਲ ਸਟੇਟ ਤਰੱਕੀ ਕਰ ਰਹੀ ਹੈ ਕਿਉਂਕਿ ਪਹਿਲਾਂ ਪੰਜਾਬ ਦੇ ਵਿੱਚ ਕੋਈ ਇੰਡਸਟਰੀ ਲਗਾ ਕੇ ਖੁਸ਼ ਨਹੀਂ ਸੀ।

**1205/Pawan sharma/Monika sharma**

**1210/Beant kaur**

ਇੰਨੇ ਵਧੀਆ ਕਮਰੇ ਬਣ ਚੁੱਕੇ ਹਨ, ਫਰਨੀਚਰ ਇੰਨਾ ਵਧੀਆ ਆ ਚੁੱਕਿਆ ਹੈ ਕਿ ਅੱਜ ਕੋਈ ਕਹਿ ਨਹੀਂ ਸਕਦਾ ਕਿ ਇਹ ਸਰਕਾਰੀ ਸਕੂਲ ਹੈ ਜਾਂ ਪ੍ਰਾਈਵੇਟ ਸਕੂਲ ਹੈ। ਪੰਜਾਬ ਵਾਸਤੇ ਇਕ ਸਦੀਆਂ ਤੱਕ ਰਹਿਣ ਵਾਲਾ ਕੰਮ, ਨਹਿਰੀ ਵਿਭਾਗ ਵੱਲੋਂ ਕੀਤਾ ਗਿਆ ਹੈ। ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਮਹਿਕਮੇ ਦੇ ਮੰਤਰੀ ਸਾਹਿਬਾਨ ਦਾ ਮੈਂ ਕਿਹੜੇ ਸ਼ਬਦਾਂ ਨਾਲ ਧੰਨਵਾਦ ਕਰਾਂ ਕਿਉਂਕਿ ਪਿਛਲੀਆਂ ਸਰਕਾਰਾਂ ਦੀਆਂ ਕਮਜ਼ੋਰੀਆਂ ਕਾਰਨ ਮਹੀਨੇ-ਸਾਲਾਂ ਤੋਂ ਮੀਟਰਾਂ ਵਿੱਚ ਧਰਤੀ ਦਾ ਪਾਣੀ ਥੱਲੇ ਜਾ ਰਿਹਾ ਸੀ। ਕਿਸੇ ਨੇ ਨਹੀਂ ਸੋਚਿਆ ਕਿ ਜਿਹੜਾ ਪਾਣੀ 200-300 ਫੁਟ ਥੱਲੇ ਜਾ ਰਿਹਾ ਹੈ, ਅਗਲੀ ਜੈਨਰੇਸ਼ਨ ਕੀ ਕਰੇਗੀ? ਕਿਵੇਂ ਖੇਤੀ ਹੋਵੇਗੀ ਕਿਉਂਕਿ ਪੰਜਾਬ ਦਾ ਨਾਂ ਪਾਣੀਆਂ ਕਰਕੇ ਹੈ ਪਰ ਪਿਛਲੀਆਂ ਸਰਕਾਰਾਂ ਨੇ ਦਰਿਆਵਾਂ ਦਾ ਪਾਣੀ ਨਹੀਂ ਵਰਤਿਆ।(ਘੰਟੀ) ਜਿਹੜੇ ਪੰਜਾਬ ਦੇ ਪਾਣੀਆਂ ਦੇ ਰਾਖੇ ਕਹਾਉਂਦੇ ਸੀ, ਉਹ ਰਾਜਸਥਾਨ-ਹਰਿਆਣਾ ਨੂੰ ਪਾਣੀ ਦੇ ਰਹੇ ਸੀ। ਰਾਜਸਥਾਨ ਨੂੰ 9MF ਪਾਣੀ ਜਾਂਦਾ ਸੀ, ਜਦ ਕਿ ਉਸ ਦਾ ਪੌਣੇ 8MF ਪਾਣੀ ਹੈ। ਇਹ ਉਨ੍ਹਾਂ ਨੂੰ ਫਰੀ ਪਾਣੀ ਦੇ ਰਹੇ ਸਨ। ਅੱਜ ਮਾਨ ਸਾਹਿਬ ਦਾ ਕਿਵੇਂ ਧੰਨਵਾਦ ਕਰੀਏ। ਮੈਂ ਬਜ਼ੁਰਗ ਦੇਖੇ ਹਨ, ਜਿਹੜੇ ਮਾਨ ਸਾਹਿਬ ਨੂੰ ਅਸੀਸਾਂ ਦਿੰਦੇ ਹਨ। ਮੈਨੂੰ ਇਕ ਬਜ਼ੁਰਗ ਮਿਲਿਆ। ਕਹਿਣ ਲੱਗਿਆ ਕਿ ਮਾਨ ਸਾਹਿਬ ਤੁਹਾਨੂੰ ਮਿਲਦੇ ਹਨ। ਮੈਂ ਕਿਹਾ, ਹਾਂ ਜੀ। ਕਹਿਣ ਲੱਗਿਆ, ਉਸ ਨੂੰ ਕਹਿ ਦੇਈਂ, ਮਾਨਾ, ਪ੍ਰਮਾਤਮਾ ਤੇਰੀ ਉਮਰ ਲੰਬੀ ਕਰੇ। ਤੂੰ ਪੰਜਾਬ ਦੀ ਧਰਤੀ ਲਈ ਜੋ ਸੇਵਾ ਕੀਤੀ ਹੈ, ਉਹ ਸਾਡੀਆਂ ਆਉਣ ਵਾਲੀਆਂ ਨਸਲਾਂ ਭੁੱਲ ਨਹੀਂ ਸਕਣਗੀਆਂ। ਮੈਂ ਉਸ ਬਜ਼ੁਰਗ ਦੇ ਗੋਡਿਆਂ ਨੂੰ ਹੱਥ ਲਾਇਆ ਅਤੇ ਕਿਹਾ ਕਿ ਜੇ ਤੁਸੀਂ ਸਾਡੀ ਸਰਕਾਰ ਨੂੰ ਇਹ ਅਸੀਸਾਂ ਦਿੰਦੇ ਹੋ ਤਾਂ ਹੁਣ ਸਾਡੇ ਹੌਂਸਲੇ ਕਈ ਗੁਣਾਂ ਵੱਧ ਗਏ ਹਨ।(ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਇਹ ਜਿਹੜੀਆਂ ਕਾਂਗਰਸ ਅਤੇ ਅਕਾਲੀ ਦਲ ਦੀਆਂ ਭੁੱਖੀਆਂ ਸਰਕਾਰਾਂ ਸਨ, ਇਹ ਸਦਾ ਦੀਆਂ ਭੁੱਖੀਆਂ ਸਨ। ਇਨ੍ਹਾਂ ਨੂੰ ਪੰਜਾਬ ਦੇ ਭਵਿੱਖ ਨਾਲ ਕੋਈ ਲੈਣ-ਦੇਣ ਨਹੀਂ ਸੀ। ਅਸੀਂ ਪੰਜਾਬ ਦੇ ਭਵਿੱਖ ਲਈ ਲੜ ਰਹੇ ਹਾਂ। ਮਾਨ ਸਰਕਾਰ ਪੰਜਾਬ ਦੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦੀ ਹੈ ਪਰ ਇਹ ਵੋਟਾਂ ਲਈ ਲੜਦੇ ਹਨ, ਇਹ ਕੁਰਸੀਆਂ ਨੂੰ ਤਰਸਦੇ ਹਨ। ਇਹ ਕੀ ਕਰ ਰਹੇ ਹਨ, ਹਾਏ ਵੋਟਾਂ-ਹਾਏ ਵੋਟਾਂ। ਇਵੇਂ ਰਾਜ ਨਹੀਂ ਮਿਲਦਾ, ਜਿਹੜੇ ਇਨ੍ਹਾਂ ਦੇ ਪਿਛਲੇ ਕਾਰਜ ਹਨ, ਉਹ ਧੋਤਿਆਂ ਨਹੀਂ ਧੋ ਹੋਣੇ। ਪੰਜਾਬ ਦੀ ਧਰਤੀ ਤੇ ਜਿਹੜੇ ਇਨ੍ਹਾਂ ਨੇ ਬੀਜ ਬੀਜੇ ਸਨ, ਅੱਜ ਉਨ੍ਹਾਂ ਨੂੰ ਇਹ ਕੱਟ ਰਹੇ ਹਨ। ਅਸੀਂ ਹਿਸਟਰੀ ਪੜ੍ਹਾਈ ਹੈ, ਕਹਿੰਦੇ ਸੀ ਕਿ ਜੋ ਕੰਮ ਸ਼ੇਰ ਸ਼ਾਹ ਸੂਰੀ ਪੰਜ ਸਾਲਾਂ ਵਿੱਚ ਕਰ ਗਿਆ, ਉਹ ਅੰਗਰੇਜ਼ 100 ਸਾਲਾਂ ਵਿੱਚ ਨਹੀਂ ਕਰ ਸਕੇ। ਮਾਨ ਸਾਹਿਬ ਨੇ ਜੋ ਕੰਮ 4 ਸਾਲਾਂ ਵਿੱਚ ਕਰ ਦਿੱਤਾ ਉਹ ਪਿਛਲੇ 75 ਸਾਲਾਂ ਵਿੱਚ ਕੋਈ ਸਰਕਾਰ ਨਹੀਂ ਕਰ ਸਕੀ, ਇੰਡੀਆ ਵਿੱਚ ਕੋਈ ਸਰਕਾਰ ਨਹੀਂ ਕਰ ਸਕੀ। ਇਸ ਕਰਕੇ ਮਾਨ ਸਾਹਿਬ ਲਈ ਪਿੰਡਾਂ ਦੇ ਬਜ਼ੁਰਗਾਂ ਦੀਆਂ ਇਹ ਅਸੀਸਾਂ ਹਨ ਕਿ ਉਹ ਪੰਜਾਬ ਦੇ ਭਲੇ ਲਈ ਜਿਹੜੇ ਕੰਮ ਕਰ ਰਹੇ ਹਨ, ਇਸ ਲਈ ਅਸੀਂ ਦਿਲੋਂ ਦੁਆਵਾਂ ਦਿੰਦੇ ਹਾਂ। ਮੈਨੂੰ ਇਕ ਬੀਬੀ ਮਿਲੀ ਸੀ, ਉਹ ਕਹਿਣ ਲੱਗੀ ਕਿ ਮੈਂ ਚਾਰ ਸਾਲਾਂ ਤੋਂ ਅਖਬਾਰ ਪੜ੍ਹ ਰਹੀ ਹਾਂ। ਮੈਂ ਕਦੇ ਹੁਣ ਅਖਬਾਰ ਵਿੱਚ ਨਹੀਂ ਦੇਖਿਆ ਕਿ ਕਿਸੇ ਮਜ਼ਦੂਰ ਜਾਂ ਕਿਸਾਨ ਨੇ ਆਤਮ ਹੱਤਿਆ ਕੀਤੀ ਹੋਵੇ। ਅੱਗੇ ਵਿਧਵਾਵਾਂ ਵੈਣ ਪਾ ਪਾ ਕੇ ਥੱਕ ਗਈਆਂ ਸਨ, ਅਸੀਂ ਘਰਾਂ ਵਿੱਚ ਜਾਂਦੇ ਸੀ। ਮੈਂ ਖੁਦ ਜਦੋਂ ਅਖਬਾਰਾਂ ਵਿੱਚ ਦੇਖਦਾ ਸੀ ਕਿ ਚਾਰ ਕਿਸਾਨ ਜਾਂ ਮਜ਼ਦੂਰ ਆਪਣੀ ਜੀਵਨ ਲੀਲਾ

ਖਤਮ ਕਰ ਗਏ, ਮੇਰੀਆਂ ਅੱਖਾਂ ਵਿੱਚ ਰੋਣਾ ਆ ਜਾਂਦਾ ਸੀ। ਜਿਸ ਕਾਰਨ ਮੈਂ ਕਦੇ ਅਖਬਾਰ ਨਹੀਂ ਪੜ੍ਹ ਸਕਦਾ ਸੀ। ਉਸ ਬੀਬੀ ਨੇ ਮੈਨੂੰ ਕਿਹਾ ਕਿ ਤੂੰ ਕਹਿ ਦੇਈਂ, ਪੁੱਤਰ ਮਾਨਾ, ਅੱਜ ਪੰਜਾਬ ਅੰਦਰ ਆਤਮ ਹੱਤਿਆਵਾਂ ਬੰਦ ਹੋ ਗਈਆਂ ਹਨ, ਸਾਡੀ ਉਮਰ ਤੈਨੂੰ ਲੱਗੇ, ਤੇਰਾ ਬਹੁਤ ਭਲਾ ਹੋਵੇ, ਤੂੰ ਸਦਾ ਸਲਾਮਤ ਰਹੇ। ਅੱਜ ਪੰਜਾਬ ਦੀਆਂ ਹਜ਼ਾਰਾਂ ਧੀਆਂ-ਭੈਣਾਂ ਵਿਧਵਾ ਹੋਣ ਤੋਂ ਬਚ ਗਈਆਂ ਹਨ। ਜਦੋਂ ਤੁਸੀਂ ਭਵਿੱਖ ਦੀ ਗੱਲ ਕਰੋਗੇ ਤਾਂ ਮਾਨ ਸਰਕਾਰ ਦਾ ਇਹ ਉਪਰਾਲਾ ਇਤਿਹਾਸ ਵਿੱਚ ਦਰਜ ਹੋਵੇਗਾ।

**ਮਾਣਯੋਗ ਡਿਪਟੀ ਸਪੀਕਰ :** ਧੰਨਵਾਦ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਮੈਂ ਅੰਤ ਵਿੱਚ ਸਿਰਫ਼ ਇਕ ਲਾਈਨ ਕਹਿਣੀ ਚਾਹੁੰਦਾ ਹਾਂ, ਜੋ ਸੰਤ ਰਾਮ ਉਦਾਸੀ ਨੇ ਲਿਖੀ ਹੈ-

ਕਾਲਖ ਦੇ ਵਣਜਾਰਿਓਂ, ਚਾਨਣ ਕਦੇ ਹਾਰਿਆ ਨਹੀਂ

ਓਏ ਕਿਰਨਾਂ ਦੇ ਕਾਤਿਲੋ, ਸੂਰਜ ਕਦੇ ਮਰਿਆ ਨਹੀਂ।(ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

## WELCOME ANNOUNCEMENT BY HON'BLE DEPUTY SPEAKER

**ਮਾਣਯੋਗ ਡਿਪਟੀ ਸਪੀਕਰ** : ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰ (ਪਟਿਆਲਾ) ਦੇ ਵਿਦਿਆਰਥੀ ਅੱਜ ਹਾਊਸ ਦੀ ਪ੍ਰੋਸੀਡਿੰਗ ਦੇਖਣ ਆਏ ਹਨ, ਉਨ੍ਹਾਂ ਨੂੰ ਅਸੀਂ ਵੈਲਕਮ ਕਰਦੇ ਹਾਂ।(ਥੰਪਿੰਗ)

----------

## DISCUSSION ON GOVERNOR'S ADDRESS AND VOTE ON THE MOTION OF THANKS (*RESUMPTION)*)

**ਮਾਣਯੋਗ ਡਿਪਟੀ ਸਪੀਕਰ** : ਮਾਣਯੋਗ ਮੈਂਬਰ ਬੀਬੀ ਇੰਦਰਜੀਤ ਕੌਰ ਮਾਨ ਜੀ। ਤੁਹਾਡੇ ਪੰਜ ਮਿੰਟ ਹਨ। ਕਾਈਂਡਲੀ ਟਾਈਮ ਵਿੱਚ ਹੀ ਸਮਾਪਤ ਕੀਤਾ ਜਾਵੇ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਡਿਪਟੀ ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਦਾ ਇਹ ਬਜਟ ਸੈਸ਼ਨ ਦਾ ਸਾਡਾ ਦੂਸਰਾ ਦਿਨ ਹੈ, ਜਿਸ ਵਿੱਚ ਗਵਰਨਰ ਐਡਰੈਸ ਤੇ ਬਹੁਤ ਸਾਰੀਆਂ ਗੱਲਾਂ ਹੋ ਰਹੀਆਂ ਹਨ। ਇਸ ਵਿੱਚ ਵਿਰੋਧੀ ਗਵਰਨਰ ਐਡਰੈਸ ਨੂੰ ਛੱਡ ਕੇ, ਉਸ ਦਾ ਸਾਮ੍ਹਣਾ ਨਾ ਕਰਕੇ ਵਾਕਆਊਟ ਕਰ ਗਏ ਹਨ। ਸਭ ਤੋਂ ਪਹਿਲਾਂ ਅਸੀਂ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਗਰੰਟੀਆਂ ਦੀ ਚਰਚਾ ਕਰਾਂਗੇ। ਸਭ ਤੋਂ ਮੁੱਢਲੀ ਅਤੇ ਸਭ ਤੋਂ ਜ਼ਰੂਰੀ ਗੱਲ ਸਿਹਤ ਸਬੰਧੀ ਹੈ, ਜਿਸ ਤਹਿਤ 885

ਆਮ ਆਦਮੀ ਕਲੀਨਿਕ ਪੰਜਾਬ ਵਿੱਚ ਬਣੇ ਹਨ, 240 ਹੋਰ ਲੋਕਾਂ ਨੂੰ ਸਮਰਪਿਤ ਕੀਤੇ ਜਾ ਰਹੇ ਹਨ। ਜਿਨ੍ਹਾਂ ਵਿੱਚ 107 ਦਵਾਈਆਂ, 47 ਟੈਸਟ ਅਤੇ ਬੇਮਿਸਾਲ ਕਾਮਯਾਬੀ ਤੋਂ ਬਾਅਦ ਪੰਜਾਬ ਸਰਕਾਰ ਨੇ ਪੰਜ ਕਰੋੜ ਲੋਕਾਂ ਦੀ ਵਿਜ਼ਟ ਤੋਂ ਬਾਅਦ ਫੈਸਲਾ ਕੀਤਾ ਹੈ ਕਿ ਦੋ ਹੋਰ ਮੁੱਖ ਸਹੂਲਤਾਂ - ਗਰਭਵਤੀ ਔਰਤਾਂ ਦੀ ਦੇਖਭਾਲ, ਉਨ੍ਹਾਂ ਦਾ ਟੀਕਾਕਰਨ, ਉਨ੍ਹਾਂ ਦੀ ਸਕੈਨਿੰਗ ਦਾ ਪ੍ਰਬੰਧ ਕੀਤਾ ਹੈ ਤਾਂ ਜੋ ਉਨ੍ਹਾਂ ਨੂੰ ਆਪਣੇ ਘਰ ਕੋਲ ਹੀ ਇਹ ਸਹੂਲਤ ਮਿਲ ਸਕੇ। ਦੂਜਾ, ਐਂਟੀ ਰੈਬੀਜ਼ ਟੀਕੇ, ਪਿੰਡਾਂ ਵਿੱਚ ਅਵਾਰਾ ਕੁੱਤਿਆਂ ਕਾਰਨ ਲੋਕਾਂ ਨੂੰ ਮਹਿੰਗੇ ਟੀਕੇ ਖਰੀਦਣੇ ਪੈਂਦੇ ਸਨ ਅਤੇ ਕਈ ਵਾਰੀ ਗਰੀਬ ਲੋਕ ਇਨ੍ਹਾਂ ਤੋਂ ਵਾਂਝੇ ਰਹਿ ਜਾਂਦੇ ਸਨ, ਉਹ ਵੀ ਆਮ ਆਦਮੀ ਕਲੀਨਿਕ ਵਿੱਚ ਪ੍ਰੋਵਾਈਡ ਕਰਵਾਉਣੇ ਸ਼ੁਰੂ ਕੀਤੇ ਹਨ। ਇਹ ਮਾਨ ਸਰਕਾਰ ਦੀ ਪੰਜਾਬ ਦੇ ਲੋਕਾਂ ਦੀ ਸਿਹਤ ਪ੍ਰਤੀ ਤਰਜੀਹ ਸੀ।

**1210/Beant kaur/Shubham jain**

**1215/Karamjit kaur**

ਜ਼ਿਲ੍ਹਾ ਅਤੇ ਸਬ ਡਿਵੀਜ਼ਨ ਹਸਪਤਾਲਾਂ ਨੂੰ ਅਪਗ੍ਰੇਡ ਕੀਤਾ ਅਤੇ ਉਥੇ ਸਟਾਫ ਭਰਤੀ ਕੀਤੇ। ਪਹਿਲੇ ਫੇਜ ਵਿੱਚ 924 ਡਾਕਟਰ ਭਰਤੀ ਕਰਕੇ, ਨਵੇਂ ਇਕੁਵਿਪਮੈਂਟ ਲੈ ਕੇ 24 ਘੰਟੇ ਸਿਹਤ ਸੇਵਾਵਾਂ ਦੇਣ ਦਾ ਟੀਚਾ ਪੂਰਾ ਕੀਤਾ ਅਤੇ ਹੋਰ 400 ਸਪੈਸ਼ਲਿਸਟ ਡਾਕਟਰ ਅਤੇ 900 ਹੋਰ ਨਰਸਾਂ ਅਤੇ ਹੋਰ ਸਟਾਫ ਦੀਆਂ ਭਰਤੀਆਂ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ। ਯੂਨੀਵਰਸਲ ਹੈਲਥ ਕਵਰੇਜ਼ ਦਾ ਟੀਚਾ ਪੂਰਾ ਕਰਨ ਲਈ 2356 ਬਿਮਾਰੀਆਂ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਨੇ ਆਪਣੇ ਵਾਅਦੇ ਤੋਂ ਬਾਅਦ ਜਿਹੜੀ ਸਿਹਤ ਪ੍ਰਤੀ ਸੰਵੇਦਨਸ਼ੀਲਤਾ ਲੋਕਾਂ ਦੇ ਨਾਲ ਜ਼ਾਹਿਰ ਕੀਤੀ, 10 ਲੱਖ ਰੁਪਏ ਦੀ ਹੈਲਥ ਇੰਸੋਰੈਂਸ਼ ਪੰਜਾਬ ਦੇ ਸਾਰੇ ਲੋਕਾਂ ਨੂੰ ਦੇ ਕੇ। ਸਿਹਤ ਸੇਵਾਵਾਂ ਵਿੱਚ ਸਥਾਪਿਤ ਮੈਡੀਕਲ ਕਾਲਜਾਂ ਵਿੱਚ ਅੰਗ ਟਰਾਂਸਪਲਾਂਟ ਕਰਨ ਵਾਲਾ ਸੂਬਾ ਪੰਜਾਬ ਬਣਿਆ ਹੈ, ਲਿਵਰ ਟਰਾਂਸਪਲਾਂਟ ਅਤੇ ਕਿਡਨੀ ਟਰਾਂਸਪਲਾਂਟ ਪੰਜਾਬ ਦੇ ਵਿੱਚ ਹੋਣੇ ਸ਼ੁਰੂ ਹੋਏ ਹਨ।

ਸੀ.ਐਮ. ਯੋਗਸ਼ਾਲਾ ਸਕੀਮ ਦੇ ਤਹਿਤ ਲੋਕਾਂ ਨੂੰ ਹੈਲਥੀ ਜੀਵਨ ਵੱਲ ਪ੍ਰੇਰਿਤ ਕੀਤਾ ਗਿਆ ਹੈ ਅਤੇ ਲੱਖਾਂ ਲੋਕ ਇਸ ਸੀ.ਐਮ. ਯੋਗਸ਼ਾਲਾ ਵਿੱਚ ਹਿੱਸਾ ਲੈਂਦੇ ਹਨ।

ਪੰਜਾਬ ਸਰਕਾਰ ਵੱਲੋਂ ਵਿੱਢਿਆ ਹੋਇਆ ਯੁੱਧ ਨਸ਼ਿਆਂ ਦੇ ਵਿਰੁੱਧ, ਜਿਹੜੇ ਇਸ ਯੁੱਧ ਵਿੱਚ ਨਸ਼ਾ ਛੱਡਣ ਵਾਸਤੇ ਪ੍ਰੇਰਨਾਸਰੋਤ ਬਣੇ ਹਨ, ਸਾਢੇ ਦਸ ਲੱਖ, ਤਕਰੀਬਨ 10 ਲੱਖ 63 ਹਜਾਰ ਲੋਕਾਂ ਨੇ ਸਰਕਾਰੀ ਹਸਪਤਾਲਾਂ ਵਿੱਚ ਦਾਖ਼ਲ ਹੋ ਕੇ ਇਸ ਮੁਹਿੰਮ ਤਹਿਤ ਆਪਣੇ ਨਸ਼ੇ ਛੱਡਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਸਾਡਾ ਦੂਸਰਾ ਮੁੱਖ ਟੀਚਾ ਸਿੱਖਿਆ ਸੀ। ਸਿੱਖਿਆ ਦੇ ਖੇਤਰ ਵਿੱਚ ਹੁਣ ਤੱਕ ਮਾਨ ਸਰਕਾਰ ਨੇ 13765 ਅਧਿਆਪਕ ਭਰਤੀ ਕੀਤੇ ਹਨ ਅਤੇ 10 ਹਜਾਰ ਦੇ ਕਰੀਬ ਟੀਚਰਜ਼ ਨੂੰ ਪੱਕੇ ਕੀਤਾ ਹੈ। 5 ਦਿਵਸੀ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਦੇ ਤਹਿਤ ਪ੍ਰਿੰਸੀਪਲ, ਹੈੱਡਮਾਸਟਰ, ਪ੍ਰਾਇਮਰੀ ਕੇਡਰ ਦੇ ਅਧਿਆਪਕ, ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿੱਚ ਅਤੇ ਆਪਣੇ ਮੁਲਕ ਵਿੱਚ ਆਈ.ਆਈ.ਟੀ. , ਅਹਿਮਦਾਬਾਦ ਵਿੱਚ ਭੇਜ ਕੇ ਉਨ੍ਹਾਂ ਨੂੰ ਗਲੋਬਲੀ ਸਿੱਖਿਆ ਦੇ ਹਾਣੀ ਬਣਾਇਆ। ਪੰਜਾਬ ਰਾਸ਼ਟਰੀ ਸਰਵੇਖਣ ਸਿੱਖਿਆ ਦੇ ਵਿੱਚ ਬੇਹਤਰ ਪ੍ਰਦਰਸ਼ਨ ਕਰਨ ਵਾਲਾ

ਰਾਜ ਬਣਿਆ ਹੈ। ਬੁਨਿਆਦੀ ਢਾਂਚੇ ਵਾਸਤੇ ਮਾਨ ਸਰਕਾਰ ਨੇ ਸਕੂਲਾਂ ਵਿੱਚ ਹਾਈ ਸਪੀਡ ਫਾਈਬਰ ਵਾਈ-ਫਾਈ ਇੰਟਰਨੈੱਟ ਕੁਨੈਕਸ਼ਨ, ਨਵੇਂ ਕਮਰੇ, ਸਾਇੰਸ ਲੈਬ, ਕੰਪਿਊਟਰ ਲੈਬ, ਬਹੁ-ਤਕਨੀਕੀ ਕਮਰੇ, ਮੈਡੀਕਲ ਕਮਰੇ, ਖੇਡ ਦੇ ਮੈਦਾਨ, ਸੈਨੇਟਰੀ ਪੈਡ ਮਸ਼ੀਨਾਂ ਅਤੇ ਪਖਾਨਿਆਂ ਦਾ ਵੱਡੇ ਪੱਧਰ ਉੱਤੇ ਨਿਰਮਾਣ ਕਰਵਾਇਆ। ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ, ਜਿਨ੍ਹਾਂ ਵਿੱਚ ਜੇ.ਈ.ਈ. ਅਤੇ ਐਨ.ਈ.ਈ.ਟੀ. ਨੀਟ ਦੇ ਰਿਜ਼ਲਟਾਂ ਨੇ ਸਰਕਾਰੀ ਸਕੂਲਾਂ ਦੇ ਬੱਚਿਆਂ ਦਾ ਮਨੋਬਲ ਉੱਚਾ ਕੀਤਾ ਹੈ ਅਤੇ ਸਰਕਾਰੀ ਸਕੂਲਾਂ ਦਾ ਝੰਡਾ ਬੁਲੰਦ ਕੀਤਾ ਹੈ। ਇਨ੍ਹਾਂ ਦੇ ਤਹਿਤ ਸਾਲ 2023-24 ਅਤੇ 2024-25 ਵਿੱਚ 457 ਬੱਚਿਆਂ ਨੇ ਜੇ.ਈ.ਈ. ਦੀ ਮੇਨਜ ਪ੍ਰੀਖਿਆ ਕਲੀਅਰ ਕੀਤੀ ਅਤੇ 1526 ਬੱਚਿਆਂ ਨੇ ਨੀਟ ਪ੍ਰੀਖਿਆ ਕਲੀਅਰ ਕਰਕੇ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਪਿਛਲੇ ਚਹੁੰ ਸਾਲਾਂ ਦੌਰਾਨ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਖੰਭ ਲਗਾ ਕੇ ਉਡਾਰੀਆਂ ਮਾਰਨ ਵਾਸਤੇ ਪ੍ਰੇਰਨਾ ਸਰੋਤ ਬਣਾਇਆ ਹੈ। ਹਰ ਐਜੂਕੇਸ਼ਨ ਪੱਧਰ ਤੇ ਵੱਡਾ ਬਜਟ ਰੱਖਦੇ ਹੋਏ ਪ੍ਰੋਫੈਸਰਾਂ ਅਤੇ ਲੈਕਚਰਾਰਾਂ ਦੀਆਂ ਭਰਤੀਆਂ ਦੇ ਸਾਰੇ ਰਾਹ ਪੱਧਰੇ ਕਰ ਲਏ ਗਏ ਹਨ। ਇਸਤੋਂ ਇਲਾਵਾ ਸਰਕਾਰ ਨੇ ਸਕੂਲਾਂ ਵਿੱਚ ਕੈਂਪਸ ਮੈਨੇਜਰ, ਸੁਰੱਖਿਆ ਗਾਰਡ, ਚੌਕੀਦਾਰ ਅਤੇ ਸਫਾਈ ਕਰਮਚਾਰੀਆਂ ਦੀਆਂ 12913 ਅਸਾਮੀਆਂ ਫਿੱਲ ਕੀਤੀਆਂ ਹਨ।

ਤੀਸਰੀ ਅਹਿਮ ਗਰੰਟੀ 24 ਘੰਟੇ ਬਿਜਲੀ ਸੁਵਿਧਾ ਦੀ ਸੀ, ਜਿਹੜੀ ਕਿ ਸਰਕਾਰ ਬਣਦਿਆਂ ਸਰ ਤਿੰਨ ਮਹੀਨਿਆਂ ਦੇ ਵਿੱਚ ਵਿੱਚ ਸਰਕਾਰ ਨੇ 600 ਯੂਨਿਟ ਬਿਜਲੀ ਦੇਣ ਦਾ ਆਪਣਾ ਟੀਚਾ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਆਪਣੀਆਂ ਮੋਟਰਾਂ ਦੀ ਮੁਫਤ ਬਿਜਲੀ ਦੀ ਸਹੂਲਤ ਉਸੇ ਤਰ੍ਹਾਂ ਬਰਕਰਾਰ ਰੱਖ ਕੇ ਵਧੀਆ ਗੁਣਵੱਤਾ ਵਾਲਾ ਅਤੇ ਬੇਹਤਰ ਸਹੂਲਤਾਂ ਦੇ ਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਯਤਨ ਕੀਤਾ ਹੈ। ਇਸ ਦੇ ਨਾਲ ਨਾਲ ਬਿਜਲੀ ਦੇ ਢਾਂਚੇ ਨੂੰ ਅਪਗ੍ਰੇਡ ਕਰਨ ਵਾਸਤੇ ਸਰਕਾਰ ਨੇ 24 ਘੰਟਿਆਂ ਵਿੱਚ ਟਰਾਂਸਫਾਰਮਰਜ ਦੀ ਡਿਮਾਂਡ ਨੂੰ ਪੂਰਿਆਂ ਕੀਤਾ ਹੈ, ਕਸਬਿਆਂ, ਸ਼ਹਿਰਾਂ ਅਤੇ ਪਿੰਡਾਂ ਵਿੱਚ ਉਨ੍ਹਾਂ ਨੂੰ ਡੀ-ਲੋਡ ਕਰਕੇ ਬਿਜਲੀ ਦੀ ਵਧੀਆ ਇੰਨਫ੍ਰਾਸਟ੍ਰਕਚਰ ਪੈਦਾ ਕੀਤਾ ਹੈ।

ਕੋਲ ਮਾਈਨਾਂ ਦੇ ਨਾਲ ਨਾਲ ਜਿਹੜੇ ਪ੍ਰਾਈਵੇਟ ਥਰਮਲ ਪਲਾਂਟ ਸੀ, ਉਸ ਨੂੰ ਵੀ ਸਰਕਾਰ ਨੇ ਖਰੀਦਿਆ ਅਤੇ ਉਸ ਤੋਂ ਅੱਗੇ ਜਾ ਕੇ 5000 ਕਰੋੜ ਰੁਪਏ ਦੇ ਵਾਧੇ ਵਿੱਚ ਅਜੇ ਵੀ ਬਿਜਲੀ ਬੋਰਡ ਹੈ। ਜਿਹੜੇ ਸਾਹਮਣੇ ਬੈਠਣ ਵਾਲੇ ਹਨ, ਉਨ੍ਹਾਂ ਨੂੰ ਇਹ ਤਸਵੀਰ ਨਜ਼ਰ ਆਉਣੀ ਚਾਹੀਦੀ ਸੀ ਕਿ ਉਨ੍ਹਾਂ ਦੀ ਨੀਤੀ ਕੀ ਸੀ ਅਤੇ ਉਨ੍ਹਾਂ ਦੀ ਨੀਅਤ ਕੀ ਸੀ ਅਤੇ ਸਾਡੀ ਪੰਜਾਬ ਸਰਕਾਰ ਦੀ ਨੀਤੀ ਕੀ ਹੈ ਅਤੇ ਨੀਅਤ ਕੀ ਹੈ।

ਜੇ ਇਸ ਤੋਂ ਅੱਗੇ ਚੱਲੀਏ। ਸਾਡੀ ਸਭ ਤੋਂ ਅਹਿਮ ਗਰੰਟੀ ਜਿਹੜੀ ਕੱਲ੍ਹ ਬਜਟ ਵਿੱਚ ਪੂਰੀ ਹੋਈ ਹੈ, ਸਾਡੀਆਂ ਭੈਣਾਂ ਲਈ ਸਨਮਾਨ ਰਾਸ਼ੀ ਦੇ ਕੇ ਮਾਣਯੋਗ ਸੀ.ਐਮ. ਸਾਹਿਬ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ। ਆਪਣੀਆਂ ਮਾਵਾਂ-ਭੈਣਾਂ ਅਤੇ ਬੱਚੀਆਂ ਦੇ ਸਿਰ ਤੇ ਹੱਥ ਰੱਖਿਆ ਹੈ ਅਤੇ ਉਨ੍ਹਾਂ ਨੂੰ ਸਨਮਾਨਯੋਗ ਰਾਸ਼ੀ ਦੇਣ ਦਾ ਕੱਲ੍ਹ ਐਲਾਨ ਕਰ ਦਿੱਤਾ ਹੈ।

ਹਜ਼ਾਰਾਂ ਕਿਲੋਮੀਟਰ ਨਵੇਂ ਜਲ ਮਾਰਗ, ਪਾਈਪ ਲਾਈਨਾਂ, ਖਾਲ, ਸੂਏ, ਕੱਸੀਆਂ ਅਤੇ ਕੱਚੀਆਂ ਨਹਿਰਾਂ ਪੱਕਾ ਕਰਨ ਵਾਸਤੇ, ਆਖਰੀ ਟੇਲ ਤੱਕ ਪਾਣੀ ਪਹੁੰਚਾਉਣ ਵਾਸਤੇ 1365 ਅਜਿਹੀਆਂ ਥਾਵਾਂ ਹਨ, ਜਿੱਥੇ ਪਹਿਲੀ ਵਾਰੀ ਪਾਣੀ ਗਿਆ ਹੈ। ਇਸ ਉੱਦਮ ਨਾਲ ਨਹਿਰੀ ਪਾਣੀ ਨੂੰ ਸਾਂਭ ਸੰਭਾਲ ਵਾਸਤੇ, ਖੇਤੀ ਸੈਕਟਰ ਨੂੰ ਵੱਡਾ ਹੁਲਾਰਾ ਦੇਣ ਵਾਸਤੇ, ਧਰਤੀ ਹੇਠਲਾ ਪਾਣੀ ਬਚਾਉਣ ਵਾਸਤੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੋਂ ਸ਼ਰਮਿੰਦਾ ਹੋਣ ਤੋਂ ਬਚਾਉਣ ਵਾਸਤੇ ਪੰਜਾਬ ਸਰਕਾਰ ਦਾ ਇਹ ਉਪਰਾਲਾ ਸੀ ਕਿ ਉਹ ਇਹ ਨਾ ਕਹਿਣ ਕਿ ਤੁਸੀਂ ਸਾਡੇ ਵਾਸਤੇ ਪਾਣੀ ਦੀ ਸੰਭਾਲ ਕਿਉਂ ਨਹੀਂ ਕੀਤੀ। ਸਰਹਿੰਦ ਫੀਡਰ ਨਹਿਰ ਨੂੰ ਮੁੜ ਪੱਕਾ ਕਰਨ ਦਾ ਨੇਕ ਉਪਰਾਲਾ ਕੀਤਾ ਗਿਆ ਹੈ।
**1215/Karamjit kaur/Shubham jain**

**1220/harpreet singh**

ਕੰਢੀ ਖੇਤਰ ਦੇ ਵਿਚ 28 ਨਵੀਆਂ ਲਿਫ਼ਟ ਸਕੀਮਾਂ ਦੀ ਪਛਾਣ ਕਰਕੇ 15 ਤੇ ਕੰਮ ਸ਼ੁਰੂ ਕੀਤਾ ਅਤੇ ਸਿਰਫ਼ 2 ਲਿਫ਼ਟ ਸਕੀਮਾਂ, ਕਾਠਗੜ੍ਹ ਅਤੇ ਸਮਲਾ ਪਹਾੜਪੁਰ, ਇਹ ਦੋ ਕੰਪਲੀਟ ਹੋਣ ਜਾ ਰਹੀਆਂ ਹਨ। ਇਨ੍ਹਾਂ ਨਾਲ ਹੀ 14262 ਏਕੜ ਖੇਤਰ ਨੂੰ ਪਾਣੀ ਮਿਲੇਗਾ। ਖੇਤੀ ਸੈਕਟਰ ਤੇ ਬੀਜਾਂ ਲਈ ਸਬਸਿਡੀ, ਸੰਦਾਂ ਦੀ ਸਬਸਿਡੀ, ਮੰਡੀਆਂ ਵਿਚ ਸੁਚੱਜੇ ਪ੍ਰਬੰਧ, ਪੈਸੇ ਦਾ ਭੁਗਤਾਨ 24 ਘੰਟਿਆਂ ਵਿਚ, ਫਸਲੀ ਵਿਭਿੰਨਤਾ ਵਾਸਤੇ ਬਾਸਮਤੀ ਤੇ 1500 ਰੁਪਏ ਪ੍ਰਤੀ ਏਕੜ, ਸੌਣੀ-ਮੱਕੀ ਤੇ 17500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪੰਜਾਬ ਸਰਕਾਰ ਕਿਸਾਨਾਂ ਦੇ ਖਾਤਿਆਂ ਵਿਚ ਪਾ ਰਹੀ ਹੈ। ਗੰਨੇ ਦਾ ਭਾਅ ਦੇਸ਼ ਵਿਚ ਸਭ ਤੋਂ ਵੱਧ 416 ਰੁਪਏ ਪੰਜਾਬ ਸਰਕਾਰ ਨੇ ਦੇ ਕੇ ਕਿਸਾਨਾਂ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਜ਼ਾਹਿਰ ਕੀਤੀ ਹੈ। ਖੇਤੀ ਦੀ ਰਹਿੰਦ ਖੂੰਹਦ ਅਤੇ ਪਰਾਲੀ ਦੀ ਸੰਭਾਲ, ਸੰਦਾ ਤੇ ਸਬਸਿਡੀ, ਕੁਦਰਤੀ ਆਫ਼ਤ ਲਈ ਖਜ਼ਾਨੇ ਖੋਲ ਦਿੱਤੇ। ਕਿਸਾਨਾਂ ਨੂੰ ਪਿਛਲੇ ਸਮੇਂ ਜਿਹੜੀ ਆਫ਼ਤ ਆਈ ਸੀ, ਪੰਜਾਬ ਸਰਕਾਰ ਨੇ ਤਕਰੀਬਨ 25 ਫੀਸਦੀ ਤਬਾਹ ਹੋਏ ਢਾਂਚੇ ਨੂੰ ਪੈਰ੍ਹਾਂ ਤੇ ਲਿਆਉਣ ਲਈ ਸਫ਼ਲਤਾ ਹਾਸਲ ਕੀਤੀ ਹੈ। ਆਉਣ ਵਾਲਾ ਸਮਾਂ ਪੰਜਾਬ ਦੀ ਖੇਤੀ ਵਿਚ ਬਾਗਬਾਨੀ ਦਾ ਸਮਾਂ ਹੋਵੇਗਾ ਕਿਉਂਕਿ ਜ਼ਾਇਕਾ ਦੇ ਨਾਲ ਮਿਲ ਕੇ ਵੱਡੇ ਪੱਧਰ ਤੇ ਪੰਜਾਬ ਸਰਕਾਰ ਬਾਗਬਾਨੀ ਨੂੰ ਲੈ ਕੇ ਆ ਰਹੀ ਹੈ। ਸਭ ਤੋਂ ਅਹਿਮ ਪ੍ਰਾਪਤੀ ਸਾਡੀ ਸਰਕਾਰ ਦੀ ਇਹ ਹੈ ਕਿ ਦਿਨ ਵੇਲੇ ਸੁਚੱਜੀ ਲਾਈਟ ਦੇ ਕੇ, ਮੰਡੀਆਂ ਵਿਚ ਸੁਚੱਜੇ ਪ੍ਰਬੰਧ ਕਰਕੇ ਮਾਨ ਸਰਕਾਰ ਨੇ ਕਿਸਾਨਾਂ ਦਾ ਦਿਲ ਜਿੱਤਿਆ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਪਰਿਵਾਰ ਨਾਲ ਰਹਿ ਕੇ ਸਕੂਨ ਦੀ ਨੀਂਦ ਨਸੀਬ ਹੋਈ ਹੈ। ਪੰਜਾਬ ਸਰਕਾਰ ਨੇ ਸਾਨੂੰ ਆਉਣ ਵਾਲੇ ਸਮੇਂ ਦੀ ਇਕ ਬੜੀ ਮਨਮੋਹਕ ਤਸਵੀਰ ਦਿਖਾਈ ਹੈ, ਜੋ ਕਿ ਸਾਲ ਤੇ ਅੰਤ ਤੱਕ ਸਾਡੇ ਸਾਹਮਣੇ ਹੋਵੇਗੀ। ਚਾਹੇ ਮੰਡੀ ਬੋਰਡ ਹੋਵੇ, ਚਾਹੇ ਪੀ.ਡਬਲਿਊ.ਡੀ ਹੋਵੇ, ਚਾਹੇ ਸਥਾਨਕ ਸਰਕਾਰ ਵਿਭਾਗ ਹੋਵੇ। ਪਿੰਡਾਂ ਦੀਆਂ 40 ਹਜ਼ਾਰ ਕਿਲੋਮੀਟਰ ਸੜਕਾਂ ਪੰਜਾਬ ਨੂੰ ਸਮਰਪਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਰਿਪੇਅਰ ਹੈ, ਵਾਈਡਨਿੰਗ ਹੈ, ਨਵੇਂ ਪ੍ਰਾਜੈਕਟ ਹਨ। ਸਾਨੂੰ ਸਾਲ ਦੇ ਅੰਤ ਤੱਕ ਇਕ ਵੱਖਰਾ ਪੰਜਾਬ ਨਜ਼ਰ ਆਵੇਗਾ, ਜਿਸ ਲਈ ਜੰਗੀ ਪੱਧਰ ਤੇ ਕੰਮ ਚੱਲ ਰਿਹਾ ਹੈ। ਮਾਨ ਸਰਕਾਰ ਨੇ ਪਸ਼ੂ ਧੰਨ ਲਈ ਵੀ ਹਰ ਤਰਜੀਹੀ ਕੰਮ ਕੀਤੇ ਹਨ। ਵੱਡੇ ਪੱਧਰ ਤੇ ਸੁੰਨੇ ਪਏ ਪਸ਼ੂ ਹਸਪਤਾਲਾਂ ਵਿਚ ਡਾਕਟਰਾਂ ਦੀ ਭਰਤੀ, ਹੋਰ ਮੁਲਾਜ਼ਮਾਂ ਦੀ ਭਰਤੀ ਅਤੇ ਇੰਸਪੈਕਟਰਾਂ ਦੀ ਭਰਤੀ ਤੇ ਹਰ ਸੀਜ਼ਨ ਦੇ ਵਿਚ ਪਸ਼ੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਦੇ ਟੀਕੇ, ਚੰਗੀ ਨਸਲ ਵਾਲੇ ਸੀਮਨ ਦਾ ਪ੍ਰਬੰਧ, ਖੰਡਰ ਬਣ ਚੁੱਕੀਆਂ ਇਮਾਰਤਾਂ ਦੀ ਮੁਰੰਮਤ ਕੀਤੀ। ਮਾਨ ਸਰਕਾਰ ਨੇ ਕਿਲਾ ਰਾਏਪੁਰ ਵਿਚ ਬੈਲਗੱਡੀਆਂ ਦੀ ਖੇਡ ਦੀ ਦੁਬਾਰਾ ਸੁਰਜੀਤ ਕੀਤੀ ਰੀਤ ਨਾਲ ਜਿੱਥੇ ਸਾਡੀਆਂ ਪੁਰਾਤਨ ਖੇਡਾਂ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ

ਉਥੇ ਸਾਡੇ ਦੇਸੀ ਪੁੱਤਾਂ ਵਾਂਗ ਪਾਲੇ ਹੋਏ ਬੈਲ, ਜੋ ਸਾਡੇ ਖੇਡ ਪ੍ਰੇਮੀ ਸਾਂਭ ਕੇ ਰੱਖਦੇ ਹਨ, ਦੀ ਵੀ ਸਾਰ ਲਈ ਹੈ। ਸਾਡੀ ਸਰਕਾਰ ਨੇ ਖੇਡਾਂ ਲਈ ਮਿਸਾਲੀ ਕੰਮ ਕੀਤੇ ਹਨ ਤਾਂ ਕਿ ਪੰਜਾਬ ਨੂੰ ਫਿਰ ਤੋਂ ਦੇਸ਼ ਵਿਚ ਖੇਡਾਂ ਦੇ ਖੇਤਰ ਵਿਚ ਮੋਹਰੀ ਸੂਬਾ ਬਣਾਇਆ ਜਾ ਸਕੇ। ਇਸ ਲਈ ਖਿਡਾਰੀਆਂ ਵਿਚ ਉਤਸ਼ਾਹ ਭਰਨ ਲਈ ਕਰੋੜਾਂ ਦੀਆਂ ਨੌਕਰੀਆਂ, ਕਰੋੜਾਂ ਦਾ ਬਜਟ, ਇਨਾਮ ਆਦਿ ਤੋਂ ਇਲਾਵਾ 3100 ਦੇ ਕਰੀਬ ਸਮਾਰਟ ਸਪੋਰਟਸ ਗਰਾਉਂਡ ਬਣਾਏ ਹਨ। ਇਸ ਤੋਂ ਇਲਾਵਾ ਖੇਡਾਂ ਵਤਨ ਪੰਜਾਬ ਦੀਆਂ ਨੇ ਪੰਜਾਬ ਦੀ ਨਵੀਂ ਪਨੀਰੀ ਨੂੰ ਖੇਡਾਂ ਨਾਲ ਜੋੜਿਆ ਹੈ। ਨਵੇਂ ਸਕੂਲਾਂ ਵਿਚ ਲੱਖਾਂ ਦੀ ਗਿਣਤੀ ਵਿਚ ਸਾਡੇ ਵਿਦਿਆਰਥੀ ਖੇਡਾਂ ਨਾਲ ਜੁੜੇ ਅਤੇ ਉਨ੍ਹਾਂ ਦੇ ਮਾਪਿਆਂ ਦੇ ਦਿਲਾਂ ਵਿਚ ਭਰੋਸੇਯੋਗਤਾ ਪੈਦਾ ਕੀਤੀ ਕਿ ਹੁਣ ਖੇਡਾਂ ਦੇ ਖੇਤਰ ਵਿਚ ਭਵਿੱਖ ਰੌਸ਼ਨ ਹੋਵੇਗਾ ਅਤੇ ਉਨ੍ਹਾਂ ਨੂੰ ਨੌਕਰੀਆਂ ਅਤੇ ਸਨਮਾਨ ਵੀ ਮਿਲੇਗਾ। ਰੁਜ਼ਗਾਰ ਵਿਚ ਭ੍ਰਿਸ਼ਟਾਚਾਰ ਨੂੰ ਲਾਂਭੇ ਕਰਦੇ ਹੋਏ ਮਾਨ ਸਰਕਾਰ ਨੇ 70 ਹਜ਼ਾਰ ਦੇ ਕਰੀਬ ਸਰਕਾਰੀ ਨੌਕਰੀਆਂ ਪਾਰਦਰਸ਼ਤਾ ਦੇ ਢੰਗ ਨਾਲ ਸਿਨਿਆਰਟੀ ਅਤੇ ਮੈਰਿਟ ਤੇ ਦਿੱਤੀਆਂ ਹਨ, ਇਸ ਨਾਲ ਉਨ੍ਹਾਂ ਨੇ ਪੰਜਾਬ ਦੇ ਨਾਲ ਦੁਨੀਆ ਦਾ ਧਿਆਨ ਆਪਣੇ ਵੱਖ ਖਿੱਚਿਆ ਹੈ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਉਦਯੋਗਿਕ ਖੇਤਰ ਵਿਚ ਵੱਡੀ ਪੱਧਰ ਤੇ ਪੈਸਾ ਇਨਵੈਸਟ ਕਰਵਾ ਕੇ ਆਉਣ ਵਾਲੇ ਸਮੇਂ ਵਿਚ ਸਾਢੇ ਪੰਜ ਲੱਖ ਨੌਕਰੀ ਦਾ ਪ੍ਰਬੰਧ ਸਾਡੇ ਪੰਜਾਬ ਦੇ ਲੋਕਾਂ ਵਾਸਤੇ ਹੋਵੇਗਾ। ਪ੍ਰਾਈਵੇਟ ਸੈਕਟਰ ਵਿਚ ਵੱਖ ਵੱਖ ਥਾਵਾਂ ਤੇ ਰੁਜ਼ਗਾਰ ਮੇਲੇ ਲਗਾ ਕੇ ਤਕਰੀਬਨ 50 ਹਜ਼ਾਰ ਦੇ ਕਰੀਬ ਨੌਜੁਆਨਾਂ ਨੂੰ ਨੌਕਰੀਆਂ ਦਿੱਤੀਆਂ ਹਨ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਆਵਾਜਾਈ ਦੇ ਸਾਧਨਾਂ ਨੂੰ ਚੰਗਾ ਕਰਨ ਵਾਸਤੇ, ਪੰਜਾਬ ਦੇ ਆਖਰੀ ਪਿੰਡ ਤੱਕ ਦੇ ਸਫ਼ਰ ਲਈ ਮਿੰਨੀ ਬੱਸਾਂ ਮੁਹੱਈਆ ਕਰਵਾਉਣ ਵਾਸਤੇ ਵੱਡੀ ਪੱਧਰ ਤੇ ਇਕ ਹਜ਼ਾਰ ਤੋਂ ਵੱਧ ਪਰਮਿਟ ਜਾਰੀ ਕੀਤੇ। ਇਸ ਨਾਲ ਰੁਜ਼ਗਾਰ ਦੇ ਨਾਲ ਨਾਲ ਪਿੰਡਾਂ ਵਿਚ ਆਵਾਜਾਈ ਸਹੂਲਤ ਵੀ ਮੁਹੱਈਆ ਕਰਵਾਈ ਹੈ।

**ਮਾਣਯੋਗ ਡਿਪਟੀ ਸਪੀਕਰ:** ਹੋਰਾਂ ਲਈ ਵੀ ਕੁੱਝ ਛੱਡ ਦਿਓ, ਸਾਰਾ ਕੁੱਝ ਹੀ ਨਾ ਦੱਸ ਦਿਓ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਟਰਾਂਸਪੋਰਟ ਵਿਭਾਗ ਦਾ ਆਧੁਨਿਕੀਕਰਨ ਦੇ ਨਾਲ ਜਿਹੜੇ ਲੋਕਾਂ ਨੇ ਆਪਣੇ ਵਹੀਕਲ ਨੂੰ ਰਿਨਿਊ ਕਰਵਾਉਣਾ ਹੈ, ਨਵਾਂ ਲੈਣਾ ਹੈ, ਉਨ੍ਹਾਂ ਨੂੰ ਦਲਾਲਾਂ ਤੋਂ ਰਾਹਤ ਮਿਲੀ ਅਤੇ ਇਸ ਨਾਲ ਪੰਜਾਬ ਸਰਕਾਰ ਦਾ ਮਾਲੀਆ ਵੀ ਵਧਿਆ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਧੰਨ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਮਨਾ ਕੇ ਪੰਜਾਬ ਸਰਕਾਰ ਨੇ ਉਸ ਧਰਤੀ ਤੇ ਸਪੈਸ਼ਲ ਸੈਸ਼ਨ ਕਰਕੇ ਦੁਨੀਆ ਨੂੰ ਇਕ

ਵੱਖਰਾ ਸੰਦੇਸ਼ ਦਿੱਤਾ ਅਤੇ ਇਕ ਵੱਖਰੀ ਤਰ੍ਹਾਂ ਦੀ ਸ਼ਰਧਾ ਭੇਟ ਕੀਤੀ। ਆਉਣ ਵਾਲੇ ਸਮੇਂ ਵਿਚ ਧੰਨ ਗੁਰੂ ਰਵਿਦਾਸ ਮਹਾਰਾਜ ਜੀ ਦਾ 650 ਸਾਲਾ ਆਗਮਨ ਪੁਰਬ ਪੂਰਾ ਸਾਲ ਖੁਰਾਲਗੜ੍ਹ ਵਿਖੇ ਮਨਾਉਣ ਦਾ ਸ਼ਲਾਘਾਯੋਗ ਫੈਸਲਾ ਕੀਤਾ ਹੈ।

**1220/harpreet singh/Abhishek gautam**

**1225/amandeep kaur**

ਦੋ ਏਅਰਪੋਰਟ, ਆਦਮਪੁਰ ਅਤੇ ਹਵਾਰਾ ਏਅਰਪੋਰਟਾਂ ਨੂੰ ਉਦਯੋਗਿਕ ਘਰਾਣਿਆਂ ਦੇ ਹਵਾਲੇ ਕੀਤਾ ਗਿਆ ਹੈ ਤਾਂ ਕਿ ਆਉਣ ਜਾਣ ਅਤੇ ਆਮ ਲੋਕਾਂ ਦਾ ਜਨ-ਜੀਵਨ, ਉਨ੍ਹਾਂ ਦੀਆਂ ਤਰਜੀਹਾਂ ਉਦਯੋਗ ਦੇ ਵਿੱਚ ਵਧਾਇਆ ਜਾ ਸਕੇ। ਆਦਮਪਰ ਏਅਰਪੋਰਟ ਦਾ ਨਾਂ ਬਦਲ ਕੇ ਭਗਤ ਰਵੀਦਾਸ ਜੀ ਦੇ ਨਾਂ ਤੇ ਰੱਖਿਆ ਗਿਆ। ਹਵਾਰਾ ਏਅਰਪੋਰਟ ਦਾ ਨਾਂ ਸ਼ਹੀਦ ਊਦਮ ਸਿੰਘ ਜੀ ਦੇ ਨਾਂ ਤੇ ਰੱਖ ਕੇ ਇਸ ਪੰਜਾਬ ਨੂੰ ਉਨ੍ਹਾਂ ਨੇ ਆਪਣੀ ਸੰਵੇਦਨਸ਼ੀਲਤਾ ਜ਼ਾਹਿਰ ਕੀਤੀ। (ਘੰਟੀ)

ਕੁੱਲ 23 ਟੋਲ ਪਲਾਜ਼ਿਆਂ ਵਿੱਚੋਂ 21 ਟੋਲ ਪਲਾਜ਼ਿਆਂ ਨੂੰ ਬੰਦ ਕਰਕੇ 67.77 ਲੱਖ ਰੁਪਿਆ ਰੋਜ਼ਾਨਾ ਜਿਹੜਾ ਕਿ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਦੇ ਵਿੱਚੋਂ ਨਿਕਲਦਾ ਸੀ ਜਿਸ ਤੇ ਪੰਜਾਬ ਸਰਕਾਰ ਨੇ ਅੰਕੁਸ਼ ਲਗਾਇਆ। ਭ੍ਰਿਸ਼ਟਾਚਾਰ ਦੇ ਮਾਮਲੇ ਦੇ ਵਿੱਚ ਸੈਕੜੇ ਕੇਸਾਂ ਦੇ ਵਿੱਚ ਚਾਹੇ ਉਹ ਗਜ਼ਟਿਡ ਅਫਸਰ ਹਨ, ਚਾਹੇ ਉਹ ਨਾਨ-ਗਜ਼ਟਿਡ ਅਫਸਰ ਹਨ, ਵਿਜੀਲੈਂਸ ਦੇ ਕੇਸ ਕਰਕੇ ਉਨ੍ਹਾਂ ਤੇ ਪਰਚੇ ਦਰਜ ਕੀਤੇ ਗਏ ਅਤੇ ਕਾਰਵਾਈ ਕੀਤੀ ਗਈ। Zero Tolerance Policy ਦੇ ਤਹਿਤ ਇਹ ਸਭ ਕੀਤਾ ਗਿਆ।

| | |
|---|---|
| *12.26 ਵਜੇ ਬਾਅਦ ਦੁਪਹਿਰ | (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |

**ਡਾਕਟਰ ਨੱਛਤਰ ਪਾਲ (ਨਵਾਂ ਸ਼ਹਿਰ):** ਮਾਣਯੋਗ ਸਪੀਕਰ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਣਯੋਗ ਗਵਰਨਰ ਸਾਹਿਬ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਜਿਹੜੀਆਂ ਗੱਲਾਂ ਉਸ ਵਿੱਚ ਨਹੀਂ ਆਈਆਂ ਆਪਣੇ ਸੀਮਤ ਸਮੇਂ ਦੇ ਵਿੱਚ ਉਨ੍ਹਾਂ ਗੱਲਾਂ ਨੂੰ ਤੁਹਾਡੇ ਧਿਆਨ ਦੇ ਵਿੱਚ ਲਿਆਵਾਂਗਾ ਤਾਂ ਜੋ ਉਨ੍ਹਾਂ ਨੂੰ ਲਾਗੂ ਕੀਤਾ ਜਾ ਸਕੇ। ਪੰਜਾਬ ਰਿਜ਼ਰਵੇਸ਼ਨ ਐਕਟ, 2006 ਦੇ ਤਹਿਤ Adhoc, contract, daily basis, temporary, work charged, outsource ਦੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਦਿਵਆਂਗ, ਸਾਬਕਾ ਫੌਜੀ, ਸਪੋਰਟਸਮੈਨ, ਇਕਨਾਮਿਕ ਵੀਕਰ ਸੈਕਸ਼ਨ ਨੂੰ ਵੀ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਪੰਜਾਬ ਦੇ ਮੁਲਾਜ਼ਮ ਜਿਹੜੇ ਕਿ ਲੰਮੇ ਸਮੇਂ ਤੋਂ ਆਪਣੇ ਹੱਕੀ ਮੰਗਾਂ ਲਈ ਚਾਹੇ ਉਹ 16% ਡੀ.ਏ ਹੈ, ਚਾਹੇ Old Pension Scheme ਹੈ, ਚਾਹੇ 50 ਹਜ਼ਾਰ ਦੇ ਕਰੀਬ ਅਧਿਆਪਕ ਹਨ ਜਿਹੜੇ ਕਿ ਇੱਕ ਸੁਪਰੀਮ ਕੋਰਟ ਦੇ ਫੈਸਲੇ ਦੇ ਨਾਲ ਜਿਹੜਾ ਟੀਚਰ ਟੈਸਟ ਕੋਡ ਲਾਗੂ ਹੋ ਗਿਆ ਹੈ, ਇਸ ਕਰਕੇ ਉਨ੍ਹਾਂ ਦੀ ਨੌਕਰੀ ਨੂੰ ਖਤਰਾ ਹੈ, ਉਸ ਦੀ ਵੀ ਕਾਨੂੰਨੀ ਚਾਰਾਜੋਈ ਕੀਤੀ ਜਾਵੇ। ਸਮਗਰ ਸਿੱਖਿਆ ਅਭਿਆਨ ਅਧੀਨ ਦਫਤਰੀ

ਕਰਮਚਾਰੀ ਦੀ ਤਨਖਾਹ ਵਿੱਚ ਕਟੌਤੀ ਕੀਤੀ ਗਈ, ਉਸ ਨੂੰ ਰੱਦ ਕਰਕੇ ਉਸ ਨੂੰ ਰੈਗੂਲਰ ਕੀਤਾ ਜਾਵੇ। ਮਾਣਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਮਿਡ-ਡੇਅ ਮੀਲ ਵਰਕਰ, ਆਸ਼ਾ ਵਰਕਰ, ਆਂਗਰਨਵਾੜੀ ਵਰਕਰ, ANM, GNM, Pharmasist, NRHM ਦੇ ਕਾਮੇ, ਸਫਾਈ ਕਰਮਚਾਰੀ, ਡਰਾਈਵਰ, ਕੰਨਡਕਟਰ, ਕੱਚੇ ਅਤੇ ਆਊਟ ਸੋਰਸ ਦੇ ਕਾਮਿਆਂ ਨੂੰ ਯੋਗਤਾ ਅਨੁਸਾਰ equal work and equal pay ਦੇ ਤਹਿਤ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਵੇ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ 2 ਮਿੰਟ ਦਾ ਸਮਾਂ ਦਿੱਤਾ ਸੀ ਇਸ ਲਈ ਇੱਥੇ ਹੀ ਮੈਂ ਆਪਣੀ ਗੱਲ ਨੂੰ ਵਿਰਾਮ ਦਿੰਦਾ ਹਾਂ। ਧੰਨਵਾਦ।

**ਮਾਣਯੋਗ ਸਪੀਕਰ**: ਕਮਾਲ ਹੈ। ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਮਾਣਯੋਗ ਸਪੀਕਰ ਸਾਹਿਬ, ਮੇਰਾ ਟਾਈਮ ਥੋੜਾ ਜਿਹਾ ਵਧਾ ਦੇਣਾ ਜੀ। (ਹਾਸਾ) ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੋ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰਕਾਰ ਵੱਲੋਂ ਸਾਲ 2021 ਦੇ ਵਿੱਚ ਬਹੁਤ ਸਾਰੇ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਸੀ। ਜਿਸ ਦੇ ਵਿੱਚੋਂ ਸਭ ਤੋਂ ਅਹਿਮ ਮਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਨੂੰਨ ਬਣਾਉਣ ਦਾ ਸੀ। ਕਿਉਂਕਿ ਜਦੋਂ ਪਿਛਲੇ ਸਮੇਂ ਦੇ ਵਿੱਚ ਇਹ ਘਟਨਾ ਵਾਪਰੀ ਉਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲ ਸਕੀ। ਸਿੱਖ ਕੌਮ ਦੇ ਅੰਦਰ ਬੜਾ ਵੱਡਾ ਰੋਸ ਸੀ। ਜਿਸ ਦਾ ਖਮਿਆਜ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਭੁਗਤਣਾ ਪਿਆ। ਉਸ ਤੋਂ ਬਾਅਦ ਫਿਰ ਕੈਪਟਨ ਅਮਰਿੰਦਰ ਸਿੰਘ ਨੇ ਬੜੇ ਵੱਡੇ ਵਾਅਦੇ ਕੀਤੇ ਕਿ ਅਸੀਂ ਦੋਸ਼ੀਆਂ ਦੇ ਖਿਲਾਫ ਸਖਤ ਕਾਨੂੰਨ ਬਣਾਵਾਂਗੇ, ਸਜ਼ਾਵਾਂ ਦਿਆਂਗੇ। ਸਿੱਖਾਂ ਨੇ ਉਨ੍ਹਾਂ ਦਾ ਬੜਾ ਸਾਥ ਦਿੱਤਾ, ਵੋਟਾਂ ਪਾਈਆਂ, ਉਹ ਵੀ ਇਹ ਵਾਅਦਾ ਪੂਰਾ ਨਹੀਂ ਕਰ ਸਕੇ। ਉਸ ਤੋਂ ਬਾਅਦ ਸਾਲ 2022 ਦੇ ਵਿੱਚ ਸਿੱਖਾਂ ਨੇ ਵੱਡਾ ਭਰੋਸਾ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਜਤਾਇਆ ਅਤੇ 92 ਸੀਟਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮਿਲੀਆਂ। ਸਿੱਖਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੋਟਾਂ ਪਾਈਆਂ ਕਿ ਇਨ੍ਹਾਂ ਨੇ ਜਿਹੜੇ ਸਾਡੇ ਨਾਲ ਵਾਅਦੇ ਕੀਤੇ ਹਨ, ਉਹ ਹੁਣ ਪੂਰੇ ਹੋਣਗੇ।

**1225/amandeep kaur/Abhishek gautam**

**1230/Tarlochan Singh**

ਜਿਸ ਵਿੱਚ ਸਰਕਾਰ ਵੱਲੋਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਗੱਲ ਕੀਤੀ ਗਈ ਸੀ। 6 ਮਹੀਨੇ ਪਹਿਲਾਂ ਬਿਲ ਵੀ ਲਿਆਂਦਾ ਗਿਆ, ਇੱਕ ਸਿਲੈਕਟ ਕਮੇਟੀ ਬਣਾਈ ਗਈ ਜਿਸ ਦੀਆਂ ਕਾਫੀ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਲੇਕਿਨ ਇਸ ਬਜਟ ਸੈਸ਼ਨ ਵਿੱਚ ਵੀ ਉਸ ਬਿਲ ਨੂੰ ਲਿਆਉਣ ਬਾਰੇ ਜਾਂ ਸਖਤ ਕਾਨੂੰਨ ਬਣਾਉਣ ਬਾਰੇ ਹਾਲੇ ਤੱਕ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਪਿਛਲੇ 17 ਮਹੀਨਿਆਂ ਤੋਂ ਇੱਕ ਸਿੰਘ ਭਾਈ ਗੁਰਜੀਤ ਸਿੰਘ ਖਾਲਸਾ ਟਾਵਰ ਤੇ ਬੈਠਾ ਹੈ, ਉਸ ਦੀ ਮੰਗ ਹੈ ਕਿ ਬੇਅਦਬੀ ਖਿਲਾਫ ਸਖਤ ਕਾਨੂੰਨ ਬਣਾਇਆ ਜਾਵੇ। ਸੋ, ਇਸ ਲਈ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਇਸੇ ਬਜਟ ਸੈਸ਼ਨ ਵਿੱਚ ਸਖਤ

ਕਾਨੂੰਨ ਬਣਾਇਆ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਹੋਰ ਧਾਰਮਿਕ ਗਰੰਥਾਂ ਦੀ ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ।

ਸੋ, ਸਿੱਖ ਕੌਮ ਨਾਲ ਸਬੰਧਤ ਤਿੰਨ ਮਸਲੇ ਹਨ, ਜਿਨ੍ਹਾਂ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਸਿੱਖਾਂ ਨੇ ਤੁਹਾਨੂੰ ਬਹੁਤ ਜ਼ਿਆਦਾ ਵੋਟਾਂ ਪਾ ਕੇ ਤੁਹਾਡੀ ਸਰਕਾਰ ਬਣਾਈ ਹੈ। ਪਹਿਲਾ ਮਸਲਾ ਤਾਂ ਉਹ ਹੈ ਜਿਹੜੀ ਮੈਂ ਪਹਿਲਾਂ ਗੱਲ ਕੀਤੀ ਹੈ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਬਾਰੇ ਕਾਨੂੰਨ ਬਣਾਉਣ ਬਾਰੇ।

ਦੂਜਾ ਮਸਲਾ ਹੈ ਬੰਦੀ ਸਿੰਘਾਂ ਦੀ ਰਿਹਾਈ ਬਾਰੇ। ਮੈਂ ਇੱਕ ਮਤਾ ਵੀ ਦਿੱਤਾ ਸੀ ਜਿਸ ਨੂੰ ਤੁਸੀਂ disallow ਕਰ ਦਿੱਤਾ ਹੈ। ਜਿਹੜੇ ਬੰਦੀ ਸਿੰਘ ਜੇਲ੍ਹਾਂ ਵਿੱਚ ਬੰਦ ਹਨ, ਉਨ੍ਹਾਂ ਨੂੰ ਤਕਰੀਬਨ 30 ਸਾਲਾਂ ਦਾ ਸਮਾਂ ਹੋ ਗਿਆ ਹੈ। ਇਹ ਬੰਦੀ ਸਿੰਘ ਕਰੀਬ 26 ਸਿੰਘ ਹਨ, ਜਿਸ ਵਿੱਚ ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਦਵਿੰਦਰਪਾਲ ਸਿੰਘ ਭੁੱਲਰ ਜੀ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ। ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਇਹ ਬੰਦੀ ਸਿੰਘ ਜੇਲ੍ਹਾਂ ਵਿੱਚ ਬੰਦ ਹਨ। ਇਹ ਕੋਈ ਆਪਣੀ ਲੜਾਈ ਨਹੀਂ ਸਨ ਲੜ ਰਹੇ ਸਨ। ਪਿਛਲੇ ਸਮੇਂ ਵਿੱਚ ਜੋ ਕੁਝ ਵੀ ਪੰਜਾਬ ਵਿੱਚ ਵਾਪਰਿਆ ਹੈ, ਸਭ ਤੋਂ ਮੁੱਖ ਕਾਰਨ ਹੈ ਕਿ ਜਦੋਂ 1966 ਵਿੱਚ ਪੰਜਾਬ ਪੁਨਰਗਠਨ ਐਕਟ ਬਣਿਆ ਸੀ, ਉਸ ਸਮੇਂ ਪੰਜਾਬ ਨਾਲ ਜੋ ਧੱਕਾ ਹੋਇਆ ਸੀ, ਪੰਜਾਬ ਦੇ ਪਾਣੀ ਖੋਹ ਕੇ ਦੂਜੇ ਸੂਬਿਆਂ ਨੂੰ ਦੇਣ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੇ ਕੋਸ਼ਿਸ਼ਾਂ ਕੀਤੀਆਂ ਸਨ। ਉਸ ਖਿਲਾਫ ਪਹਿਲਾਂ ਕਪੂਰੀ ਦਾ ਮੋਰਚਾ, ਫਿਰ ਧਰਮ ਯੁੱਧ ਮੋਰਚਾ ਅਤੇ ਬਾਅਦ ਵਿੱਚ 1984 ਵਿੱਚ ਦਰਬਾਰ ਸਾਹਿਬ ਤੇ ਹਮਲਾ ਹੋਇਆ। ਸਾਡੇ ਕਿੰਨੇ ਹੀ ਬੇਦੋਸ਼ੇ ਸਿੱਖ ਉਥੇ ਸ਼ਹੀਦ ਹੋਏ। ਉਸ ਤੋਂ ਬਾਅਦ ਨਵੰਬਰ 1984 ਵਿੱਚ ਜੋ ਸਿੱਖਾਂ ਦਾ ਕਤਲੇਆਮ ਹੋਇਆ, ਇਹ ਸਾਰੇ ਕਾਰਨ ਹਨ। ਜੇਕਰ ਸਰਕਾਰਾਂ ਇਨਸਾਫ ਦਿੰਦੀਆਂ ਤਾਂ ਮੇਰਾ ਖਿਆਲ ਹੈ ਕਿ ਸਿੱਖਾਂ ਨੂੰ ਇਸ ਸੰਘਰਸ਼ ਦੇ ਰਾਹ ਤੇ ਤੁਰਨ ਦੀ ਲੋੜ ਨਹੀਂ ਸੀ। ਸੋ, ਇਹ ਕਾਰਨ ਬਣੇ ਅਤੇ ਉਨ੍ਹਾਂ ਨੇ ਸੰਘਰਸ਼ ਦਾ ਰਾਹ ਅਪਣਾਇਆ ਅਤੇ ਲੜਾਈ ਲੜੀ। ਇਹ ਉਨ੍ਹਾਂ ਦੀ ਨਿੱਜੀ ਲੜਾਈ ਨਹੀਂ ਹੈ, ਸਗੋਂ ਉਹ ਰਾਜਸੀ ਕੈਦੀ ਹਨ, ਜਿਹੜੇ ਜੇਲ੍ਹਾਂ ਵਿੱਚ ਬੰਦ ਹਨ।

ਕੁਝ ਦਿਨ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਦੇ ਪਿੰਡ ਇੱਕ ਵੱਡਾ ਇਕੱਠ ਹੋਇਆ, ਉਥੇ ਸਾਰੀਆਂ ਪੰਥਕ ਜਥੇਬੰਦੀਆਂ ਪਹੁੰਚੀਆਂ ਸਨ। ਉਨ੍ਹਾਂ ਦੇ ਮਾਤਾ ਜੀ ਬਹੁਤ ਸੀਰੀਅਸ ਹਨ ਪਰ ਉਨ੍ਹਾਂ ਨੂੰ ਆਪਣੇ ਮਾਤਾ ਜੀ ਨੂੰ ਮਿਲਣ ਦੀ ਇਜਾਜ਼ਤ ਤੱਕ ਨਹੀਂ ਦਿੱਤੀ ਗਈ। 31 ਸਾਲ ਹੋ ਗਏ ਹਨ, ਉਹ ਜੇਲ੍ਹ ਵਿੱਚ ਬੰਦ ਹਨ। ਸੋ, ਪੰਜਾਬ ਸਰਕਾਰ ਉਨ੍ਹਾਂ ਦੀ ਪੈਰੋਲ ਕਰਵਾਏ ਤਾਂ ਜੋ ਉਹ ਆਪਣੀ ਮਾਂ ਨੂੰ ਮਿਲ ਸਕਣ। ਬਾਕੀ ਵੀ ਜਿਹੜੇ ਬੰਦੀ ਸਿੰਘ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੜਾ ਸਮਾਂ ਬੀਤ ਚੁੱਕਾ ਹੈ। ਹੁਣ ਕੋਈ ਵੀ ਅਜਿਹੀ ਮੂਵਮੈਂਟ ਨਹੀਂ ਚੱਲ ਰਹੀ ਹੈ। ਜੇਕਰ ਉਹ ਮੁੱਖ ਧਾਰਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਸਰਕਾਰ ਨੂੰ ਉਨ੍ਹਾਂ ਨੂੰ ਮੌਕਾ ਦੇਣਾ ਚਾਹੀਦਾ ਹੈ।

**ਮਾਣਯੋਗ ਸਪੀਕਰ** : ਠੀਕ ਹੈ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਇਸ ਦੇ ਨਾਲ ਹੀ ਮੇਰਾ ਦੂਜਾ ਸਵਾਲ ਹੈ।

**ਮਾਣਯੋਗ ਸਪੀਕਰ** : ਤੁਸੀਂ 2 ਵਜੇ ਤੋਂ ਬਾਅਦ ਵੀ ਬੋਲ ਸਕਦੇ ਹੋ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਰ, ਬੱਸ ਇੱਕ ਮਿੰਟ ਦੇ ਦਿਉ ਜੀ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਦੂਜਾ ਸਵਾਲ ਹੈ ਕਿ ਸਾਡੇ ਮੈਂਬਰ ਪਾਰਲੀਮੈਂਟ, ਭਾਈ ਅੰਮ੍ਰਿਤਪਾਲ ਸਿੰਘ ਜੀ ਹਨ, ਜਿਨ੍ਹਾਂ ਤੇ ਅਜਨਾਲਾ ਵਿੱਚ ਕੇਸ ਰਜਿਸਟਰ ਹੋਇਆ ਸੀ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਥੀ ਸਨ। ਉਥੇ ਉਨ੍ਹਾਂ ਨੇ ਕੋਈ ਕਾਨੂੰਨ ਹੱਥ ਵਿੱਚ ਲਿਆ, ਉਸ ਲਈ ਪਰਚਾ ਦਰਜ ਹੋ ਗਿਆ ਹੈ। ਉਸ ਤੇ ਬਣਦੀ ਕਾਨੂੰਨੀ ਕਾਰਵਾਈ ਹੋ ਜਾਣੀ ਚਾਹੀਦੀ ਸੀ। ਤਿੰਨ ਸਾਲ ਹੋ ਗਏ ਹਨ, ਉਨ੍ਹਾਂ ਤੇ NSA ਲੱਗੀ ਹੋਈ ਹੈ। ਉਨ੍ਹਾਂ ਦੇ ਬਾਕੀ ਸਾਥੀ ਜੇਲ੍ਹਾਂ ਵਿੱਚ ਬੰਦ ਹਨ। ਬੇਸ਼ੱਕ ਉਨ੍ਹਾਂ ਦੀ NSA ਹਟਾ ਲਈ ਗਈ ਹੈ ਪਰ ਉਨ੍ਹਾਂ ਦੀ ਜ਼ਮਾਨਤ ਦਾ ਵਿਰੋਧ ਕੀਤਾ ਜਾ ਰਿਹਾ ਹੈ। ਜੇਕਰ ਕੋਈ ਵੀ ਸਿੱਖ ਮੁੱਖ ਧਾਰਾ ਵਿੱਚ ਆਉਣਾ ਚਾਹੁੰਦਾ ਹੈ ਤਾਂ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਦੀ ਚੋਣ ਲਈ, 4 ਲੱਖ ਦੇ ਕਰੀਬ ਵੋਟਾਂ ਪਈਆਂ ਸਨ ਅਤੇ ਉਨ੍ਹਾਂ ਦੀ 2 ਲੱਖ ਤੋਂ ਵੱਧ ਵੋਟਾਂ ਦੀ ਕਿੰਨੀ ਹੀ ਵੱਡੀ ਜਿੱਤ ਹੋਈ ਹੈ। ਇਹ ਸਿੱਖਾਂ ਦੀਆਂ ਭਾਵਨਾਵਾਂ ਹਨ। ਕੀ ਤੁਸੀਂ ਸਿੱਖਾਂ ਦਾ ਵਿਸ਼ਵਾਸ ਚੋਣ ਪ੍ਰਣਾਲੀ ਤੋਂ ਖਤਮ ਕਰਨਾ ਚਾਹੁੰਦੇ ਹੋ? ਜਦੋਂ ਵੋਟਾਂ ਪਾ ਲਈਆਂ ਗਈਆਂ, ਸਹੁੰ ਚੁੱਕ ਲਈ ਗਈ ਹੈ ਤਾਂ ਹੁਣ ਕਿਉਂ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਕੀ ਕਹਿਣਾ ਚਾਹੁੰਦੇ ਹਨ, ਸੁਣੋ ਤਾਂ ਸਹੀ। ਜੇ ਕੋਈ ਵਿਅਕਤੀ, ਸਿੱਖ ਆਗੂ ਅੱਜ ਮੁੱਖ ਧਾਰਾ ਵਿੱਚ ਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਮੌਕਾ ਦਿੱਤਾ ਜਾਵੇ। ਅੱਜ ਦੇ ਨੌਜਵਾਨਾਂ ਦੇ ਮਨਾਂ ਵਿੱਚ ਫਿਰ ਇਹ ਗੱਲ ਬਿਠਾਈ ਜਾ ਰਹੀ ਹੈ ਕਿ ਅੱਜ ਵੀ ਪੰਜਾਬ ਵਿੱਚ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਇਸ ਆਜ਼ਾਦ ਭਾਰਤ ਵਿੱਚ ਅੱਜ ਵੀ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਸੋ, ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਤੋਂ NSA ਹਟਾਈ ਜਾਵੇ, ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਆਉਣ ਦਾ ਮੌਕਾ ਦਿੱਤਾ ਜਾਵੇ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਜੇਕਰ ਇਨ੍ਹਾਂ ਵਿੱਚੋਂ ਕੋਈ ਵੀ ਗੈਰਕਾਨੂੰਨੀ ਕਾਰਵਾਈ ਕਰਦਾ ਹੈ ਤਾਂ ਅਸੀਂ ਦੇਸ਼ ਦੇ ਵਿਰੋਧ ਵਿੱਚ ਨਹੀਂ ਹਾਂ, ਕਾਨੂੰਨ ਦੇ ਵਿਰੋਧ ਵਿੱਚ ਨਹੀਂ ਹਾਂ, ਫਿਰ ਵੀ ਜੇਕਰ ਕੋਈ ਐਸੀ ਗੈਰਕਾਨੂੰਨੀ ਕਾਰਵਾਈ ਹੁੰਦੀ ਹੈ ਤਾਂ ਉਸ ਖਿਲਾਫ ਸਰਕਾਰ ਫਿਰ ਤੋਂ ਕਾਰਵਾਈ ਕਰ ਸਕਦੀ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਇਸ ਲਈ ਮੈਂ ਸਰਕਾਰ ਤੋਂ ਆਸ ਕਰਦਾ ਹਾਂ ਕਿ ਸਰਕਾਰ ਇਨ੍ਹਾਂ ਤਿੰਨਾਂ ਮਸਲਿਆਂ ਤੇ ਗੌਰ ਕਰੇਗੀ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੇ ਖੁਦ ਵੀ ਯੁੱਧ ਨਸ਼ਿਆਂ ਵਿਰੁੱਧ ਯਾਤਰਾ

ਸ਼ੁਰੂ ਕੀਤੀ ਸੀ। ਲੇਕਿਨ ਮੈਂ ਇੱਥੇ ਸਰਕਾਰ ਅੱਗੇ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗ੍ਰਿਫਤਾਰੀਆਂ ਅਤੇ ਕੇਸਾਂ ਦੀ ਲਿਸਟ ਵੱਡੀ ਕੀਤੀ ਜਾ ਰਹੀ ਹੈ, ਮੈਂ ਉਸ ਦਾ ਛੋਟਾ ਜਿਹਾ ਉਦਾਹਰਣ ਦੇਣਾ ਚਾਹੁੰਦਾ ਹਾਂ।

**1230/Tarlochan Singh/BS khokhar**

**1235/mehak**

ਐਫ.ਐਮ. ਸਾਹਿਬ, ਸਾਡੇ ਮੁਕੇਰੀਆਂ ਵਿੱਚ ਇੱਕ ਮੁੰਡਾ ਅਰੋੜਾ ਹੈ, ਉਸ ਨੂੰ ਨਸ਼ੇ ਦੀ ਆਦਤ ਸੀ ਅਤੇ ਉਸ ਦੀ 11 ਮਹੀਨਿਆਂ ਬਾਅਦ ਹੁਸ਼ਿਆਰਪੁਰ ਤੋਂ ਬੇਲ ਹੋਈ ਸੀ ਤੇ ਉਹ ਘਰ ਆ ਗਿਆ ਸੀ। ਲੇਕਿਨ ਪੁਲਿਸ ਨੂੰ ਪਤਾ ਨਹੀਂ ਲਗਿਆ ਕਿ ਉਹ ਮੁੰਡਾ ਘਰ ਆਇਆ ਹੈ ਜਾਂ ਨਹੀਂ। ਉਹ ਪੂਰਾ ਇੱਕ ਮਹੀਨਾ ਘਰੋਂ ਬਾਹਰ ਨਹੀਂ ਨਿਕਲਿਆ ਸੀ ਕਿਉਂਕਿ ਉਹ ਨਸ਼ਾ ਛੱਡਣਾ ਚਾਹੁੰਦਾ ਸੀ। ਜਿਸ ਵੇਲੇ ਇੱਕ ਮਹੀਨੇ ਬਾਅਦ ਉਹ ਹੁਸ਼ਿਆਰਪੁਰ ਵਿੱਚ ਆਪਣੀ ਤਰੀਕ ਭੁਗਤ ਕੇ ਆਪਣੇ ਘਰ ਵਾਪਿਸ ਆਇਆ ਤਾਂ ਦੋ ਘੰਟੇ ਬਾਅਦ ਮੁਕੇਰੀਆਂ ਦੀ ਪੁਲਿਸ ਨੇ ਉਸ ਨੂੰ ਫਿਰ ਘਰੋਂ ਚੁੱਕ ਲਿਆ ਤੇ ਦੂਜੇ ਦਿਨ ਉਸ ਤੇ ਇੱਕ ਹਜ਼ਾਰ ਗੋਲੀਆਂ ਪਾ ਕੇ ਨਵਾਂ ਕੇਸ ਬਣਾ ਦਿੱਤਾ। ਮੈਂ ਦੂਜੇ ਕੇਸ ਦੀ ਜਾਣਕਾਰੀ ਦਿਆਂਗਾ ਤਾਂ ਕਿ ਇਸ ਵਿਰੁੱਧ ਗੌਰ ਕੀਤਾ ਜਾਵੇ। ਦੂਜੀ ਗੱਲ, ਕਾਨੂੰਨ ਵਿਵਸਥਾ ਦੀ ਹੈ। ਮੁਕੇਰੀਆਂ ਵਿੱਚ ਹੋਲੀ ਵਾਲੇ ਦਿਨ ਦੀ ਰਾਤ ਨੂੰ ਲਗਭਗ ਇਕ ਵਜੇ ਮੱਧ ਪ੍ਰਦੇਸ਼ ਤੋਂ 12-13 ਬੰਦਿਆਂ ਨੇ ਆ ਕੇ ਡਾਕਾ ਮਾਰਿਆ। ਇਹ ਸੁਣਨ ਵਾਲੀ ਗੱਲ ਹੈ ਕਿਉਂਕਿ ਉਸ ਵੇਲੇ ਰਾਤ ਨੂੰ ਕੋਈ ਸੜਕ ਤੇ ਆਂਦਾ-ਜਾਂਦਾ ਨਹੀਂ ਹੈ ਤੇ ਜੀ.ਟੀ. ਰੋਡ ਤੇ ਤਲਵਾੜਾ ਰੋਡ ਤੇ ਜਿਊਲਰ ਦੀ ਦੁਕਾਨ ਸੀ। ਉਨ੍ਹਾਂ ਲੋਕਾਂ ਨੇ ਆ ਕੇ ਬਾਹਰਲੇ ਗ੍ਰਿਲ ਦੇ ਤਾਲੇ ਨੂੰ ਇਸ ਤਰ੍ਹਾਂ ਤੋੜ ਲਿਆ ਜਿਸ ਤਰ੍ਹਾਂ ਕੋਈ mismanage ਕੀਤਾ ਹੁੰਦਾ ਹੈ। ਜਿਸ ਤਰ੍ਹਾਂ ਪਿੰਡਾਂ ਵਿੱਚ ਗੱਡਿਆਂ ਨੂੰ ਹੱਈ ਸ਼ਾਅ ਕਰਕੇ ਜ਼ੋਰ ਲਗਾਉਂਦੇ ਹਾਂ, ਉਸ ਤਰ੍ਹਾਂ ਉਨ੍ਹਾਂ ਨੇ ਉਹ ਤਾਲਾ ਖੋਲ ਕੇ ਉਸ ਦੇ ਅੰਦਰ ਦੇ ਸ਼ਟਰ ਨੂੰ ਹੱਈ ਸ਼ਾਅ ਕਰਕੇ ਖੋਲ ਲਿਆ ਤੇ ਉਨ੍ਹਾਂ 10-12 ਬੰਦਿਆਂ ਨੇ ਉਸ ਸ਼ਟਰ ਨੂੰ ਸੀਮਿੰਟ ਸਮੇਤ ਹੀ ਚੁੱਕ ਦਿੱਤਾ। ਜਦਕਿ ਉਸ ਸ਼ਟਰ ਨੂੰ ਸੈਂਟਰ ਲੌਕ ਲਗੇ ਹੋਏ ਸਨ । ਉਸ ਤੋਂ ਬਾਅਦ ਮੋਟੇ ਮੋਟੇ ਸ਼ੀਸ਼ੇ ਸਨ ਤੇ ਤਿੰਨ-ਚਾਰ ਰਾਡਾਂ ਮਾਰ ਕੇ ਉਨ੍ਹਾਂ ਨੇ ਸ਼ੀਸ਼ੇ ਤੋੜ ਕੇ ਉਸ ਦੁਕਾਨ ਨੂੰ ਲੁੱਟਿਆ। ਪੁਲਿਸ ਉਹ ਤਿੰਨ-ਚਾਰ ਬੰਦੇ ਫੜ ਕੇ ਲਿਆਈ ਹੈ ਔਰ ਇਹ ਬੰਦੇ ਫੜਨ ਵਿੱਚ ਐਮ.ਪੀ. ਦੀ ਪੁਲਿਸ ਨੇ ਪੂਰਾ ਸਹਿਯੋਗ ਦਿੱਤਾ ਹੈ ਅਤੇ ਉਸ ਪਿੰਡ ਦੇ ਸਾਰੇ ਲੋਕ ਹੀ ਸਾਰੇ ਹਿੰਦੁਸਤਾਨ ਵਿੱਚ ਚੋਰੀਆਂ ਕਰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਕਾਨੂੰਨ ਨੂੰ ਸਹੀ ਰੱਖਣ ਵਾਸਤੇ ਇਸ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਮੈਂ ਇੱਕ ਹੋਰ ਬੇਨਤੀ ਕਰਨੀ ਹੈ ਕਿ ਸੜਕਾਂ ਤੇ ਬਹੁਤ ਟ੍ਰੈਫਿਕ ਚਲਦਾ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਬਿਨਾਂ ਮਾਈਕ ਤੋਂ)**: ਸਪੀਕਰ ਸਾਹਿਬ, ਇਹ ਕਹਿ ਰਹੇ ਹਨ ਕਿ ਪੂਰੇ ਪਿੰਡ ਦੇ ਲੋਕ ਹੀ ਚੋਰੀਆਂ ਕਰਦੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਠੀਕ ਹੈ ਜੀ, ਬੈਠੋ।

**ਸ੍ਰੀ ਜੰਗੀ ਲਾਲ ਮਹਾਜਨ**: ਭਰਾ ਜੀ, ਇੱਕ ਮਿੰਟ ਸੁਣ ਲਓ, ਉੱਥੇ ਜਿਹੜੀ ਲੋਕਲ ਪੁਲਿਸ ਵੀ ਗਈ ਹੈ ਤੇ ਉੱਥੇ ਲਾਗੇ-ਸ਼ਾਗੇ ਦੇ ਪਿੰਡ ਜਾਂ ਏਰੀਆ ਹੈ ਤੇ ਉੱਥੇ ਕਹਿੰਦੇ ਕਿ ਸਰਪੰਚ ਵੀ ਉਹ ਹੀ ਬਣਦੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਥੈਂਕਿਊ। ਸਰਦਾਰ ਹਰਪਾਲ ਸਿੰਘ ਚੀਮਾ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ ਕਿ ਤੁਸੀਂ ਮੈਨੂੰ ਪੰਜਾਬ ਦੇ ਮਾਣਯੋਗ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਜੀ ਵੱਲੋਂ ਇਸ ਪਵਿੱਤਰ ਸਦਨ ਦੇ ਅੰਦਰ ਦਿੱਤੀ ਗਈ ਇਤਿਹਾਸਕ ਸਪੀਚ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ ਚਾਰ ਸਾਲ ਤੋਂ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਈ ਹੈ ਤਾਂ ਲਗਾਤਾਰ ਸਰਕਾਰ ਪੰਜਾਬ ਪੱਖੀ ਫੈਸਲੇ ਲੈ ਰਹੀ ਹੈ। ਮੈਨੂੰ ਯਾਦ ਹੈ ਕਿ ਜਦੋਂ ਪੰਜਾਬ ਦੀ ਪਹਿਲੀ ਕੈਬਨਿਟ ਹੋਈ, ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪਹਿਲੀ ਕੈਬਨਿਟ ਮੀਟਿੰਗ ਹੋਈ ਤਾਂ ਉਸ ਮੀਟਿੰਗ ਦੇ ਅੰਦਰ ਬਹੁਤ ਹੀ ਇਤਿਹਾਸਕ ਫੈਸਲਾ ਹੋਇਆ ਸੀ। ਉਹ ਫੈਸਲਾ ਇਹ ਸੀ ਕਿ ਪੰਜਾਬ ਦੇ ਨੌਜਵਾਨ ਨੂੰ ਰੁਜ਼ਗਾਰ ਦੇਣਾ ਹੈ, ਪੰਜਾਬ ਦੇ ਮੁੰਡੇ ਕੁੜੀਆਂ ਨੂੰ ਨੌਕਰੀਆਂ ਦੇਣੀਆਂ ਹਨ। ਮੈਨੂੰ ਯਾਦ ਹੈ, ਮੈਂ ਉਸ ਕੈਬਨਿਟ ਦਾ ਗਵਾਹ ਹਾਂ ਕਿਉਂਕਿ ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਕੈਬਨਿਟ ਦਾ ਸਾਥੀ ਸੀ, ਅੱਜ ਵੀ ਹਾਂ ਤੇ ਉਸ ਸਮੇਂ 30 ਹਜ਼ਾਰ ਨੌਕਰੀਆਂ ਦਾ ਇਸ਼ਤਿਹਾਰ ਪਹਿਲੀ ਵਾਰੀ ਜਾਰੀ ਹੋਇਆ ਸੀ। ਅੱਜ ਪੰਜਾਬ ਵਿੱਚ ਉਨ੍ਹਾਂ ਨੌਕਰੀਆਂ ਦੀ ਗਿਣਤੀ ਵੱਧ ਕੇ 63 ਹਜ਼ਾਰ ਹੋ ਚੁੱਕੀ ਹੈ ਤੇ ਜੋ ਪੰਜਾਬ ਦੇ ਨੌਜਵਾਨ ਦਾ ਵਿਦੇਸ਼ਾਂ ਵੱਲ ਬ੍ਰੇਨ ਡ੍ਰੇਨ ਹੋ ਰਿਹਾ ਸੀ, ਜੋ ਪੰਜਾਬ ਦੇ ਨੌਜਵਾਨ ਦੇ ਅੰਦਰ ਪੰਜਾਬ ਦੇ ਪ੍ਰਤੀ ਉਸ ਦੇ ਵਿਸ਼ਵਾਸ ਵਿੱਚ ਕਮੀ ਆਈ ਸੀ ਕਿ ਪੰਜਾਬ ਵੀ ਕਦੇ ਤਰੱਕੀ ਕਰ ਸਕਦਾ ਹੈ, ਅੱਜ ਮੈਂ ਸਮਝਦਾ ਹਾਂ ਕਿ ਉਹ ਵਿਸ਼ਵਾਸ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਦੁਬਾਰਾ ਸ਼ੁਰੂ ਹੋਇਆ ਹੈ।

**1235/mehak/BS khokhar**

ਅੱਜ ਪੰਜਾਬ ਦਾ ਹਰ ਇੱਕ ਨਾਗਰਿਕ ਇਹ ਮਹਿਸੂਸ ਕਰ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਪੰਜਾਬ ਲਗਾਤਾਰ ਤਰੱਕੀ ਕਰ ਰਿਹਾ ਹੈ। ਉਹ 63 ਹਜ਼ਾਰ ਨੌਕਰੀਆਂ ਦਾ ਪੰਜਾਬ ਅੰਦਰ ਕੀ ਹੋਇਆ? ਕਿਉਂਕਿ ਕੱਲ੍ਹ ਜਦੋਂ ਮੈਂ ਬਜਟ ਪੇਸ਼ ਕਰ ਰਿਹਾ ਸੀ ਤਾਂ ਉਸ ਸਮੇਂ ਜਿਹੜੀਆਂ ਸਾਡੀਆਂ ਆਈ.ਟੀ.ਆਈਜ਼ ਸਨ, ਉਸ ਦੇ ਅੰਦਰ 35 ਹਜ਼ਾਰ ਸੀਟਾਂ ਹੁੰਦੀਆਂ ਸੀ, ਉਹ ਵੀ ਖਾਲੀ ਰਹਿ ਜਾਂਦੀਆਂ ਸੀ। ਕੱਲ੍ਹ ਮੈਂ ਦੇਖਿਆ ਕਿ ਉਸ ਦੇ ਅੰਦਰ 20 ਹਜ਼ਾਰ ਸੀਟਾਂ ਦਾ ਵਾਧਾ, ਮੇਰੇ ਨਾਲ ਸਰਦਾਰ ਹਰਜੋਤ ਸਿੰਘ ਬੈਂਸ ਜੀ ਬੈਠੇ ਹਨ, ਇਨ੍ਹਾਂ ਦੇ ਡਿਪਾਰਟਮੈਂਟ ਨੇ ਕੀਤਾ ਹੈ। ਇਹ ਡਿਪਾਰਟਮੈਂਟ ਨੇ ਕਿਉਂ ਕੀਤਾ? ਸਪੀਕਰ ਸਾਹਿਬ, ਇਹ ਤਾਂ ਕਰਨਾ ਪਿਆ ਕਿ ਜੇ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਦਾ ਵਿਸ਼ਵਾਸ ਪੰਜਾਬ ਵਿੱਚ ਬਹਾਲ ਹੋਇਆ। ਜੇ ਪੰਜਾਬ ਅੰਦਰ ਯੁੱਧ ਨਸ਼ਿਆਂ ਵਿਰੁੱਧ ਇੱਕ ਵੱਡੀ ਮੁਹਿੰਮ ਦਾ ਆਗਾਜ਼ ਕੀਤਾ ਗਿਆ ਤਾਂ ਉਹ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਹੋਇਆ ਕਿਉਂਕਿ ਪੰਜਾਬ ਜਾਣਦਾ ਹੈ, ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਜਦੋਂ ਪੰਜਾਬ ਅੰਦਰ ਅਕਾਲੀ ਦਲ ਬੀ.ਜੇ.ਪੀ. ਦੀ ਸਰਕਾਰ ਹੁੰਦੀ ਸੀ ਤਾਂ ਲੋਕ ਕਹਿੰਦੇ ਸੀ ਕਿ ਜੇ ਚਿੱਟਾ ਲੈਣਾ ਹੈ ਤਾਂ ਅਕਾਲੀਆਂ ਦੇ ਘਰਾਂ ਵੱਲ ਜਾਂਦੇ ਸੀ। ਅਕਾਲੀਆਂ ਦੇ ਘਰਾਂ ਵੱਲ ਲੋਕਾਂ ਦੇ ਮੂੰਹ ਹੁੰਦੇ ਸੀ ਔਰ ਅਕਾਲੀਆਂ ਨੂੰ ਦੇਖ ਕੇ ਲੋਕ ਕਹਿੰਦੇ ਸੀ ਕਿ ਚਿੱਟਾ ਇੱਥੋਂ ਮਿਲਦਾ ਹੈ ਔਰ ਬੀ.ਜੇ.ਪੀ. ਵਾਲਿਆਂ ਦੇ ਘਰਾਂ ਵੱਲ ਦੇਖ ਕੇ ਕਹਿੰਦੇ ਸੀ ਕਿ ਚਿੱਟਾ ਇੱਥੋਂ ਮਿਲਦਾ ਹੈ। ਇਹ ਪੰਜਾਬ

ਜਾਣਦਾ ਹੈ, ਚਿੱਟਾ ਨਾਮ ਦਾ ਸ਼ਬਦ ਪੰਜਾਬ ਦੇ ਇਤਿਹਾਸ ਅੰਦਰ, ਪੰਜਾਬ ਦੇ ਸ਼ਬਦ-ਕੋਸ਼ ਅੰਦਰ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਸਮੇਂ ਆਇਆ ਪਰ ਲੇਕਿਨ ਅਫਸੋਸ ਕਿਉਂਕਿ ਆਮ ਆਦਮੀ ਪਾਰਟੀ ਨੇ ਤਾਂ ਪਹਿਲੀ ਵਾਰ 2017 ਵਿੱਚ ਇਲੈਕਸ਼ਨ ਲੜੀ ਹੈ। ਇਸ ਤੋਂ ਪਹਿਲਾਂ ਪਰਿਵਾਰਕ ਮੈਚ ਹੁੰਦੇ ਸੀ, ਦੋ ਪਰਿਵਾਰਾਂ ਦੀਆਂ ਪਾਰਟੀਆਂ ਸੀ, ਅਕਾਲੀ ਦਲ ਪੰਜ ਸਾਲ, ਕਾਂਗਰਸ ਪੰਜ ਸਾਲ, ਇਹ ਦੋ ਪਾਰਟੀਆਂ ਨੇ ਵਾਰੀਆਂ ਬੰਨ੍ਹੀਆਂ ਹੁੰਦੀਆਂ ਸੀ ਅਤੇ ਪੰਜਾਬ ਦੇ ਲੋਕਾਂ ਨੇ 2017 ਵਿੱਚ ਤੀਜੀ ਪਾਰਟੀ ਨੂੰ ਪੰਜਾਬ ਵਿੱਚ ਮੌਕਾ ਦਿੱਤਾ। ਮੌਕਾ ਕੀ ਸੀ? ਆਪੋਜ਼ੀਸ਼ਨ ਦਾ ਰੋਲ ਨਿਭਾਉਣ ਦਾ ਮੌਕਾ ਸੀ, ਪੰਜਾਬ ਦੇ ਲੋਕਾਂ ਨੇ ਸਾਨੂੰ ਦਿੱਤਾ ਸੀ ਅਤੇ ਤੁਸੀਂ ਵੀ ਮੈਂਬਰ ਸੀ। ਆਪਾਂ ਸਾਰਿਆਂ ਨੇ ਪੰਜਾਬ ਦੇ ਲੋਕਾਂ ਦੇ ਸਾਹਮਣੇ ਪੰਜਾਬ ਦੀ ਅਸਲੀ ਤਸਵੀਰ ਪੇਸ਼ ਕੀਤੀ ਕਿ ਪੰਜਾਬ ਨੂੰ ਕਿਸ ਤਰ੍ਹਾਂ ਚਿੱਟੇ ਦੇ ਰਾਹੀਂ ਬਰਬਾਦ ਕੀਤਾ ਜਾ ਰਿਹਾ ਹੈ। ਪੰਜਾਬ ਦੀ ਜਵਾਨੀ ਨੂੰ ਕਿਸ ਤਰ੍ਹਾਂ ਤਬਾਹ ਕੀਤਾ ਜਾ ਰਿਹਾ ਹੈ। ਇਹ ਤਸਵੀਰ ਪੰਜਾਬ ਦੇ ਲੋਕਾਂ ਦੇ ਸਾਹਮਣੇ ਆਮ ਆਦਮੀ ਪਾਰਟੀ ਨੇ ਰੱਖੀ। 2022 ਵਿੱਚ ਪੰਜਾਬ ਦੇ ਲੋਕਾਂ ਨੇ ਇਤਿਹਾਸਕ ਮੈਨਡੇਟ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦਿੱਤਾ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਔਰ ਲਗਾਤਾਰ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਦੇ ਅੰਦਰ ਨਸ਼ਿਆਂ ਨੂੰ ਖਤਮ ਕਰਨ ਤੇ ਲੱਗੇ ਹੋਏ ਹਾਂ। ਵੱਡੇ ਵੱਡੇ ਤਸਕਰਾਂ ਨੂੰ ਖਤਮ ਕੀਤਾ, ਜਿਨ੍ਹਾਂ ਤਸਕਰਾਂ ਨੇ ਪੈਸੇ ਕਮਾ ਕੇ ਪ੍ਰਾਪਰਟੀਆਂ ਕਮਾਈਆਂ ਸੀ, ਉਹ ਸਾਲ-ਸਾਲ, ਦੋ-ਦੋ ਸਾਲ ਜੇਲ੍ਹਾਂ ਵਿੱਚ ਲਗਾ ਕੇ ਆਏ ਹਨ। ਇਹ ਪੰਜਾਬ ਗਵਾਹ ਹੈ, ਇਹ ਕੰਮ ਸਿਰਫ ਤੇ ਸਿਰਫ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਕੀਤਾ ਹੈ। ਮੈਂ ਇਹ ਗੱਲਾਂ ਤਾਂ ਕਰ ਰਿਹਾ ਹਾਂ ਕਿਉਂਕਿ ਪੰਜਾਬ ਦੇ ਲੋਕਾਂ ਨੂੰ ਦੱਸਣਾ ਪਵੇਗਾ ਕਿ ਪੰਜਾਬ ਨੂੰ ਬਰਬਾਦ ਕਰਨ ਵਾਲੇ ਲੋਕ ਕੌਣ ਸਨ, ਪੰਜਾਬ ਦੇ ਅੰਦਰ ਕਿਨ੍ਹਾਂ ਲੋਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ, ਕਿਨ੍ਹਾਂ ਲੋਕਾਂ ਨੇ ਪੰਜਾਬ ਦੇ ਅੰਦਰ ਉਨ੍ਹਾਂ ਨੌਜਵਾਨਾਂ ਤੇ ਗੋਲੀਆਂ ਚਲਾਉਣ ਦਾ ਕੰਮ ਕੀਤਾ ਜਿਹੜੇ ਇਨਸਾਫ ਮੰਗ ਰਹੇ ਸੀ। ਇਹ ਸਮਾਂ ਅਕਾਲੀ ਦਲ ਬਾਦਲ ਦੇ ਹਿੱਸੇ ਸੀ ਪਰ ਲੇਕਿਨ ਸਾਲ 2017 ਤੋਂ ਲੈ ਕੇ 2022 ਤੱਕ ਜਦੋਂ ਪੰਜਾਬ ਦੇ ਅੰਦਰ ਕੈਪਟਨ ਸਾਹਿਬ ਨੇ ਤਖਤ ਤਲਵੰਡੀ ਸਾਬੋ ਤੋਂ ਠੀਕ 35 ਕਿਲੋਮੀਟਰ ਦੂਰ ਖੜ੍ਹੇ ਹੋ ਕੇ ਇੱਕ ਸਭਾ ਅੰਦਰ ਕਿਉਂਕਿ ਅੱਜ ਆਪੋਜ਼ੀਸ਼ਨ ਵਾਲੇ ਉੱਠ ਕੇ ਚਲੇ ਗਏ ਹਨ, ਜਦੋਂ ਇਨ੍ਹਾਂ ਦਾ ਭਾਸ਼ਣ ਖਤਮ ਹੋ ਗਿਆ ਤਾਂ ਚਲੇ ਗਏ, ਸਾਡੀਆਂ ਗੱਲਾਂ ਸੁਣਨ ਤੋਂ ਭੱਜ ਗਏ, ਕਾਂਗਰਸੀਆਂ ਨੂੰ ਸਚਾਈ ਸੁਣਨ ਤੋਂ ਡਰ ਲੱਗਦਾ ਹੈ ਤਾਂ ਕੈਪਟਨ ਸਾਹਿਬ ਦੀ ਅਗਵਾਈ ਵਿੱਚ ਕਾਂਗਰਸ ਇਲੈਕਸ਼ਨ ਲੜ ਰਹੀ ਸੀ ਔਰ ਗੁਟਕਾ ਸਾਹਿਬ ਮੱਥੇ ਨੂੰ ਲਗਾ ਕੇ ਕੀ ਕਿਹਾ ਸੀ? ਕਿ ਚਾਰ ਹਫਤਿਆਂ ਵਿੱਚ ਪੰਜਾਬ ਵਿੱਚੋਂ ਨਸ਼ਿਆਂ ਦਾ ਲੱਕ ਤੋੜ ਦਿਆਂਗੇ, ਸਾਢੇ ਚਾਰ ਸਾਲਾਂ ਬਾਅਦ ਕਾਂਗਰਸ ਪਾਰਟੀ ਦੇ ਉਸ ਮੁੱਖ ਮੰਤਰੀ ਨੂੰ ਹਟਾਉਣਾ ਪਿਆ ਔਰ ਉਸ ਤੋਂ ਬਾਅਦ ਇੱਕ ਡੰਮੀ ਮੁੱਖ ਮੰਤਰੀ ਲਿਆਉਣਾ ਪਿਆ ਪਰ ਲੇਕਿਨ ਪੰਜ ਸਾਲਾਂ ਬਾਅਦ ਜਦੋਂ ਸਾਲ 2022 ਵਿੱਚ ਦੁਬਾਰਾ ਇਲੈਕਸ਼ਨ ਹੋਈ ਅਤੇ ਆਪਣੀ ਸਰਕਾਰ ਆਈ, ਸਰਦਾਰ ਭਗਵੰਤ ਸਿੰਘ ਮਾਨ ਜੀ ਮੁੱਖ ਮੰਤਰੀ ਬਣੇ ਤਾਂ ਅੱਜ ਪੰਜਾਬ ਵਿੱਚ ਨਸ਼ਿਆਂ ਦਾ ਖਾਤਮਾ ਹੋ ਰਿਹਾ ਹੈ। ਮੈਂ ਪੰਜਾਬ ਦੇ ਉਨ੍ਹਾਂ ਲੋਕਾਂ ਦਾ ਇਤਿਹਾਸਕ ਤੌਰ ਤੇ ਜ਼ਿਕਰ ਕਰਨਾ ਚਾਹਾਂਗਾ, ਤੁਹਾਡੇ ਵੀ ਯਾਦ ਹੋਵੇਗਾ, ਜਦੋਂ ਅਸੀਂ ਉਨ੍ਹਾਂ ਬੈਂਚਾਂ ਤੇ ਬੈਠੇ ਹੁੰਦੇ ਸੀ, ਜਦੋਂ ਕਾਂਗਰਸ ਪਾਰਟੀ ਇੱਕ ਬਿਲ ਲੈ ਕੇ ਆਈ ਸੀ। ਐਡਵੋਕੇਟ ਇੰਗੇਜਮੈਂਟ ਐਕਟ ਬਿਲ ਲੈ ਕੇ ਆਈ ਸੀ ਯਾਨੀ ਕਿ ਹਾਈ ਕੋਰਟ ਦੇ ਅੰਦਰ ਸਰਕਾਰੀ ਭਰਤੀ, ਸਰਕਾਰੀ ਵਕੀਲਾਂ ਦੀ ਭਰਤੀ ਦਾ ਬਿਲ ਆਇਆ ਸੀ।

**1245/Manika Rani**

ਮੈਂ ਖੜ੍ਹੇ ਹੋ ਕੇ ਉਸ ਸਮੇਂ ਦੇ ਮਾਣਯੋਗ ਸਪੀਕਰ ਸਾਹਿਬ ਨੂੰ ਕਿਹਾ ਸੀ ਕਿ ਜਨਾਬ ਇਸ ਐਕਟ ਵਿੱਚ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਦੇ ਵਿੱਚ ਸ਼ਡਿਊਲਡ ਕਾਸਟ ਬੱਚਿਆਂ ਨੂੰ ਮੌਕਾ ਮਿਲਣਾ ਚਾਹੀਦਾ ਹੈ। ਇੱਕ ਐਡਵੋਕੇਟ ਨੂੰ ਮੌਕਾ ਮਿਲਣਾ ਚਾਹੀਦਾ ਹੈ, ਜਿਹੜੇ ਆਪਣੀ ਪ੍ਰਤਿਭਾ ਸਟੇਟ ਦੇ ਹਾਫ ਉੱਤੇ ਹਾਈਕੋਰਟ ਅੰਦਰ ਰੱਖ ਸਕਣ ਪਰ ਅਫਸੋਸ ਉਨ੍ਹਾਂ ਨੇ ਕੋਈ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ। ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਆਉਣ ਸਾਰ 2022 ਵਿੱਚ ਆਮ ਆਦਮੀ ਪਾਰਟੀ ਦੀ ਰਹਿਨੁਮਾਈ ਸਦਕਾ ਹਾਈਕੋਰਟ ਅੰਦਰ ਐਸ.ਸੀ. ਬੱਚਿਆਂ ਨੂੰ ਰਿਜ਼ਰਵੇਸ਼ਨ ਦਿੱਤੀ। ਅੱਜ ਲਗਭਗ ਆਮ ਘਰਾਂ ਦੇ 58 ਬੱਚੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਮੈਨੂੰ ਯਾਦ ਹੈ ਕਿ ਜਲੰਧਰ ਦਾ ਇੱਕ ਨੌਜਵਾਨ, ਜਿਸ ਦਾ ਪਿਤਾ ਸਫਾਈ ਦਾ ਕੰਮ ਕਰਦਾ ਸੀ ਅਤੇ ਸੰਗਰੂਰ ਦੀ ਕੁੜੀ, ਜਿਸ ਦਾ ਪਿਤਾ ਸਫਾਈ ਦਾ ਕੰਮ ਕਰਦਾ ਸੀ, ਅੱਜ ਉਹ ਹਾਈਕੋਰਟ ਦੇ ਅੰਦਰ ਸੇਵਾਵਾਂ ਨਿਭਾ ਰਹੇ ਹਨ। ਇਹ ਲਾਮਿਸਾਲ ਪ੍ਰਾਪਤੀਆਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਬਣੀ ਸਰਕਾਰ ਦੁਆਰਾ ਮਿਲੀਆਂ ਹਨ। ਅੱਜ ਪੰਜਾਬ ਦੇ ਪਿੰਡਾਂ ਵਿੱਚੋਂ ਹਜ਼ਾਰਾਂ ਕਿਸਾਨ ਵੀਡੀਓ ਬਣਾ-ਬਣਾ ਕੇ ਭੇਜ ਰਹੇ ਹਨ ਕਿ ਸਾਡੇ 30-40 ਸਾਲਾਂ ਬਾਅਦ ਖੇਤਾਂ ਵਿੱਚ ਪਾਣੀ ਆ ਗਿਆ ਹੈ। ਇਸ ਦਾ ਸਿਹਰਾ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਲਗਾਤਾਰ ਪੂਰੇ ਕਰ ਰਹੀ ਹੈ। ਸਪੀਕਰ ਸਾਹਿਬ, ਹਾਲੇ ਚਾਰ ਸਾਲ ਪੂਰੇ ਨਹੀਂ ਹੋਏ ਹਨ। ਹਾਲੇ ਕੁਝ ਦਿਨ ਬਾਕੀ ਹਨ ਪਰੰਤੂ ਅਸੀਂ ਆਪਣੀਆਂ ਪੰਜ ਦੀਆਂ ਪੰਜ ਗਾਰੰਟੀਆਂ ਪੂਰੀਆਂ ਕਰਕੇ ਪੰਜਾਬ ਦੇ ਲੋਕਾਂ ਸਾਹਮਣੇ ਖੜ੍ਹੇ ਹਾਂ। ਅੱਜ ਮੈਂ ਬੜੇ ਫਖਰ ਅਤੇ ਮਾਣ ਨਾਲ ਕਹਿ ਸਕਦਾ ਹਾਂ ਕਿ ਸਰਦਾਰ ਭਗਵੰਤ ਸਿੰਘ ਮਾਨ ਪੰਜਾਬ ਦੀ ਇਤਿਹਾਸਕ ਹਿਸਟਰੀ ਅੰਦਰ ਉਹ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਆਪਣੇ ਕੀਤੇ ਵਾਅਦੇ ਸਿਰਫ ਚਾਰ ਸਾਲਾਂ ਵਿੱਚ ਪੂਰੇ ਕਰ ਦਿੱਤੇ ਹਨ। (ਥੰਪਿੰਗ) ਨਹੀਂ ਤਾਂ ਘਰ-ਘਰ ਨੌਕਰੀ ਵਾਲੇ ਭੱਜ ਗਏ। ਘਰ-ਘਰ ਰੁਜ਼ਗਾਰ, 2500/- ਭੱਤਾ, ਕਿਸਾਨ ਦਾ ਸਾਰਾ ਕਰਜ਼ਾ ਮੁਆਫ, 15 ਲੱਖ ਰੁਪਿਆ, ਇਹ ਸਾਰੇ ਜ਼ੁਮਲੇ ਕਰਨ ਵਾਲੇ ਅੱਜ ਭੱਜ ਗਏ ਹਨ। ਅੱਜ ਉਹ ਸਾਰੇ ਭੱਜ ਗਏ ਹਨ। ਉਹ ਕਿਉਂ ਭੱਜ ਗਏ ਹਨ ਕਿਉਂਕਿ ਉਨ੍ਹਾਂ ਨੇ ਕੋਈ ਗਾਰੰਟੀ ਪੂਰੀ ਨਹੀਂ ਕੀਤੀ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਵਿੱਤ ਮੰਤਰੀ**: ਸਰ, ਇੱਕ ਮਿੰਟ ਦੇ ਦਿਉ ਜੀ। ਅਰਵਿੰਦ ਕੇਜਰੀਵਾਲ ਜੀ ਦੀ ਪਾਰਟੀ ਉਹ ਪਾਰਟੀ ਹੈ, ਜਿਹੜੀਆਂ ਗਾਰੰਟੀਆਂ ਪੂਰੀਆਂ ਕਰਨ ਲਈ ਦੇਸ਼ ਦੇ ਅੰਦਰ ਜਾਣੀ ਜਾਂਦੀ ਹੈ ਕਿਉਂਕਿ ਪਹਿਲਾਂ ਦਿੱਲੀ ਵਿੱਚ ਗਾਰੰਟੀਆਂ ਪੂਰੀਆਂ ਕੀਤੀਆਂ ਅਤੇ ਹੁਣ ਅਰਵਿੰਦ ਕੇਜਰੀਵਾਲ ਜੀ ਨੇ ਪੰਜਾਬ ਦੇ ਅੰਦਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਡਿਊਟੀ ਲਗਾਈ ਹੈ ਤਾਂ ਇਨ੍ਹਾਂ ਨੇ ਪੰਜ ਸਾਲ ਤਾਂ ਕੀ ਲੈਣੇ ਸਨ, ਇਨ੍ਹਾਂ ਨੇ ਤਾਂ ਸਿਰਫ ਚਾਰ ਸਾਲ ਵਿੱਚ ਹੀ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ। ਸੋ, ਆਮ ਆਦਮੀ ਪਾਰਟੀ ਨੇ ਵੱਡੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਇਹ ਤੁਸੀਂ ਵੀ ਦੇਖ ਰਹੇ ਹੋ, ਜਿਵੇਂ ਪੰਜਾਬ ਦੇ ਅੰਦਰ ਨਸ਼ਾ ਖਤਮ ਹੋ ਰਿਹਾ ਹੈ, ਉਸ ਤਰ੍ਹਾਂ ਬੱਚਿਆਂ ਦੇ ਖੇਡਣ ਲਈ ਪਲੇਅ ਗਰਾਊਂਡ ਵੀ ਤਿਆਰ ਹੋ ਰਹੇ ਹਨ। ਤਿੰਨ ਹਜ਼ਾਰ ਪਲੇਅ ਗਰਾਊਂਡ ਤਾਂ ਅਗਲੇ 15-20 ਦਿਨਾਂ ਵਿੱਚ ਬਣ ਕੇ ਤਿਆਰ ਹੋ ਜਾਣੇ ਹਨ। ਇਸ ਤੋਂ ਬਿਨਾਂ 6 ਹਜ਼ਾਰ ਪਲੇਅ ਗਰਾਊਂਡ ਇਸ ਸਾਲ ਹੋਰ ਬਣਾ ਰਹੇ ਹਾਂ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੰਮ ਤਾਂ ਇੰਨੇ ਕੀਤੇ ਹਨ ਕਿ ਚਾਹੇ ਤੁਸੀਂ ਸ਼ਾਮ ਤੱਕ ਲੱਗੇ ਰਹੋ ਪਰੰਤੂ ਹੁਣ ਸੀ.ਐਮ. ਸਾਹਿਬ ਨੇ ਬੋਲਣਾ ਹੈ।

**ਵਿੱਤ ਮੰਤਰੀ**: ਇੱਕ ਮਿੰਟ ਦੇ ਦਿਓ ਜੀ। ਪਲੇਅ ਗਰਾਊਂਡਾਂ ਦੇ ਨਾਲ-ਨਾਲ ਨਰਸਰੀਆਂ ਬਣਾਈਆਂ ਜਾ ਰਹੀਆਂ ਹਨ। ਯਾਨਿ ਕਿ ਬੱਚਿਆਂ ਨੂੰ ਖੇਡਾਂ ਵੱਲ ਲੈ ਕੇ ਜਾਵਾਂਗੇ। ਸਾਡੇ ਬੱਚੇ ਖੇਡਣਗੇ ਤਾਂ ਮੈਂ ਸਮਝਦਾ ਹਾਂ ਕਿ ਸਾਡਾ ਪੰਜਾਬ ਹੋਰ ਤਰੱਕੀ ਕਰੇਗਾ। ਸੋ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਪਰ ਮੈਂ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਪੰਜਾਬ ਦੀ ਹਿਸਟਰੀ ਦੇ ਇਕਲੌਤੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਆਪਣੀਆਂ ਗਾਰੰਟੀਆਂ ਸਿਰਫ ਚਾਰ ਸਾਲਾਂ ਵਿੱਚ ਹੀ ਪੂਰੀਆਂ ਕਰ ਦਿੱਤੀਆਂ ਹਨ ਜਦੋਂ ਕਿ ਹਾਲੇ ਕੁਝ ਦਿਨ ਬਾਕੀ ਪਏ ਹਨ। (ਥੰਪਿੰਗ) ਇਹ ਇਤਿਹਾਸਕ ਮੇਨਡੇਟ ਹੈ। ਮੈਂ ਸਲਾਮ ਕਰਦਾ ਹਾਂ, ਮੈਂ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਚੁਣਿਆ ਔਰ ਉਸ ਦੇ ਤਹਿਤ ਹੀ ਲਗਾਤਾਰ ਮਿਹਨਤ ਕਰ ਰਹੇ ਹਨ। ਮੁੱਖ ਮੰਤਰੀ ਸਾਹਿਬ ਦਫਤਰ ਵਿੱਚ 24 ਘੰਟੇ ਮਿਹਨਤ ਕਰਦੇ ਰਹੇ ਹਨ ਤਾਂ ਹੀ ਇਹ ਸਭ ਪਾਸੀਬਲ ਹੋਇਆ ਹੈ ਕਿ ਉਨ੍ਹਾਂ ਨੇ ਚਾਰ ਸਾਲਾਂ ਵਿੱਚ ਹੀ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ। ਇਨ੍ਹਾਂ ਸਦਕਾ ਹੀ ਬੱਚਿਆਂ ਨੂੰ ਰੋਜ਼ਗਾਰ ਮਿਲਿਆ ਔਰ ਮਾਲੀਆ ਵੀ ਵਧੀਆ ਹੈ। ਇਨ੍ਹਾਂ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**1250/Gurpreet kaur**

**ਮਾਣਯੋਗ ਸਪੀਕਰ**: ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਸਪੀਕਰ ਸਾਹਿਬ, ਦਿਲ ਦੀਆਂ ਗਹਿਰਾਈਆਂ ਤੋਂ ਤੁਹਾਡਾ ਬਹੁਤ ਬਹੁਤ ਧੰਨਵਾਦ। ਇਸ ਮੁਕੱਦਸ ਹਾਊਸ ਵਿੱਚ ਮਾਣਯੋਗ ਗਵਰਨਰ ਸਾਹਿਬ ਦੇ ਭਾਸ਼ਣ ਤੇ ਜੋ ਧੰਨਵਾਦੀ ਬਹਿਸ ਚੱਲ ਰਹੀ ਹੈ। ਸਭ ਤੋਂ ਪਹਿਲਾਂ ਮੈਂ ਰਾਜਪਾਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਦੇ ਉਦਘਾਟਨੀ ਭਾਸ਼ਣ ਤੇ ਆ ਕੇ ਇਸ ਸਦਨ ਦੀ ਪਰੰਪਰਾ ਨੂੰ ਅੱਗੇ ਵਧਾਇਆ ਤੇ ਅਸੀਂ 04 ਸਾਲਾਂ ਦਾ ਇੱਕ ਇੱਕ ਪਲ ਲੋਕਾਂ ਦੇ ਲੇਖੇ ਲਗਾਇਆ ਹੈ। ਸਪੀਕਰ ਸਾਹਿਬ, ਮੈਂ ਪਰਮਾਤਮਾ ਦਾ ਧੰਨਵਾਦ ਕਰਦਾ ਹਾਂ ਕਿ ਸਾਨੂੰ ਇਹ ਬਲ ਬਖਸ਼ਿਆ ਹੈ ਕਿ ਅਸੀਂ ਲੋਕਾਂ ਦੀ ਸੇਵਾ ਕਰ ਸਕੀਏ। ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੁਲਾਰਿਆਂ ਨੇ ਆਪਣੇ ਆਪਣੇ ਹਲਕਿਆਂ ਦੀਆਂ ਪ੍ਰਾਪਤੀਆਂ ਅਤੇ ਇਲਾਕੇ ਦੀਆਂ ਪ੍ਰਾਪਤੀਆਂ ਦੱਸੀਆਂ ਅਤੇ ਜਿਹੜੇ ਜਿਹੜੇ ਡਿਪਾਰਟਮੈਂਟਾਂ ਦੇ ਮਨਿਸਟਰ ਬੈਠੇ ਹਨ, ਉਨ੍ਹਾਂ ਨੇ ਆਪਣੀਆਂ ਆਪਣੀਆਂ ਪ੍ਰਾਪਤੀਆਂ ਦੱਸੀਆਂ ਹਨ, ਸੋ, ਜਿਹੜਾ ਚੋਣ ਮੈਨੀਫੈਸਟੋ ਹੈ, ਪਹਿਲਾਂ ਜ਼ਿਆਦਾ ਲੋਕ ਉਸ ਨੂੰ ਪੜ੍ਹਦੇ ਵੀ ਨਹੀਂ ਹੁੰਦੇ ਸਨ। ਨਾ ਹੀ ਕਿਸੇ ਨੂੰ ਪਤਾ ਹੁੰਦਾ ਸੀ ਕਿ ਇਹ ਕੀ ਹੁੰਦਾ ਹੈ। ਪਾਰਟੀਆਂ ਵੀ ਇਸ ਨੂੰ ਸੀਰੀਅਸ ਨਹੀਂ ਲੈਂਦੀਆਂ ਸਨ। ਉਸ ਨੂੰ ਘੋਸ਼ਣਾ ਪੱਤਰ ਵੀ ਕਹਿਣ ਲੱਗ ਗਏ ਸਨ। ਉਸ ਨੂੰ ਕਈ ਮਨੋਰਥ ਪੱਤਰ ਵੀ ਕਹਿਣ ਲੱਗ ਗਏ ਸਨ। ਅਰਵਿੰਦ ਕੇਜਰੀਵਾਲ ਜੀ ਨੇ ਵੱਡੀਆਂ ਰਿਵਾਇਤੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿੱਚ ਬਦਲਾਅ ਕਰਵਾਇਆ ਹੈ ਕਿ ਉਹ ਅੱਜ ਮੈਨੀਫੈਸਟੋ ਨੂੰ ਸੀਰੀਅਸ ਲੈਣ ਲੱਗ ਗਏ ਅਤੇ ਲੋਕ ਉਨ੍ਹਾਂ ਨੂੰ ਪੁੱਛਣ ਲੱਗ ਗਏ ਕਿ

ਤੁਹਾਡਾ ਮੈਨੀਫੈਸਟੋ ਕੀ ਹੈ। ਪਹਿਲਾਂ ਕੋਈ ਵੀ ਮੈਨੀਫੈਸਟੋ ਬਾਰੇ ਨਹੀਂ ਪੁੱਛਦਾ ਸੀ। ਪਹਿਲਾਂ ਉਨ੍ਹਾਂ ਦੇ ਮੈਨੀਫੈਸਟੋ ਵਿੱਚ ਨਫਰਤ ਦੀਆਂ ਗੱਲਾਂ, ਧਰਮ ਦੀਆਂ ਗੱਲਾਂ, ਜਾਤ ਪਾਤ ਦੀਆਂ ਗੱਲਾਂ ਅਤੇ ਇੱਕ ਦੂਜੇ ਨੂੰ ਲੜਾਉਣ ਦੀਆਂ ਗੱਲਾਂ ਹੁੰਦੀਆਂ ਸਨ ਪਰ ਅਰਵਿੰਦ ਕੇਜਰੀਵਾਲ ਜੀ ਨੇ ਬੱਚਿਆਂ ਨੂੰ ਪੜ੍ਹਾਉਣ ਦੀਆਂ ਗੱਲਾਂ, ਇਲਾਜ ਕਰਵਾਉਣ ਦੀਆਂ ਗੱਲਾਂ, ਸੜਕਾਂ ਬਣਾਉਣ ਦੀਆਂ ਗੱਲਾਂ ਅਤੇ 24 ਘੰਟੇ ਬਿਜਲੀ ਮੁਫਤ ਦਿਵਾਉਣ ਦੀਆਂ ਗੱਲਾਂ ਉਨ੍ਹਾਂ ਦੇ ਮੈਨੀਫੈਸਟੋ ਵਿੱਚ ਦਰਜ ਕਰਵਾ ਦਿੱਤੀਆਂ ਹਨ। (ਥੰਪਿੰਗ) ਇਸ ਦੇ ਲਈ ਮੈਂ ਮਾਣਯੋਗ ਸਾਡੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਵੱਡਾ ਚੇਂਜ ਲਿਆਂਦਾ ਹੈ। ਜਦੋਂ ਉਨ੍ਹਾਂ ਨੇ ਪਾਰਟੀ ਬਣਾਈ ਸੀ ਤਾਂ ਉਨ੍ਹਾਂ ਨੇ ਇਹ ਕਿਹਾ ਸੀ ਕਿ ਅਸੀਂ ਰਾਜਨੀਤੀ ਕਰਨ ਨਹੀਂ, ਅਸੀਂ ਰਾਜਨੀਤੀ ਸਿਖਾਉਣ ਆਏ ਹਾਂ ਅਤੇ ਰਾਜਨੀਤੀ ਸਿੱਖ ਵੀ ਰਹੇ ਹਨ। ਅਸਲ ਵਿੱਚ ਪਹਿਲਾਂ ਰਾਜਨੀਤੀ ਅਜਿਹੀ ਹੁੰਦੀ ਸੀ, ਜੋ ਹੁਣ ਬਾਹਰ ਚਲੇ ਗਏ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਾਰੇ ਹੀ ਚਲੇ ਗਏ ਹਨ। ਇਹ ਖਾਲੀ ਕੰਪਿਊਟਰ ਅਤੇ ਖਾਲੀ ਸੀਟਾਂ ਭਾਂਅ ਭਾਂਟ ਕਰਦੀਆਂ ਰਹਿ ਗਈਆਂ ਹਨ। ਮੈਨੂੰ ਲੱਗਦਾ ਹੈ ਕਿ ਸਾਲ 2027 ਤੋਂ ਬਾਅਦ ਇਹ ਸਾਰੀਆਂ ਸੀਟਾਂ ਇਸ ਤਰ੍ਹਾਂ ਹੀ ਰਹਿ ਜਾਣਗੀਆਂ। ਇੱਥੇ ਇਸ ਤਰ੍ਹਾਂ ਦਾ ਹੀ ਕੁਝ ਹੋਵੇਗਾ। (ਥੰਪਿੰਗ) ਇਹ ਜਿਹੜੇ ਦੋ ਤਿੰਨ ਜਣੇ ਬੈਠੇ ਹਨ, ਇਆਲੀ ਸਾਹਿਬ ਬੈਠੇ ਹਨ, ਨਛੱਤਰ ਪਾਲ ਜੀ ਬੈਠੇ ਹਨ ਅਤੇ ਸੁੱਖੀ ਜੀ ਬੈਠੇ ਹਨ। ਇਆਲੀ ਸਾਹਿਬ, ਦਿੱਲੀ ਤੋਂ ਜਿਹੜਾ ਰੁਪਈਆਂ ਦਾ ਟਰੱਕ ਭਰ ਕੇ ਆਉਣਾ ਸੀ, ਸ਼ੁਕਰ ਹੈ, ਤੁਸੀਂ ਉਸ ਟਰੱਕ ਵਿੱਚੋਂ ਉਤਰ ਗਏ ਹੋ। ਉਸ ਟਰੱਕ ਦਾ ਡਰਾਈਵਰ ਚੰਗਾ ਨਹੀਂ ਹੈ। ਤੁਹਾਨੂੰ ਇਹੀ ਕਹਿੰਦੇ ਹਾਂ ਕਿ ਡਰਾਈਵਰ ਬਦਲ ਲਵੋ, ਟਰੱਕ ਗਲਤ ਜਗ੍ਹਾ ਨੂੰ ਜਾ ਰਿਹਾ ਹੈ। ਟਰੱਕ ਨਹਿਰ ਵੱਲ ਨੂੰ ਸਿੱਧਾ ਕਰ ਰੱਖਿਆ ਹੈ। ਵਧੀਆ ਰਹਿ ਗਏ, ਤੁਸੀਂ ਉਸ ਟਰੱਕ ਵਿੱਚੋਂ ਉਤਰ ਗਏ। ਤੁਸੀਂ ਆਪਣਾ ਟਰੱਕ ਬਣਾਓ। ਆਪਣਾ ਭਾਵੇਂ ਛੋਟਾ ਟੈਂਪੂ ਹੀ ਪਾ ਲਵੋ ਪਰ ਆਪਣਾ ਹੋਵੇ, ਘੱਟੋਂ ਘੱਟ ਕਲੱਚ, ਬਰੇਕ ਤੇ ਕੰਟਰੋਲ ਤਾਂ ਤੁਹਾਡਾ ਆਪਣਾ ਹੋਵੇ। (ਥੰਪਿੰਗ) ਉਹ ਤਾਂ ਪਤਾ ਨਹੀਂ ਕਿੱਧਰ ਲਈ ਜਾਂਦੇ ਹੋ। ਤੁਸੀਂ ਵਧੀਆ ਰਹਿ ਗਏ ਅਤੇ ਮੈਂ ਇਸ ਗੱਲੋਂ ਤੁਹਾਡੀ ਤਾਰੀਫ ਕਰਦਾ ਹਾਂ। ਸੋ, ਅਗਲੀ ਵਿਧਾਨ ਸਭਾ ਵਿੱਚ ਇਹੀ ਹਾਲ ਹੋਵੇਗਾ। ਇੱਧਰ ਵਾਲੀ ਸਾਈਡ ਵਧ ਜਾਣਗੇ, ਜਿਹੜੀਆਂ ਪਿਛਲੇ ਪਾਸੇ ਸੀਟਾਂ ਹਨ, ਇੱਧਰ ਵਧ ਜਾਣਗੇ, ਇਹ ਜਿਸ ਹਿਸਾਬ ਨਾਲ ਕੰਮ ਕਰ ਰਹੇ ਹਨ। ਆਪ 17-18 ਮਿੰਟ ਬੋਲ ਕੇ ਉਦੋਂ ਨਾਲ ਦੀ ਨਾਲ ਹੀ ਬਾਹਰ ਨਿਕਲ ਗਏ। ਇਸ ਕਰਕੇ ਹੀ ਮੈਂ ਉਸ ਦਿਨ ਜਿੰਦਰਾ ਲੈ ਕੇ ਆਇਆ ਸੀ ਕਿ ਇਨ੍ਹਾਂ ਨੂੰ ਅੰਦਰੋਂ ਜਿੰਦਰਾ ਲਗਾ ਕੇ ਰੱਖੋ। ਉਹ ਆਪ ਬੋਲ ਕੇ ਨਿਕਲ ਜਾਂਦੇ ਹਨ। ਹੁਣ ਤੱਕ ਤਾਂ ਰੋਟੀ ਵੀ ਖਾ ਲਈ ਹੋਣੀ। ਘਰ ਚਲੇ ਗਏ ਹੋਣਗੇ। ਉਨ੍ਹਾਂ ਦੀ ਕੱਲ੍ਹ ਇੰਨੀ ਕੁ ਡੱਬੀ ਲੱਗ ਜਾਵੇਗੀ, ਪੱਤਰਕਾਰ ਬੈਠੇ ਹਨ, ਇਨ੍ਹਾਂ ਦੀ ਡੱਬੀ-ਡੁੱਬੀ ਲਗਾ ਦਿਓ ਕਿ ਕਾਂਗਰਸ ਨੇ ਕੀਤਾ ਬਾਈਕਾਟ। ਹੋਰ ਕੁਝ ਤਾਂ ਹੈ ਹੀ ਨਹੀਂ। ਉਹ ਇੱਥੇ ਕੀ ਬੋਲਣਗੇ, ਕਿਹੜੀ ਗੱਲ ਤੇ ਬੋਲਣਗੇ। 04 ਸਾਲਾਂ ਵਿੱਚ ਸਾਰੇ ਵਾਅਦੇ ਪੂਰੇ ਕਰਕੇ ਇੱਥੇ ਅਸੀਂ ਸਾਰੇ ਬੈਠੇ ਹਾਂ। (ਥੰਪਿੰਗ) ਕਿਹੜੇ ਫੀਲਡ ਦੀ ਗੱਲ ਕਰਾਂ। ਸਭ ਤੋਂ ਪਹਿਲਾਂ ਤਾਂ ਇਹੀ ਗੱਲ ਕਰਦਾ ਹਾਂ, ਜਿਸ ਗੱਲ ਤੇ ਅੱਜ ਪੰਜਾਬ ਵਿੱਚ ਲੱਡੂ-ਜਲੇਬੀਆਂ ਬਣ ਰਹੀਆਂ ਹਨ, ਭੰਗੜੇ ਪੈ ਰਹੇ ਹਨ। ਕੱਲ੍ਹ ਮਾਵਾਂ-ਭੈਣਾਂ ਦਾ ਜੋ ਸਤਿਕਾਰ ਕੀਤਾ ਗਿਆ ਹੈ, ਮੈਂ ਚੀਮਾ ਸਾਹਿਬ ਨੂੰ ਵੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ 18 ਸਾਲ ਤੋਂ ਉੱਪਰ ਦੀ ਜਨਰਲ ਮਹਿਲਾਵਾਂ ਲਈ 1000 ਰੁਪਿਆ ਅਤੇ ਨਾਲ 1500 ਰੁਪਿਆ ਪਛੜੇ ਵਰਗ (ਐਸ.ਸੀ. ਵਰਗ) ਦੀਆਂ ਔਰਤਾਂ ਲਈ ਅਨਾਊਂਸ ਕੀਤਾ ਹੈ (ਥੰਪਿੰਗ) ਸਰ, ਹੋ ਸਕਦਾ ਹੈ ਕਿ ਕਿਸੇ ਨੂੰ 1000 ਰੁਪਿਆ ਨਾ ਚਾਹੀਦਾ ਹੋਵੇ। ਹੋ ਸਕਦਾ ਹੈ ਪੰਜਾਬ ਵਿੱਚ ਕੁਝ ਇਸ ਤਰ੍ਹਾਂ ਦੇ ਪਰਿਵਾਰ ਵੀ ਹਨ, ਜਿੱਥੇ ਖਾਣਾ ਖਾਣ ਗਏ ਉਹ 1000 ਰੁਪਿਆ ਵੇਟਰ ਨੂੰ ਟਿਪ ਹੀ ਦੇ ਦਿੱਤੀ ਜਾਂਦੀ ਹੈ, ਉਨ੍ਹਾਂ ਲਈ ਤਾਂ ਇੱਕ ਵੇਟਰ ਦੀ ਟਿਪ ਹੈ ਪਰ ਉਨ੍ਹਾਂ ਪਰਿਵਾਰਾਂ ਨੂੰ ਪੁੱਛ ਕੇ

ਦੇਖੋ, ਜਿੱਥੇ ਹਰ ਰੋਜ਼ 50 ਜਾਂ 100 ਰੁਪਿਆ ਘਰ ਆਉਂਦਾ ਹੈ। ਉਸ ਵਿੱਚੋਂ ਵੀ ਬਚਾ ਕੇ ਢਿੱਡ ਨੂੰ ਗੰਢਾਂ ਦੇ ਕੇ ਪਰਿਵਾਰ ਪਾਲਦੇ ਹਨ ਅਤੇ ਆਪਣੇ ਬੱਚੇ ਪੜ੍ਹਾਉਂਦੇ ਹਨ। ਮੈਨੂੰ ਇਸ ਸਕੀਮ ਲਈ ਕੱਲ੍ਹ ਬਹੁਤ ਫੋਨ ਵੀ ਆਏ ਹਨ ਕਿ ਤੁਸੀਂ ਔਰਤਾਂ ਨੂੰ 1000, 1500 ਰੁਪਿਆ ਦੇ ਕੇ ਬਹੁਤ ਕਮਾਲ ਕਰ ਦਿੱਤੀ ਹੈ। ਇਹ ਜਿਹੜੇ ਵਾਅਦੇ ਹੁੰਦੇ ਹਨ ਇਹ ਪੰਜ ਸਾਲਾਂ ਲਈ ਕੀਤੇ ਜਾਂਦੇ ਹਨ ਕਿ ਜੇਕਰ ਸਾਨੂੰ ਪੰਜ ਸਾਲ ਮਿਲਦੇ ਹਨ ਤਾਂ ਅਸੀਂ ਇਹ ਕਰ ਦੇਵਾਂਗੇ। ਹੁਣ ਇਹ ਆਪਣੇ ਮਹੀਨੇ ਗਿਣੀ ਬੈਠੇ ਹਨ 12x5= 48 ਵਾਲੇ। ਇਸ ਤਰ੍ਹਾਂ ਨਹੀਂ ਹੁੰਦਾ। ਕੈਪਟਨ ਨੇ ਸਹੁੰ ਚੁੱਕੀ ਕਿ ਘਰ ਘਰ ਨੌਕਰੀ ਪੱਕੀ ਕਰਾਂਗੇ। ਉਸ ਦੀ ਤਾਂ ਸਹੁੰ ਵੀ ਵਿੱਚ ਹੀ ਕੈਂਸਲ ਹੋ ਗਈ ਸੀ। ਤਿੰਨ ਮਹੀਨੇ ਪਹਿਲਾਂ ਹੀ ਚਾਰਜ ਚੰਨੀ ਨੂੰ ਦੇ ਦਿੱਤਾ ਸੀ। ਨਾ ਕਿਸੇ ਨੇ ਸਹੁੰ ਚੁੱਕੀ, ਨਾ ਕਿਸੇ ਦੀ ਨੌਕਰੀ ਪੱਕੀ। ਇਸ ਤਰ੍ਹਾਂ ਹੀ ਖਤਮ ਹੋ ਗਿਆ। ਉਸ ਤੋਂ ਪਹਿਲਾਂ ਵਾਲੇ ਜਿਹੜੇ ਸੁੱਖਬੀਰ ਬਾਦਲ ਜੀ ਸਨ, ਉਹ ਕਹਿੰਦੇ ਸੀ ਕਿ ਨੋਟਾਂ ਦੇ ਟਰੱਕ ਆਇਆ ਕਰਨਗੇ। ਦਿੱਲੀ ਤੱਕ ਦੀਆਂ ਸਾਰੀਆਂ ਚੁੰਗੀਆਂ, ਸਾਰੇ ਢਾਬੇ ਚੈੱਕ ਕਰਵਾ ਲਏ ਕਿ ਉੱਥੇ ਕਿਤੇ ਟਰੱਕ ਖੜ੍ਹੇ ਹੋਣਗੇ। ਸ਼ਾਇਦ ਕੋਈ ਟਰੱਕ ਖਰਾਬ ਹੋਇਆ ਨਾ ਖੜ੍ਹਾ ਹੋਵੇ। ਕਿਤੇ ਕੋਈ ਟਰੱਕ ਨਹੀਂ।

**1250/Gurpreet kaur/Monika sharma**

**1255/Rajneet Kaur**

ਉਹ ਹਾਲੇ ਵੀ ਰੈਲੀਆਂ ਵਿੱਚ ਕਹੀ ਜਾਂਦਾ ਹੈ ਕਿ ਚੱਕ ਦਿਆਂਗੇ ਫੱਟੇ, ਤੁਸੀਂ ਕੇਰਾਂ ਮੈਨੂੰ ਮੁੱਖ ਮੰਤਰੀ ਬਣਾ ਦਿਓ। ਇਹ ਐਦਾਂ ਚੱਕ ਦਿਆਂਗੇ ਫੱਟੇ ਨਾਲ ਥੋੜ੍ਹਾ ਮੁੱਖ ਮੰਤਰੀ ਬਣਦਾ ਹੈ। ਪਹਿਲਾਂ ਪੰਜ ਵਾਰ ਉਨ੍ਹਾਂ ਦੇ ਪਿਤਾ ਜੀ ਮੁੱਖ ਮੰਤਰੀ ਰਹੇ ਹਨ। ਜੇ ਕੁਝ ਕਰਨਾ ਹੁੰਦਾ ਤਾਂ ਉਦੋਂ ਕਰ ਦਿੰਦੇ। ਹੁਣ ਉਨ੍ਹਾਂ ਤੋਂ ਨਹੀਂ ਹੋ ਸਕਦਾ।

ਮੈਂ ਸਾਰੀਆਂ ਮਾਵਾਂ ਭੈਣਾਂ ਨੂੰ ਇਸ ਗੱਲ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਕੋਈ 1000 ਰੁਪਏ ਨਾਲ ਅਮੀਰ ਹੋ ਜਾਵੇਗਾ ਪਰ ਕਬੀਲਦਾਰੀ ਦੇ ਵਿੱਚ ਵਾਧਾ ਹੋ ਜਾਵੇਗਾ। ਜਿਵੇਂ ਕਹਿੰਦੇ ਹਨ ਕਿ-

ਮੰਨਿਆ ਕਿ ਇੱਕ ਰੁਪਿਆ ਲੱਖ ਦੇ ਬਰਾਬਰ ਨਹੀਂ ਬਹਿੰਦਾ, ਮੰਨਿਆ ਕਿ ਇੱਕ ਰੁਪਿਆ ਲੱਖ ਦੇ ਬਰਾਬਰ ਨਹੀਂ ਬਹਿੰਦਾ

ਪਰ ਜੇ ਲੱਖ ਵਿੱਚੋਂ ਇੱਕ ਰੁਪਿਆ ਕੱਢ ਦੇਈਏ ਤਾਂ ਉਹ ਵੀ ਲੱਖ ਨਹੀਂ ਰਹਿੰਦਾ।

**ਮਾਣਯੋਗ ਸਪੀਕਰ** : ਵਾਹ ਕਿਆ ਬਾਤ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮੁੱਖ ਮੰਤਰੀ** : ਉਹ ਵੀ ਫਿਰ 99,999 ਰੁਪਏ ਹੀ ਹੋ ਜਾਂਦਾ ਹੈ। ਸੋ, ਇੱਕ ਇੱਕ ਰੁਪਏ ਦਾ ਯੋਗਦਾਨ ਹੈ। ਪਹਿਲਾਂ ਬਿਜਲੀ ਫਰੀ ਹੈ, ਬੱਸਾਂ ਦੇ ਵਿੱਚ ਸਫਰ ਫਰੀ ਹੈ। 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਆ ਗਈ। ਆਮ ਆਦਮੀ ਕਲੀਨਿਕ ਹਨ, ਉੱਥੇ ਵੀ ਇਲਾਜ ਫਰੀ ਹੈ। ਲਾਸਟ ਵਿੱਚ ਸਾਰਾ ਕੁਝ ਘਰ ਦੀ ਗ੍ਰਹਿਣੀ ਤੇ ਹੀ ਆਉਂਦਾ ਹੈ ਕਿਉਂਕਿ ਚੁੱਲ੍ਹਾ ਤੁਹਾਡਾ ਸੀ.ਏ. ਹੁੰਦਾ ਹੈ, ਜਿਹੜਾ ਚੁੱਲ੍ਹਾ ਹੁੰਦਾ ਹੈ, ਉਹ ਤੁਹਾਡਾ ਚਾਰਟਰਡ ਅਕਾਊਂਟੈਂਟ ਹੁੰਦਾ ਹੈ। ਉਸ ਨੂੰ

ਸਾਰਾ ਪਤਾ ਹੁੰਦਾ ਹੈ ਕਿ ਇਸ ਵੇਲੇ ਘਰ ਦੀ ਹਾਲਤ ਕੀ ਹੈ। ਜੇ ਤਾਂ ਚੁੱਲ੍ਹੇ ਤੇ ਤਿੰਨ ਡੰਗ ਰੋਟੀ ਪੱਕ ਰਹੀ ਹੈ, ਰੋਟੀ ਵੀ ਵਧੀਆ ਪੱਕ ਰਹੀ ਹੈ ਤੇ ਸਬਜ਼ੀ ਨਾਲ ਪੱਕ ਰਹੀ ਹੈ ਅਤੇ ਤਿੰਨੇ ਡੰਗ ਨਵੀਂ ਨਵੀਂ ਸਬਜ਼ੀ ਆ ਰਹੀ ਹੈ ਤਾਂ ਘਰ ਠੀਕ ਚੱਲ ਰਿਹਾ ਹੈ। ਜੇਕਰ ਦੋ ਡੰਗ ਰੋਟੀ ਪੱਕ ਰਹੀ ਹੈ ਤੇ ਚੁੱਲ੍ਹੇ ਤੇ ਪਤੀਲਾ ਕਦੇ ਕਦੇ ਆ ਰਿਹਾ ਹੈ ਅਤੇ ਕੂੰਡੇ ਵਿੱਚ ਚੱਟਣੀ ਕੁੱਟੀ ਜਾ ਰਹੀ ਹੈ ਤਾਂ ਇਸ ਦਾ ਮਤਲਬ ਹੈ ਕਿ ਘਰ ਥੱਲੇ ਨੂੰ ਜਾ ਰਿਹਾ ਹੈ। ਇਕੱਲਾ ਰੋਟੀ ਪੱਕਣਾ ਹੀ ਭੋਜਨ ਨਹੀਂ ਹੁੰਦਾ। ਸਾਡੇ ਪੰਜਾਬ ਦੇ ਬਹੁਤ ਸਾਰੇ ਬੱਚੇ ਪੌਸ਼ਟਿਕ ਤੱਤਾਂ ਤੋਂ ਵਿਹੂਣੇ ਹਨ, ਅਨੀਮੀਆ ਦੇ ਸ਼ਿਕਾਰ ਹਨ। ਉਨ੍ਹਾਂ ਨੂੰ ਪਰਾਪਰ ਖੁਰਾਕ ਨਹੀਂ ਮਿਲ ਰਹੀ। ਇਸ ਸਬੰਧੀ ਗ੍ਰਹਿ ਮੰਤਰਾਲੇ ਨਾਲ ਗੱਲ ਹੋਈ। ਰਸੋਈ ਸਕੀਮ ਦੇ ਅੰਦਰ ਇੱਕ ਕਿੱਲੋ ਨਮਕ, ਇੱਕ ਕਿੱਲੋ ਖੰਡ, ਇੱਕ ਕਿੱਲੋ ਮਾਂਹ ਛੋਲਿਆਂ ਦੀ ਦਾਲ, 200 ਗ੍ਰਾਮ ਹਲਦੀ ਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਮਿਲੇਗਾ। ਸਰ, ਇਸ ਨਾਲ ਬੱਚਿਆਂ ਨੂੰ ਪੌਸ਼ਟਿਕ ਤੱਤ ਮਿਲਣਗੇ। ਜੇਕਰ ਉਹ ਮਾਨਸਿਕ ਤੌਰ ਤੇ ਤੰਦਰੁਸਤ ਹੋਣਗੇ ਤਾਂ ਹੀ ਉਹ ਪੜ੍ਹਨਗੇ ਅਤੇ ਤਾਂ ਹੀ ਉਨ੍ਹਾਂ ਦੇ ਨੰਬਰ ਆਉਣਗੇ। ਜਦੋਂ ਬੰਦਾ ਇੰਨਾ ਹਾਰਡ ਵਰਕ ਅਤੇ ਇੰਨੀ ਮਿਹਨਤ ਕਰਕੇ ਸ਼ਾਮ ਨੂੰ ਘਰ ਆਉਂਦਾ ਹੈ ਅਤੇ ਉਸ ਨੇ ਅਗਲੇ ਦਿਨ ਕੰਮ ਤੇ ਜਾਣਾ ਹੈ ਤਾਂ ਘੱਟੋ ਘੱਟ ਉਸ ਨੂੰ ਜਿਹੜੀ ਮਿਹਨਤ ਕੀਤੀ ਹੈ, ਉਸ ਦੀ ਪਰਾਪਰ ਡਾਈਟ ਮਿਲਣੀ ਚਾਹੀਦੀ ਹੈ। ਸੋ, ਅਸੀਂ ਰਸੋਈ ਯੋਜਨਾ ਵੀ ਸ਼ੁਰੂ ਕੀਤੀ ਹੈ। ਇਸ ਵਾਸਤੇ ਸਾਲ 2026-27 ਦੇ ਬਜਟ ਵਿੱਚ 1000 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸ ਨਾਲ ਚੁੱਲ੍ਹਾ ਵੀ ਬਲੇਗਾ। ਜੇਕਰ ਰਸੋਈ ਵਿੱਚ ਹਲਦੀ ਵਾਲੀ, ਨਮਕ ਵਾਲੀ, ਤੇਲ ਵਾਲੀ ਸ਼ੀਸ਼ੀ ਜਾਂ ਡੱਬੀ ਹੀ ਨਾ ਹੋਵੇ ਤਾਂ ਉਹ ਕਾਹਦੀ ਰਸੋਈ ਹੈ। ਇਸ ਤਰ੍ਹਾਂ ਰਸੋਈ ਸੁੰਨੀ ਹੋ ਜਾਂਦੀ ਹੈ।

ਮੈਂ ਸਿਹਤ ਦੀ ਗੱਲ ਕਰਦਾ ਸੀ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਅੰਤਰਗਤ 900 ਤੋਂ ਵੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਦੀ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਇੱਥੇ ਗਵਰਨਰ ਗੈਲਰੀ ਵਿੱਚ ਕੁਝ ਮੇਰੇ ਮਿੱਤਰ ਵੈਨਕੂਵਰ ਤੋਂ ਆਏ ਹੋਏ ਹਨ, ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕੈਨੇਡਾ ਵਿੱਚ ਕਿਵੇਂ ਕਰਦੇ ਹੋ ਤਾਂ ਉਨ੍ਹਾਂ ਨੇ ਦੱਸਿਆ ਕਿ ਜਿਹੜੇ ਉਨ੍ਹਾਂ ਦੇ ਇੰਪਲਾਈਜ਼ ਹਨ, ਉਨ੍ਹਾਂ ਲਈ ਹਰ ਤੀਜੇ ਮਹੀਨੇ ਸਿਹਤ ਦਾ ਇੰਸ਼ੋਰੈਂਸ ਭਰਦੇ ਹਨ। ਉੱਥੇ ਵੀ ਇਸ ਤਰ੍ਹਾਂ ਦੀ ਯੋਜਨਾ ਨਹੀਂ ਹੈ। ਇਸ ਤਰ੍ਹਾਂ ਮੰਨਿਆ ਗਿਆ ਹੈ ਕਿ ਵਿਕਸਿਤ ਕੰਟਰੀਜ਼ ਦਾ ਜਿਹੜਾ ਹੈਲਥ ਸਿਸਟਮ ਹੈ, ਉਹ ਕਲੈਪਸ ਕਰ ਗਿਆ ਹੈ। ਮੈਂ ਇੱਥੇ ਮੁਕੱਦਸ ਹਾਊਸ ਦੇ ਵਿੱਚ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਆਮ ਆਦਮੀ ਕਲੀਨਿਕਾਂ ਦੇ ਵਿੱਚ ਉਸ ਇਲਾਕੇ ਦੇ ਆਲੇ ਦੁਆਲੇ ਦੇ ਰੇਡੀਅਸ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਦੀ ਪਰਾਪਰ ਲਿਸਟ ਆ ਜਾਵੇਗੀ। ਸਿਹਤ ਮੰਤਰੀ ਸਾਹਿਬ, ਇਸ ਸਬੰਧੀ ਹਰ ਆਮ ਆਦਮੀ ਕਲੀਨਿਕ ਵਿੱਚ ਇੱਕ brochure ਪਿਆ ਹੋਵੇ ਅਤੇ ਜਦੋਂ ਬੰਦਾ ਦਵਾਈ ਲੈਣ ਜਾਵੇ ਤਾਂ ਉਸ ਨੂੰ ਇੱਕ ਉਹ ਵੀ ਫੜਾ ਦਿਓ ਤਾਂ ਕਿ ਜੇਕਰ ਕੋਈ ਬਿਮਾਰੀ ਵਧਦੀ ਹੈ ਤਾਂ ਉਸ ਮਰੀਜ਼ ਨੂੰ ਪਤਾ ਹੋਵੇ ਕਿ ਮੈਂ ਕਿਹੜੇ ਹਸਪਤਾਲ ਵਿੱਚ ਇਲਾਜ ਕਰਵਾ ਸਕਦਾ ਹਾਂ। (ਥੰਪਿੰਗ)

ਇਸ ਦੇ ਨਾਲ ਹੀ ਸੀ.ਐਮ. ਦੀ ਯੋਗਸ਼ਾਲਾ ਚਲਦੀ ਹੈ, ਯੋਗਾ ਦੀ ਬਹੁਤ ਸਾਰੀ ਡਿਮਾਂਡ ਆ ਰਹੀ ਹੈ ਕਿ ਸਾਨੂੰ ਯੋਗਾ ਟੀਚਰ ਦਿਓ। ਪਾਰਕਾਂ ਦੇ ਵਿੱਚ ਸਵੇਰੇ ਸਵੇਰੇ ਬਹੁਤ ਯੋਗਾ ਹੋ ਰਿਹਾ ਹੈ। ਇਸ ਨਾਲ ਪੰਜਾਬ ਤੰਦਰੁਸਤ ਰਹੇਗਾ। ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਸਿਹਤ ਜ਼ਰੂਰੀ ਹੈ। ਪੰਜਾਬ ਤੰਦਰੁਸਤ ਰਹੇਗਾ ਤਾਂ ਤੰਦਰੁਸਤ ਦਿਮਾਗ ਹੀ ਵਿਕਾਸ ਬਾਰੇ ਸੋਚੇਗਾ, ਇਸ ਨਾਲ ਹੈਲਦੀ ਇਨਵਾਇਰਨਮੈਂਟ ਪੈਦਾ ਹੋਵੇਗਾ। ਸੋ, 2022 ਤੋਂ ਸਰਕਾਰੀ ਹਸਪਤਾਲਾਂ

ਲਈ ਕੁੱਲ 934 ਡਾਕਟਰ ਭਰਤੀ ਕੀਤੇ ਹਨ। ਪਹਿਲਾਂ ਹਸਪਤਾਲ ਹੀ ਨਹੀਂ ਸੀ ਤਾਂ ਡਾਕਟਰ ਵੀ ਕੀ ਕਰਨੇ ਸਨ। ਜਦੋਂ ਸਕੂਲ ਹੀ ਨਹੀਂ ਤਾਂ ਮਾਸਟਰ ਵੀ ਕੀ ਕਰਨੇ ਸਨ। ਜਦੋਂ ਹੁਣ ਅਸੀਂ ਸਕੂਲ ਬਣਾ ਰਹੇ ਹਾਂ ਤਾਂ ਸਾਨੂੰ ਟੀਚਰ ਵੀ ਚਾਹੀਦੇ ਹਨ, ਸਾਨੂੰ ਕਲਰਕ ਵੀ ਚਾਹੀਦੇ ਹਨ, ਦਰਜਾ-4 ਕਰਮਚਾਰੀ ਵੀ ਚਾਹੀਦੇ ਹਨ।

**1300/Kuldeep kaur**

ਹਸਪਤਾਲ ਬਣਾ ਰਹੇ ਹਾਂ ਤਾਂ ਨਰਸਾਂ ਵੀ ਚਾਹੀਦੀਆਂ ਹਨ, ਉਨ੍ਹਾਂ ਦਾ ਹੈਲਪਿੰਗ ਸਟਾਫ ਵੀ ਚਾਹੀਦਾ ਹੈ, ਡਾਕਟਰ ਵੀ ਚਾਹੀਦੇ ਹਨ, ਡਾਕਟਰਾਂ ਦੇ ਅਸਿਸਟੈਂਟ ਵੀ ਚਾਹੀਦੇ ਹਨ, ਰੈਜ਼ੀਡੈਂਟ ਡਾਕਟਰ ਵੀ ਚਾਹੀਦੇ ਹਨ, ਸਪੈਸ਼ਲਿਸਟ ਵੀ ਚਾਹੀਦੇ ਹਨ। ਸੋ, ਇਹ ਸਾਰੀ ਚੇਨ ਹੈ, ਇਹ ਚੇਨ, ਪੰਜਾਬ ਦੀ ਗੱਡੀ ਹੁਣ ਚਾਰ ਸਾਲਾਂ ਵਿੱਚ ਵਿਕਾਸ ਦੀਆਂ ਲੀਹਾਂ ਤੇ ਚੜ੍ਹ ਗਈ ਹੈ ਅਤੇ ਹੁਣ ਇਸ ਦੀ ਸਪੀਡ ਵਧਾਉਣੀ ਹੈ। ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਚਾਰ ਸਾਲਾਂ ਵਿੱਚ ਕੋਈ ਸਰਕਾਰ ਵਾਅਦੇ ਪੂਰੇ ਨਹੀਂ ਕਰਦੀ ਹੁੰਦੀ ਪਰ ਅਸੀਂ ਚਾਰ ਸਾਲਾਂ ਵਿੱਚ ਵਾਅਦੇ ਪੂਰੇ ਕਰਕੇ ਬੈਠੇ ਹਾਂ। ਕੁਝ ਗਾਰੰਟੀਆਂ ਤਾਂ ਇਹੋ ਜਿਹੀਆਂ ਹਨ ਜਿਹੜੀਆਂ ਅਸੀਂ ਦਿੱਤੀਆਂ ਵੀ ਨਹੀਂ ਸਨ ਪਰ ਫਿਰ ਵੀ ਅਸੀਂ ਪੂਰੀਆਂ ਕਰ ਦਿੱਤੀਆਂ ਹਨ। ਐਸ.ਐਸ.ਐਫ (ਸੜਕ ਸੁਰੱਖਿਆ ਫੋਰਸ) ਬਾਰੇ ਅਸੀਂ ਦੱਸਿਆ ਨਹੀਂ ਸੀ ਕਿ ਅਸੀਂ ਐਸ.ਐਸ.ਐਫ ਬਣਾਵਾਂਗੇ। ਸੜਕ ਸੁਰੱਖਿਆ ਫੋਰਸ ਇਸ ਵਕਤ ਦੇਸ਼ ਦੀ ਸਭ ਤੋਂ ਵਧੀਆ ਸੁਰੱਖਿਆ ਫੋਰਸ ਦੇ ਤੌਰ ਤੇ ਜਾਣੀ ਜਾਂਦੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) 5 ਸੂਬਿਆਂ ਨੇ ਸਾਡੇ ਨਾਲ ਕੰਟੈਕਟ ਕੀਤਾ ਹੈ ਕਿ ਅਸੀਂ ਵੀ ਇਹ ਬਣਾਉਣੀ ਚਾਹੁੰਦੇ ਹਾਂ। 48% ਆਨ ਦਾ ਸਪਾਟ ਮੌਤਾਂ ਵਿੱਚ ਕਮੀ ਆਈ ਹੈ। ਇਹ ਗੱਲ ਮੈਂ ਨਹੀਂ ਕਹਿ ਰਿਹਾ, ਨੀਤਿਨ ਗਡਕਰੀ ਜੀ, ਜਿਹੜੇ ਟਰਾਂਸਪੋਰਟ ਮੰਤਰੀ ਹਨ, ਉਨ੍ਹਾਂ ਨੇ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ। ਸੋ, ਅਸੀਂ ਦਿਨ ਵਿੱਚ ਬਿਜਲੀ ਦੀ ਗਾਰੰਟੀ ਨਹੀਂ ਦਿੱਤੀ ਸੀ। ਅੱਜ ਜਦੋਂ ਮੈਂ ਜਾਂਦਾ ਹਾਂ, ਅੱਜ ਵੀ ਮੈਂ ਕਾਦੀਆਂ ਜਾਵਾਂਗਾ, ਅੱਜ ਇੱਕ ਬੜਾ ਵਿਕਾਸ ਕਾਰਜਾਂ ਦਾ ਉਦਘਾਟਨ ਹੈ। ਸਭ ਤੋਂ ਵਧੀਆ ਜੋ ਕਿਸਾਨਾਂ ਦੀ ਫੀਲਿੰਗ ਹੈ। ਮੈਂ ਅਫਸਰ ਬੁਲਾਏ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਤੁਸੀਂ ਦਫਤਰ ਵਿੱਚ ਕਿੰਨੇ ਵਜੇ ਆਉਂਦੇ ਹੋ ਤਾਂ ਉਹ ਕਹਿੰਦੇ ਕਿ 10.00 ਵਜੇ ਆ ਜਾਂਦੇ ਹਾਂ। ਮੈਂ ਪੁੱਛਿਆ ਕਿ ਛੁੱਟੀ ਕਿੰਨੇ ਵਜੇ ਹੋ ਜਾਂਦੀ ਹੈ ਤਾਂ ਉਹ ਕਹਿੰਦੇ ਕਿ 5.00 ਵਜੇ ਛੁੱਟੀ ਹੋ ਜਾਂਦੀ ਹੈ। ਕੋਈ ਕਹਿੰਦਾ ਕਿ 9.00 ਵਜੇ ਆ ਕੇ 5.00 ਵਜੇ ਛੁੱਟੀ ਹੋ ਜਾਂਦੀ ਹੈ। ਮੈਂ ਕਿਹਾ ਕਿਸਾਨਾਂ ਦਾ ਦਫਤਰ ਰਾਤ ਦੇ 1.30 ਵਜੇ ਕਿਉਂ ਲਗਦਾ ਹੈ? ਕਿਸਾਨ ਦਾ, ਕਿਸਾਨ ਦੇ ਸੀਰੀਆਂ, ਪਾਲੀਆਂ ਦਾ, ਜਿਹੜੇ ਉਸ ਨਾਲ ਖੇਤੀ ਵਿੱਚ ਹੱਥ ਵੰਡਾਉਂਦੇ ਹਨ, ਜਿਨ੍ਹਾਂ ਨੇ ਆਪਣਾ ਦਾਇਆਂ ਨਾਲ ਜਾਂ ਉਨ੍ਹਾਂ ਫਸਲਾਂ ਤੋਂ ਹੀ ਆਪਣਾ ਹਿੱਸਾ ਲੈਣਾ ਹੁੰਦਾ ਹੈ। ਸੋ, ਉਨ੍ਹਾਂ ਦਾ ਦਫਤਰ ਵੀ ਤਾਂ ਖੇਤ ਹੈ। ਜੇਕਰ ਖੇਤ ਨੂੰ ਦਫਤਰ ਮੰਨ ਲਈਏ ਤਾਂ ਰਾਤ ਦੇ 1.30 ਵਜੇ ਉਹ ਖੇਤ ਜਾਂਦਾ ਹੈ ਫਿਰ 2.00 ਵਜੇ ਬਿਜਲੀ ਆ ਗਈ ਅਤੇ ਅੱਧਾ ਘੰਟਾ ਆਈ ਫਿਰ ਚਲੀ ਗਈ, ਘੰਟਾ ਆਈ ਫਿਰ ਚਲੀ ਗਈ, ਉਸ ਦੀ ਸਾਰੀ ਰਾਤ ਜਾਗਦਿਆਂ ਸੁੱਤਿਆਂ ਹੀ ਲੰਘ ਜਾਂਦੀ ਹੈ, ਸੱਪਾਂ ਦੀਆਂ ਸਿਰਆਂ ਮਿੱਧਦਾ ਫਿਰਦਾ ਰਹਿੰਦਾ ਹੈ। ਸੋ, ਧਨੀ ਰਾਮ ਚਾਤ੍ਰਿਕ ਜੀ ਨੇ ਲਿਖਿਆ ਹੈ, ਪਿਛਲੇ ਪਹਿਰ ਦੀ ਰਾਤ ਬਾਰੇ ਗੱਲ ਕਰਦਾ ਹੈ:

ਪਿਛਲੇ ਪਹਿਰ ਤ੍ਰੇਲ ਦੇ ਮੋਤੀ ਜੰਮਦੇ ਜਾਣ,
ਇਸ ਵੇਲੇ ਜਾਂ ਜਾਗਦਾ ਕੋਈ ਭਗਤ ਜਨ ਜੋ ਖੂਹੇ ਤੇ ਕਰ ਰਿਹਾ ਇਸ਼ਨਾਨ।
ਫਿਰ ਇਸ ਵੇਲੇ ਜਾਗ ਰਿਹਾ ਕੋਈ ਮਿਹਨਤੀ ਕਿਸਾਨ,

ਪਾਣੀ ਲਾਉਂਦਿਆਂ ਹੱਥ ਪੈਰ ਜਿਸ ਦੇ ਨੀਲੇ ਹੁੰਦੇ ਜਾਣ।

ਸੋ, ਠੰਢੇ ਪਾਣੀ ਨਾਲ ਕਿਸਾਨਾਂ ਦੇ ਹੱਥ ਪੈਰ ਨੀਲੇ ਹੋ ਜਾਂਦੇ ਹਨ ਅਤੇ ਅੱਜ ਉਹ ਦਫਤਰ ਵਾਂਗੂੰ ਜਾਂਦਾ ਹੈ ਅਤੇ 9.00 ਵਜੇ ਜਾ ਕੇ ਸਵਿੱਚ ਦੱਬਦਾ ਹੈ ਅਤੇ 5.00 ਵਜੇ ਸਵਿੱਚ ਦੱਬ ਕੇ ਘਰ ਆ ਜਾਂਦਾ ਹੈ। ਉਹ ਕਹਿੰਦਾ ਹੈ ਕਿ ਕੋਈ ਕੁੰਭ ਦਾ ਮੇਲਾ ਨਹੀਂ ਹੈ, ਕੱਲ੍ਹ ਨੂੰ ਫਿਰ ਪਾਣੀ ਲਾ ਦੇਵਾਂਗੇ ਕਿਉਂਕਿ ਬਿਜਲੀ ਤਾਂ ਰਹਿਣੀ ਹੀ ਰਹਿਣੀ ਹੈ। ਉਹ ਹੀ ਗਰਿੱਡ ਹਨ, ਉਹ ਹੀ ਖੰਭੇ ਹਨ, ਉਹ ਹੀ ਤਾਰਾਂ ਹਨ ਅਤੇ ਉਹ ਹੀ ਥਰਮਲ ਹਨ। ਸੋ, ਹੁਣ ਕਿਵੇਂ ਦਿਨ ਵਿੱਚ ਬਿਜਲੀ ਆਉਣ ਲੱਗ ਗਈ ਹੈ ਜੀ। ਇਹ ਅਸੀਂ ਲਿਖਿਆ ਨਹੀਂ ਸੀ ਪਰ ਸਾਨੂੰ ਇਹ ਪਤਾ ਸੀ ਕਿ ਇਹ ਦੁੱਖ ਹੈ। ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ। ਇੱਕ ਜਿਹੜੇ ਸਾਡੇ ਹਰ ਇੱਕ ਧਰਮ ਦੇ ਗ੍ਰੰਥ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਅਸੀਂ ਪਾਲਕੀ ਸਾਹਿਬ ਵਿੱਚ ਲੈ ਕੇ ਜਾਂਦੇ ਹਾਂ ਜਾਂ ਫਿਰ ਪਵਿੱਤਰ ਗੀਤਾ ਜਾਂ ਕੁਰਾਨ ਸ਼ਰੀਫ ਨੂੰ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਪਾਲਕੀ ਸਾਹਿਬ, ਜਿਹੜੀਆਂ ਗੱਡੀਆਂ ਵਿੱਚ ਲੈ ਕੇ ਜਾਂਦੇ ਹਨ, ਉਨ੍ਹਾਂ ਦਾ ਅਜੇ ਤੱਕ ਟੈਕਸ ਮੁਆਫ ਨਹੀਂ ਹੋਇਆ ਸੀ, 10 ਲੱਖ ਰੁਪਿਆ ਟੈਕਸ ਸੀ। ਅਸੀਂ ਜਦੋਂ ਉਹ ਟੈਕਸ ਮੁਆਫ ਕਰ ਦਿੱਤਾ ਤਾਂ ਸਾਨੂੰ ਇੰਨੀਆਂ ਵਧਾਈਆਂ ਆਈਆਂ ਕਿ ਜੀ ਜਿਹੜੇ ਹੁਣ ਤੱਕ ਪੰਥ ਦੇ ਨਾਂਅ ਤੇ ਵੋਟਾਂ ਲੈਂਦੇ ਰਹੇ ਉਨ੍ਹਾਂ ਦੇ ਦਿਮਾਗ ਵਿੱਚ ਇਹ ਗੱਲ ਕਿਉਂ ਨਹੀਂ ਆਈ? ਉਸ ਵਿੱਚ ਕੀ ਕੁੰਢੀ ਸੀ? ਸਪੀਕਰ ਸਾਹਿਬ, ਉਸ ਵਿੱਚ ਇਹ ਸੀ ਕਿ ਇਸ ਨੂੰ ਬਾਅਦ ਵਿੱਚ ਇਹ ਕਮਰਸ਼ੀਅਲ ਵਹੀਕਲ ਦੇ ਤੌਰ ਤੇ ਨਾ ਇਸਤੇਮਾਲ ਕਰਨ। ਮੈਂ ਕਿਹਾ ਜਿਸ ਗੱਡੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹੋ ਜਾਵੇ, ਉਸ ਵਿੱਚ ਤਾਂ ਅਸੀਂ ਜੁੱਤੀ ਲੈ ਕੇ ਨਹੀਂ ਚੜ੍ਹਦੇ। ਉਸ ਨੂੰ ਤਾਂ ਅਸੀਂ ਬਾਅਦ ਵਿੱਚ ਵੀ ਪਾਣੀ ਛਿੜਕਦੇ ਰਹਿੰਦੇ ਹਾਂ, ਜੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਨਾ ਹੋਵੇ। ਅਸੀਂ ਤਾਂ ਇੰਨਾ ਪਵਿੱਤਰ ਮੰਨਦੇ ਹਾਂ। ਜਿਹੜੇ ਕਮਰੇ ਵਿੱਚ ਅਸੀਂ ਸ੍ਰੀ ਆਖੰਡ ਸਾਹਿਬ ਦਾ ਪਾਠ ਕਰਵਾਉਂਦੇ ਹਾਂ, ਉੱਥੇ ਤਾਂ ਸ੍ਰੀ ਆਖੰਡ ਪਾਠ ਸਾਹਿਬ ਤੋਂ ਬਾਅਦ ਵੀ ਧੂਫ ਜਗਦੀ ਰਹਿੰਦੀ ਹੈ। ਸੋ, ਅਸੀਂ 10 ਲੱਖ ਰੁਪਇਆ ਉਹ ਟੈਕਸ ਮੁਆਫ ਕੀਤਾ ਸੀ। ਇਹ ਅਸੀਂ ਕਿਤੇ ਲਿਖਿਆ ਨਹੀਂ ਸੀ। ਮੇਰੇ ਕੋਲ ਇੱਦਾਂ ਹੀ ਇੱਕ ਵਫਦ ਆਇਆ ਅਤੇ ਉਨ੍ਹਾਂ ਨੇ ਕਿਹਾ, ਮੈਂ ਕਿਹਾ ਕਿ ਇਹ ਤਾਂ ਅੱਜ ਹੀ ਹੋ ਸਕਦਾ ਹੈ। ਸੋ, ਬਹੁਤ ਸਾਰੀਆਂ ਚੀਜ਼ਾਂ ਇਸ ਵਿੱਚ ਇਹੋ ਜਿਹੀਆਂ ਹਨ, ਜਿਹੜੀਆਂ ਅਸੀਂ ਬਿਨਾਂ ਗਾਰੰਟੀ ਤੋਂ ਪੂਰੀਆਂ ਕੀਤੀਆਂ ਹਨ। 118 ਸਕੂਲ ਆਫ ਐਮੀਨੈਂਸ ਬਣਾਏ ਜਾ ਰਹੇ ਹਨ। ਜੇ.ਈ. ਮੇਨਜ਼ ਅਤੇ ਜੇ.ਈ. ਐਡਵਾਂਸ ਦੀ ਪ੍ਰੀਖਿਆ ਬਹੁਤ ਔਖੀ ਪ੍ਰੀਖਿਆ ਹੈ, ਸਰਕਾਰੀ ਸਕੂਲਾਂ ਦੇ ਬੱਚੇ ਉਨ੍ਹਾਂ ਪ੍ਰੀਖਿਆਵਾਂ ਨੂੰ ਕਲੀਅਰ ਕਰ ਰਹੇ ਹਨ ਅਤੇ ਫਸਟ ਆ ਰਹੇ ਹਨ। ਸਾਲ 2022 ਤੋਂ ਲੈ ਕੇ ਹੁਣ ਤੱਕ 13,765 ਅਧਿਆਪਕਾਂ ਦੀ ਭਰਤੀ ਹੋਈ ਹੈ। ਸਰ, ਅਧਿਆਪਕਾਂ ਨੂੰ ਟ੍ਰੇਨਿੰਗ ਲੈਣ ਵਾਸਤੇ ਫਿਨਲੈਂਡ, ਸਿੰਗਾਪੁਰ, ਆਈ.ਆਈ.ਐਮ ਅਹਿਮਦਾਬਾਦ ਭੇਜਿਆ ਜਾ ਰਿਹਾ ਹੈ। ਮੈਂ ਪਰਸੋਂ ਹੀ ਹਰੀ ਝੰਡੀ ਦੇ ਕੇ ਆਇਆ ਹਾਂ, ਸਾਡੇ ਸਕੂਲਾਂ ਦੇ 30 ਪ੍ਰਿੰਸੀਪਲਾਂ ਦਾ ਗਰੁੱਪ ਸਿੰਗਾਪੁਰ ਵਿੱਚ ਇਸ ਵਕਤ ਗਿਆ ਹੋਇਆ ਹੈ, ਉਹ ਉੱਥੇ ਪੜ੍ਹਾਈ ਦੇ ਨਵੇਂ ਤਰੀਕਿਆਂ ਦੀ ਟ੍ਰੇਨਿੰਗ ਲੈ ਰਹੇ ਹਨ ਕਿਉਂਕਿ ਮੁਕਾਬਲਾ ਹੁਣ ਏ.ਆਈ (Artificial Intelligence) ਨਾਲ ਹੋ ਗਿਆ ਹੈ। ਹੁਣ ਮੁਕਾਬਲਾ ਦਿਮਾਗਾਂ ਨਾਲ ਨਹੀਂ ਰਿਹਾ, ਮੁਕਾਬਲਾ ਕੰਪਿਊਟਰ ਨਾਲ ਹੋ ਗਿਆ ਹੈ। ਸੋ, ਇਸ ਕਰਕੇ ਜੇ ਏ.ਆਈ. ਦਾ ਮੁਕਾਬਲਾ ਕਰਨਾ ਹੈ ਤਾਂ ਆਪਣੇ ਦਿਮਾਗਾਂ ਨੂੰ sharp ਕਰਨਾ ਪਵੇਗਾ। ਮੈਂ ਏ.ਆਈ ਨੂੰ ਕਾਫੀ ਫਾਲੋਅ ਕਰਦਾ ਹਾਂ। ਮੈਂ ਉਸ ਨਾਲ ਕਾਫੀ ਬਹਿਸ ਕਰਦਾ ਹਾਂ। ਬਹਿਸ ਕਰਦੇ ਕਰਦੇ ਚਾਹੇ Google Gemini ਤੇ ਚਲੇ ਜਾਵੋ, ਚਾਹੇ Bing ਤੇ ਚਲੇ ਜਾਵੋ, ਚਾਹੇ ਤੁਸੀਂ Chat-GPT ਤੇ ਚਲੇ ਜਾਵੋ। ਉਸ ਨੂੰ

ਜੋ ਮਰਜ਼ੀ ਪੁੱਛ ਲਵੋ ਉਹ ਜਵਾਬ ਦਿੰਦਾ ਹੈ। ਮੈਂ ਪੁੱਛੀ ਗਿਆ, ਪੁੱਛੀ ਗਿਆ ਇੱਕ ਥਾਂ ਤੇ ਆ ਕੇ ਉਹ ਕਹਿੰਦਾ ਕਿ ਮੈਂ ਮਸ਼ੀਨ ਹਾਂ, ਮੈਥੋਂ ਇਹ ਦੱਸਿਆ ਨਹੀਂ ਜਾਵੇਗਾ।

**1300/Kuldeep kaur/Shubham jain**

**1305/Pawan sharma**

ਇਸ ਦਾ ਮਤਲਬ ਕਿ ਤੂੰ ਹਾਰ ਸਕਦਾ ਹੈ, ਤੇਰਾ ਹੁਣ ਮੇਰੇ ਨਾਲ ਮੁਕਾਬਲਾ ਹੋ ਗਿਆ ਹੈ, ਹੁਣ ਤੂੰ ਆ ਕੇ ਦੇਖੀਂ। ਸੋ, ਆਪਾਂ ਨੂੰ ਆਪਣੇ ਦਿਮਾਗ਼ ਸ਼ਾਰਪ ਕਰਨੇ ਪੈਣੇ ਹਨ, ਜੇਕਰ ਏ.ਆਈ. ਨਾਲ ਮੁਕਾਬਲਾ ਕਰਨਾ ਹੈ। ਇਹ ਵੈਸੇ ਹੀ ਅਫਵਾਹਾਂ ਹਨ ਕਿ ਵਕੀਲ ਵਿਹਲੇ ਹੋ ਜਾਣਗੇ, ਡਾਕਟਰ ਵਿਹਲੇ ਹੋ ਜਾਣਗੇ, ਇਹ ਗੱਲ ਬਿਲਕੁਲ ਨਹੀਂ ਹੈ, ਸਿਰਫ ਉਹ ਹੀ ਰਹਿਣਗੇ ਜਿਹੜੇ ਅਸਲੀ ਵਕੀਲ ਜਾਂ ਅਸਲੀ ਡਾਕਟਰ ਹਨ। ਸਰ, ਉਨ੍ਹਾਂ ਬਿਨਾਂ ਨਹੀਂ ਸਰਨਾ, ਸਾਇੰਸ ਜੋ ਮਰਜ਼ੀ ਕਰ ਲਵੇ ਪਰ ਜੋ ਪਰਮਾਤਮਾ ਨੇ ਢਾਂਚਾ ਬਣਾਇਆ ਹੋਇਆ ਹੈ, ਉਸ ਦੀ ਰੀਸ ਨਹੀਂ ਕਰ ਸਕਦੇ। ਉਹ ਉਸ ਤਰ੍ਹਾਂ ਨਹੀਂ ਬਣਾ ਸਕਦੇ। ਸੋ, ਇਸ ਕਰਕੇ ਮੁਕਾਬਲਾ ਦਿਮਾਗਾਂ ਦਾ ਹੈ। ਦਿਮਾਗ ਸ਼ਾਰਪ ਕਰਨ ਲਈ ਪਹਿਲੇ ਜਿਹੜੇ ਪੜ੍ਹਾਉਂਦੇ ਹਨ, ਉਨ੍ਹਾਂ ਦੇ ਦਿਮਾਗ ਸ਼ਾਰਪ ਕਰੀਏ ਤਾਂ ਜੋ ਇੱਥੇ ਸਾਡੇ ਬੱਚਿਆਂ ਨੂੰ ਉਸ ਲੈਵਲ ਦੀ ਪੜ੍ਹਾਈ ਮਿਲੇ। ਨੈਸ਼ਨਲ ਅਚੀਵਮੈਂਟ ਸਰਵੇ-2024 ਵਿੱਚ ਪੰਜਾਬ ਕੇਰਲਾ ਨੂੰ ਬੀਟ ਕਰਕੇ ਨੰਬਰ ਇੱਕ ਤੇ ਆ ਗਿਆ ਹੈ। 18ਵੇਂ ਨੰਬਰ ਤੋਂ ਚੱਲੇ ਹੋਏ ਸਨ, ਨੰਬਰ ਇੱਕ ਤੇ ਆ ਗਏ ਹਾਂ। ਇਹ ਸਰਵੇ ਸਾਡੀ ਸਰਕਾਰ ਵੱਲੋਂ ਨਹੀਂ ਕੀਤਾ ਗਿਆ ਹੈ। ਫੈਡਰਲ ਗੌਰਮਿੰਟ ਵੱਲੋਂ ਨੈਸ਼ਨਲ ਅਚੀਵਮੈਂਟ ਅਵਾਰਡ ਸਬੰਧੀ ਸਰਵੇ ਕਰਵਾਇਆ ਗਿਆ ਹੈ, ਜਿਸ ਸਬੰਧੀ ਉਨ੍ਹਾਂ ਦੀ ਇਹ ਰਿਪੋਰਟ ਆਈ ਹੈ। ਸੋ, ਮੈਂ ਪਹਿਲਾਂ ਵੀ ਖੇਤੀਬਾੜੀ ਦੇ ਸੈਕਟਰ ਸਬੰਧੀ ਗੱਲ ਕੀਤੀ ਹੈ ਕਿ ਦਿਨੇ ਬਿਜਲੀ ਆਉਂਦੀ ਹੈ। ਸਰ, ਆਮ ਤੌਰ ਤੇ ਗੰਨੇ ਦੇ ਭਾਅ ਉੱਤੇ ਬਹੁਤ ਬਹਿਸ ਹੁੰਦੀ ਹੈ। ਜਦੋਂ ਦੀ ਅਸੀਂ ਸਰਕਾਰ ਸੰਭਾਲੀ ਹੈ, ਦੇਸ਼ ਭਰ ਵਿੱਚ ਗੰਨੇ ਦਾ ਸਭ ਤੋਂ ਵੱਧ ਭਾਅ ਪੰਜਾਬ ਦਾ ਰਿਹਾ ਹੈ। ਇਸ ਵਾਰ ਹਰਿਆਣਾ ਸਰਕਾਰ ਨੇ 15 ਰੁਪਏ ਗੰਨੇ ਦਾ ਭਾਅ ਵਧਾ ਦਿੱਤਾ ਹੈ ਅਤੇ 415 ਰੁਪਏ ਹੋ ਗਿਆ ਹੈ। ਮੇਰੇ ਕੋਲ ਕਿਸਾਨ ਆਏ, ਮੈਂ ਕਿਹਾ ਕਿ ਅਸੀਂ ਨੰਬਰ ਇੱਕ ਰਹਿਣਾ ਹੈ, ਹਾਲਾਂਕਿ ਹਰਿਆਣਾ ਵਿੱਚ ਮੇਰੀ ਰਿਸ਼ਤੇਦਾਰੀ ਹੈ। ਮੈਂ ਕਿਹਾ ਕਿ ਘਰੇ ਨਾ ਲੜਾਈ ਹੋ ਜਾਵੇ(ਹਾਸਾ) ਪਰ ਮੈਂ ਕਿਹਾ ਕਿ ਇੱਕ ਰੁਪਿਆ ਤਾਂ ਅਸੀਂ ਵਧਾਵਾਂਗੇ। ਅਸੀਂ ਮੁੰਡੇ ਵਾਲੇ ਹਾਂ, ਇੰਨੀ ਕੁ ਤਾਂ ਚੱਲਦੀ ਹੈ ਆਪਣੀ। ਸਰ, ਦੇਸ਼ ਵਿੱਚ ਸਭ ਤੋਂ ਵੱਧ ਗੰਨੇ ਦਾ ਭਾਅ 416 ਰੁਪਏ ਪੰਜਾਬ ਦੇ ਰਿਹਾ ਹੈ। ਪੇਂਡੂ ਵਿਕਾਸ ਵਿੱਚ ਨੌਜਵਾਨਾਂ ਨੂੰ ਕਿਤਾਬਾਂ ਨਾਲ ਜੋੜਨ ਵਾਸਤੇ ਲਾਇਬ੍ਰੇਰੀ ਬਣਾਈ ਗਈ ਹੈ। ਸਰ, ਮੈਂ 2-3 ਲਾਇਬ੍ਰੇਰੀਆਂ ਵਿੱਚ ਗਿਆ ਹਾਂ। ਲਾਇਬ੍ਰੇਰੀਆਂ ਵਿੱਚ ਸਿਲੇਬਸ ਦੀਆਂ ਕਿਤਾਬਾਂ ਹਨ, ਉੱਥੇ ਬੱਚੀਆਂ ਆ ਕੇ ਪੜ੍ਹ ਰਹੀਆਂ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇੱਥੇ ਆ ਕੇ ਕਿਉਂ ਪੜ੍ਹਦੀਆਂ ਹੋ? ਉਹ ਕਹਿੰਦੇ ਕਿ ਘਰ ਪੜ੍ਹਨ ਦਾ ਮਾਹੌਲ ਨਹੀਂ ਬਣਦਾ। ਮੱਝਾਂ ਵੀ ਘਰਾਂ ਵਿੱਚ ਹੀ ਰੱਖੀਆਂ ਹੁੰਦੀਆਂ ਹਨ, ਕਈ ਵਾਰ ਫ਼ੋਨ ਆ ਗਿਆ ਜਾਂ ਕਿਸੇ ਦਾ ਆਉਣਾ ਜਾਣਾ ਹੋ ਗਿਆ, ਇਸ ਲਈ ਪੜ੍ਹਾਈ ਦਾ ਮਾਹੌਲ ਨਹੀਂ ਬਣਦਾ। ਲਾਇਬ੍ਰੇਰੀਆਂ ਵਿੱਚ ਆ ਕੇ ਸਬਜੈਕਟ ਦੀਆਂ ਕਿਤਾਬਾਂ ਪਈਆਂ ਹੁੰਦੀਆਂ ਹਨ, ਏ.ਸੀ ਲੱਗੇ ਹੋਏ ਹਨ, ਕੰਪਿਊਟਰ ਲੱਗੇ ਹੋਏ ਹਨ, ਵਾਈ.ਫਾਈ. ਲੱਗਿਆ ਹੋਇਆ ਹੈ, ਇਸ ਲਈ ਉੱਥੇ ਆ ਕੇ ਸਾਡੀ ਬੱਚੀਆਂ ਪੜ੍ਹ ਰਹੀਆਂ ਹਨ। ਸਰ, ਇਸੇ ਦਾ ਹੀ ਨਤੀਜਾ ਹੈ ਕਿ ਦੇਖੋ, ਸਾਡੀਆਂ ਚਾਰ ਬੱਚੀਆਂ ਨੇ ਯੂ.ਪੀ.ਐਸ.ਸੀ. ਦੇ ਰਿਜ਼ਲਟ ਵਿੱਚ ਕਿਆ ਕਮਾਲ ਕੀਤਾ ਹੈ। ਮੈਂ ਵੂਮੈਨ ਡੇਅ ਵਾਲੇ ਦਿਨ ਉਨ੍ਹਾਂ ਨੂੰ ਲੁਧਿਆਣੇ ਮਿਲਿਆ। ਉਹ ਆਮ ਘਰਾਂ ਦੀਆਂ ਕੁੜੀਆਂ ਹਨ।

ਉਨ੍ਹਾਂ ਦੀ ਅਚੀਵਮੈਂਟ ਦੇਖੋ, ਕਿਸੇ ਦਾ ਦੇਸ਼ ਵਿੱਚੋਂ 15ਵਾਂ ਸਥਾਨ, 77ਵਾਂ ਸਥਾਨ, 115ਵਾਂ ਰੈਂਕ। ਮਤਲਬ ਕਿ ਅਸੀਂ ਹੁਣ ਯੂ.ਪੀ.ਐਸ.ਸੀ. ਕਲੀਅਰ ਕਰ ਲੱਗ ਪਏ ਹਨ। ਸਪੀਕਰ ਸਾਹਿਬ, ਪੰਜਾਬੀਆਂ ਨੂੰ ਕੋਈ ਚੀਜ਼ ਕਿਸੇ ਵੱਲੋਂ ਦੱਸ ਦਿੱਤੀ ਜਾਵੇ ਕਿ ਇਸ ਤਰ੍ਹਾਂ ਹੋ ਸਕਦੀ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਤੇ ਛੱਡ ਦਿਉ, ਉਹ ਨੰਬਰ ਵੰਨ ਤੇ ਹੀ ਆਵੇਗਾ ਕਿਉਂਕਿ ਸਾਨੂੰ ਟੌਪ ਤੋਂ ਘੱਟ ਕੋਈ ਹੋਰ ਪੁਜ਼ੀਸ਼ਨ ਪਸੰਦ ਨਹੀਂ ਹੈ। ਬਿਜਲੀ 90 ਪ੍ਰਤੀਸ਼ਤ ਘਰਾਂ ਨੂੰ ਫ੍ਰੀ ਆ ਰਹੀ ਹੈ। ਤੁਸੀਂ ਪੜ੍ਹਿਆ ਹੋਣਾ ਹੈ, ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਬਿਜਲੀ 600 ਯੂਨਿਟ ਫ੍ਰੀ ਵੀ ਹੈ, ਖੇਤਾਂ ਵਾਲੀ ਵੀ ਫ੍ਰੀ ਹੈ, ਥਰਮਲ ਪਲਾਂਟ ਵੀ ਖਰੀਦ ਲਿਆ ਗਿਆ ਹੈ, ਕੋਇਲੇ ਦੇ ਖ਼ਾਨ ਵੀ ਚਾਲੂ ਕਰਵਾ ਦਿੱਤੀ, ਬਿਜਲੀ ਬੋਰਡ ਦਾ ਕਰਜ਼ਾ ਵੀ ਉਤਾਰ ਦਿੱਤਾ ਅਤੇ ਬਿਜਲੀ ਬੋਰਡ ਦਾ ਕਰਜ਼ਾ ਲਾਹੁਣ ਤੋਂ ਬਾਅਦ ਹੁਣ 70 ਪੈਸੇ ਤੋਂ ਲੈ ਕੇ ਡੇਢ ਰੁਪਏ ਤੱਕ ਪ੍ਰਤੀ ਯੂਨਿਟ ਬਿਜਲੀ ਸਸਤੀ ਕੀਤੀ ਹੈ। ਇਹ ਪਹਿਲੀ ਵਾਰ ਹੋਇਆ ਹੈ(ਥੰਪਿੰਗ)। ਇੱਕ ਕਹਾਵਤ ਹੈ ਕਿ ਸੱਚੀਆਂ ਨੀਤਾਂ ਨੂੰ ਮੁਰਾਦਾਂ। ਸਰ, ਜੇਕਰ ਰੁਜ਼ਗਾਰ ਦੀ ਗੱਲ ਕਰੀਏ 63 ਹਜ਼ਾਰ 943 ਨੌਕਰੀਆਂ ਦੇ ਕੇ ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ ਔਰ ਇੱਕ ਬੰਦਾ ਵੀ ਕਹਿ ਦੇਵੇ ਕਿ ਨੌਕਰੀ ਦੀ ਈਵਜ਼ ਵਿੱਚ ਕਿਸੇ ਨੂੰ ਵੀ ਇੱਕ ਰੁਪਿਆ ਦੇਣਾ ਪੈ ਗਿਆ ਹੋਵੇ ਜਾਂ ਕਿਸੇ ਐਮ.ਐਲ.ਏ/ਮੰਤਰੀ ਦੀ ਸਿਫਾਰਸ਼ ਨਾ ਮਿਲਣ ਕਰਕੇ ਘੱਟ ਨੰਬਰ ਵਾਲੇ ਨੂੰ ਨੌਕਰੀ ਮਿਲ ਗਈ ਹੋਵੇ ਕਿਉਂਕਿ ਵੱਧ ਨੰਬਰ ਵਾਲੇ ਕੋਲ ਸਿਫਾਰਸ਼ ਨਹੀਂ ਸੀ, ਜਿਵੇਂ ਕਿ ਪਹਿਲਾਂ ਹੁੰਦਾ ਸੀ। ਮੈਂ ਤਾਂ ਇਹ ਸੁਣਿਆ ਹੈ ਕਿ ਅਕਾਲੀ ਦਲ ਦੇ ਘਰਾਂ ਦੇ ਜਿਹੜੇ ਮਾਲਕ ਸਨ, ਉਹ ਅਟੈਚੀ ਦੇਖ ਕੇ ਦੱਸ ਦਿੰਦੇ ਸਨ ਕਿ ਕਿੰਨੇ ਪੈਸੇ ਹਨ। ਇੰਨਾ ਜ਼ਿਆਦਾ ਐਕਸਪੀਰੀਅੰਸ ਹੋ ਗਿਆ ਸੀ, ਲੱਖ ਘੱਟ ਲੱਗਦਾ ਹੈ। ਜਦੋਂ ਗਿਣਦੇ ਸਨ ਤਾਂ ਵਾਕਿਆ ਹੀ ਲੱਖ ਰੁਪਿਆ ਘੱਟ ਹੁੰਦਾ ਸੀ। ਉਨ੍ਹਾਂ ਦੀ ਇੰਨੀ ਜ਼ਿਆਦਾ ਐਕੂਰੇਸੀ ਹੋ ਗਈ ਸੀ ਕਿ ਅਟੈਚੀ ਦੇ ਭਾਰ ਤੋਂ ਹੀ ਦੱਸ ਦਿੰਦੇ ਸਨ ਕਿ ਇੰਨੇ ਲੱਖ ਰੁਪਏ ਹਨ। ਇੱਕ ਬੰਦਾ ਸੀ, ਉਹ ਅਟੈਚੀ ਵਿੱਚ ਪੈਸੇ ਪਾ ਕੇ ਲੈ ਗਿਆ। ਕੁਦਰਤੀ ਉਸ ਵਿੱਚ ਉਸ ਦਾ ਲਾਇਸੈਂਸੀ ਪਿਸਟਲ ਰਹਿ ਗਿਆ। ਉਹ ਅਟੈਚੀ ਦੇ ਗਿਆ ਪਰ ਪਿਸਟਲ ਵਿੱਚ ਰਹਿ ਗਿਆ। ਥੱਲੇ ਕਿਧਰੇ ਛੁਪਾਇਆ ਹੋਣਾ ਹੈ। ਜਦੋਂ ਘੰਟੇ ਬਾਅਦ ਉਸ ਨੂੰ ਯਾਦ ਆਇਆ ਤਾਂ ਉਹ ਕਹਿੰਦਾ ਕਿ ਜਿਹੜੀ ਮੈਂ ਅਟੈਚੀ ਦੇ ਕੇ ਗਿਆ ਹਾਂ ਉਸ ਵਿੱਚ ਮੇਰਾ ਪਿਸਟਲ ਰਹਿ ਗਿਆ ਹੈ। ਉਸ ਨੂੰ ਕਮਰੇ ਵਿੱਚ ਲੈ ਗਏ, ਜਿੱਥੇ ਅਟੈਚੀ ਪਈ ਸੀ। ਉਹ ਕਹਿੰਦਾ ਕਿ ਉਸ ਕਮਰੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਟੈਚੀ ਪਏ ਸਨ। ਪਿਸਟਲ ਵਾਲਾ ਅਟੈਚੀ ਲੱਭਣਾ ਹੀ ਬਹੁਤ ਮੁਸ਼ਕਿਲ ਹੋ ਗਿਆ। ਸਰ, ਉਹ ਅਲੱਗ ਰਹਿੰਦੇ ਹੁੰਦੇ ਸਨ ਆਹ ਜਿਹੜਾ ਸੈਕਟਰ-2 ਹੈ, ਸਾਨੂੰ ਤਾਂ ਪਿੱਛੋਂ ਹੀ ਚੌਕ ਤੋਂ ਮੋੜ ਦਿੰਦੇ ਸਨ। ਉਹ ਕਹਿੰਦੇ ਕਿ ਮਟਕਾ ਚੌਕ ਤੋਂ ਅਗਾਂਹ ਨਹੀਂ ਜਾ ਸਕਦੇ। ਇੰਝ ਲੱਗਦਾ ਸੀ ਕਿ ਜਿਵੇਂ ਉੱਧਰ ਏਲੀਅਨਜ਼ ਰਹਿੰਦੇ ਹੋਣ, ਬੰਦੇ ਤਾਂ ਰਹਿੰਦੇ ਹੀ ਨਹੀਂ।

**1305/Pawan sharma/Shubham jain**

**1310/Beant kaur**

ਹੁਣ ਕਿਤੇ ਜਾ ਕੇ ਉਹ ਘਰ ਆਮ ਲੋਕਾਂ ਨੂੰ ਖੁੱਲ੍ਹੇ ਹਨ। ਹੁਣ ਆਮ ਲੋਕ ਆ ਜਾਂਦੇ ਹਨ, ਪਿੰਡਾਂ ਤੋਂ ਚਾਦਰਾ ਲਾ ਕੇ ਆ ਜਾਂਦੇ ਹਨ, ਡੱਬੀ ਵਾਲਾ ਪਰਨਾ ਬੰਨ੍ਹ ਕੇ ਵੀ ਆ ਜਾਂਦੇ ਹਨ। ਕਿਸੇ ਜੌਹਰੀ ਦੀ, ਸੁਨਿਆਰੇ ਦੀ ਦੁਕਾਨ ਤੇ ਇਕ ਚੂਹਾ ਬਹੁਤ ਕੀਮਤੀ ਹੀਰਾ ਨਿਗਲ ਗਿਆ। ਜਦੋਂ ਦੁਕਾਨ ਦੇ ਮਾਲਕ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਖੁੱਡ ਵਿੱਚ ਵੜ ਗਿਆ। ਉਸ ਨੇ ਚੂਹਾ ਫੜਨ ਲਈ ਬੰਦਾ ਬੁਲਾਇਆ ਅਤੇ ਜਦੋਂ ਖੁੱਡ ਪੁੱਟੀ ਤਾਂ ਉਸ ਵਿੱਚ 200 ਚੂਹਾ

ਬੈਠਾ ਸੀ। ਉਹ ਕਹਿਣ ਲੱਗਿਆ ਕਿ ਮੈਂ ਹੁਣ ਕਿਵੇਂ ਪਛਾਣਾਂਗਾ। ਮੈਂ ਜੌਹਰੀ ਹਾਂ, ਮੈਂ ਹੀਰਾ ਤਾਂ ਪਛਾਣ ਸਕਦਾ ਹਾਂ ਪਰ ਇੰਨਿਆਂ ਵਿਚੋਂ ਉਹ ਚੂਹਾ ਕਿਵੇਂ ਪਛਾਣ ਸਕਦਾ ਹਾਂ, ਜਿਹੜਾ ਹੀਰਾ ਨਿਗਲ ਗਿਆ। ਸੋ, ਉਸ ਨੇ ਇਕ ਚੂਹਿਆਂ ਦਾ ਸਪੈਸ਼ੇਲਿਸਟ ਬੁਲਾ ਲਿਆ ਕਿ ਇਨ੍ਹਾਂ ਵਿਚੋਂ ਇਕ ਚੂਹਾ ਹੀਰਾ ਨਿਗਲ ਗਿਆ ਹੈ। ਜਿਵੇਂ ਸਾਡੇ ਸਾਮ੍ਹਣੇ ਸੀਟਾਂ ਹਨ, ਇਨ੍ਹਾਂ ਤੇ ਬੈਠਣ ਵਾਲੇ ਆਪਣੇ ਆਪ ਨੂੰ ਅਲੱਗ ਸਮਝਦੇ ਹਨ। ਉਹ ਸਾਨੂੰ ਮਟੀਰੀਅਲ ਦੱਸਦੇ ਹਨ। ਜਿਹੜੇ ਡਰਬੀ ਰੇਸ ਦੇ ਘੋੜੇ ਹੁੰਦੇ ਹਨ, ਉਹ ਸਾਨੂੰ ਨਹੀਂ ਮੰਨਦੇ। ਚੂਹਾ ਸਪੈਸ਼ੇਲਿਸਟ ਕਹਿਣ ਲੱਗਿਆ ਕਿ ਜਿਹੜਾ ਸਾਰਿਆਂ ਤੋਂ ਪਰ੍ਹਾਂ ਹੋ ਕੇ ਮੁੱਛਾਂ ਹਿਲਾਈ ਜਾ ਰਿਹਾ ਹੈ, ਉਸ ਨੂੰ ਫੜ ਲਓ। ਚੂਹਾ ਫੜਨ ਵਾਲੇ ਨੇ ਉਸ ਨੂੰ ਫੜ ਕੇ ਜਦੋਂ ਢਿੱਡ ਚੀਰਿਆ ਤਾਂ ਉਸ ਵਿੱਚੋਂ ਹੀਰਾ ਨਿਕਲਿਆ। ਉਸ ਨੂੰ ਪੁੱਛਿਆ ਕਿ ਤੂੰ ਇੰਨਿਆਂ ਵਿਚੋਂ ਕਿਵੇਂ ਪਛਾਣ ਲਿਆ। ਉਹ ਕਹਿਣ ਲੱਗਿਆ ਕਿ ਇਹ ਚੂਹਾ ਹੈ, ਇਸ ਦੀ ਖੁਰਾਕ ਹੋਰ ਹੈ ਅਤੇ ਇਸ ਨੂੰ ਹੀਰਾ ਮਿਲ ਗਿਆ। ਸੋ, ਅਜਿਹਾ ਬੰਦਾ ਜਿਸ ਨੂੰ ਉਹ ਚੀਜ਼ ਨਹੀਂ ਮਿਲਣੀ ਚਾਹੀਦੀ ਪਰ ਮਿਲ ਜਾਵੇ ਤਾਂ ਸਭ ਤੋਂ ਪਹਿਲਾਂ ਉਹ ਆਪਣੀ ਬਿਰਾਦਰੀ ਤੋਂ ਅੱਡ ਹੁੰਦਾ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੈਂ ਤੁਹਾਡੇ ਵਰਗਾ ਨਹੀਂ ਹਾਂ, ਮੈਂ ਪਤਾ ਨਹੀਂ ਕੀ ਬਣ ਗਿਆ। ਸੋ, ਇਹ ਸਾਮ੍ਹਣੇ ਵਾਲੇ ਸਾਡੇ ਨਾਲ ਨਹੀਂ ਰਲਦੇ। ਇਨ੍ਹਾਂ ਦੇ ਓਵਰ ਕੋਟ, ਇਨ੍ਹਾਂ ਦੀਆਂ ਗੱਡੀਆਂ, ਇਨ੍ਹਾਂ ਦੀਆਂ ਪਜਾਮੀਆਂ ਸਾਡੇ ਨਾਲ ਨਹੀਂ ਰਲਦੀਆਂ।(ਹਾਸਾ) ਸੋ, ਜਿਹੜੇ ਇਨ੍ਹਾਂ ਨੇ ਹੀਰੇ ਖਾਧੇ ਸਨ, ਲੋਕਾਂ ਨੇ ਇਹ ਲੱਭ ਲਏ ਅਤੇ ਹੁਣ ਇਨ੍ਹਾਂ ਨੂੰ ਵੋਟਾਂ ਨਹੀਂ ਪਾਉਂਦੇ। ਇਸ ਵਿੱਚ ਸਾਡਾ ਕੀ ਕਸੂਰ ਹੈ। ਇਹ ਸਾਨੂੰ ਦਿਨ-ਰਾਤ ਗਾਲ੍ਹਾਂ ਕੱਢੀ ਜਾਂਦੇ ਹਨ। ਮੈਂ ਪ੍ਰਤਾਪ ਬਾਜਵਾ ਦੇ ਕਾਦੀਆਂ ਏਰੀਏ ਵਿੱਚ ਜਾ ਕੇ ਦੇਖਾਂਗਾ।

ਸਰ, ਹੁਣ ਆਪਾਂ ਇੰਡਸਟਰੀ ਦੇ ਪੁਆਇੰਟ ਵੱਲ ਆ ਜਾਈਏ। 20 ਮਾਰਚ, 2026 ਨੂੰ ਟਾਟਾ ਸਟੀਲ ਦੇ ਸੈਕਿੰਡ ਬਿਗੈਸਟ ਪਲਾਂਟ, ਆਫਟਰ ਜਮਸ਼ੇਦਪੁਰ, ਦਾ ਸਾਈਕਲ ਵੈਲੀ ਲੁਧਿਆਣਾ ਵਿੱਚ ਮੈਂ ਉਦਘਾਟਨ ਕਰਨ ਲੱਗਿਆ ਹਾਂ।(ਥੰਪਿੰਗ) ਉਨ੍ਹਾਂ ਨੇ 3100 ਕਰੋੜ ਰੁਪਿਆ ਇਨਵੈਸਟ ਕੀਤਾ ਹੈ ਅਤੇ ਘੱਟੋ ਘੱਟ 4000 ਬੰਦੇ ਨੂੰ ਡਾਇਰੈਕਟ ਇੰਪਲਾਇਮੈਂਟ ਮਿਲੇਗੀ, ਬਾਕੀ ਇਨਡਾਇਰੈਕਟ ਲਈ ਢਾਬੇ ਖੁੱਲਣਗੇ, ਟਰੱਕਾਂ ਦੀਆਂ ਦੁਕਾਨਾਂ, ਪੈਂਚਰ ਵਾਲੇ ਅਤੇ ਡੀਜ਼ਲ-ਤੇਲ ਆਦਿ ਵਾਲਿਆਂ ਲਈ ਰੁਜ਼ਗਾਰ ਅਲੱਗ ਹੈ। ਇੱਥੇ 13-14-15 ਤਰੀਕ ਨੂੰ ਇਨਵੈਸਟ ਪੰਜਾਬ ਹੋ ਰਿਹਾ ਹੈ। ਪੂਰੀ ਦੁਨੀਆ ਤੋਂ ਲੋਕ ਪੰਜਾਬ ਵੱਲ ਆ ਰਹੇ ਹਨ। ਅਸੀਂ ਜਪਾਨ-ਕੋਰੀਆ ਗਏ ਸੀ। ਉਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਇੰਡੀਆ ਦੇ ਨਾਰਥ ਵਿੱਚ ਪੰਜਾਬ ਵੀ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਦੇ ਇੱਥੇ ਆਇਓ। ਉਨ੍ਹਾਂ ਨੂੰ ਮੈਪ ਤੇ ਦਿਖਾਇਆ ਅਤੇ ਬਾਅਦ ਵਿੱਚ ਉਹ ਇੱਥੇ ਆਏ ਵੀ ਹਨ। ਗਵਰਨਰ ਸਾਹਿਬ ਦੇ ਭਾਸ਼ਣ ਵੇਲੇ ਉਹ ਇੱਥੇ ਮੌਜੂਦ ਸਨ। ਉਨ੍ਹਾਂ ਦੀ ਬਾਗਬਾਨੀ ਨਾਲ ਰਿਲੇਟਡ ਸਰਕਾਰੀ ਕੰਪਨੀ ਜਾਇਕਾ ਹੈ, ਉਹ ਇੱਥੇ 1300 ਕਰੋੜ ਰੁਪਿਆ ਖਰਚਣਗੇ। ਜਿਸ ਨਾਲ ਬਾਗਬਾਨੀ ਨੂੰ ਅਸੀਂ 6% ਤੋਂ 15% ਤੇ ਲੈ ਕੇ ਜਾਵਾਂਗੇ।(ਥੰਪਿੰਗ) ਇਸ ਨਾਲ ਧਰਤੀ ਦਾ ਪਾਣੀ ਬਚੇਗਾ ਅਤੇ ਕਰਾਪ ਡਾਇਵਰਸੀਫਿਕੇਸ਼ਨ ਵਾਲੀ ਗੱਲ ਵੀ ਪੂਰੀ ਹੋਵੇਗੀ। 13-14-15 ਨੂੰ ਇਕ ਬਹੁਤ ਵੱਡਾ ਉਦਯੋਗਿਕ ਮੇਲਾ, ਇਸ ਇਨਵੈਸਟ ਪੰਜਾਬ ਨੂੰ ਆਪਾਂ ਕਹਿ ਸਕਦੇ ਹਾਂ, ਉਹ ਲੱਗ ਰਿਹਾ ਹੈ। ਜਿੱਥੇ ਪੂਰੀ ਦੁਨੀਆ ਤੋਂ ਹਰ ਸੈਕਟਰ ਦੇ ਵੱਡੇ ਵੱਡੇ ਸਪੈਸ਼ੇਲਿਸਟ ਜਾਂ ਇੰਡਸਟਰੀਲਿਸਟ ਆ ਰਹੇ ਹਨ।

5000 ਕਰੋੜ ਰੁਪਏ ਦੇ ਪ੍ਰਾਜੈਕਟ ਹੇਠ ਗ੍ਰਿਡ ਠੀਕ ਕੀਤੇ ਜਾਣਗੇ। ਹੜ੍ਹਾਂ ਵਿੱਚ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ, ਖਾਸ ਕਰਕੇ ਬਿਜਲੀ ਦੇ ਇਨਫ੍ਰਾਸਟ੍ਰਕਚਰ ਦਾ ਬਹੁਤ ਨੁਕਸਾਨ ਹੋਇਆ ਹੈ, ਗ੍ਰਿਡ ਰੁੜ ਗਏ ਸਨ। ਟ੍ਰਾਂਸਫਾਰਮਰ

ਪੁਰਾਣੇ ਹੋ ਗਏ ਹਨ, ਤਾਰਾਂ ਕਸਾਂਗੇ ਅਤੇ ਕੋਸ਼ਿਸ਼ ਕਰ ਰਹੇ ਹਾਂ, ਸੁਪਨਾ ਹੈ ਕਿ ਤਾਰਾ ਅੰਡਰ ਗਰਾਊਂਡ ਹੀ ਪਾ ਦਿੱਤੀਆਂ ਜਾਣ ਕਿਉਂਕਿ ਜਦੋਂ ਹਨੇਰੀ ਆਉਂਦੀ ਹੈ ਤਾਂ ਖੰਭੇ ਡਿੱਗ ਜਾਂਦੇ ਹਨ, ਕਰੰਟ ਲੱਗਣ ਦੀਆਂ ਘਟਨਾਵਾਂ ਹੁੰਦੀਆਂ ਹਨ, ਗੱਡੀਆਂ ਨੁਕਸਾਨੀਆਂ ਜਾਂਦੀਆਂ ਹਨ। ਸੋ, ਸਾਡੀ ਇਹ ਕੋਸ਼ਿਸ਼ ਇਕ ਛੋਟੇ ਜਿਹੇ ਏਰੀਏ ਤੋਂ ਸ਼ੁਰੂ ਕਰਨ ਦੀ ਹੈ ਕਿ ਅੰਡਰ ਗਰਾਊਂਡ ਤਾਰਾਂ ਪਾ ਦਿੱਤੀਆਂ ਜਾਣ ਫੇਰ ਭਾਵੇਂ ਮੀਂਹ ਆਵੇ ਜਾਂ ਹਨੇਰੀ ਆਵੇ, ਉਸ ਨਾਲ ਫਰਕ ਨਹੀਂ ਪੈਣਾ। ਪੰਜਾਬ ਵੀ ਬਹੁਤ ਸੋਹਣਾ ਲੱਗੇਗਾ ਜੇਕਰ ਖੰਭੇ ਨਾ ਹੋਏ। ਪੂਰਾ ਗ੍ਰੀਨ ਏਰੀਆ, ਪੰਜਾਬ ਦੀ ਸੁੰਦਰਤਾ ਵਾਸਤੇ ਵਧੀਆ ਹੋਵੇਗਾ ਅਤੇ ਨਾਲ ਹੀ ਬਿਜਲੀ ਬਚੇਗੀ, ਜਿਹੜੀਆਂ ਢਿੱਲੀਆਂ ਤਾਰਾਂ ਦੇ ਥਰੂ ਬਿਜਲੀ ਲਾੱਸ ਹੁੰਦੀ ਹੈ, ਉਹ ਬਚੇਗੀ।

ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਚੱਲ ਰਹੀ ਹੈ। ਸਾਡਾ ਨੰਬਰ ਹੈ - 9501200200, ਇਹ ਜਾਰੀ ਕੀਤਾ ਹੋਇਆ ਹੈ। ਹਜ਼ਾਰ ਤੋਂ ਵੱਧ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ। ਸਾਡੀ ਗੱਡੀ ਚਲਾਉਣ ਵਾਲਾ ਮੁੰਡਾ ਕਹਿਣ ਲੱਗਿਆ, ਵੈਸੇ ਮਜ਼ਾਕ ਵਿੱਚ ਕਹਿੰਦਾ ਸੀ।

**1310/Beant kaur/Abhishek gautam**

**1315/Karamjit kaur**

ਉਸ ਨੇ ਵੈਸੇ ਹੀ ਮਜ਼ਾਕ ਵਿੱਚ ਕਿਹਾ ਕਿ ਬਾਈ ਜਦੋਂ ਅਸੀਂ ਥੋੜ੍ਹਾ ਜਿਹਾ ਸੋਚਦੇ ਹਾਂ, ਕਿਸੇ ਨੂੰ ਤੁਹਾਨੂੰ ਮਿਲਾਉਣ ਦਾ ਜਾਂ ਵੈਸੇ ਕੋਈ ਤਰੀਕਾ ਲੱਭੀਏ ਕਿ ਪੰਜ-ਦਸ ਰੁਪਏ ਲੈ ਲਿਆ ਕਰੀਏ ਤਾਂ ਉਦੋਂ ਹੀ ਤੁਹਾਡਾ ਬੋਰਡ ਜਿਹਾ ਸਾਹਮਣੇ ਆ ਜਾਂਦਾ ਹੈ ਕਿ ਇੰਨੀ ਵਿਅਕਤੀ ਭ੍ਰਿਸ਼ਟਾਚਾਰ ਕੇਸਾਂ ਵਿੱਚ ਫੜ੍ਹ ਕੇ ਅੰਦਰ ਦੇ ਦਿੱਤੇ ਹਨ। ਅਸੀਂ ਤਾਂ ਫਿਰ ਚੁੱਪ ਹੀ ਕਰ ਜਾਂਦੇ ਹਾਂ ਕਿ ਛੱਡੋ ਪਰ੍ਹਾਂ ਰਹਿਣ ਦੇਈਏ, ਜੇ ਕਿਸੇ ਨੇ ਨੰਬਰ ਡਾਇਲ ਕਰ ਦਿੱਤਾ ਤਾਂ ਨੌਕਰੀ ਤੋਂ ਵੀ ਜਾਵਾਂਗੇ। ਸੋ, ਇਹ ਸਖਤਾਈ ਕਰਨੀ ਪੈਣੀ ਹੈ ਅਤੇ ਲੋਕਾਂ ਨੂੰ ਵੀ ਇਹ ਮੁਹਿੰਮ ਬਣਾਉਣੀ ਪੈਣੀ ਹੈ ਕਿਉਂਕਿ ਭ੍ਰਿਸ਼ਟਾਚਾਰ ਕਿਸੇ ਦਾ ਹੱਕ ਤਾਂ ਮਾਰਦਾ ਹੀ ਹੈ। ਸਰ, ਪੈਸੇ ਦੇ ਕੇ ਜੇ ਕੋਈ ਗਲਤ ਕੰਮ ਕਰਵਾਉਗੇ ਤਾਂ ਤੁਸੀਂ ਕਿਸੇ ਦੀ ਲਾਈਨ ਤਾਂ ਤੋੜੋਂਗੇ ਹੀ। ਸੋ, ਲਾਈਨ ਤੋੜਨਾ ਗਲਤ ਹੈ। ਲਾਈਨ ਵਿੱਚ ਲੱਗੋ। ਲਾਈਨ ਮੁਤਾਬਕ ਤੁਹਾਡੀ ਵਾਰੀ ਆਵੇ।

ਸਰ, ਮੁੱਖ ਮੰਤਰੀ ਤੀਰਥ ਯੋਜਨਾ ਚੱਲ ਰਹੀ ਹੈ ਜਿਸ ਤਹਿਤ ਅਸੀਂ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਨੂੰ ਲੈ ਕੇ ਜਾਂਦੇ ਹਾਂ। ਮੈਂ ਧੂਰੀ ਹਲਕੇ ਦੇ ਪਿੰਡਾਂ ਵਿੱਚ 2-3 ਬੱਸਾਂ ਨੂੰ ਹਰੀ ਝੰਡੇ ਦੇ ਕੇ ਆਇਆ ਹਾਂ। ਮੈਂ ਉਥੇ ਬਜ਼ੁਰਗਾਂ ਨੂੰ ਪੁੱਛਿਆ ਕਿ ਤੁਹਾਡੀ ਕਿੰਨੀ ਉਮਰ ਹੋ ਗਈ ਹੈ। ਉਹ ਕਹਿੰਦੇ ਕਿ ਬੇਟਾ 75 ਸਾਲ ਉਮਰ ਹੋ ਗਈ ਹੈ। ਮੈਂ ਫਿਰ ਪੁੱਛਿਆ ਕਿ ਤੁਸੀਂ ਕਿੰਨਵੀਂ ਵਾਰ ਜਾ ਰਹੇ ਹੋ? ਉਸ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਪਹਿਲੀ ਵਾਰ ਜਾ ਰਿਹਾ ਹਾਂ। ਉਨ੍ਹਾਂ ਦੀ ਅੱਖਾਂ ਵਿੱਚ ਬੜਾ ਵੈਰਾਗ ਸੀ ਮਤਲਬ ਕਿ ਉਨ੍ਹਾਂ ਦੀਆਂ ਅੱਖਾਂ ਨਮ ਸੀ, ਕਹਿ ਰਹੇ ਸੀ ਕਿ ਜਿਉਂਦੇ ਰਹੋ ਜਿਨ੍ਹਾਂ ਨੇ ਇਹ ਸਕੀਮ ਚਲਾ ਦਿੱਤੀ ਹੈ ਅਤੇ ਅਸੀਂ ਤਖ਼ਤ ਸਾਹਿਬਾਨਾਂ ਦੇ ਦਰਸ਼ਨ ਕਰ ਲਵਾਂਗੇ। ਸਰ, ਅਸੀਂ ਇਸ ਸਕੀਮ ਨੂੰ ਆਉਣ ਵਾਲੇ ਦਿਨਾਂ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਨਾਂਦੇੜ ਸਾਹਿਬ, ਜਿਹੜੇ ਪੰਜਾਬ ਤੋਂ ਬਾਹਰ ਦੋ ਤਖ਼ਤ ਹਨ, ਉਥੇ ਜਾਣ ਲਈ ਟਰੇਨ ਰਾਹੀਂ ਯਾਤਰਾ ਕਰਨ ਦੇ ਪ੍ਰਬੰਧ ਕਰਨ ਬਾਰੇ ਸੋਚ ਰਹੇ ਹਾਂ ਤਾਂ ਕਿ

ਜਿਹੜੀ ਸਾਡੀ ਸ਼ਰਧਾ ਹੈ, ਆਸਥਾ ਹੈ ਕਿ ਪੰਜਾਂ ਤਖ਼ਤਾਂ ਦੇ ਦਰਸ਼ਨ ਅਸੀਂ ਕਰ ਲਈਏ ਤਾਂ ਸਾਡਾ ਜਿਊਣਾ ਸਫ਼ਲ ਮੰਨਿਆ ਜਾਂਦਾ ਹੈ, ਇਹ ਗੱਲ ਸਾਡੇ ਗ੍ਰੰਥਾਂ ਵਿੱਚ ਲਿਖੀ ਹੋਈ ਹੈ।

ਹੜ੍ਹ ਪੀੜ੍ਹਤਾਂ ਦੀ ਮਦਦ ਵਾਸਤੇ ਅਸੀਂ ਫ਼ਸਲਾਂ ਦਾ, ਘਰਾਂ ਦਾ ਅਤੇ ਪਸ਼ੂ ਧਨ ਦਾ ਮੁਆਵਜ਼ਾ ਦਿੱਤਾ ਹੈ। ਅਸੀਂ ਜਿਸ ਦਾ ਖੇਤ ਉਸ ਦੀ ਰੇਤ ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਤੋਂ ਲੋਕ ਬੜਾ ਫਾਇਦਾ ਲੈ ਰਹੇ ਹਨ। ਸਾਨੂੰ ਮਾਣਯੋਗ ਹਾਈ ਕੋਰਟ ਨੇ ਵੀ ਡੀ-ਸਿਲਟਿੰਗ ਦੀ ਪਰਮਿਸ਼ਨ ਦੇ ਰੱਖੀ ਹੈ। ਅਗਲੀ ਵਾਰ ਅਜਿਹੇ ਹੜ੍ਹ ਨਾ ਆਉਣ, ਉਸ ਵਾਸਤੇ ਅਸੀਂ ਹੁਣੇ ਤੋਂ ਹੀ ਕਮਰਕੱਸੇ ਪੂਰੇ ਕਰ ਲਏ ਹਨ, ਕਿਉਂਕਿ ਸਾਨੂੰ ਹੁਣ ਨਹਿਰਾਂ ਦੇ ਕਿਨਾਰਿਆਂ ਨੂੰ ਪੱਕੇ ਕਰਨ ਲਈ ਥੋੜ੍ਹਾ ਜਿਹਾ ਟਾਈਮ ਮਿਲ ਜਾਵੇਗਾ, ਕਿਉਂਕਿ ਹੁਣ ਫ਼ਸਲ ਵੱਢੀ ਜਾਵੇਗੀ ਤਾਂ ਦੋ ਕੁ ਮਹੀਨੇ ਦਾ ਗੈਪ ਵਿੱਚ ਮਿਲ ਜਾਂਦਾ ਹੈ, ਅਪ੍ਰੈਲ ਤੋਂ ਮਈ-ਜੂਨ ਤੱਕ ਦਾ, ਜੂਨ ਮਹੀਨੇ ਵਿੱਚ ਝੋਨਾ ਲੱਗੇਗਾ, ਉਸ ਤੋਂ ਪਹਿਲਾਂ ਪਹਿਲਾਂ ਅਸੀਂ ਸਾਰੇ ਬੰਨ ਸਹੀ ਕਰਨ ਦੇ ਪ੍ਰਬੰਧ ਕਰਨੇ ਹਨ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ, ਅੱਜ ਉਹ ਆਏ ਨਹੀਂ, ਹੁਣ ਬੈਠੇ ਨਹੀਂ ਹਨ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਵਾਸਤੇ ਪ੍ਰਬੰਧ ਪੂਰਾ ਕਰ ਲਿਆ ਜਾਵੇ। ਉਸ ਵਾਸਤੇ ਅਸੀਂ ਬਜਟ ਰੱਖ ਲਿਆ ਹੈ। ਹੜ੍ਹ ਪੀੜ੍ਹਤਾਂ ਵਾਸਤੇ 33 ਕਰੋੜ 96 ਲੱਖ ਰੁਪਏ ਦਾ 84890 ਕੁਇੰਟਲ ਕਣਕ ਦਾ ਬੀਜ ਮੁਫ਼ਤ ਵੰਡਿਆ ਹੈ ਜੀ ਕਿਉਂਕਿ ਹੜ੍ਹ ਸਾਰੇ ਖੇਤ ਹੀ ਰੋੜ੍ਹ ਗਿਆ, ਦਰਿਆ ਖੇਤ ਹੀ ਰੋੜ੍ਹ ਕੇ ਲੈ ਗਿਆ ਸੀ।

ਇਜ਼ੀ ਰਜਿਸਟਰੀ ਸਕੀਮ ਤਹਿਤ ਪ੍ਰਬੰਧ ਕੀਤਾ ਹੈ ਕਿ ਤੁਸੀਂ ਕੰਪਿਊਟਰ ਤੇ ਹੀ ਰਜਿਸਟਰ ਵਾਸਤੇ ਟਾਈਮ ਲੈ ਲਵੋ, ਵਟਸਐਪ ਦੇ ਉੱਤੇ ਤੁਹਾਨੂੰ ਮੈਸੇਜ ਆ ਜਾਂਦਾ ਹੈ, ਮੰਨ ਲਵੋ ਜੇ ਤੁਹਾਡਾ ਟਾਈਮ 2.00 ਤੋਂ 2.15 ਵਜੇ ਤੱਕ ਦਾ ਹੈ, ਜੇਕਰ ਤੁਸੀਂ 2.00 ਤੋਂ 2.15 ਵਜੇ ਦੇ ਵਿਚਕਾਰ ਜਾਵੋਗੇ ਤਾਂ ਤੁਹਾਡੀ ਰਜਿਸਟਰੀ ਦੇ ਕੰਮ-ਕਾਰ ਲਈ ਸਿਰਫ 20 ਮਿੰਟ ਲੱਗਣਗੇ। ਇੰਨੇ ਸਮੇਂ ਦੇ ਵਿੱਚ ਵਿੱਚ ਤੁਸੀਂ ਬਿਲਡਿੰਗ ਤੋਂ ਬਾਹਰ ਆ ਜਾਵੋਗੇ, ਪਹਿਲਾਂ ਸਾਰਾ ਦਿਨ ਰਜਿਸਟਰੀ ਵਾਸਤੇ ਲੋਕ ਬੈਠੇ ਰਹਿੰਦੇ ਸੀ ਅਤੇ ਬਾਅਦ ਵਿੱਚ ਸ਼ਾਮ ਨੂੰ ਕਹਿ ਦਿੱਤਾ ਜਾਂਦਾ ਸੀ ਕਿ ਅੱਜ ਤਾਂ ਤਹਿਸੀਲਦਾਰ ਸਾਹਿਬ ਆਏ ਨਹੀਂ ਹਨ, ਤੁਸੀਂ ਅਗਲੇ ਬੁੱਧਵਾਰ ਜਾਂ ਵੀਰਵਾਰ ਨੂੰ ਆ ਜਾਇਓ। ਸਰ, ਪ੍ਰੰਤੂ ਉਹ ਬੁੱਧਵਾਰ ਅਤੇ ਵੀਰਵਾਰ ਦੁਬਾਰਾ ਆਉਂਦੇ ਹੀ ਨਹੀਂ ਸਨ।

ਸਰ, ਹੁਣ 881 ਆਮ ਆਦਮੀ ਕਲੀਨਿਕ ਹੋ ਗਏ ਹਨ ਜੀ। ਮੈਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਉਨ੍ਹਾਂ ਦੇ ਵਿੱਚ ਲਗਭੱਗ 5 ਕਰੋੜ ਦੀ ਓ.ਪੀ.ਡੀ. ਹੋ ਗਈ ਹੈ ਜੀ। ਸਾਡੀ ਆਬਾਦੀ ਲਗਭੱਗ 3 ਕਰੋੜ ਹੈ ਪ੍ਰੰਤੂ ਕਈ ਬੰਦੇ 2-2, 3-3 ਵਾਰ ਵੀ ਚਲੇ ਗਏ ਹੋਣਗੇ। ਹੋ ਸਕਦਾ ਹੈ ਕਿ ਇੱਕ ਕਰੋੜ ਬੰਦਾ ਨਾ ਵੀ ਗਿਆ ਹੋਵੇ, ਜੇ 2 ਕਰੋੜ ਮੰਨ ਲਈਏ, 2 ਕਰੋੜ ਦੀ ਸਮਝ ਲਵੋ ਕਿ 2-2, 3-3 ਵਿਜ਼ਿਟਸ ਉਥੇ ਹੋ ਗਈਆਂ ਹਨ। ਉਥੇ 5 ਕਰੋੜ ਦੀ ਓ.ਪੀ.ਡੀ. ਆਮ ਆਦਮੀ ਕਲੀਨਿਕਾਂ ਵਿੱਚ ਹੋ ਗਈ ਹੈ।

ਬਾਕੀ ਮੈਂ ਸਾਡੇ ਸਾਰੇ ਮਨਿਸਟਰ ਸਾਹਿਬਾਨਾਂ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਜਿਹੜੇ ਜਿਹੜੇ ਵੀ ਡਿਪਾਰਟਮੈਂਟ ਮਿਲੇ ਹਨ, ਉਨ੍ਹਾਂ ਦੀ ਰਿਪੋਰਟ ਮੇਰੇ ਕੋਲ ਆਉਂਦੀ ਰਹਿੰਦੀ ਹੈ, ਫਾਈਲਾਂ ਵੀ ਆਉਂਦੀਆਂ ਰਹਿੰਦੀਆਂ ਹਨ, ਸਾਡੀ ਗੱਡੀ ਲੀਹ ਉੱਤੇ ਚੜ੍ਹ ਗਈ ਹੈ। ਹੁਣ ਤਾਂ ਬੱਸ ਸਪੀਡ ਹੀ ਵਧਾਉਣੀ ਹੈ।

ਬਾਕੀ ਮੈਂ ਜੇ ਨਹਿਰੀ ਪਾਣੀ ਦੀ ਗੱਲ ਕਰਾਂ ਤਾਂ ਜਿਹੜੀ ਫਿਰੋਜ਼ਪੁਰ ਫੀਡਰ ਹੈ, ਉਸ ਦਾ ਨਵੀਨੀਕਰਨ ਕਰ ਦਿੱਤਾ ਹੈ ਜੀ। ਨਹਿਰ ਦੀ ਕੈਪੇਸਿਟੀ ਵਧਾ ਕੇ ਹਰ 10 ਮੀਟਰ ਬਾਅਦ ਰੀਚਾਰਜਿੰਗ ਪੁਆਇੰਟ ਵੀ ਰੱਖਿਆ ਹੈ ਜੀ ਤਾਂ ਕਿ ਧਰਤੀ ਵਿੱਚ ਵੀ ਪਾਣੀ ਰੀਚਾਰਜ ਹੋਵੇ। ਮਮਦੋਟ ਦਾ ਇਲਾਕਾ, ਜਲਾਲਾਬਾਦ ਦਾ ਜਿਹੜਾ ਪਰਲਾ ਪਾਸਾ ਹੈ ਜੀ, ਉਸ ਨੂੰ ਇਸ ਸਕੀਮ ਤੋਂ ਬੜਾ ਫਾਇਦਾ ਹੋਣਾ ਹੈ। ਜਿਹੜੀ ਮਾਲਵਾ ਨਹਿਰ ਹੈ, ਉਸ ਦੀ ਸਾਰੀ ਗਿਣਤੀ ਮਿਣਤੀ ਚੱਲ ਰਹੀ ਹੈ। ਉਸ ਨਾਲ ਵੀ ਬੜਾ ਵੱਡਾ ਫਾਇਦਾ ਹੋਣਾ ਹੈ ਜੀ।

ਮੈਡੀਕਲ ਕਾਲਜਾਂ ਦੀ ਗੱਲ ਇੱਥੇ ਚਲਦੀ ਹੈ, ਮਾਲੇਰਕੋਟਲਾ, ਸੰਗਰੂਰ ਅਤੇ ਜਿਹੜਾ ਲਹਿਰੇਗਾਗੇ ਵਾਲਾ ਹੈ, ਉਹ ਸਾਡੇ ਤੋਂ ਜੈਨ ਕਮਿਊਨਿਟੀ ਨੇ ਮੰਗਿਆ ਹੈ। ਉਹ ਉਨ੍ਹਾਂ ਨੇ ਆਪ ਹੀ ਬਣਾਉਣਾ ਹੈ, ਆਪਾਂ ਉਨ੍ਹਾਂ ਨੂੰ ਬਿਲਡਿੰਗ ਦੇ ਦਿੱਤੀ ਹੈ, ਅਸੀਂ ਉਸ ਵਿੱਚ ਸਰਕਾਰ ਦਾ ਕੋਟਾ ਰੱਖ ਲਿਆ ਹੈ ਕਿ ਇੰਨੇ ਐਮ.ਬੀ.ਬੀ.ਐੱਸ. ਦੇ ਬੱਚਿਆਂ ਲਈ ਤੁਸੀਂ ਸਾਨੂੰ ਕੋਟਾ ਦਿਉਗੇ। ਲਹਿਰਾਗਾਗਾ, ਸੰਗਰੂਰ, ਮਾਲੇਰਕੋਟਲਾ, ਹੁਸ਼ਿਆਰਪੁਰ ਅਤੇ ਕਪੂਰਥਲੇ ਦਾ ਕੰਮ ਚੱਲ ਰਿਹਾ ਹੈ ਜੀ।

ਮੈਂ ਤੁਹਾਨੂੰ ਇਹੀ ਦੱਸਣਾ ਚਾਹੁੰਦਾ ਹਾਂ ਕਿ ਹੁਣ ਪੰਜਾਬ ਤਰੱਕੀ ਦੇ ਰਾਹ ਉੱਤੇ ਹੈ। ਹੁਣ ਤਾਂ ਸੱਚੀਆਂ ਨੀਤਾਂ ਨਾਲ ਲੱਗੇ ਹੋਏ ਹਾਂ। ਹੁਣ ਰੰਗਲੇ ਪੰਜਾਬ ਦੇ ਰੰਗ ਉਘੜਨੇ ਸ਼ੁਰੂ ਹੋ ਗਏ ਹਨ। ਰੰਗਲੇ ਪੰਜਾਬ ਦੇ ਰੰਗ ਦਿਖਣ ਲੱਗ ਗਏ ਹਨ। ਮੈਂ ਇਹੀ ਗੱਲ ਕਹਾਂਗਾ ਕਿ ਜਿਹੜੇ ਸਾਡੇ ਤੋਂ ਪਹਿਲਾਂ ਵਾਲੇ ਸੀ, ਪੰਜਾਬ ਨੇ ਉਨ੍ਹਾਂ ਤੋਂ ਵੀ ਬਹੁਤ ਉਮੀਦਾਂ ਕੀਤੀਆਂ ਸੀ ਪਰ ਉਹ ਪੰਜਾਬ ਦੀਆਂ ਉਮੀਦਾਂ ਉੱਤੇ ਖਰੇ ਨਹੀਂ ਉੱਤਰੇ। ਸ਼ੇਅਰ ਹੈ ਕਿ

**1320/harpreet singh**

दिल की बस्ती में तो कई दीप जलाए हमने
न जाने कितने नक्श फिज़ाओं में बनाए हमने
एक अपने हाथों की लकीरों को न बदल पाए हम
मग़र न जाने कितने खुशनसीबों से हाथ मिलाए हमने

ਇਹ ਖੁਸ਼ਨਸੀਬ ਰਹਿ ਗਏ ਪਰ ਪੰਜਾਬ ਦੀ ਕਿਸਮਤ ਨਹੀਂ ਬਦਲ ਪਾਏ। ਸੋ, ਆਪਾਂ ਪੰਜਾਬ ਦੀ ਤਕਦੀਰ ਬਦਲਣੀ ਹੈ। ਪੰਜਾਬ ਨੂੰ ਨੰਬਰ ਇਕ ਸੂਬਾ ਬਣਾਉਣਾ ਹੈ। ਜੇਕਰ ਪੰਜਾਬ ਨੰਬਰ ਇੱਕ ਸੂਬਾ ਬਣੇਗਾ ਤਾਂ ਹੀ ਦੇਸ਼ ਵਿਸ਼ਵ ਗੁਰੂ ਜਾਂ ਨੰਬਰ ਇਕ ਦੀ ਲਾਈਨ ਵਿਚ ਲੱਗੇਗਾ। ਸੋ, ਪੰਜਾਬ ਜਿਊਂਦਾ ਵਸਦਾ ਰਹੇ, ਹਰ ਦਿਲ ਦੀ ਧੜਕਣ ਵਿਚ ਪੰਜਾਬ ਵਸਦਾ ਰਹੇ, ਹੱਸਦਾ ਰਹੇ, ਗਿੱਧੇ ਭੰਗੜੇ ਪੈਂਦੇ ਰਹਿਣ, ਲੋਕ ਖੁਸ਼ ਰਹਿਣ ਤੇ ਤਰੱਕੀਆਂ ਕਰਨ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ**: ਮਾਣਯੋਗ ਮੁੱਖ ਮੰਤਰੀ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਹੁਣ ਮੈਂ, ਪ੍ਰੋਫੈਸਰ ਬਲਜਿੰਦਰ ਕੌਰ ਜੀ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

**ਮਾਣਯੋਗਸਪੀਕਰ :** ਪ੍ਰਸ਼ਨ ਹੈ -

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇ: -

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 06 ਮਾਰਚ, 2026 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

**ਮੁੱਖ ਮੰਤਰੀ (ਬੈਠੇ ਬੈਠੇ):** ਨਾਂਹ ਕਹਿਣ ਵਾਲੇ ਤਾਂ ਚਲੇ ਗਏ ਜੀ।

**ਮਾਣਯੋਗ ਸਪੀਕਰ:** ਨਾਂਹ ਵਾਲਾ ਤਾਂ ਕੋਈ ਨਹੀਂ?

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਬੈਠੇ ਬੈਠੇ):** ਨਾਂਹ ਹੀ ਹੈ ਜੀ।

**ਮੁੱਖ ਮੰਤਰੀ (ਬੈਠੇ ਬੈਠੇ):** ਕਰੋ ਫਿਰ ਹੱਥ ਖੜ੍ਹਾ (ਹਾਸਾ) ਇਨ੍ਹਾਂ ਦੀ ਨਾਂਹ ਵਿਚ ਵੀ ਹਾਂ ਹੀ ਸਮਝੋ ਜੀ।

**ਮਾਣਯੋਗ ਸਪੀਕਰ:** ਮੈਂ ਦੁਬਾਰਾ ਫਿਰ ਪੁੱਛਦਾ ਹਾਂ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਬੈਠੇ ਬੈਠੇ):** ਨਾਂਹ ਜੀ।

***ਪ੍ਰਸਤਾਵ ਪ੍ਰਵਾਨ ਹੋਇਆ।***

------

**SHORT ADJOURNEMENT OF THE HOUSE**

**ਮਾਣਯੋਗ ਸਪੀਕਰ:** ਸਦਨ ਦੀ ਕਾਰਵਾਈ 02:30 ਵਜੇ ਬਾਅਦ ਦੁਪਹਿਰ ਤੱਕ ਉਠਾਈ ਜਾਂਦੀ ਹੈ। ਹੁਣ ਅਸੀਂ 02:30 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਵਾਂਗੇ।

*01.22 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਦੀ ਕਾਰਵਾਈ 02.30 ਬਾਅਦ ਦੁਪਹਿਰ ਤੱਕ ਸਥਗਿਤ ਹੋ ਗਈ।)

*02.30 ਵਜੇ ਬਾਅਦ ਦੁਪਹਿਰ (* ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

**1320/harpreet singh/BS khokhar**

**1430/amandeep kaur**

**ਮਾਣਯੋਗ ਸਪੀਕਰ:** ਵਾਹਿਗੁਰੂ।।

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਸ਼ਾਮ 5.30 ਵਜੇ ਤੱਕ ਵਧਾ ਦਿੱਤਾ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ:** ਅੱਜ ਸਦਨ ਦਾ ਸਮਾਂ 5.30 ਤੱਕ ਵਧਾਇਆ ਜਾਂਦਾ ਹੈ।

----

**ਮਾਣਯੋਗ ਸਪੀਕਰ:** ਹੁਣ ਅਸੀਂ ਸਾਲ 2026-27 ਲਈ ਬਜਟ ਅਨੁਮਾਨਾਂ ਤੇ ਬਹਿਸ ਕਰਾਂਗੇ। ਟੋਟਲ ਸਮਾਂ 3 ਘੰਟੇ ਹੈ। ਆਮ ਆਦਮੀ ਪਾਰਟੀ ਦੇ 94 ਮੈਂਬਰ ਹਨ ਤਾਂ ਉਨ੍ਹਾਂ ਨੂੰ ਸਮਾਂ 2 ਘੰਟੇ ਤੇ 23 ਮਿੰਟ ਅਲਾਟ ਕੀਤਾ ਗਿਆ ਹੈ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 16 ਮੈਂਬਰ ਹਨ, ਉਨ੍ਹਾਂ ਨੂੰ ਸਮਾਂ 25 ਮਿੰਟ ਅਲਾਟ ਕੀਤਾ ਗਿਆ, ਸ਼੍ਰੋਮਣੀ ਅਕਾਲੀ ਦਲ ਦੇ 3 ਮੈਂਬਰ ਹਨ, ਉਨ੍ਹਾਂ ਨੂੰ 5 ਮਿੰਟ ਦਾ ਸਮਾਂ ਅਲਾਟ ਕੀਤਾ ਗਿਆ ਹੈ, ਭਾਰਤੀ ਜਨਤਾ ਪਾਰਟੀ ਦੇ 2 ਮੈਂਬਰ ਹਨ, ਉਨ੍ਹਾਂ ਨੂੰ 3 ਮਿੰਟ ਅਲਾਟ ਕੀਤੇ ਗਏ ਹਨ, ਬਹੁਜਨ ਸਮਾਜ ਪਾਰਟੀ ਦਾ ਇੱਕ ਮੈਂਬਰ ਹੈ, ਉਨ੍ਹਾਂ ਨੂੰ 2 ਮਿੰਟ ਅਲਾਟ ਕੀਤੇ ਗਏ ਹਨ, ਇੰਡੀਪੈਂਡੈਂਟ ਇੱਕ ਮੈਂਬਰ ਹੈ, 2 ਮਿੰਟ ਅਲਾਟ ਕੀਤੇ ਗਏ ਹਨ।

## GENERAL DISCUSSION ON BUDGET ESTIMATES FOR THE YEAR 2026-27

**ਮਾਣਯੋਗ ਸਪੀਕਰ:** ਡਾਕਟਰ ਬਲਜੀਤ ਕੌਰ ਜੀ।

**ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ):** ਮਾਣਯੋਗ ਸਪੀਕਰ ਸਾਹਿਬ, ਮੈਂ ਅੱਜ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਵਿਸ਼ੇਸ਼ ਤੌਰ ਤੇ ਜੋ ਬਜਟ ਸੈਸ਼ਨ ਰੱਖਿਆ ਗਿਆ ਹੈ ਔਰ ਉਸ ਦੇ ਵਿੱਚ ਪੰਜਾਬ ਦੀਆਂ ਮਹਿਲਾਵਾਂ ਦੇ ਲਈ ਵਿਲੱਖਣ ਤੇ ਮਹੱਤਵਪੂਰਨ ਜੋ ਫੈਸਲੇ ਲਏ ਗਏ ਹਨ, ਉਨ੍ਹਾਂ ਦੇ ਹੱਕ ਵਿੱਚ ਖੜ੍ਹੀ ਹੋਈ ਹਾਂ। ਪੰਜਾਬ ਇਹੋ ਜਿਹੇ ਲੋਕਾਂ ਦੀ ਧਰਤੀ ਹੈ ਜਿਨ੍ਹਾਂ ਦਾ ਜੀਵਨ ਸਦਾ ਹੀ ਅਸਥਿਰ ਰਿਹਾ ਹੈ। ਪਿੱਛੋਂ ਜੇਕਰ ਸ਼ੁਰੂ ਕਰ ਲਈਏ ਮੁਹੰਮਦ ਗੌਰੀ, ਮੁਹੰਮਦ ਗਜ਼ਨਵੀ, ਅਹਿਮਦ ਸ਼ਾਹ ਅਬਦਾਲੀ ਵਰਗੇ ਇੱਥੇ ਆਉਂਦੇ ਰਹੇ ਤੇ ਲੁੱਟਾਂ ਖੋਹਾਂ ਕਰਦੇ ਰਹੇ, ਉਸ ਤੋਂ ਬਾਅਦ 1947 ਭਾਰਤ ਦੀ ਆਜ਼ਾਦੀ ਦੇ ਨਾਂ ਤੇ ਪੰਜਾਬ ਦੀ ਵੰਡ ਤੇ ਫਿਰ ਅਤਿਵਾਦ ਦਾ ਦੌਰ, ਨਸ਼ਿਆਂ ਦਾ ਦੌਰ ਆਇਆ। ਦੌਰ ਚਾਹੇ ਜਿਹੜਾ ਮਰਜ਼ੀ ਰਿਹਾ ਹੋਵੇ, ਇਸ ਦੇ ਵਿੱਚ ਸਭ ਤੋਂ ਵੱਧ ਸਹਿਣ ਵਾਲਾ ਵਰਗ ਤੇ ਸਭ ਤੋਂ ਵੱਧ ਜਿੰਨਾਂ ਤੇ ਅਤਿਆਚਾਰ ਹੋਇਆ ਉਹ ਵਰਗ ਸੀ ਔਰਤਾਂ ਦਾ

ਵਰਗ। ਪਰ ਇਸ ਦੇ ਬਾਰੇ ਕਿਸੇ ਕਿਤਾਬ ਵਿੱਚ ਤੁਹਾਨੂੰ ਲਿਖਿਆ ਨਹੀਂ ਮਿਲੇਗਾ। ਜੇ ਮੈਂ 1947 ਦੀ ਹੀ ਗੱਲ ਕਰ ਲਵਾਂ ਤਾਂ ਉਸ ਸਮੇਂ ਲੱਖਾਂ ਬਲਾਤਕਾਰ ਹੋਏ, ਲੱਖਾਂ ਦੀ ਗਿਣਤੀ ਵਿੱਚ ਧੀਆਂ ਜਿਨ੍ਹਾਂ ਨੂੰ ਹੱਥੀਂ ਮਾਪਿਆਂ ਵੱਲੋਂ ਮਾਰਿਆ ਗਿਆ, ਨਹਿਰਾਂ ਵਿੱਚ ਸੁੱਟ ਦਿੱਤੀਆਂ ਗਈਆਂ, ਧਰਤੀ ਖੂਨੋਂ-ਖੂਨ ਹੋ ਗਈ, ਦਰਿਆਵਾਂ ਦੇ ਰੰਗ ਲਾਲ ਹੋ ਗਏ। ਪਰ ਕਿਸੇ ਇਤਿਹਾਸਕਾਰ ਨੇ ਭਾਰਤ ਦੀ ਆਜ਼ਾਦੀ ਦੇ ਵਿੱਚ ਇਹ ਗੱਲਾਂ ਲਿਖੀਆਂ ਨਹੀਂ ਹੋਣੀਆਂ। ਜੇ ਲਿਖੀਆਂ ਤਾਂ ਪੰਜਾਬ ਦੀ ਧੀ ਅੰਮ੍ਰਿਤਾ ਪ੍ਰੀਤਮ ਨੇ ਜ਼ਰੂਰ ਲਿਖਿਆ ਸੀ ਕਿ-

"ਇੱਕ ਰੋਈ ਸੀ ਧੀ ਪੰਜਾਬ ਦੀ,
ਤੂ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਸ ਸ਼ਾਹ ਨੂੰ ਕਹਿਣ।

**1435/Tarlochan Singh**

ਔਰਤ ਚਾਹੇ ਘਰੋਂ ਬਾਹਰ ਚਾਹੇ ਘਰ ਦੇ ਅੰਦਰ ਵਿਚਰਦੀ ਰਹੀ ਹੈ ਪਰ ਉਸ ਨੇ ਆਪਣੇ ਆਪ ਨੂੰ ਸਦਾ ਹੀ ਸਮਰਪਣ ਦੀ ਮੂਰਤੀ ਬਣਾ ਲਿਆ ਹੈ। ਉਸ ਉਪਰ ਇਹੋ ਜਿਹੇ ਕਾਨੂੰਨ, ਇਹੋ ਜਿਹੇ ਰੀਤੀ ਰਿਵਾਜ਼ ਥੋਪੇ ਗਏ ਕਿ ਉਸ ਨੇ ਗੁਲਾਮੀ ਦੀ ਅਵਸਥਾ ਨੂੰ ਕਬੂਲ ਹੀ ਕਰ ਲਿਆ। ਚਾਹੇ ਘਰੋਂ ਬਾਹਰ ਚਾਹੇ ਘਰ ਦੇ ਅੰਦਰ ਜੇਕਰ ਕਿਸੇ ਨੂੰ ਸਭ ਤੋਂ ਵੱਧ ਅੰਡਰ ਐਸਟੀਮੇਟ ਕੀਤਾ ਗਿਆ ਤਾਂ ਔਰਤ ਉਨ੍ਹਾਂ ਵਿੱਚੋਂ ਹੀ ਸੀ। ਮਾਣਯੋਗ ਸਪੀਕਰ ਸਾਹਿਬ, ਕਹਿੰਦੇ ਹਨ ਕਿ ਜੇ ਕਿਸੇ ਸਟੇਟ ਦੇ ਸੱਭਿਆਚਾਰ ਨੂੰ, ਵਿਰਸੇ ਨੂੰ ਸਮਝਣਾ ਹੋਵੇ ਤਾਂ ਉਥੋਂ ਦੇ ਲੋਕ ਗੀਤ ਸੁਣਨੇ ਚਾਹੀਦੇ ਹਨ। ਪੰਜਾਬ ਦੇ ਲੋਕ ਗੀਤ ਵਿੱਚ ਕੀ ਹੈ ਅਤੇ ਪੰਜਾਬ ਦੀਆਂ ਧੀਆਂ ਨੇ ਕੀ ਲਿਖਿਆ ਹੈ, ਪੰਜਾਬ ਦੀਆਂ ਧੀਆਂ ਨੇ ਕਿਹੋ ਜਿਹੇ ਗੀਤ ਗਾਏ ਹਨ। ਸੁਰਿੰਦਰ ਕੌਰ ਨੂੰ ਪੰਜਾਬ ਦੀ ਕੋਇਲ ਕਿਹਾ ਜਾਂਦਾ ਸੀ। ਉਸ ਦਾ ਇੱਕ ਗੀਤ ਰੇਡੀਉ ਤੇ ਬਹੁਤ ਜ਼ਿਆਦਾ ਵੱਜਦਾ ਰਿਹਾ ਹੈ, ਅੱਜਕੱਲ੍ਹ ਵੀ ਵੱਜਦਾ ਹੈ।

ਮਾਵਾਂ ਧੀਆਂ ਰਲ ਬੈਠੀਆਂ ਨੀ ਮਾਏ, ਕੋਈ ਕਰਦੀਆਂ ਗੱਲੜੀਆਂ

ਉਸ ਗੀਤ ਵਿੱਚ ਇਹੋ ਜਿਹੇ ਸ਼ਬਦ ਵੀ ਆਉਂਦੇ ਹਨ

ਜਿੰਦ ਨਿਮਾਣੀ ਹਾਏ ਹਉਕੇ ਭਰਦੀ, ਤੇਰੇ ਬਿਨਾ ਮੇਰਾ ਕੋਈ ਨਾ ਦਰਦੀ
ਕਣਕਾਂ ਨਿੱਸਰੀਆਂ, ਧੀਆਂ ਕਿਉਂ ਵਿੱਛੜੀਆਂ ਨੀ ਮਾਏ

ਸੋ, ਗੀਤ ਆਪ ਮੁਹਾਰੇ ਬੋਲਦੇ ਹਨ ਕਿ ਧੀ ਦਾ ਜੇ ਕੋਈ ਆਸਰਾ ਸੀ ਤਾਂ ਉਸ ਦੀ ਮਾਂ ਸੀ। ਮਾਂ ਤੋਂ ਬਿਨਾ ਧੀ ਦੇ ਦੁੱਖ ਦਰਦ ਨੂੰ ਕੋਈ ਨਹੀਂ ਸਮਝ ਸਕਦਾ ਕਿਉਂਕਿ ਉਹ ਜੋ ਹੰਢਾ ਰਹੀ ਸੀ, ਉਸ ਦੀ ਮਾਂ ਉਨ੍ਹਾਂ ਅਵਸਥਾਵਾਂ ਵਿੱਚੋਂ ਨਿਕਲ ਕੇ ਆ ਚੁੱਕੀ ਸੀ। ਜੇ ਕੋਈ ਦਰਦੀ ਸੀ ਤਾਂ ਉਹ ਵੀ ਇਸੇ ਗੀਤ ਵਿੱਚ ਲਿਖਿਆ ਹੋਇਆ ਹੈ-

ਮਿੱਟੀ ਦਾ ਬੁੱਤ ਮੈਂ ਬਣਾਉਂਨੀ ਆਂ ਨੀ ਮਾਏ, ਉਹ ਦੇ ਗਲ ਲੱਗ ਰੋ ਨੀ ਲਵਾਂ
ਮਿੱਟੀ ਦਾ ਬੁੱਤ ਨਾ ਬੋਲਦਾ ਨੀ ਮਾਏ, ਮੈਂ ਰੋ ਰੋ ਹਾਲ ਕਹਾਂ
ਕਣਕਾਂ ਲੰਮੀਆਂ, ਧੀਆਂ ਕਿਉਂ ਜੰਮੀਆਂ ਨੀ ਮਾਏ

ਮਾਂ ਤੋਂ ਬਿਨਾ ਜੇ ਕੋਈ ਹੈ ਤਾਂ ਉਹ ਮਿੱਟੀ ਦਾ ਬੁੱਤ ਹੈ ਜੋ ਉਸ ਨੇ ਆਪ ਹੀ ਘੜਿਆ ਹੋਇਆ ਹੈ। ਸੋ, ਮਾਂ ਤੋਂ ਬਿਨਾ ਮਿੱਟੀ ਦਾ ਬੁੱਤ ਕੋਈ ਹੁੰਗਾਰੇ ਨਹੀਂ ਭਰਦਾ, ਕੋਈ ਦਿਲਾਸੇ ਨਹੀਂ ਦਿੰਦਾ ਹੈ। ਸਿਰਫ ਉਸ ਦੇ ਅੱਗੇ ਮੱਥੇ ਰਗੜਦੀ ਸੀ। ਸੋ, ਇਹ ਮਾਵਾਂ ਅਤੇ ਧੀਆਂ ਦੀ ਕਹਾਣੀ ਹੈ ਜੋ ਪੰਜਾਬ ਦੇ ਲੋਕ ਗੀਤਾਂ ਵਿੱਚੋਂ ਉਭਰ ਕੇ ਆ ਰਹੀ ਹੈ। ਜੇ ਧੀ ਵਿਆਹ ਕੇ ਦੂਸਰੇ ਘਰ ਵੀ ਜਾਂਦੀ ਸੀ ਤਾਂ ਸਾਡੇ ਅੱਜ ਵੀ ਰਿਵਾਜ਼ ਹੈ ਕਿ ਔਰਤਾਂ ਗੀਤ ਗਾਉਂਦੀਆਂ ਹਨ ਕਿ-

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ, ਰਵਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ

ਕਿਉਂਕਿ ਜੇ ਬਾਪ ਦੇ ਘਰ ਵਿੱਚ ਰਹਿਣ ਦੀ ਇੱਛਾ ਹੈ ਤਾਂ ਉਹ ਬਾਪ ਦੀ ਗੁਲਾਮ ਬਣ ਕੇ ਰਹਿ ਸਕਦੀ ਹੈ। ਸੋ, ਗੁਲਾਮੀ ਦੀ ਅਵਸਥਾ ਔਰਤਾਂ ਦੀ ਮਨੋਅਵਸਥਾ ਬਣ ਗਈ ਹੈ। ਉਸ ਨੇ ਕਬੂਲ ਕਰ ਲਿਆ ਹੈ ਕਿ ਮੈਂ ਜਿੱਥੇ ਵੀ ਜਾਣਾ ਹੈ ਉਥੇ ਗੁਲਾਮ ਬਣ ਕੇ ਰਹਿ ਸਕਦੀ ਹਾਂ। ਮੈਂ ਸਮਝਦੀ ਹਾਂ ਕਿ ਇਸ ਦਾ ਸਭ ਤੋਂ ਵੱਡਾ ਕਾਰਨ ਆਰਥਿਕ ਨਿਰਭਰਤਾ ਸੀ, ਮੈਂ ਸਿਜਦਾ ਕਰਦੀ ਹਾਂ ਉਨ੍ਹਾਂ ਔਰਤਾਂ ਨੂੰ, ਮੈਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਉਨ੍ਹਾਂ ਔਰਤਾਂ ਨੂੰ ਸਿਜਦਾ ਕਰਦੀ ਹਾਂ ਜਿਨ੍ਹਾਂ ਨੂੰ ਅਸੀਂ ਘਰੇਲੂ ਔਰਤਾਂ ਕਹਿ ਦਿੰਦੇ ਹਾਂ, ਜਿਨ੍ਹਾਂ ਨੇ ਘਰਾਂ ਤੋਂ ਚੋਰੀ ਨਿੱਕੀ ਨਿੱਕੀ ਪੂੰਜੀ ਜੋੜੀ ਹੁੰਦੀ ਹੈ। ਅਸੀਂ ਹੁਣ ਵੀ ਦੇਖਦੇ ਹਾਂ ਕਿ ਕਈਆਂ ਨੇ ਕਮੇਟੀਆਂ ਪਾਉਂਦੀਆਂ ਹੁੰਦੀਆਂ ਹਨ, ਉਹ ਪੈਸੇ ਲੁਕੋ ਲੁਕੋ ਰੱਖਦੀਆਂ ਹਨ, ਘਰ ਬੰਨ੍ਹਦੀਆਂ ਹਨ। ਆਪਣੀਆਂ ਸੱਧਰਾਂ ਆਪਣੇ ਅਰਮਾਨ ਘਰਾਂ ਦੀਆਂ ਨੀਹਾਂ ਵਿੱਚ ਹੀ ਦਫਨ ਕਰ ਦਿੰਦੀਆਂ ਹਨ। ਇਹ ਉਹ ਔਰਤਾਂ ਹਨ ਜਿਨ੍ਹਾਂ ਦੀ ਸਾਰੀ ਉਮਰ ਉਨ੍ਹਾਂ ਦੇ ਘਰਾਂ ਦੇ ਬਾਹਰ ਉਨ੍ਹਾਂ ਦੇ ਨਾਂ ਦੀ ਇੱਕ ਤਖਤੀ ਵੀ ਨਹੀਂ ਲਟਕਾਈ ਜਾਂਦੀ। ਮੈਂ ਸਿਜਦਾ ਕਰਦੀ ਹਾਂ ਉਨ੍ਹਾਂ ਔਰਤਾਂ ਨੂੰ ਜਿਨ੍ਹਾਂ ਨੇ ਆਪ ਅਨਪੜ੍ਹ ਰਹਿ ਕੇ, ਆਰਥਿਕ ਤੰਗੀਆਂ ਸਹਿ ਕੇ ਵੀ ਆਪਣੀਆਂ ਧੀਆਂ ਨੂੰ ਪੜ੍ਹਾਇਆ ਹੈ, ਉਨ੍ਹਾਂ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਹੈ। ਸੋ ਅੰਤਰਰਾਸ਼ਟਰੀ ਮਹਿਲਾ ਦਿਵਸ ਉਨ੍ਹਾਂ ਔਰਤਾਂ ਵਾਸਤੇ ਹੈ। ਇੱਕ ਆਰਥਿਕ ਪੂੰਜੀ ਇੱਕ ਸਤਿਕਾਰ ਦੇ ਰੂਪ ਵਿੱਚ ਉਨ੍ਹਾਂ ਨੂੰ ਦੇਣੀ ਬਣਦੀ ਸੀ, ਉਹ ਖੈਰਾਤ ਦੇ ਰੂਪ ਵਿੱਚ ਮਿਲਦੀ ਰਹੀ ਹੈ। ਮੈਂ ਬਹੁਤ ਧੰਨਵਾਦੀ ਕਰਦੀ ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦਾ, ਵਿੱਤ ਮੰਤਰੀ ਹਰਪਾਲ ਚੀਮਾ ਜੀ ਦਾ ਜਿਨ੍ਹਾਂ ਨੇ ਔਰਤਾਂ ਲਈ ਇਹ ਸਕੀਮ "ਮਾਵਾਂ ਧੀਆਂ ਸਤਿਕਾਰ ਯੋਜਨਾ" ਲਿਆਂਦੀ ਜੋ ਕਿ ਸਿਰਫ ਤੇ ਸਿਰਫ ਇੱਕ ਯੋਜਨਾ ਨਹੀਂ ਹੈ ਸਗੋਂ ਔਰਤਾਂ ਦਾ ਸਮਾਜ ਵਿੱਚ ਔਰਤਾਂ ਦਾ ਜੋ ਬਣਦਾ ਰੁਤਬਾ ਹੈ, ਉਹ ਬਹਾਲ ਕੀਤਾ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਬਦਲਾਅ ਲਿਆਉਣ ਵਿੱਚ ਇੱਕ ਬਹੁਤ ਵੱਡੀ ਪਹਿਲਕਦਮੀ ਹੈ। ਮੈਂ ਫਿਰ ਧੰਨਵਾਦ ਕਰਦੀ ਹਾਂ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ, ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਹਾਂ ਉਨ੍ਹਾਂ ਨੇ ਦਲਿਤ ਔਰਤਾਂ ਲਈ 1500 ਰੁਪਿਆ ਰੱਖਿਆ ਹੈ। ਦਲਿਤ ਔਰਤਾਂ ਉਨ੍ਹਾਂ ਪਰਿਵਾਰਾਂ ਵਿੱਚੋਂ ਹਨ ਜਿਨ੍ਹਾਂ ਦੇ ਘਰਾਂ ਦੇ ਹਾਲਾਤ ਜੇਕਰ ਬਿਆਨ ਕਰ ਦਿੱਤੇ ਜਾਣ ਤਾਂ ਮੈਂ ਜ਼ਰੂਰ ਦੱਸਾਂਗੀ ਕਿ-

ਸਿਖਰ ਦੁਪਹਿਰੇ ਇੱਟਾਂ ਕੁੱਟੇ, ਮਜ਼ਦੂਰਾਂ ਦੀ ਢਾਣੀ

ਕੁੜੀਆਂ ਬੁੜ੍ਹੀਆਂ ਤੇ ਮੁਟਿਆਰਾਂ, ਹੋਈਆਂ ਹਾਣੋ ਹਾਣੀ

ਇਹ ਉਹ ਪਰਿਵਾਰ ਹਨ ਜਿੱਥੇ ਉਮਰ ਦਾ ਵੀ ਕੋਈ ਫਰਕ ਮਹਿਸੂਸ ਨਹੀਂ ਹੁੰਦਾ, ਸਾਰੀ ਉਮਰ ਮਜ਼ਦੂਰੀਆਂ ਕਰਦੇ ਹਨ।

**1435/Tarlochan Singh/Rajneesh kumar**

**1440/mehak**

ਜਵਾਨ ਵੀ ਕਰਦੇ ਹਨ, ਬੱਚੇ ਵੀ ਕਰਦੇ ਹਨ ਔਰ ਬਜ਼ੁਰਗ ਵੀ ਕਰਦੇ ਹਨ। ਇਹ ਉਨ੍ਹਾਂ ਦੇ ਬੱਚਿਆਂ ਦਾ ਹਾਲ ਹੈ-

ਉਨ੍ਹਾਂ ਤੋਂ ਕੁਝ ਦੂਰੀ ਉਤੇ ਵਿਲਕਣ ਬਾਲ ਨਿਆਣੇ
ਕੰਮ ਨਿਬੇੜਨ ਦੀ ਕਾਹਲੀ ਵਿੱਚ ਸੁੱਟੇ ਭੁੱਖਣ ਭਾਣੇ
ਕੂਲੇ ਕੂਲੇ ਅੰਗ ਉਨ੍ਹਾਂ ਦੇ ਕੀਤੇ ਧੁੱਪਾਂ ਕਾਲੇ
ਰਹਿਣ ਸਦਾ ਹੀ ਨੰਗ ਧੜੰਗੇ, ਕੀ ਹਾੜ੍ਹੇ ਕੀ ਸਿਆਲੇ
ਹੱਥ ਕਿਸੇ ਦੇ ਚਿੱਬੀ ਕੌਲੀ ਜਾਂ ਫਿਰ ਬੇਹੀ ਰੋਟੀ
ਬੇਸਬਰੇ ਹੋ ਚੂੰਢਣ ਚੱਭਣ ਬਖਸ਼ਿਸ਼ ਵਰਗੀ ਰੋਟੀ।

ਇਹ ਉਹ ਪਰਿਵਾਰ ਹਨ ਜਿਨ੍ਹਾਂ ਲਈ ਬੇਹੀਆਂ ਰੋਟੀਆਂ ਵੀ ਬਖਸ਼ਿਸ਼ਾਂ ਹਨ। ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ, ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਮੇਰੀ ਰਸੋਈ ਸਕੀਮ ਲਿਆ ਕੇ ਚਾਲੀ ਲੱਖ ਪਰਿਵਾਰਾਂ ਨੂੰ ਜਿਹੜੇ ਕਿ ਬੇਹੀ ਰੋਟੀ ਨੂੰ ਵੀ ਬਖਸ਼ਿਸ਼ ਸਮਝਦੇ ਹਨ, ਉਨ੍ਹਾਂ ਪਰਿਵਾਰਾਂ ਨੂੰ ਰੋਟੀ ਦਿੱਤੀ ਹੈ। ਮੈਂ ਦਿਲੋਂ ਧੰਨਵਾਦ ਕਰਦੀ ਹਾਂ ਕਿ ਇਹ ਇੱਕ ਯਾਦਗਾਰੀ ਬਜਟ ਸੈਸ਼ਨ ਹੋ ਨਿਬੜਿਆ ਹੈ ਜਿਸ ਵਿੱਚ ਮਹਿਲਾਵਾਂ ਦੀ ਗੱਲ ਕੀਤੀ ਗਈ ਹੈ, ਜਿਸ ਵਿੱਚ ਬਜ਼ੁਰਗਾਂ ਦੀ ਗੱਲ ਕੀਤੀ ਗਈ, ਜਿਸ ਵਿੱਚ ਸਾਡੇ ਆਂਗਨਵਾੜੀ ਵਰਕਰਾਂ, ਹੈਲਪਰਾਂ, ਆਸ਼ਾ ਵਰਕਰਾਂ, ਮਿਡ ਡੇਅ ਮੀਲ ਵਰਕਰਾਂ ਦੀ ਗੱਲ ਕੀਤੀ ਗਈ ਹੈ, ਕਿਉਂਕਿ ਇਹ ਲਾਭ ਸਾਰਿਆਂ ਨੂੰ ਦਿੱਤਾ ਜਾਣਾ ਹੈ ਔਰ ਇਸ ਦੇ ਨਾਲ ਹੀ ਸਾਡੇ ਮਜ਼ਦੂਰ ਵਰਗ ਦੀ ਵੀ ਗੱਲ ਕੀਤੀ ਗਈ ਹੈ। ਇਹੋ ਜਿਹੀਆਂ ਸਕੀਮਾਂ, ਇਹੋ ਜਿਹੇ ਸੈਸ਼ਨ ਉਹੀ ਮੁੱਖ ਮੰਤਰੀ ਲਿਆ ਸਕਦੇ ਹਨ ਜਿਹੜੇ ਅਖੀਰਲੀ ਕਤਾਰ ਵਿੱਚ ਖੜ੍ਹੇ ਆਖਰੀ ਇਨਸਾਨ ਦੇ ਘਰ ਦੇ ਹਾਲਾਤ ਬਾਰੇ ਵੀ ਪੂਰੀ ਜਾਣਕਾਰੀ ਰੱਖਦੇ ਹਨ। ਬਹੁਤ ਬਹੁਤ ਸ਼ੁਕਰੀਆ। (ਥੰਪਿੰਗ)

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਧੰਨਵਾਦ, ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਤਾਂ ਜਿਹੜਾ ਇੰਟਰਨੈਸ਼ਨਲ ਵੂਮੈਨ ਡੇਅ ਤੇ ਸਾਡੇ ਫਾਈਨਾਂਸ ਮਨਿਸਟਰ ਚੀਮਾ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਮੈਂ ਉਸ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ।

**ਮਾਣਯੋਗ ਸਪੀਕਰ**: ਇੱਕ ਮਿੰਟ। ਅੱਜ ਮੈਂ ਤੁਹਾਡੇ ਸਾਰਿਆਂ ਨਾਲ ਇੱਕ ਬੜੀ ਖੁਸ਼ੀ ਦੀ ਗੱਲ ਸ਼ੇਅਰ ਕਰਨ ਲਗਿਆ ਹਾਂ ਕਿ ਇੰਟਰਨੈਸ਼ਨਲ ਵੂਮੈਨ ਡੇਅ ਤੇ ਜਿਹੜਾ ਬਜਟ ਪੇਸ਼ ਹੋਇਆ ਹੈ ਤੇ ਜਿਸ ਦੀ ਸ਼ੁਰੂਆਤ ਜਿਨ੍ਹਾਂ ਮੰਤਰੀ ਸਾਹਿਬਾਨ ਨੇ ਕੀਤੀ ਹੈ, ਅੱਜ ਡਾਕਟਰ ਬਲਜੀਤ ਕੌਰ ਜੀ ਦਾ ਜਨਮ ਦਿਨ ਵੀ ਹੈ। ਇਨ੍ਹਾਂ ਨੂੰ ਬਹੁਤ ਬਹੁਤ ਵਧਾਈ। (ਥੰਪਿੰਗ)

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ**: ਥੈਂਕਿਊ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਬਹੁਤ ਬਹੁਤ ਮੁਬਾਰਕਾਂ ਜੀ। ਧੰਨਵਾਦ, ਸਪੀਕਰ ਸਾਹਿਬ। ਵੈਸੇ ਤਾਂ ਇਹ ਜਿਹੜਾ ਬਜਟ ਹੈ, ਇਹ ਪਿਉਰਲੀ ਫਿਗਰਜ਼ ਦੀ ਜਗਲਰੀ ਹੈ। ਸਪੀਕਰ ਸਾਹਿਬ, ਜਦੋਂ ਹਰਿਆਣੇ ਦਾ ਸੈਸ਼ਨ ਹੋਇਆ ਤਾਂ ਉਸ ਵਿੱਚ ਐਸ.ਵਾਈ.ਐੱਲ. ਤੇ ਚੰਡੀਗੜ੍ਹ ਰਾਜਧਾਨੀ ਦਾ ਜ਼ਿਕਰ ਕੀਤਾ ਗਿਆ ਪਰ ਆਪਾਂ ਤਾਂ ਉਸ ਨੂੰ ਵਿਸਾਰ ਹੀ ਦਿੱਤਾ ਹੈ। ਪਿਛਲੇ ਸਮੇਂ ਵਿੱਚ ਗਲਤੀਆਂ ਜਿਸ ਦੀਆਂ ਮਰਜ਼ੀ ਹੋਈਆਂ ਹੋਣ, ਮੈਂ ਨਹੀਂ ਕੁਝ ਕਹਿੰਦਾ, ਭਾਵੇਂ ਉਸ ਨੂੰ ਫਰੋਲਣਾ ਹੈ ਤਾਂ ਫਰੋਲ ਲਓ ਪਰ ਜੇ ਅਸੀਂ ਉਸ ਨੂੰ ਵਿਸਾਰ ਹੀ ਦੇਵਾਂਗੇ ਤਾਂ ਮੈਨੂੰ ਲਗਦਾ ਹੈ ਕਿ ਅਸੀਂ ਪਰਟੀਕੂਲਰ ਸਿਸਟਮ ਵੱਲੋਂ ਜੋ ਉਨ੍ਹਾਂ ਦਾ ਨਜ਼ਰੀਆ ਹੈ, ਉਸ ਤੇ ਕਿਤੇ ਨਾ ਕਿਤੇ ਨਜ਼ਰਸਾਨੀ ਕਰਦੇ ਹਾਂ। ਮੈਂ ਇਸ ਬਜਟ ਨੂੰ ਜਗਲਰੀ ਇਸ ਕਰਕੇ ਕਹਿੰਦਾ ਹਾਂ ਕਿਉਂਕਿ ਜੋ ਸਾਡੀ ਕਰਜ਼ੇ ਦੀ ਸਥਿਤੀ ਹੈ, ਵੈਸੇ ਤਾਂ ਜਿਹੜੀ 7% ਮਹਿੰਗਾਈ ਦਰ ਹੈ, ਜਿਹੜੀ ਚੀਮਾ ਸਾਹਿਬ ਨੇ ਕਲੇਮ ਕੀਤਾ ਸੀ ਕਿ ਅਸੀਂ 37 ਹਜ਼ਾਰ ਤੋਂ 54 ਹਜ਼ਾਰ ਕਰੋੜ ਤੱਕ ਲੈ ਕੇ ਗਏ ਹਾਂ, ਇਹ ਤਾਂ ਜੇ ਸਰਕਾਰ ਨਾ ਹੋਵੇ ਤਾਂ ਵੀ 7% ਮਹਿੰਗਾਈ ਦਰ ਐਡ ਹੁੰਦੀ ਹੈ ਤੇ ਉਹ ਲਗਭਗ 48 ਹਜ਼ਾਰ ਕਰੋੜ ਰੁਪਏ ਬਣ ਜਾਂਦੇ ਹਨ। ਜੇ ਅਸੀਂ ਕਹੀਏ ਕਿ ਇਸ ਵਿੱਚ ਸਰਕਾਰ ਦੀਆਂ ਕੋਈ ਬਹੁਤ ਵੱਡੀਆਂ ਉਪਲਬਧੀਆਂ ਹਨ, ਮੈਨੂੰ ਸਰਕਾਰ ਦੀ ਕੋਈ ਇਹੋ ਜਿਹੀ ਉਪਲਬਧੀ ਨਹੀਂ ਲਗਦੀ ਹੈ ਕਿਉਂਕਿ ਜਦੋਂ ਸਰਕਾਰ ਆਈ ਸੀ ਤਾਂ 2 ਲੱਖ 63 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਪਿਛਲੀਆਂ ਸਰਕਾਰਾਂ ਨੇ ਸਮੇਂ ਸਮੇਂ ਤੇ ਛੱਡਿਆ ਸੀ ਜੋ ਕਿ ਹੁਣ 417 ਹੋ ਚੁੱਕਿਆ ਹੈ ਤੇ ਮੈਨੂੰ ਲੱਗਦਾ ਹੈ ਕਿ ਤੁਸੀਂ ਲਗਭਗ ਪੰਜ ਲੱਖ ਕਰੋੜ ਰੁਪਏ ਦੇ ਕਰੀਬ ਛੱਡ ਕੇ ਜਾਓਗੇ, ਬੇਸੀਕਲੀ ਜਿਸ ਦਿਨ ਅਗਲੀ ਇਲੈਕਸ਼ਨ ਤੋਂ ਪਹਿਲਾਂ ਜਾਣਾ ਹੈ। ਇਸ ਵਿੱਚ ਮੈਨੂੰ ਕਿਤੇ ਨਜ਼ਰ ਨਹੀਂ ਆਇਆ ਕਿ ਕੋਈ ਐਕਸਟ੍ਰਾ ਆਰਡੀਨਰੀ ਕੰਮ ਕੀਤਾ ਹੋਵੇ ਜਿਸ ਨਾਲ ਸਾਡਾ ਖਜ਼ਾਨਾ ਭਰਿਆ ਹੋਵੇ। ਨਹੀਂ ਤਾਂ ਜਿਹੜੀਆਂ ਤੁਹਾਡੀਆਂ ਪੁਰਾਣੀਆਂ ਵੀਡੀਓਜ਼ ਵਗੈਰਾ ਹਨ ਜਿਸ ਵਿੱਚ 54 ਹਜ਼ਾਰ ਕਰੋੜ ਰੁਪਏ ਦੀ ਗੱਲ ਤੁਹਾਡੇ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਨੇ ਕੀਤੀ ਸੀ।

**1440/mehak/Monika sharma**

**1445/Sukhpiar Singh**

ਤੁਹਾਡੇ ਸੁਪਰੀਮੋ ਕੇਜਰੀਵਾਲ ਜੀ ਨੇ ਹੀ ਕੀਤੀ ਸੀ ਕਿ 34 ਹਜ਼ਾਰ ਕਰੋੜ ਰੁਪਏ ਕੁਰੱਪਸ਼ਨ ਵਿੱਚੋਂ ਬਚਾ ਲੈਣਾ ਹੈ ਅਤੇ 20 ਹਜ਼ਾਰ ਕਰੋੜ ਰੁਪਏ ਮਾਈਨਿੰਗ ਵਿੱਚੋਂ ਅਤੇ ਕੁੱਲ 54 ਹਜ਼ਾਰ ਕਰੋੜ ਰੁਪਏ ਤਾਂ ਬਚਾ ਲੈਣਾ ਹੈ ਕਿਉਂਕਿ ਸਮਝ ਹੀ ਉਨ੍ਹਾਂ ਨੂੰ ਸੀ, ਬਾਕੀ ਹੋਰ ਤਾਂ ਕਿਸੇ ਨੂੰ ਸਮਝ ਨਹੀਂ ਸੀ। ਸੋ, ਮੈਨੂੰ ਉਹ ਕਿਸੇ ਵਿੱਚ ਕਿਤੇ ਦਿਖਿਆ ਨਹੀਂ ਹੈ।

ਗੱਲ ਸਿੱਖਿਆ ਕ੍ਰਾਂਤੀ ਤੋਂ ਸ਼ੁਰੂ ਹੁੰਦੀ ਹੈ ਅਤੇ ਸਿੱਖਿਆ ਕ੍ਰਾਂਤੀ ਵਿੱਚ ਫੈਕਚੁਅਲ ਗੱਲ ਇਹ ਹੈ ਕਿ ਸਾਡੇ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘਟੀ ਹੈ। ਜਦੋਂ 2021 ਵਿੱਚ ਪੀ.ਜੀ.ਆਈ. ਇੰਡੈਕਸ ਵਿੱਚ ਪੰਜਾਬ ਪਹਿਲੇ ਨੰਬਰ ਤੇ ਆਇਆ ਸੀ ਅਤੇ ਮੈਨੂੰ ਲੱਗਦਾ ਹੈ ਕਿ ਉਦੋਂ ਸ਼ਾਇਦ ਮੰਤਰੀ ਮੀਤ ਹੇਅਰ ਜੀ ਸੀ। ਸੀ.ਐਮ. ਸਾਹਿਬ ਦੀ ਵੀ ਸਟੇਟਮੈਂਟ ਸੀ ਕਿ ਇਹ ਤਾਂ ਬਿਲਕੁਲ ਇੱਕ ਫੇਕ ਕਲੇਮ ਹੈ ਅਤੇ ਇਸ ਤਰ੍ਹਾਂ ਦਾ ਕੁਝ ਨਹੀਂ ਹੈ ਲੇਕਿਨ ਹੁਣੇ ਸੀ.ਐਮ. ਸਾਹਿਬ ਬੋਲ ਕੇ ਹਟੇ ਹਨ ਕਿ ਜਦੋਂ ਹੁਣ ਪੀ.ਜੀ.ਆਈ. ਇੰਡੈਕਸ ਵਿੱਚ ਪੰਜਾਬ ਪਹਿਲੇ ਨੰਬਰ ਤੇ ਆਇਆ ਤਾਂ ਮੈਂ ਉਸ ਦੀ ਮੁਬਾਰਕਬਾਦ ਦਿੰਦਾ ਹਾਂ ਪਰ ਕੀ ਉਹ ਫੇਕ ਸੀ ਜਿਹੜਾ ਕਾਂਗਰਸ ਦੇ ਸਮੇਂ ਆਇਆ ਅਤੇ ਜਿਹੜਾ ਹੁਣ ਆਇਆ ਹੈ, ਉਹ ਓਰੀਜਨਲ ਆਇਆ ਹੈ। ਉਸ ਦੀ ਬੜੀ ਥਪ-ਥਪਾਈ ਲਗਭਗ ਅਸੀਂ ਕਰ ਰਹੇ ਹਾਂ, ਖਾਸ ਕਰਕੇ ਮੈਨੂੰ ਲੱਗਦਾ ਹੈ ਕਿ ਪੰਜਾਬ ਬਹੁਤ ਸੁਰੱਖਿਅਤ ਸੂਬਾ ਬਣ ਗਿਆ ਹੈ। ਅਮਨ ਅਰੋੜਾ ਜੀ, ਜੇ ਮੈਂ ਕਿਤੇ ਗਲਤ ਹੋਇਆ, ਜੋ ਅੱਜ ਦੇ ਹਾਲਾਤ ਹਨ, ਮੈਨੂੰ ਲੱਗਦਾ ਹੈ ਕਿ ਸ਼ਾਇਦ ਮਾਵਾਂ ਅਤੇ ਭੈਣਾਂ ਇਹ ਮਹਿਸੂਸ ਨਾ ਕਰਦੀਆਂ ਹੋਣ ਕਿ ਸਾਨੂੰ ਹਜ਼ਾਰ ਰੁਪਏ ਮਿਲਣ ਜਾਂ ਨਾ ਮਿਲਣ ਪਰ ਇਹ ਮਹਿਸੂਸ ਜ਼ਰੂਰ ਕਰਦੀਆਂ ਹਨ ਕਿ ਸਾਡਾ ਭਰਾ ਅਤੇ ਸਾਡਾ ਫਾਦਰ ਜਾਂ ਸਾਡੇ ਘਰ ਦੇ ਮੈਂਬਰ ਘਰ ਨੂੰ ਸੁਰੱਖਿਅਤ ਮੁੜ ਆਉਣ। ਅੱਜ ਹਾਲਾਤ ਇੱਥੋਂ ਤੱਕ ਹਨ। ਸਪੀਕਰ ਸਾਹਿਬ, ਮੈਂ ਇਸੇ ਹਾਊਸ ਵਿੱਚ ਕਿਹਾ ਸੀ ਕਿ ਆਪਾਂ ਇਸ ਨੂੰ ਪੁਲਿਸ-ਸਟੇਟ ਨਾ ਬਣਾਈਏ, ਕਿਉਂਕਿ ਹੁੰਦਾ ਕੀ ਹੈ? ਜਦੋਂ ਅਸੀਂ ਹਰ ਕੰਮ ਹੀ ਪੁਲਿਸ ਕੋਲੋਂ ਕਰਵਾਉਣ ਲੱਗ ਪੈਂਦੇ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਜੇ ਤੁਸੀਂ ਦੋ ਗਲਤ ਕੰਮ ਪੁਲਿਸ ਕੋਲੋਂ ਕਰਵਾਓਗੇ ਤਾਂ ਉਹ 8-10 ਕੰਮ ਆਪਣੇ ਹੀ ਕਰ ਲੈਂਦੇ ਹਨ। ਜੋ ਪਿਛਲੇ ਦਿਨਾਂ ਵਿੱਚ, ਮੈਨੂੰ ਲੱਗਦਾ ਹੈ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਇੱਕੋ ਜਿਹੇ ਇਨਕਾਊਂਟਰ ਦੀ ਸਟੋਰੀ ਸਾਡੇ ਸਾਹਮਣੇ ਆਈ ਹੈ। ਅਸੀਂ ਸਾਰੇ ਜਣੇ, ਟਰੇਜ਼ਰੀ ਬੈਂਚ ਵਾਲੇ ਵੀ ਅਤੇ ਅਸੀਂ ਵੀ ਇਸ ਨੂੰ ਮੰਨ ਲਈਏ ਚਾਹੇ ਨਾ ਮੰਨ ਲਈਏ, ਇਹ ਸਾਡੀ ਆਪਣੀ ਕਿਤੇ ਨਾ ਕਿਤੇ ਸੋਚ ਦਾ ਨਜ਼ਰੀਆ ਹੈ। ਉਸ ਵਿੱਚ ਜਿਹੜਾ ਲੇਟੈਸਟ ਰਣਜੀਤ ਸਿੰਘ ਵਾਲਾ ਕੇਸ ਹੋਇਆ ਹੈ, ਉੱਥੋਂ ਦੋ ਕਿਲੋਮੀਟਰ ਇੰਟਰਨੈਸ਼ਨਲ ਬਾਰਡਰ ਹੈ ਕਿਉਂਕਿ ਪੁਲਿਸ ਵਾਲੇ ਵੀ ਤਾਂ ਸਾਡੇ ਹੀ ਮਾਰੇ ਗਏ ਹਨ। ਉਹ ਕਿਸ ਦੇ ਹਨ? ਸਪੀਕਰ ਸਾਹਿਬ, ਜਿਹੜੀ ਪੁਲਿਸ ਦੀ ਸਟੋਰੀ ਹੈ, ਕੀ ਤੁਹਾਨੂੰ ਕਦੇ ਨਹੀਂ ਲੱਗਿਆ, you are the Custodian of the House, ਜਿੱਥੋਂ ਘਰੋਂ ਲੈ ਕੇ ਗਏ ਅਤੇ ਉਸ ਤੋਂ ਬਾਅਦ ਕਹਿੰਦੇ ਹਨ ਕਿ ਧੁੰਦ ਪਈ ਸੀ, ਬੰਦਾ ਭੱਜ ਗਿਆ ਅਤੇ ਫਿਰ ਉਸ ਨੂੰ ਕਿਤੇ ਰਾਤ ਨੂੰ ਮੋਟਰਸਾਈਕਲ ਵੀ ਮਿਲ ਗਿਆ, ਉਸ ਨੂੰ ਉੱਥੇ pistol ਵੀ ਮਿਲ ਗਿਆ ਅਤੇ ਫਿਰ ਉਸ ਨੇ ਫਾਇਰਿੰਗ ਕਰ ਦਿੱਤੀ ਅਤੇ ਜਵਾਬੀ ਫਾਇਰਿੰਗ ਵਿੱਚ ਉਸ ਦੀ ਡੈੱਥ ਹੋ ਗਈ। ਜੇ ਇੰਨੀ ਸਚਾਈ ਹੈ ਤਾਂ ਆਪਾਂ ਨੂੰ ਕੀ ਪ੍ਰਾਬਲਮ ਹੈ?

**ਸਰਦਾਰ ਕੁਲਵੰਤ ਸਿੰਘ ਸਿੱਧੂ (ਬੈਠੇ-ਬੈਠੇ):** ਕੀ ਇਹ ਬਜਟ ਤੇ ਬੋਲ ਰਹੇ ਹਨ?

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇਹ ਬਜਟ ਦਾ ਹਿੱਸਾ ਹੀ ਹੈ। ਤੁਸੀਂ ਉਸ ਤਰ੍ਹਾਂ ਤਾਂ ਬੋਲਣ ਨਹੀਂ ਦੇਣਾ। ਕੁਲਵੰਤ ਸਿੰਘ ਜੀ, ਜੇ ਮੇਰਾ ਆਪਣਾ ਟਾਈਮ ਹੈ ਤਾਂ ਮੈਂ ਉਸ ਵਿੱਚ ਜੋ ਮਰਜ਼ੀ ਬੋਲ ਸਕਦਾ ਹਾਂ।

**ਮਾਣਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈਸ ਕਰੋ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਜੇ ਆਪਾਂ ਨੂੰ ਕਲੈਰਿਟੀ ਹੈ ਤਾਂ ਫਿਰ ਆਪਾਂ ਨੂੰ ਇੱਕ ਰਿਟਾਇਰਡ ਜੱਜ ਦਾ ਕਮਿਸ਼ਨ ਬਣਾਉਣ ਵਿੱਚ ਕੀ ਪ੍ਰਾਬਲਮ ਹੈ? ਆਪਾਂ ਥਪ-ਥਪਾਈ ਜਾਂਦੇ ਹਾਂ, ਠੀਕ ਹੈ, 94-95 ਹਨ, ਅਸੀਂ ਵੀ ਕਹਿੰਦੇ ਹਾਂ ਕਿ ਠੀਕ ਹੈ ਪਰ at the same time ਕਿਤੇ ਘਰ ਜਾ ਕੇ ਮਾੜਾ ਜਿਹਾ ਆਰਾਮ ਨਾਲ ਸੋਚੋਗੇ ਤਾਂ ਜ਼ਰੂਰ ਸੋਚਿਓ ਕਿ ਆਪਾਂ ਪੰਜਾਬ ਨੂੰ ਕਿਧਰ ਨੂੰ ਲੈ ਕੇ ਜਾ ਰਹੇ ਹਾਂ। Infact ਬੇਅਦਬੀਆਂ ਦੇ ਕੇਸ ਵਿੱਚ ਤੁਸੀਂ ਸਭ ਤੋਂ ਪਹਿਲੀ ਗਾਰੰਟੀ ਦਿੱਤੀ ਸੀ ਔਰ ਗਾਰੰਟੀ ਕਿਸ ਦੀ ਦਿੱਤੀ ਸੀ? ਕੁੰਵਰ ਵਿਜੇ ਪ੍ਰਤਾਪ ਜੀ ਦੀ ਗਾਰੰਟੀ ਦਿੱਤੀ ਸੀ। ਮੈਂ ਪਰਸਨਲੀ ਉਸ ਇਨਵੈਸਟੀਗੇਸ਼ਨ ਨਾਲ ਸਹਿਮਤ ਨਹੀਂ ਸੀ ਲੇਕਿਨ at the same time ਜੋ ਉਦੋਂ ਦੀ ਸਰਕਾਰ ਨੇ ਮੇਰਾ ਖਿਆਲ ਹੈ ਕਿ ਸੁਨਾਰੀਆ ਜੇਲ੍ਹ ਵਿੱਚ ਨਵੰਬਰ, 2021 ਵਿੱਚ ਵੀ ਐਸ.ਆਈ.ਟੀ. ਗਈ ਸੀ, ਉਸ ਤੋਂ ਬਾਅਦ ਦਸੰਬਰ, ਜਨਵਰੀ ਅਤੇ 2 ਮਾਰਚ ਨੂੰ ਵੀ ਗਈ ਸੀ।

**1445/Sukhpiar Singh/Monika sharma**

**1450/Manika Rani**

ਉਸ ਤੋਂ ਬਾਅਦ ਜਿਹੜੀ ਫਾਈਲ ਹੈ, ਉਸ ਬਾਰੇ ਸੀ.ਐਮ. ਸਾਹਿਬ ਨੂੰ ਪਤਾ ਹੋਵੇਗਾ ਕਿਉਂਕਿ ਮੈਂ ਲਗਪਗ ਹਰ ਸੈਸ਼ਨ ਵਿੱਚ ਗੱਲ ਕੀਤੀ ਹੈ। ਮੈਂ ਕਿਹਾ ਕਿ ਸੀ.ਐਮ. ਸਾਹਿਬ ਜਿਹੜੀ ਆਪਾਂ ਪਰਮਿਸ਼ਨ ਦੇਣੀ ਸੀ, ਉਸ ਦਾ ਕੀ ਬਣਿਆ, ਉਹ ਕਹਿੰਦੇ ਕਿ ਪਰਮਿਸ਼ਨ ਦੇ ਦਿੱਤੀ। ਤੁਸੀਂ ਹਾਊਸ ਨੂੰ ਵੀ ਦੱਸ ਦਿਓ, ਇਕੱਲੀ ਪੁਲਿਸ ਨਾਲ ਹੀ ਡਿਸਕਸ਼ਨ ਨਾ ਕਰੀ ਚੱਲੋ। ਸਪੀਕਰ ਸਾਹਿਬ, ਤੁਸੀਂ ਵੀ ਉਸ ਧਰਨੇ ਤੇ ਗਏ ਸੀ। ਠੀਕ ਹੈ ਕਿ ਆਪਾਂ ਵਿਰੋਧੀ ਹਾਂ ਪਰ ਆਪਾਂ ਵਿਚਾਰਧਾਰਕ ਵਿਰੋਧੀ ਹਾਂ । ਸਪੀਕਰ ਸਾਹਿਬ, ਹੋਰ ਕੁਝ ਨਹੀਂ ਹੈ। ਆਪਾਂ ਸਾਰੇ ਪੰਜਾਬੀ ਹਾਂ। ਆਪਾਂ ਸਾਰੇ ਉਸ ਫਿਲਾਸਫੀ ਨੂੰ ਮੰਨਣ ਵਾਲੇ ਹਾਂ। ਉਹੀ ਪੁਲਿਸ ਉਦੋਂ ਹੋਰ ਗੱਲਾਂ ਕਰਦੀ ਹੁੰਦੀ ਸੀ ਕਿਉਂਕਿ ਅਸੀਂ ਵੀ ਜਾਣਾ ਹੁੰਦਾ ਸੀ ਅਤੇ ਤੁਸੀਂ ਵੀ ਜਾਣਾ ਹੁੰਦਾ ਸੀ ਪਰ ਜਿਸ ਦੀ ਸਰਕਾਰ ਹੁੰਦੀ ਹੈ, ਪੁਲਿਸ ਨੇ ਸਿਰਫ ਉਸ ਦੀਆਂ ਹੀ ਗੱਲਾਂ ਕਰਨੀਆਂ ਹੁੰਦੀਆਂ ਹਨ। ਅਸੀਂ ਉਨ੍ਹਾਂ ਨੂੰ ਕਿਤੇ ਰਿਸਪਾਂਸੀਬਲ ਹੀ ਨਹੀਂ ਮੰਨਦੇ ਹਾਂ। ਅਸੀਂ ਬਿਊਰੋਕਰੈਸੀ ਨੂੰ ਰਿਸਪਾਂਸੀਬਲ ਹੀ ਮੰਨ ਤੋਂ ਹੱਟ ਗਏ ਹਾਂ ਕਿਉਂਕਿ ਸਿਹਤ ਕ੍ਰਾਂਤੀ ਦੀ ਗੱਲ ਬਹੁਤ ਲੰਮੀ ਚੌੜੀ ਹੁੰਦੀ ਹੈ। ਸਾਡੇ ਕੋਲ ਅੱਠ ਹਜ਼ਾਰ ਦੇ ਕਰੀਬ ਛੋਟੇ-ਵੱਡੇ ਹਸਪਤਾਲ ਸੀ। ਮੈਂ ਨਹੀਂ ਕਹਿੰਦਾ ਕਿ ਇਸ ਵਿੱਚ ਇੰਪਰੂਵਮੈਂਟ ਦੀ ਜ਼ਰੂਰਤ ਨਹੀਂ ਹੈ ਲੇਕਿਨ ਮੈਨੂੰ ਲੱਗਦਾ ਹੈ ਕਿ ਤੁਸੀਂ purely branding ਦੇ ਤੌਰ ਤੇ ਮੁਹੱਲਾ ਕਲੀਨਿਕ ਬਣਾਏ ਹਨ। ਔਰ ਉਸ ਦੇ ਜਿਹੜੇ ਸਿੱਟੇ ਹਨ, ਉਹ ਬਹੁਤੇ ਚੰਗੇ ਨਹੀਂ ਹਨ। ਹੁਣੇ ਹੀ ਇੱਕ ਕਿਸੇ ਨੇ ਸਰਵੇ ਕੀਤਾ ਹੈ ਔਰ ਜਿਹੜੇ ਤੁਸੀਂ ਪੰਜ ਕਰੋੜ ਰੁਪਏ ਦਾ ਕਲੇਮ ਕਰਦੇ ਹੋ, ਉਸ ਵਿੱਚ ਮੈਂ ਦੱਸਣਾ ਚਾਹਾਂਗਾ ਕਿ ਮੋਗਾ ਜ਼ਿਲ੍ਹੇ ਦੇ 2 ਤੋਂ 20 ਪ੍ਰਤੀਸ਼ਤ ਲੋਕਾਂ ਨੇ ਕਿਹਾ ਹੈ ਕਿ ਅਸੀਂ ਤਾਂ ਕਦੇ ਮੁਹੱਲਾ ਕਲੀਨਿਕਾਂ ਨੂੰ ਵਿਜ਼ਿਟ ਹੀ ਨਹੀਂ ਕੀਤਾ ਹੈ ਪਰ ਪਤਾ ਨਹੀਂ ਸਾਡੇ ਨਾਂ ਕਿਸ ਤਰੀਕੇ ਨਾਲ ਵਿੱਚ ਆਏ ਹਨ। ਚੀਮਾ ਸਾਹਿਬ, ਇਹ ਕਦੇ ਚੈੱਕ ਕਰਵਾ ਲਓ । ਆਪਾਂ ਆਪਸ ਵਿੱਚ ਤਾਂ ਬਹਿਸੀ ਜਾਂਦੇ ਹਾਂ ਪਰੰਤੂ ਜਿਹੜਾ ਹੇਠਲਾ ਸਿਸਟਮ ਹੈ, ਉਸ ਨੂੰ ਕਦੇ analyze ਨਹੀਂ ਕਰਦੇ ਕਿ ਵਾਕਿਆ ਹੀ ਇਸ ਸਿਸਟਮ ਵਿੱਚ ਪ੍ਰਾਬਲਮ ਹੈ ਜਾਂ ਨਹੀਂ। ਮੈਂ ਜਲੰਧਰ ਦਾ ਇੰਸੀਡੈਂਸ ਦੱਸਦਾ ਹਾਂ। ਜਲੰਧਰ ਵਿਖੇ ਜਦੋਂ ਆਕਸੀਜਨ ਨਹੀਂ ਪਹੁੰਚੀ ਤਾਂ ਤਿੰਨ ਬੰਦਿਆਂ ਦੀ ਡੈੱਥ ਹੋ ਗਈ । ਮੇਰੇ ਨਾਲ ਬਾਵਾ ਜੀ ਅਤੇ ਲਾਡੀ ਜੀ ਸਨ। ਉਥੇ ਉਨ੍ਹਾਂ ਬੰਦਿਆਂ ਦਾ ਪੁਲਿਸ ਨੇ ਪੋਸਟਮਾਰਟਮ ਹੀ ਨਹੀਂ ਹੋਣ ਦਿੱਤਾ। ਚੀਮਾ ਸਾਹਿਬ, ਇਹ ਰਿਐਲਿਟੀ ਹੈ। ਤੁਸੀਂ ਚਾਹੇ ਜਾ ਕੇ ਪੁੱਛ ਲਵੋ। ਜਿਹੜੀ

ਤੁਸੀਂ ਇੱਕ ਐਸ.ਆਈ.ਟੀ. ਬਣਾਈ ਸੀ, ਇੱਕ ਟੀਮ ਬਣਾਈ ਸੀ। ਤੁਹਾਡੇ ਹੈਲਥ ਡਾਇਰੈਕਟਰ ਗਏ ਸਨ। ਉਹ ਕਹਿੰਦੇ ਹਨ ਕਿ ਜੇਕਰ suspicious death ਹੋਵੇ ਤਾਂ ਪੋਸਟਮਾਰਟਮ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਤਿੰਨ ਬੰਦਿਆਂ ਦੀ ਡੈੱਥ ਹੋਈ ਅਤੇ ਨੈਗਲੀਜੈਂਸ ਵਿੱਚ ਇਨ੍ਹਾਂ ਨੇ ਉਨ੍ਹਾਂ ਬੰਦਿਆਂ ਦਾ ਪੋਸਟਮਾਰਟਮ ਵੀ ਨਹੀਂ ਕਰਵਾਇਆ। ਸਰ, ਇਹ ਗਰਾਊਂਡ ਰਿਐਲਿਟੀ ਹੈ। ਆਪਾਂ ਫਿਗਰਜ਼ ਪੜ੍ਹਦੇ ਹਾਂ। ਆਪਾਂ ਨੂੰ ਫਿਗਰਜ਼ ਕੌਣ ਦਿੰਦਾ ਹੈ? ਬਿਊਰੋਕਰੇਟ ਸਾਨੂੰ ਫਿਗਰਜ਼ ਦਿੰਦਾ ਹੈ। ਆਪਾਂ ਨੂੰ ਫਿਗਰਜ਼ ਕੌਣ ਦਿੰਦਾ ਹੈ? ਆਪਾਂ ਨੂੰ ਪੁਲਿਸ ਵਾਲਾ ਫਿਗਰਜ਼ ਦਿੰਦਾ ਹੈ ਅਤੇ ਆਪਾਂ ਸਾਰੇ ਉਹੀ ਫਿਗਰਜ਼ ਬੋਲੀ ਜਾਂਦੇ ਹਾਂ। ਆਪਾਂ ਕਹਿ ਦਿੰਦੇ ਹਾਂ ਕਿ ਇਹ ਵੀ ਕਰ ਦਿੱਤਾ ਅਤੇ ਇਹ ਵੀ ਹੋ ਗਿਆ। ਮੈਂ ਤਾਂ ਆਪਣੇ ਵਾਲਿਆਂ ਨੂੰ ਵੀ ਕਹਿੰਦਾ ਹਾਂ ਕਿ ਨਾ ਇਹ ਕੰਮ ਨਾ ਕਰਿਆ ਕਰੋ। ਮੈਂ ਤਾਂ ਇਹੀ ਗੱਲ ਕਹਿੰਦਾ ਹਾਂ ਕਿ ਅਲਟੀਮੇਟਲੀ ਕਿਹੜੇ ਨੇ ਅਗਲੀ ਵਾਰੀ ਇੱਥੇ ਹੋਣਾ ਹੈ ਅਤੇ ਕਿਹੜੇ ਨੇ ਨਹੀਂ ਹੋਣਾ ਹੈ, ਇਹ ਕੋਈ ਨਹੀਂ ਜਾਣਦਾ ਹੈ। ਸਪੀਕਰ ਸਾਹਿਬ, ਅਸੀਂ ਅਜਿਹਾ ਕੀ ਕਹਿ ਦਿੱਤਾ ਸੀ। ਅਸੀਂ ਤਾਂ ਜ਼ੀਰੋ ਆਵਰ ਦੀ ਮੰਗ ਕਰ ਰਹੇ ਸੀ। ਅਸੀਂ ਜਿਹੜੀ ਗੱਲ ਕਰਨੀ ਹੈ, ਉਹ ਅਸੀਂ ਜ਼ੀਰੋ ਆਵਰ ਵਿੱਚ ਕਰਨੀ ਹੁੰਦੀ ਹੈ । ਅਸੀਂ ਕਿਸੇ ਦੀ ਸ਼ਾਨ ਦੇ ਖਿਲਾਫ ਗੱਲ ਨਹੀਂ ਕਰਨੀ ਅਤੇ ਨਾ ਹੀ ਸਰਕਾਰ ਦੀ ਸ਼ਾਨ ਦੇ ਖਿਲਾਫ ਗੱਲ ਕਰਨੀ ਹੈ। ਅਸੀਂ ਤਾਂ ਫੈਕਚੂਅਲ ਗੱਲ ਕਰਨੀ ਹੈ। ਅਸੀਂ ਤਾਂ ਆਪਣੀ ਗੱਲ ਰੱਖਣੀ ਹੈ, ਉਹ ਤੁਸੀਂ ਮੰਨਣੀ ਹੈ ਜਾਂ ਨਹੀਂ ਮੰਨਣੀ, ਇਹ ਤੁਸੀਂ ਦੇਖਣਾ ਹੈ। ਸਪੀਕਰ ਸਾਹਿਬ, ਡੈਮੋਕਰੈਸੀ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਗੱਲ ਤੁਸੀਂ ਕਹਿ ਲਓ ਅਤੇ ਇੱਕ ਗੱਲ ਅਸੀਂ ਕਹਿ ਲਈਏ, ਜਿਹੜੀ ਗੱਲ ਠੀਕ ਲੱਗੇ, ਉਸ ਉੱਤੇ ਪਹਿਰਾ ਦੇ ਲਓ। ਲੇਕਿਨ ਹੁਣ ਡੈਮੋਕਰੈਸੀ ਦੂਸਰੀ ਸਟਾਰਟ ਹੋ ਗਈ ਹੈ, ਜਦੋਂ ਦੇ ਮੋਦੀ ਜੀ ਆਏ ਹਨ ਕਿ ਮੈਂ ਕਹਿਣ ਹੀ ਨਹੀਂ ਦੇਣਾ ਚਾਹੇ ਜੋ ਮਰਜ਼ੀ ਹੋ ਜਾਵੇ। ਆਪਾਂ failed dictatorship ਵੱਲ ਨੂੰ ਵੱਧ ਰਹੇ ਹਾਂ। ਸਾਨੂੰ ਲੱਗਦਾ ਹੈ ਕਿ ਅੱਜ ਪੁਲਿਸ ਰਾਜ ਹੈ ਅਤੇ ਪੁਲਿਸ ਸਾਨੂੰ ਤਾਂ ਬਚਾ ਲਵੇਗੀ ਪਰੰਤੂ ਇਹ ਕਦੇ ਨਹੀਂ ਹੁੰਦਾ ਹੈ। ਸਰ, ਅੱਜ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚੱਲ ਰਹੀ ਹੈ। ਇਹ ਇੰਟਰਨੈਸ਼ਨਲ ਪ੍ਰਾਬਲਮ ਹੈ। ਜੇਕਰ ਇਸ ਦੀ ਬੈਕਗਰਾਊਂਡ ਦੇਖੀ ਜਾਵੇ ਤਾਂ ਬਹੁਤ ਕੁਝ ਸਾਹਮਣੇ ਆਉਂਦਾ ਹੈ। ਹੁਣ ਬੀ.ਐਸ.ਐਫ. ਦੀ 50 ਕਿਲੋਮੀਟਰ ਦੀ ਨੋਟੀਫਿਕੇਸ਼ਨ ਹੋਈ ਹੈ। ਵੈਸੇ ਤਾਂ ਜਿਹੜੇ ਦੋ ਪੁਲਿਸ ਵਾਲੇ ਮਾਰੇ ਗਏ ਹਨ, ਉਹ ਇੰਟਰ ਨੈਸ਼ਨਲ ਬਾਰਡਰ ਤੋਂ ਦੋ ਕਿਲੋਮੀਟਰ ਤੇ ਸਨ। ਕਦੇ ਆਪਾਂ ਬੀ.ਜੇ.ਪੀ. ਦੀ ਸਰਕਾਰ ਨੂੰ ਪੁੱਛਿਆ ਜਾਂ ਹਾਈ ਕੋਰਟ ਵਿੱਚ ਪਤਾ ਕੀਤਾ ਕਿ ਜਿਹੜਾ ਕੇਸ ਕੀਤਾ ਹੋਇਆ ਹੈ, ਕੀ ਕਦੇ ਉਸ ਕੇਸ ਦੀ ਪਰਸੂਏਸ਼ਨ ਹੋਈ ਹੈ? ਕੀ ਉਹ ਕੇਸ ਕਿੱਥੇ ਪਿਆ ਹੈ। ਜਿਹੜੀ ਬੀ.ਐਸ.ਐਫ. ਨੇ ਨੋਟੀਫਿਕੇਸ਼ਨ ਕੀਤਾ ਹੈ ਕਿ 50 ਕਿਲੋਮੀਟਰ ਤੱਕ ਅਸੀਂ ਹੈਂਡਲ ਕਰਾਂਗੇ। ਅੱਜ 50 ਕਿਲੋਮੀਟਰ ਤੋਂ ਤਾਂ ਡਰੋਨ ਅੱਗੇ ਨਹੀਂ ਆਉਂਦੇ ਹਨ। ਅੱਜ ਉਥੋਂ ਕੀ ਆ ਰਿਹਾ ਹੈ, ਅੱਜ ਉਥੋਂ ਨਸ਼ਾ ਵੀ ਆ ਰਿਹਾ ਹੈ ਅਤੇ ਹਥਿਆਰ ਵੀ ਆ ਰਹੇ ਹਨ। ਅਸੀਂ ਕਦੇ ਉਨ੍ਹਾਂ ਨੂੰ ਗੱਲ ਹੀ ਨਹੀਂ ਕਰਦੇ ਕਿਉਂਕਿ ਅਸੀਂ ਡਰਦੇ ਹੀ ਇੰਨੇ ਹਾਂ। ਜੇਕਰ ਆਪਾਂ ਆਪਣੀ ਗੱਲ ਹੀ ਨਹੀਂ ਕਹਿ ਸਕਦੇ ਤਾਂ ਫਿਰ ਕੀ ਕਰਾਂਗੇ?

**1450/Manika Rani/Shubham jain**

**1455/Gurpreet kaur**

ਆਪਾਂ ਕਹਿੰਦੇ ਹਾਂ ਕਿ ਇੰਨੀ ਰਿਕਵਰੀ ਹੋ ਗਈ। ਸਰ, ਮੇਰੇ ਹਲਕੇ ਵਿੱਚ ਮੈਂ ਬਹੁਤ ਮਿਹਨਤ ਕਰਕੇ ਡੀ.ਸੀ. ਕੋਲੋਂ ਅਤੇ ਪੁਲਿਸ ਕਮਿਸ਼ਨਰ ਕੋਲੋਂ ਇਲਲੀਗਲ ਨਸ਼ਾ ਛੁਡਾਊ ਕੇਂਦਰ ਤੇ ਰੇਡ ਕਰਵਾਈ ਸੀ। ਉੱਥੇ 147 ਬੱਚੇ ਸਨ।

ਉੱਥੇ ਉਨ੍ਹਾਂ ਨਾਲ ਇੰਨਾ ਇਨਹਿਊਮਨ ਬਿਹੇਵੀਅਰ ਕੀਤਾ ਜਾਂਦਾ ਸੀ ਅਤੇ ਅਜਿਹੀਆਂ ਡਰੱਗਜ਼ ਦਿੱਤੀਆਂ ਜਾਂਦੀਆਂ ਸਨ। ਉਸ ਨੂੰ ਕਰਲੋ, ਮਿੱਟੀ ਪਾ ਲਵੋ, ਮਿੱਟੀ ਪਾ ਕੇ ਆਪਾਂ ਕਿੱਥੇ ਜਾਵਾਂਗੇ? ਅਸੀਂ ਗਰਾਊਂਡ ਰਿਐਲਟੀ ਹੀ ਦੇਖ ਲਈਏ। ਉਸ ਵਿੱਚੋਂ 127 ਬੱਚੇ ਰੈਸਕਿਊ ਕੀਤੇ ਗਏ। 107 ਬੱਚੇ ਰੈਸਕਿਊ ਕੀਤੇ ਅਤੇ ਬਾਕੀ ਬੱਚੇ ਭੱਜ ਗਏ। ਡਾਕਟਰ ਸਾਹਿਬ, ਇਹ ਫੈਕਚੁਅਲ ਹੈ। ਅਲਟੀਮੇਟਲੀ ਅਸੀਂ ਉਨ੍ਹਾਂ ਨੂੰ ਛੁਡਾਉਣ ਲੱਗੇ ਹਾਂ ਜਾਂ ਉਨ੍ਹਾਂ ਨੂੰ ਹੋਰ ਅੱਗੇ ਵਧਾਉਣ ਲੱਗੇ ਹਾਂ। ਸਰ, ਤੁਸੀਂ ਮੇਰੇ ਨਾਲੋਂ ਬਿਹਤਰ ਇਸ ਪ੍ਰੋਫੈਸ਼ਨ ਨੂੰ ਜਾਣਦੇ ਹੋ। ਮੈਨੂੰ ਤਾਂ ਸਿੰਪਲ ਇੰਨਾ ਕੁ ਹੀ ਪਤਾ ਹੈ ਕਿ ਅਸੀਂ ਇਸ ਨੂੰ ਹਟਾਉਣ ਲੱਗੇ ਹਾਂ ਜਾਂ ਇਸ ਨੂੰ ਵਧਾਉਣ ਲੱਗੇ ਹਾਂ। ਜੇਕਰ ਅੱਜ ਅਸੀਂ ਕਹਿੰਦੇ ਹਾਂ ਕਿ 1000 ਕਿੱਲੋ ਫੜ ਹੋ ਗਈ ਜਾਂ 2000 ਕਿੱਲੋ ਫੜ ਹੋ ਗਈ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਪਲਾਈ ਚੇਨ ਟੁੱਟ ਨਹੀਂ ਰਹੀ। ਸਾਨੂੰ ਬਦਨਾਮ ਕਰਨ ਲਈ ਇਹ ਸਾਡੇ ਅਗੇਂਸਟ deep state ਤਾਂ ਨਹੀਂ ਲੱਗੀ ਹੋਈ। ਸਾਨੂੰ ਉਹ ਲੋਕ ਤਾਂ ਬਦਨਾਮ ਕਰਨ ਨਹੀਂ ਲੱਗੇ ਹੋਏ ਕਿ ਇਹ ਲੋਕ ਤਾਂ ਇਹੀ ਕੰਮ ਕਰਦੇ ਹਨ। ਸਾਨੂੰ ਉਸ ਪਾਸੇ ਨੂੰ ਕਮਜ਼ੋਰੀ ਵੱਲ ਨੂੰ ਤਾਂ ਨਹੀਂ ਤੋਰਿਆ ਜਾ ਰਿਹਾ। ਅਸੀਂ ਤਾਂ ਇੱਥੇ ਬੈਠ ਕੇ ਇੱਕ ਦੂਜੇ ਨਾਲ ਲੜ ਕੇ ਚਲੇ ਜਾਂਦੇ ਹਨ। ਹੁਣ ਤਾਂ ਇੱਥੋਂ ਤੱਕ ਵੀ ਹੋ ਗਿਆ ਕਿ ਅਸੀਂ ਜੇਕਰ ਬਾਹਰ ਵੀ ਕਿਤੇ ਪ੍ਰੈੱਸ ਕਾਨਫਰੰਸ ਕਰਦੇ ਹਾਂ ਤਾਂ ਟਰੇਜ਼ਰੀ ਬੈਂਚ ਵਾਲੇ ਬਾਹਰ ਵੀ ਬੰਦੇ ਭੇਜਣ ਲੱਗ ਗਏ ਕਿ ਉੱਥੇ ਜਾ ਕੇ ਲੜ ਲਵੋ। ਹੁਣ ਸਿਰਫ ਇਹੀ ਡੈਮੋਕ੍ਰੇਸੀ ਰਹਿ ਗਈ। This is failed dictatorship ਅਸੀਂ ਉੱਧਰ ਨੂੰ ਤੁਰੇ ਜਾ ਰਹੇ ਹਾਂ। ਸੀ.ਐਮ. ਸਾਹਿਬ ਨੇ ਪਿਛਲੇ ਸਮੇਂ ਵਿੱਚ 21 ਟੋਲ ਪਲਾਜ਼ੇ ਬੰਦ ਕੀਤੇ ਹਨ ਜਿਹੜੇ ਕਿ ਅਕਾਲੀ ਦਲ ਦੇ ਸਮੇਂ ਲੱਗੇ ਸਨ। ਉਨ੍ਹਾਂ ਦਾ 15 ਸਾਲ ਦਾ ਸਮਾਂ ਸੀ। ਉਸ ਵਿੱਚ ਵੀ ਸਮਾਣਾ ਪਾਤੜਾਂ ਟੋਲ ਪਲਾਜ਼ੇ ਦੀ ਛੇ ਮਹੀਨੇ ਦੀ ਐਕਸਟੈਂਸ਼ਨ ਦਿੱਤੀ ਸੀ ਅਤੇ ਉਹ 421 ਦਿਨ ਵੱਧ ਚੱਲਿਆ। ਜੇਕਰ ਉਹ ਟੋਲ ਪਲਾਜ਼ੇ ਬੰਦ ਕਰਵਾਏ ਹਨ ਤਾਂ ਹੁਣ ਜਿਹੜੇ 11 ਤੋਂ 15 ਟੋਲ ਪਲਾਜ਼ੇ ਹੋਰ ਲੱਗੇ ਹਨ ਤਾਂ ਉਸ ਬਾਰੇ ਵੀ ਹਾਊਸ ਨੂੰ ਦੱਸ ਦਿਓ ਕਿ ਹੁਣ ਵੀ ਇੰਨੇ ਟੋਲ ਪਲਾਜ਼ੇ ਲੱਗੇ ਹਨ। ਜਿਹੜੀ ਨੈਸ਼ਨਲ ਹਾਈਵੇਅ ਅਥਾਰਿਟੀਜ਼ , ਉਹ ਟੋਲ ਪਲਾਜ਼ੇ ਲਗਾਉਂਦੀ ਹੀ ਹੈ। ਆਪਾਂ ਤਾਂ ਇਸ਼ਤਿਹਾਰਾਂ ਤੇ ਇਸ਼ਤਿਹਾਰ ਦੇਈ ਜਾ ਰਹੇ ਹਾਂ। ਸਰ, ਮੈਂ ਮੁਬਾਰਕਬਾਦ ਦਿੰਦਾ ਹਾਂ ਕਿ 135 ਟਰੈਪ ਲੱਗੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ੋਰ ਪਰਾਸ਼ਰ ਪੱਪੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਇਨ੍ਹਾਂ ਦਾ ਟਾਈਮ ਖਤਮ ਹੋਣ ਵਾਲਾ ਹੈ। ਅੱਗੇ ਤੁਹਾਨੂੰ ਸਮਾਂ ਦਿੱਤਾ ਜਾਵੇਗਾ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, 135 ਟਰੈਪ ਲੱਗੇ ਹਨ, ਇਹ ਬਹੁਤ ਚੰਗੀ ਗੱਲ ਹੈ। ਸਰ, ਤੁਹਾਡੇ ਵੀ ਇਸ ਵਿੱਚ ਵਿਜੈ ਸਿੰਗਲਾ, ਅਮਿਤ ਰਤਨ ਕੋਟਫੱਤਾ, ਫੌਜਾ ਸਿੰਘ ਸਰਾਰੀ ਅਤੇ ਅਮਨ ਅਰੋੜਾ ਹਾਲੇ ਵੀ ਇਸ ਵਿੱਚ ਹੀ ਹਨ। ਉਹ ਵੀ ਇੱਥੇ ਹੀ ਬੈਠੇ ਹਨ। ਇਹ ਕਾਹਦੇ ਵਿੱਚ ਆਏ ਸਨ। ਜਿਹੜੇ ਇਨ੍ਹਾਂ ਤੇ ਕੇਸ ਸਨ, ਉਹ ਕਿੱਥੇ ਗਏ? ਜਿਹੜੇ ਮਾਨਸਾ ਵਾਲੇ ਬੈਠੇ ਹਨ, ਜਿਹੜੇ ਪਹਿਲਾਂ ਹੈਲਥ ਮਨਿਸਟਰ ਹੁੰਦੇ ਸਨ, ਇਹ ਤਾਂ ਕਹਿੰਦੇ ਸਨ ਕਿ ਸਾਡੇ ਕੋਲ ਆਡੀਓ, ਵੀਡੀਓ ਵੀ ਹੈ। ਉਹ ਕਿੱਥੇ ਗਈਆਂ? ਜੇਕਰ ਤੱਕੜੀ ਫੜਨੀ ਹੈ ਤਾਂ ਸਭ ਲਈ ਇੱਕੋ ਜਿਹੀ ਹੀ ਫੜ ਲਈਏ। ਆਪਾਂ ਇੱਥੇ ਇੱਕ ਦੂਸਰੇ ਨੂੰ ਕਹਿ ਸਕਦੇ ਹਾਂ। ਸਰ, ਮੈਂ ਤੁਹਾਡੇ ਪਰਸਨਲੀ ਖਿਲਾਫ ਨਹੀਂ ਹਾਂ।

**ਮਾਣਯੋਗ ਸਪੀਕਰ:** ਤੁਹਾਡਾ ਸਮਾਂ ਹੋ ਗਿਆ ਹੈ। ਹਾਂ ਜੀ, ਡਾਕਟਰ ਸਿੰਗਲਾ ਜੀ।

**ਡਾਕਟਰ ਵਿਜੈ ਸਿੰਗਲਾ**: ਸਰ, ਪਰਗਟ ਪੋਆਰ ਜੀ ਪਰਸਨਲ ਅਟੈਕ ਕਰ ਰਹੇ ਹਨ। ਇਹ ਕੋਰਟ ਦਾ ਕੇਸ ਹੈ। ਇਨ੍ਹਾਂ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਕੋਲ ਕੋਈ ਹੋਰ ਗੱਲ ਨਹੀਂ ਹੈ। ਇਹ ਆ ਕੇ ਕਦੇ ਕਿਸੇ ਦਾ ਨਾਮ ਲੈਂਦੇ ਹਨ, ਕਦੇ ਕਿਸੇ ਦਾ ਨਾਮ ਲੈਂਦੇ ਹਨ। ਕੀ ਤੁਹਾਡੇ ਸਾਰੇ ਮੈਂਬਰ ਦੁੱਧ ਧੋਤੇ ਹਨ। ਅਸੀਂ ਤੁਹਾਨੂੰ ਪੜ੍ਹੇ ਲਿਖੇ ਇਨਸਾਨ ਸਮਝਦੇ ਹਾਂ ਪਰ ਤੁਸੀਂ ਇੱਥੇ ਜਿਸ ਤਰ੍ਹਾਂ ਦੀ ਗੱਲ ਕਰ ਰਹੇ ਹੋ, ਇਹ ਠੀਕ ਨਹੀਂ ਹੈ। ਬਜਟ ਤੇ ਬਹਿਸ ਹੋ ਰਹੀ ਹੈ। ਤੁਸੀਂ ਉਸ ਬਹਿਸ ਤੇ ਗੱਲ ਕਰੋ। ਤੁਸੀਂ ਕਿਉਂ character assassination ਦੇਣ ਲੱਗੇ ਹੋ। ਤੁਹਾਡੇ ਕੋਲ ਕੋਈ ਹੋਰ ਮੁੱਦਾ ਨਹੀਂ ਹੈ।

**ਮਾਣਯੋਗ ਸਪੀਕਰ**: ਹਾਂ ਜੀ, ਸਰਾਰੀ ਸਾਹਿਬ।

**ਸਰਦਾਰ ਫੌਜਾ ਸਿੰਘ**: ਸਪੀਕਰ ਸਾਹਿਬ, ਮੈਂਬਰ ਸਾਹਿਬ ਦੱਸ ਰਹੇ ਹਨ ਕਿ ਸਰਾਰੀ ਸਾਹਿਬ ਤੇ ਵੀ ਕੇਸ ਸੀ। ਇਨ੍ਹਾਂ ਕੋਲ ਕੀ ਸਬੂਤ ਹੈ। ਉੱਤੋਂ ਕੁੱਤੇ ਭੌਂਕੇ ਸੀ, ਆਡੀਓ ਚੱਲੀ ਸੀ। ਤੁਸੀਂ ਘੁੱਗਰੀਆਂ ਪਾ ਕੇ ਨੱਚੇ ਸਨ। ਸ਼ਰਮ ਕਰੋ। ਤੁਸੀਂ ਪੜ੍ਹੇ ਲਿਖੇ ਹੋ।

**ਮਾਣਯੋਗ ਸਪੀਕਰ**: ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਫੌਜਾ ਸਿੰਘ** : ਸਰ, ਕਿਸੇ ਨੂੰ ਭੰਡਣਾ ਠੀਕ ਨਹੀਂ ਹੈ। ਜੇਕਰ ਕਿਸੇ ਦੇ ਖਿਲਾਫ ਕੋਈ ਸਬੂਤ ਹੈ ਤਾਂ ਕਾਰਵਾਈ ਕੀਤੀ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**1455/Gurpreet kaur/Shubham jain**

**1500/Rajneet Kaur**

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਮੈਂ ਤਾਂ ਇੰਨੀ ਹੀ ਗੱਲ ਕਹੀ ਹੈ ਕਿ ਕੋਰਟ ਹੋਇਆ ਹੈ। ਇੰਨੀ ਕੁ ਗੱਲ ਹੀ ਹੈ, ਹੋਰ ਤਾਂ ਕੋਈ ਗੱਲ ਹੀ ਨਹੀਂ ਹੈ। ਦੂਸਰੀ ਗੱਲ, ਪਛਵਾੜਾ ਕੋਲ ਮਾਈਨ ਦਾ ਕੇਸ ਸਤੰਬਰ, 2021 ਵਿੱਚ ਸੁਪਰੀਮ ਕੋਰਟ ਵਿੱਚ ਡਿਸਾਈਡ ਹੋਇਆ ਸੀ। ਜਿਸ ਦਾ ਕ੍ਰੈਡਿਟ ਬੇਸਿਕਲੀ ਕਾਂਗਰਸ ਸਰਕਾਰ ਨੂੰ ਜਾਂਦਾ ਹੈ। ਮੈਂ ਤਾਂ ਚਲੋ, ਮਾੜਾ-ਮੋਟਾ ਧਿਆਨ ਵੀ ਰੱਖਦਾ ਹਾਂ ਅਤੇ ਪੜ੍ਹਦਾ ਵੀ ਰਹਿੰਦਾ ਹਾਂ। ਸਾਡਾ ਕੰਮ ਸਿਰਫ ਆਲੋਚਨਾ ਕਰਨਾ ਹੀ ਨਹੀਂ ਹੈ, ਫੈਕਟਸ ਨੂੰ ਵੀ ਦੱਸਣਾ ਹੈ ਕਿ ਭਾਈ, ਐਕਚੂਅਲ ਗੱਲ ਇੰਨੀ ਕੁ ਹੈ। ਜਦੋਂ ਸਾਨੂੰ ਲੱਤ ਲਾਉਣ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਸਰਕਾਰ ਦੀ ਸਿੱਖਿਆ ਨੀਤੀ ਦੀ ਵੀ ਗੱਲ ਆਉਂਦੀ ਹੈ। ਸਰ, ਤਾਮਿਲਨਾਡੂ ਸਰਕਾਰ ਨੇ ਇੱਕ ਕੋਰੀਅਨ ਜੋਸਿਫ ਦਾ ਕਮਿਸ਼ਨ ਬਣਾਇਆ ਹੈ, ਜਿਸ ਵਿੱਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਸੈਂਟਰ ਅਤੇ ਸਟੇਟ ਦੇ ਰਿਲੇਸ਼ਨਜ਼ ਬਾਰੇ ਹਨ। ਜਿਹੜੀਆਂ ਸਟੇਟਾਂ ਹਨ, ਉਨ੍ਹਾਂ ਨੂੰ ਤਕੜਾ ਕਰਨ ਦੀ ਜ਼ਰੂਰਤ ਹੈ। ਉਸ ਵਿੱਚ ਇੱਕ

ਕਲੈਰਿਟੀ ਹੈ ਕਿ ਜਿਹੜੀ ਐਜੂਕੇਸ਼ਨ ਪਾਲਿਸੀ ਹੈ, ਉਹ ਕਨਕਰੰਟ ਸਬਜੈਕਟ ਦੀ ਬਜਾਏ ਸਟੇਟ ਸਬਜੈਕਟ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਭਾਵੇਂ ਕਾਂਗਰਸ ਦੇ ਸਮੇਂ ਕਨਕਰੰਟ ਲਿਸਟ ਵਿੱਚ ਗਈ, ਚਾਹੇ ਕਿਸੇ ਸਮੇਂ ਵੀ ਗਈ। ਹੁਣ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿਉਂਕਿ ਬੀ.ਜੇ.ਪੀ. ਭਗਵਾਂਕਰਨ ਕਰਨ ਤੋਂ ਬਾਜ ਨਹੀਂ ਆਉਂਦੀ।

ਇਸ ਦੇ ਨਾਲ ਨਾਲ ਮੈਂ ਇਹ ਵੀ ਬੇਨਤੀ ਕੀਤੀ ਸੀ ਕਿ ਅਸੀਂ ਆਪਣਾ ਡੈਮ ਸੇਫਟੀ ਐਕਟ ਲੈ ਆਈਏ। ਸੀ.ਐਮ. ਸਾਹਿਬ ਨੇ ਇੱਥੇ ਪ੍ਰਾਮਿਸ ਵੀ ਕੀਤਾ ਸੀ ਕਿ ਅਸੀਂ ਆਪਣਾ ਡੈਮ ਸੇਫਟੀ ਐਕਟ ਲੈ ਕੇ ਆਵਾਂਗੇ ਤਾਂ ਕਿ ਲੀਗਲੀ ਆਪਾਂ ਕਿਤੇ ਖੜ੍ਹਨ ਜੋਗੇ ਹੋ ਜਾਈਏ। (ਘੰਟੀ) ਦੂਸਰਾ, ਜਿਹੜਾ ਬਿਜਲੀ ਸੋਧ ਬਿਲ ਹੈ, ਜਿਹੜਾ ਕਿ ਆਲਰੇਡੀ ਇਨ ਪ੍ਰਾਸੈੱਸ ਹੈ। ਜਿਸ ਕਰਕੇ ਆਪਾਂ ਇਸ ਨੂੰ ਡੇਢ ਰੁਪਿਆ ਕੀਤਾ ਹੈ, ਹੁਣ ਇਸ ਨੂੰ ਸ਼ੋਅ ਕਰਨ ਲੱਗੇ ਹੋਏ ਹਾਂ। ਸੈਂਟਰ ਨੇ ਤਾਂ ਕਹਿ ਦਿੱਤਾ ਹੈ ਕਿ ਅਸੀਂ ਉਸ ਨੂੰ ਇੱਕ ਲੱਖ ਕਰੋੜ ਰੁਪਿਆ ਸਿੱਧਾ ਦੇਵਾਂਗੇ ਜਿਹੜਾ ਪ੍ਰਾਈਵੇਟ ਸੈਕਟਰ ਨੂੰ ਦੇਵੇਗਾ। ਇਸ ਲਈ ਆਪਾਂ ਇਸ ਨੂੰ ਡਿਫੈਂਡ ਕਰ ਲਈਏ। ਕੇਂਦਰ ਦੀ ਸਰਕਾਰ ਦੀ ਇੱਕ ਸ਼ਰਤ ਸੀ ਜਦੋਂ ਕਿਸਾਨ ਅੰਦੋਲਨ ਹੋਇਆ ਤਾਂ ਉਨ੍ਹਾਂ ਨੇ ਲਿਖਤੀ ਰੂਪ ਵਿੱਚ ਦਿੱਤਾ ਸੀ ਕਿ ਅਸੀਂ ਪ੍ਰਾਈਵੇਟ ਸੈਕਟਰ ਨੂੰ ਨਹੀਂ ਦੇਵਾਂਗੇ ਪਰ ਅਸੀਂ ਉੱਧਰ ਵਾਲੇ ਪਾਸੇ ਨੂੰ ਤੋਰ ਰਹੇ ਹਾਂ। ਇਸ ਦੀ ਚਿੱਠੀ ਵੀ ਗੌਰਮਿੰਟ ਆਫ ਇੰਡੀਆ ਨੇ ਸਾਨੂੰ ਭੇਜੀ ਹੈ ਪਰ ਅਸੀਂ ਇਸ ਦਾ ਹਾਲੇ ਤੱਕ ਜਵਾਬ ਨਹੀਂ ਦਿੱਤਾ ਔਰ ਖਾਸ ਕਰਕੇ.... (ਵਿਘਨ)

**ਮਾਣਯੋਗ ਸਪੀਕਰ** : ਕਨਕਲੂਡ ਕਰ ਲਓ ਜੀ। ਤੁਹਾਡੇ ਤਿੰਨ ਮਿੰਟ ਉੱਪਰ ਹੋ ਗਏ। (ਆਪੋਜੀਸ਼ਨ ਬੈਂਚਿਜ਼ ਵੱਲੋਂ ਵਿਘਨ)ਫਿਰ ਤੁਸੀਂ ਆਪਸ ਵਿੱਚ ਹੀ ਰੌਲਾ ਪਾਉਣਾ ਹੈ ਕਿ ਮੈਨੂੰ ਬੁਲਾਓ। ਠੀਕ ਹੈ, ਪਾਹੜਾ ਸਾਹਿਬ, ਨਹੀਂ ਲੈਣਾ ਟਾਈਮ? ਚਲੋ, let him speak.

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਜਿਹੜੀ INDO-US ਡੀਲ ਜਿਹੜੀ ਹੈ, ਉਸ ਨਾਲ ਮੈਨੂੰ ਲਗਦਾ ਹੈ ਕਿ ਸਭ ਤੋਂ ਜ਼ਿਆਦਾ ਐਗਰੀਕਲਚਰ ਤੇ ਇਫੈਕਟ ਹੋਣਾ ਹੈ ਤੇ ਉਹ ਪੰਜਾਬ ਤੇ ਹੋਣਾ ਹੈ। ਇਸ ਸਬੰਧੀ ਮੈਂ ਇੱਕ ਪ੍ਰਾਈਵੇਟ ਰੈਜ਼ੋਲਿਊਸ਼ਨ 15 ਕੁ ਦਿਨ ਪਹਿਲਾਂ ਭੇਜਿਆ ਸੀ। ਸਰ, ਆਪਾਂ ਇਸ ਤੇ ਲੱਤ ਲਾਈਏ। ਸਰਕਾਰ ਵੱਲੋਂ ਕਿਸੇ ਵੀ ਬੰਦੇ ਨੇ ਉਸ ਤੇ ਗੱਲ ਨਹੀਂ ਕੀਤੀ। ਮੈਨੂੰ ਲਗਦਾ ਹੈ ਕਿ ਸਾਡੇ ਸੀ.ਐਮ. ਸਾਹਿਬ ਹਰ ਛੋਟੀ ਛੋਟੀ ਗੱਲ ਤੇ ਗੱਲ ਕਰਦੇ ਹਨ ਲੇਕਿਨ ਸਰਕਾਰ ਵੱਲੋਂ ਕਿਸੇ ਨੇ ਵੀ ਅੱਜ ਤੱਕ ਇਸ ਤੇ ਗੱਲ ਨਹੀਂ ਕੀਤੀ। ਇਹ ਅਟੈਂਪਟ ਸਾਲ 2012-13 ਵਿੱਚ ਵੀ ਹੋਈ ਸੀ। ਉਦੋਂ ਵੀ ਦੇਸ਼ ਦੀ ਸਰਕਾਰ ਨੇ ਇਹ ਰਿਜੈਕਟ ਕੀਤਾ ਸੀ, ਉਦੋਂ ਸਰਦਾਰ ਮਨਮੋਹਨ ਸਿੰਘ ਜੀ ਦੀ ਸਰਕਾਰ ਸੀ। ਜੇਕਰ ਐਗਰੀਕਲਚਰ ਜੈਨੈਟਿਕਲੀ ਮੋਡੀਫਾਈਡ ਸਿਸਟਮ ਸਾਡੇ ਵਿੱਚ ਆ ਗਿਆ ਤਾਂ ਖਾਸ ਕਰਕੇ ਜਿਹੜੀ ਸਾਡੀ ਜੈਵਿਕ ਖੇਤੀ ਹੈ, ਉਸ ਨੂੰ ਬਹੁਤ ਵੱਡਾ ਧੱਕਾ ਲੱਗਣਾ ਹੈ। ਗੌਰਮਿੰਟ ਆਫ ਇੰਡੀਆ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੀ ਡੀਲ ਨਿਊਜ਼ੀਲੈਂਡ ਨਾਲ ਵੀ ਕਰ ਰਹੀ ਹੈ ਜਿਸ ਨਾਲ ਡੇਅਰੀ ਪ੍ਰੋਡਕਟ ਪ੍ਰਭਾਵਿਤ ਹੋਣਗੇ ਕਿਉਂਕਿ ਇਹ ਤਾਂ ਅੱਜ ਸੋਚਣ ਲੱਗੇ ਹੋਏ ਹਨ ਕਿ ਅਸੀਂ ਕਿੱਥੋਂ ਸਸਤੀ ਚੀਜ਼ ਲਿਆ ਸਕਦੇ ਹਾਂ। ਸਾਨੂੰ ਸਸਤਾ ਤੇਲ ਮਿਲਦਾ ਸੀ, ਉਸ ਬਾਰੇ ਤਾਂ ਅਮਰੀਕਾ ਕਹਿਣ ਲੱਗ ਪਿਆ ਕਿ ਤੁਹਾਨੂੰ ਸਿਰਫ 30 ਦਿਨ ਦੀ ਪਰਮਿਸ਼ਨ ਦਿੱਤੀ ਹੈ ਤੇ ਤੁਸੀਂ 30 ਦਿਨ ਹੀ ਖਰੀਦ ਸਕਦੇ ਹੋ। ਜੇਕਰ ਇੰਨੇ ਗੋਡੇ ਉਨ੍ਹਾਂ ਨੇ ਉੱਥੇ ਟੇਕੇ ਹੋਏ ਹਨ ਤੇ ਆਪਾਂ ਦਿੱਲੀ ਦੇ ਸਾਹਮਣੇ ਟੇਕੇ ਹੋਏ ਹਨ, ਆਪਾਂ ਪੰਜਾਬ ਨੂੰ ਡਿਫੈਂਡ ਕਿਵੇਂ ਕਰ ਲਵਾਂਗੇ? (ਟਰੇਜ਼ਰੀ ਬੈਂਚਿਜ਼ ਵੱਲੋਂ ਵਿਘਨ) ਸੋ, ਇਸ ਕਰਕੇ ਆਪਾਂ ਇੰਨਾ ਚੀਜ਼ਾਂ ਤੇ ਬਹਿਸ ਕਰੀਏ ਤਾਂ ਕਿ ਪਰੈਸ਼ਰ ਬਿਲਡ ਅੱਪ ਹੋਵੇ।

**ਮਾਣਯੋਗ ਸਪੀਕਰ** : ਕੱਲ੍ਹ ਵਾਸਤੇ ਰੱਖਿਆ ਹੋਇਆ ਹੈ, ਸ਼ਾਇਦ ਤੁਸੀਂ ਸੁਣਿਆ ਨਹੀਂ ਹੈ। thank you very much. ਅਸ਼ੋਕ ਪਰਾਸ਼ਰ ਪੱਪੀ ਜੀ ਕੁਝ ਕਹਿਣਾ ਚਾਹੁੰਦੇ ਹਨ।

**1505/Kuldeep kaur**

**ਸਰਦਾਰ ਪਰਗਟ ਸਿੰਘ:** ਸੋ, ਇਸ ਕਰਕੇ ਉਸ ਤੇ ਆਪਾਂ ਬਹਿਸ ਕਰੀਏ ਤਾਂ ਕਿ ਉਹ ਪ੍ਰੈਸ਼ਰ build up ਹੋਵੇ, ਆਪਾਂ ਰੈਜ਼ੋਲਿਊਸ਼ਨ ਭੇਜੀਏ।

**ਮਾਣਯੋਗ ਸਪੀਕਰ:** ਬਿਲਕੁਲ ਠੀਕ ਹੈ ਜੀ, ਰੱਖਿਆ ਹੋਇਆ ਹੈ, ਕੱਲ੍ਹ ਵਾਸਤੇ ਰੱਖਿਆ ਹੋਇਆ ਹੈ। ਤੁਸੀਂ ਸੁਣਿਆ ਨਹੀਂ ਹੈ।

**ਸਰਦਾਰ ਪਰਗਟ ਸਿੰਘ ਪੋਆਰ** : ਠੀਕ ਹੈ ਜੀ। Thankyou very much ਜੀ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਅਸ਼ੋਕ ਪਰਾਸ਼ਰ ਪੱਪੀ ਜੀ ਕੁਝ ਕਹਿਣਾ ਚਾਹੁੰਦੇ ਹਨ?

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ):** ਮਾਣਯੋਗ ਵਿਧਾਇਕ ਸਾਹਿਬ, ਪਹਿਲਾਂ ਕੁਝ ਕਹਿ ਕੇ ਗਏ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਟੋਲ ਪਲਾਜ਼ਾ ਸਰਦਾਰ ਭਗਵੰਤ ਸਿੰਘ ਮਾਨ ਨੇ ਤਾਂ ਬੰਦ ਕਰ ਦਿੱਤੇ ਹਨ। ਤੁਹਾਡੇ ਸਮੇਂ ਜਦੋਂ ਤੁਸੀਂ ਵੀ ਪਿਛਲੀ ਟਰਨ ਵਿੱਚ ਵਿਧਾਇਕ ਸੀ, ਉਸ ਸਮੇਂ ਇੱਕ ਮੰਤਰੀ ਅਤੇ ਤੁਹਾਡਾ ਮੌਜੂਦਾ ਐਮ.ਪੀ. ਦੋਵੇਂ ਲਾਡੋਵਾਲ ਟੋਲ ਪਲਾਜ਼ਾ ਤੇ ਦੋ ਦਿਨ ਬੈਠੇ ਅਤੇ ਆਪਣਾ ਰਾਸ਼ਨ ਲਿਆ। ਉਹ ਟੋਲ ਪਲਾਜ਼ਾ ਅਜੇ ਤੱਕ ਚਲਦਾ ਹੈ। ਤੁਸੀਂ ਇੱਥੇ ਬੈਠ ਕੇ ਉਨ੍ਹਾਂ ਨੂੰ ਨਹੀਂ ਪੁੱਛਿਆ ਕਿ ਤੁਸੀਂ ਬੰਦ ਕਰਵਾਉਣ ਗਏ ਸੀ। ਤੁਸੀਂ ਟੋਲ ਪਲਾਜ਼ਾ ਬੰਦ ਕਿਉਂ ਨਹੀਂ ਕਰਵਾ ਕੇ ਆਏ। ਅੱਜ ਤੁਸੀਂ ਹਰ ਗੱਲ ਵਿੱਚ ਕਦੇ ਗੋਡਾ ਲਗਾ ਲਵੋ, ਕਦੇ ਲੱਤ ਲਗਾ ਲਵੋ ਕਰਦੇ ਹੋ। ਜੇ ਉਦੋਂ ਤੁਹਾਡੀਆਂ ਲੱਤਾਂ ਤੇ ਗੋਡੇ ਲੱਗੇ ਹੁੰਦੇ ਸ਼ਾਇਦ ਅੱਜ ਇਹ ਪੰਜਾਬ ਦੇ ਹਾਲਾਤ ਨਾ ਹੁੰਦੇ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕਰੋ ਜੀ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)** : ਜਿਹੜੇ ਤੁਸੀਂ ਉਦੋਂ ਪੰਜਾਬ ਦੇ ਹਾਲਾਤ ਕਰਕੇ ਗਏ ਹੋ, ਇਸ ਦੀ ਜ਼ਿੰਮੇਵਾਰ ਤਕਰੀਬਨ ਕਾਂਗਰਸ ਹੈ। ਜੋ ਪੰਜਾਬ ਦੇ ਅੱਜ ਹਾਲਾਤ ਹਨ, ਇਸ ਦੀ ਜ਼ਿੰਮੇਵਾਰ ਕਾਂਗਰਸ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਚਾਹੇ ਨਸ਼ਾ ਛੁਡਾਊ ਕੇਂਦਰ ਹਨ, ਉਹ ਵੀ ਜਿੰਨੇ ਵੀ ਬਣੇ ਇਨ੍ਹਾਂ ਦੀ ਹਾਜ਼ਰੀ ਵਿੱਚ ਬਣੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਥੈਂਕ ਯੂ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ):** ਮੈਂ ਇਸ ਵਿਧਾਨ ਸਭਾ ਵਿੱਚ ਕਹਿ ਸਕਦਾ ਹਾਂ ਕਿ ਜਿੰਨੇ ਨਸ਼ਾ ਛੁਡਾਊ ਕੇਂਦਰ ਕਾਂਗਰਸ ਦੇ ਰਾਜ ਵਿੱਚ ਬਣੇ ਹਨ, ਉਹ ਕਿਸੇ ਦੇ ਰਾਜ ਵਿੱਚ ਨਹੀਂ ਬਣੇ। ਸਾਰੇ ਇਨ੍ਹਾਂ ਦੇ ਰਾਜ ਵਿੱਚ ਬਣੇ ਹਨ ਔਰ ਇਹ ਹੀ ਮੌਜੂਦਾ ਵਿਧਾਇਕ ਸਾਹਿਬ ਉਦੋਂ ਇਸ ਸਦਨ ਦੇ ਵਿਧਾਇਕ ਸਨ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਥੈਂਕ, ਯੂ।

**ਡਾਕਟਰ ਇਸ਼ਾਂਕ ਕੁਮਾਰ (ਚੱਬੇਵਾਲ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਇਤਿਹਾਸਿਕ ਅਤੇ ਬਹੁਤ ਹੀ ਸ਼ਾਨਦਾਰ ਇੱਕ ਲੋਕਹਿੱਤ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜਗਤ ਗੁਰੂ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਨੇ ਇਹ ਕਿਹਾ ਸੀ, ਉਨ੍ਹਾਂ ਦੀ ਇਹ ਸੋਚ ਸੀ:

*'ਐਸਾ ਚਾਹੁੰ ਰਾਜ ਮੈਂ, ਜਹਾ ਮਿਲੇ ਸਭਨ ਕੋ ਅੰਨ ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।।*

ਉਨ੍ਹਾਂ ਦੀ ਇਸ ਤਰ੍ਹਾਂ ਦੀ ਸੋਚ ਸੀ ਅਤੇ ਅੱਜ ਜੋ ਆਮ ਆਦਮੀ ਪਾਰਟੀ ਦੀ ਅਤੇ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੀ ਅਗਵਾਈ ਹੇਠ ਜੋ ਇਸ ਤਰ੍ਹਾਂ ਦਾ ਬਜਟ ਹੈ ਜੋ ਕਿ ਲੋਕਹਿੱਤ, ਹਰ ਵਰਗ ਦੇ ਹਿੱਤ ਵਿੱਚ ਪੇਸ਼ ਕੀਤਾ ਗਿਆ ਹੈ। ਉਸ ਤੋਂ ਮੈਨੂੰ ਇਹ ਲੱਗ ਰਿਹਾ ਹੈ ਕਿ ਜੋ ਬੇਗਮਪੁਰਾ ਦਾ ਸੁਪਨਾ ਸੀ, ਉਹ ਵੀ ਸਾਕਾਰ ਹੁੰਦਾ ਦਿਖ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇੱਕ welfare Government ਦਾ ਸਭ ਤੋਂ ਵੱਡਾ ਫਰਜ਼ ਦੋ ਚੀਜ਼ਾਂ ਨਾਲ ਹੁੰਦਾ ਹੈ। ਸਭ ਤੋਂ ਪਹਿਲਾਂ ਸਿਹਤ ਅਤੇ ਦੂਸਰਾ ਸਿੱਖਿਆ, ਇਹ ਜੋ ਦੋ ਪਿੱਲਰ ਹਨ, ਮੈਂ ਸਮਝਦਾ ਹਾਂ ਕਿ ਜੋ ਸਾਡੀ ਸਰਕਾਰ ਦੀ ਇਮਾਰਤ ਹੈ, ਉਸ ਨੂੰ ਹੋਰ ਤਗੜਾ ਕਰਦੇ ਹਨ। ਜਦੋਂ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ, ਮਾਨ ਸਰਕਾਰ ਵੱਲੋਂ ਸਿਹਤ ਦੀ ਜੇ ਅਸੀਂ ਗੱਲ ਕਰੀਏ ਤਾਂ ਤਕਰੀਬਨ 881 ਆਮ ਆਦਮੀ ਕਲੀਨਿਕ ਸੂਬੇ ਵਿੱਚ ਬਹੁਤ ਵਧੀਆ ਤਰੀਕੇ ਨਾਲ ਚੱਲ ਰਹੇ ਹਨ। ਜਿੱਥੇ ਅਜੇ ਤੱਕ 5 ਕਰੋੜ ਮਰੀਜ਼ ਆਪਣਾ ਫਰੀ ਵਿੱਚ ਇਲਾਜ ਕਰਵਾ ਚੁੱਕੇ ਹਨ। ਆਮ ਆਦਮੀ ਕਲੀਨਿਕ ਦੇ ਇਸ ਅੰਕੜੇ ਨੂੰ ਇਸ ਵਿੱਤੀ ਸਾਲ ਵਿੱਚ 881 ਤੋਂ 1432 ਕਰ ਦਿੱਤਾ ਜਾਵੇਗਾ, ਜਿਸ ਲਈ ਮੈਂ ਮਾਨ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਸਿਹਤ ਯੋਜਨਾ ਇੱਕ ਇਸ ਤਰ੍ਹਾਂ ਦੀ ਸਕੀਮ ਹੈ, ਜਿਸ ਦਾ ਵਾਅਦਾ ਵੀ ਨਹੀਂ ਕੀਤਾ ਗਿਆ ਸੀ ਪਰ ਫਿਰ ਵੀ ਸਰਕਾਰ ਨੂੰ ਲੱਗਾ ਕਿ ਜਦੋਂ ਪਰਿਵਾਰ ਵਿੱਚ ਕੋਈ ਬਿਮਾਰ ਹੋ ਜਾਂਦਾ ਹੈ ਤਾ ਇੱਕ ਆਮ ਆਦਮੀ, ਇੱਕ ਗਰੀਬ ਘਰ ਦਾ ਆਦਮੀ ਆਪਣੀ ਜੇਬ ਵਿੱਚੋਂ ਇੰਨਾ ਖਰਚ ਕਰ ਰਿਹਾ ਹੈ ਤਾਂ ਉਸ ਲਈ ਸਰਕਾਰ ਨੇ ਹਰ ਪਰਿਵਾਰ ਲਈ 10 ਲੱਖ ਰੁਪਏ ਦਾ ਸਿਹਤ ਬੀਮਾ ਦਿੱਤਾ ਹੈ ਜੋ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਇਹ ਸਿਹਤ ਬੀਮਾ ਦਿੱਤਾ ਗਿਆ ਹੈ। ਉਸ ਲਈ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ। ਜੇ ਅਸੀਂ ਮੈਡੀਕਲ ਐਜੂਕੇਸ਼ਨ ਦੀ ਗੱਲ ਕਰੀਏ ਕਿਉਂਕਿ ਆਪ ਡਾਕਟਰ ਹੁੰਦੇ ਹੋਏ ਮੈਨੂੰ ਪਤਾ ਹੈ ਕਿ ਮੈਡੀਕਲ ਐਜੂਕੇਸ਼ਨ ਦੀ ਬਹੁਤ ਮਹੱਤਤਾ ਹੈ। ਇਸ ਲਈ ਪੰਜਾਬ ਵਿੱਚ ਬਹੁਤ ਸਾਰੇ ਮੈਡੀਕਲ ਕਾਲਜ ਖੋਲ੍ਹੇ ਜਾਣੇ ਹਨ ਜਿਸ ਵਿੱਚ ਮੇਰੇ ਆਪਣੇ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ 275 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਮੈਡੀਕਲ ਕਾਲਜ ਦੀ ਸਥਾਪਨਾ ਕੀਤੀ ਜਾਵੇਗੀ, ਜਿਸ ਦਾ ਕੁਝ ਦਿਨਾਂ ਵਿੱਚ ਨੀਂਹ ਪੱਥਰ ਰੱਖਿਆ ਜਾਵੇਗਾ। ਉਸ ਲਈ ਮੈਂ ਮਾਨ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜੇ ਅਸੀਂ ਸਿੱਖਿਆ ਦੀ ਗੱਲ ਕਰੀਏ, ਉਸ ਲਈ ਗੁਰਬਾਣੀ ਵਿੱਚ ਦਰਜ ਹੈ, *ਫੈਲੇ ਵਿੱਦਿਆ, ਚਾਨਣ ਹੋਇ।।* ਸਾਡੀ ਸਰਕਾਰ ਨੇ ਵਿੱਦਿਆ ਦੇ ਨਾਲ ਇਸ ਤਰ੍ਹਾਂ ਦਾ ਚਾਨਣ ਕੀਤਾ ਹੈ ਜੋ ਸਾਡਾ ਪੰਜਾਬ ਦਾ ਸੂਬਾ ਨੈਸ਼ਨਲ ਅਚੀਵਮੈਂਟ ਸਰਵੇ ਵਿੱਚ ਦੇਸ਼ ਵਿੱਚ ਪਹਿਲੇ ਨੰਬਰ ਤੇ ਹੈ। ਹੁਣ ਵੀ ਪੰਜਾਬ ਸਰਕਾਰ ਨੇ ਸਿੱਖਿਆ ਦਾ ਬੁਨਿਆਦੀ ਢਾਂਚਾ ਬਹੁਤ ਮਜ਼ਬੂਤ ਕਰ ਦਿੱਤਾ ਹੈ ਜਿੱਥੇ 99% ਤੋਂ ਜ਼ਿਆਦਾ ਸਰਕਾਰੀ ਸਕੂਲਾਂ ਦੇ ਬੇਸਿਕ

ਇਨਫ੍ਰਾਸਟਰੱਕਚਰ ਨੂੰ ਬਹੁਤ ਬਿਹਤਰ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਵੀ ਹੁਣ ਜੋ ਅਸੀਂ ਬਜਟ ਦੀ ਗੱਲ ਕਰੀਏ, ਜਿਸ ਵਿੱਚ ਸਿੱਖਿਆ ਨੂੰ 19,279/- ਕਰੋੜ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਉਸ ਲਈ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ।

**1505/Kuldeep kaur/Abhishek gautam**

**1510/Pawan sharma**

ਸਪੀਕਰ ਸਾਹਿਬ, ਇੱਕ ਬਹੁਤ ਜ਼ਰੂਰੀ ਤੇ ਬਹੁਤ ਵੱਡਾ ਬੋਝ ਇੱਕ ਗਰੀਬ ਘਰ ਦੇ ਪਰਿਵਾਰ ਉੱਤੇ ਪੈ ਜਾਂਦਾ ਸੀ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਹੁਣ ਬਿਜਲੀ ਦਾ ਬਿੱਲ ਆਉਣ ਵਾਲਾ ਹੈ। ਇਸ ਤਰ੍ਹਾਂ ਦੀ ਬਿਪਤਾ, ਟੈਨਸ਼ਨ ਉਨ੍ਹਾਂ ਤੇ ਪੈ ਜਾਂਦੀ ਸੀ ਅਤੇ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਸੀ ਕਿ ਕਿੱਥੋਂ ਇਹ ਪੈਸਾ ਲੈ ਕੇ ਆਈਏ? ਉਹ ਬਹੁਤ ਵੱਡਾ ਬੋਝ ਮਾਨ ਸਰਕਾਰ ਨੇ ਬਿਲਕੁਲ ਹਟਾ ਦਿੱਤਾ ਹੈ, ਖ਼ਤਮ ਕਰ ਦਿੱਤਾ ਹੈ। ਉਸ ਤੋਂ ਬਾਅਦ, ਮੈਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਰ ਹਲਕੇ ਲਈ, ਜੋ ਪਿਛਲੇ ਸਾਲ 5 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ, ਹੁਣ ਉਸ ਨੂੰ ਡਬਲ ਕਰਕੇ 10 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ, ਜਿਸ ਨਾਲ ਕਿ ਵੱਖ ਵੱਖ ਤਰੀਕਿਆਂ ਦੇ ਵਿਕਾਸ ਕਾਰਜ 'ਰੰਗਲਾ ਪੰਜਾਬ ਵਿਕਾਸ ਸਕੀਮ' ਅਧੀਨ ਕਰਵਾਏ ਜਾਣਗੇ। ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜੇ ਅਸੀਂ ਵਿਕਾਸ ਦੀ ਗੱਲ ਕਰੀਏ, ਤਾਂ ਅਸੀਂ ਸੜਕਾਂ ਦੀ ਗੱਲ ਕਰਦੇ ਹਾਂ, ਜਿਹੜੀ ਕਿ ਬਿਲਕੁਲ ਹੀ ਬੇਸਿਕ ਚੀਜ਼ ਹੁੰਦੀ ਹੈ। ਪਿਛਲੇ ਚਾਰ ਸਾਲਾਂ ਵਿੱਚ ਮਾਨ ਸਰਕਾਰ ਨੇ 45 ਹਜ਼ਾਰ ਕਿੱਲੋਮੀਟਰ ਦੀਆਂ ਸੜਕਾਂ, ਜੋ 16 ਹਜ਼ਾਰ 209 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਗਈਆਂ ਹਨ, ਦਾ ਜਾਲ ਪੂਰੇ ਪੰਜਾਬ ਵਿੱਚ ਵਿਛਾ ਦਿੱਤਾ ਗਿਆ ਹੈ ਅਤੇ ਇਸ ਵਾਰੀ ਵੀ ਤਕਰੀਬਨ 5400 ਕਰੋੜ ਰੁਪਏ ਦੀ ਲਾਗਤ ਨਾਲ ਹੋਰ ਸੜਕਾਂ ਅਤੇ ਪੁਲਾਂ ਦਾ ਨਿਰਮਾਣ ਕੀਤਾ ਜਾਵੇਗਾ। ਜਿਸ ਦੇ ਵਿੱਚ ਮੇਰੀ ਇੱਕ ਛੋਟੀ ਜਿਹੀ ਬੇਨਤੀ ਹੈ ਕਿ ਮੇਰੇ ਆਪਣੇ ਇਲਾਕੇ ਚੱਕ ਸਾਧੂ, ਨੌਨੈਤਪੁਰ, ਰੂਪੋਵਾਲ, ਜੈਜੋਂ, ਮੱਖਣਗੜ੍ਹ, ਮਾਂਝੀ ਤੇ ਕਹਾਰਪੁਰ ਦੇ ਕੁਝ ਪੁਲ ਬਣਨੇ ਰਹਿੰਦੇ ਹਨ, ਉਸ ਦੇ ਲਈ ਥੋੜ੍ਹੀ ਰਾਸ਼ੀ ਜ਼ਰੂਰ ਐਲੋਕੇਟ ਕੀਤੀ ਜਾਵੇ ਤਾਂ ਜੋ ਇਹ ਕੰਮ ਵਧੀਆ ਤਰੀਕੇ ਨਾਲ ਕਰਵਾ ਦਿੱਤੇ ਜਾਣ। ਜੇ ਅਸੀਂ ਗਰੀਬ ਅਤੇ ਐਸ.ਸੀ. ਵਿਦਿਆਰਥੀਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ 1 ਲੱਖ 65 ਹਜ਼ਾਰ ਵਿਦਿਆਰਥੀਆਂ ਨੂੰ 196 ਕਰੋੜ ਰੁਪਏ ਦੀ ਰਾਸ਼ੀ ਦਾ ਲਾਭ ਦਿੱਤਾ ਗਿਆ ਹੈ, ਜਿਸ ਦੇ ਨਾਲ ਉਹ ਉਚੇਰੀ ਸਿੱਖਿਆ ਲੈ ਸਕਦੇ ਹਨ ਅਤੇ ਆਪਣੇ ਭਵਿੱਖ ਨੂੰ ਹੋਰ ਬਿਹਤਰ ਕਰ ਸਕਦੇ ਹਨ। ਜੇਕਰ ਅਸੀਂ ਨਸ਼ਿਆਂ ਦੀ ਗੱਲ ਕਰੀਏ ਜਿਨ੍ਹਾਂ ਦਾ ਪਿਛਲੀਆਂ ਸਰਕਾਰਾਂ ਨੇ ਬੋਲਬਾਲਾ ਕੀਤਾ ਸੀ, ਨਸ਼ਿਆਂ ਦੀ ਗੰਗਾ ਵਹਾਈ ਸੀ, ਉਨ੍ਹਾਂ ਦੇ ਖ਼ਿਲਾਫ਼ ਪੰਜਾਬ ਸਰਕਾਰ ਦਾ ਬਹੁਤ ਵੱਡਾ ਯੁੱਧ 'ਯੁੱਧ ਨਸ਼ਿਆਂ ਵਿਰੁੱਧ' ਦੇ ਅਧੀਨ ਤਕਰੀਬਨ 36 ਹਜ਼ਾਰ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ 52 ਹਜ਼ਾਰ ਨਸ਼ਿਆਂ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਨਾਲ ਹੀ 33 ਹਜ਼ਾਰ ਕਿੱਲੋ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕੀਤੀ ਗਈ ਹੈ, ਜੋ ਕਿ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਇਤਿਹਾਸ ਵਿੱਚ ਇੱਕ ਬਹੁਤ ਵੱਡਾ ਮੀਲ ਪੱਥਰ ਹੈ। ਜੇਕਰ ਅਸੀਂ ਗੈਂਗਸਟਰਾਂ ਦੀ ਗੱਲ ਕਰੀਏ ਤਾਂ ਗੈਂਗਸਟਰਾਂ ਦੇ ਖ਼ਿਲਾਫ਼ ਵੀ ਆਪ੍ਰੇਸ਼ਨ ਪ੍ਰਹਾਰ ਦੇ ਤਹਿਤ ਬਹੁਤ ਵੱਡੇ ਆਪ੍ਰੇਸ਼ਨ ਉਨ੍ਹਾਂ ਦੇ ਖ਼ਿਲਾਫ਼ ਚੱਲ ਰਹੇ ਹਨ, ਜਿਸ ਨਾਲ ਉਨ੍ਹਾਂ ਨੂੰ ਕੰਟਰੋਲ ਕੀਤਾ ਜਾਵੇਗਾ। ਮੈਂ ਖ਼ੁਦ ਯੂਥ ਹੋਣ ਦੇ ਨਾਤੇ, ਮੇਰੀ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ

ਅਸੀਂ ਯੂਥ ਦੇ ਲਈ ਵੱਧ ਤੋਂ ਵੱਧ ਕੰਮ ਕਰੀਏ ਕਿਉਂਕਿ ਅਸੀਂ ਜੇਕਰ ਕਿਸੇ ਜਗ੍ਹਾ, ਏਰੀਏ ਜਾਂ ਸੂਬੇ ਦਾ ਜਿਸ ਚੀਜ਼ ਨੂੰ ਥੰਮ੍ਹ ਸਮਝਦੇ ਹਾਂ, ਉਹ ਯੂਥ ਹੁੰਦੇ ਹਨ। ਮੈਂ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪਿਛਲੇ ਵਿੱਤੀ ਸਾਲ ਤਿੰਨ ਹਜ਼ਾਰ ਪਲੇਅ ਗਰਾਊਂਡਾਂ ਦਾ ਨਿਰਮਾਣ ਕੀਤਾ ਹੈ ਤੇ ਹੁਣ ਉਸ ਨੂੰ ਡਬਲ ਕਰਕੇ ਇਸ ਵਿੱਤੀ ਸਾਲ ਵਿੱਚ 6 ਹਜ਼ਾਰ ਪਲੇਅ ਗਰਾਊਂਡਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ 5 ਹਜ਼ਾਰ ਇਨਡੋਰ ਜਿੰਮਾਂ ਦਾ ਵੀ ਨਿਰਮਾਣ ਕੀਤਾ ਜਾਵੇਗਾ ਅਤੇ ਇਸ ਲਈ ਬਜਟ ਤਕਰੀਬਨ 1791 ਕਰੋੜ ਰੁਪਏ ਰੱਖਿਆ ਗਿਆ ਹੈ। ਇਸ ਲਈ ਮੈਂ ਮਾਣਯੋਗ ਮੁੱਖ ਮੰਤਰੀ ਅਤੇ ਮਾਣਯੋਗ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਜਿਹੜਾ ਸਭ ਤੋਂ ਵੱਡਾ ਵਾਅਦਾ ਪੰਜਾਬ ਦੀਆਂ ਮਹਿਲਾਵਾਂ ਅਤੇ ਭੈਣਾਂ ਨਾਲ ਕੀਤਾ ਸੀ, ਉਹ ਕੱਲ੍ਹ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮੌਕੇ ਪੂਰਾ ਕੀਤਾ ਗਿਆ ਹੈ ਜੋ ਕਿ ਮਾਵਾਂ, ਭੈਣਾਂ ਦਾ ਸਤਿਕਾਰ ਬਣਦਾ ਸੀ, ਉਨ੍ਹਾਂ ਨੂੰ 1000-1000 ਰੁਪਏ ਅਤੇ ਐਸ.ਸੀ. ਭਾਈਚਾਰੇ ਦੀਆਂ ਮਹਿਲਾਵਾਂ ਲਈ 1500-1500 ਰੁਪਏ ਹਰ ਮਹੀਨੇ ਦਿੱਤੇ ਜਾਣਗੇ। ਇਸ ਦੇ ਨਾਲ ਸਿਰਫ਼ ਹਰ ਮਹਿਲਾ ਨੂੰ ਹੀ ਨਹੀਂ, ਹਰ ਘਰ ਵਿੱਚ ਜੇਕਰ ਘੱਟੋ ਘਟ ਦੋ ਮਹਿਲਾਵਾਂ ਹਨ ਜਾਂ ਦੋ ਤੋਂ ਜ਼ਿਆਦਾ ਮਹਿਲਾਵਾਂ ਹਨ ਤਾਂ ਉਨ੍ਹਾਂ ਨੂੰ ਘੱਟੋ ਘਟ ਦੋ ਹਜ਼ਾਰ ਤੋਂ ਲੈ ਕੇ ਤਕਰੀਬਨ 10 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜੇਕਰ ਮੈਂ ਆਪਣੇ ਰੰਗਲੇ ਪੰਜਾਬ ਜਾਂ ਬਦਲਦੇ ਪੰਜਾਬ ਦੀ ਗੱਲ ਕਰਾਂ ਤਾਂ ਉਸ ਦੇ ਤਹਿਤ ਜੋ ਮਨੁੱਖਤਾ ਹੈ, ਵੈਸੇ ਤਾਂ ਕਹਿੰਦੇ ਹਨ ਕਿ ਜਿਹੜਾ ਮਨੁੱਖ ਹੈ, ਉਹ ਬਹੁਤ ਜਲਦੀ ਚੀਜ਼ਾਂ ਭੁੱਲ ਜਾਂਦਾ ਹੈ ਪਰ ਅਸੀਂ ਪੰਜਾਬੀ ਹਾਂ, ਸਾਡੇ ਪੰਜਾਬੀ ਲੋਕ ਦੋ ਚੀਜ਼ਾਂ ਇੰਨੀਆਂ ਛੇਤੀ ਨਹੀਂ ਭੁੱਲਦੇ ਜਿਹੜੀ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬਹੁਤ ਧੂਮ-ਧਾਮ ਨਾਲ ਮਨਾਇਆ। ਬਹੁਤ ਸਾਰੇ ਲੋਕਾਂ ਵੱਲੋਂ ਵੀ ਇਸ ਨੂੰ ਬਹੁਤ ਵੱਡੀ ਸ਼ਰਧਾ ਨਾਲ ਮਨਾਇਆ ਗਿਆ ਸੀ। ਇਸ ਵਾਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੂਰਬ ਦਿਹਾੜੇ ਨੂੰ ਮਨਾਉਣ ਸਬੰਧੀ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਜਿਹੜੇ ਸ਼ਲਾਘਾਯੋਗ ਉਪਰਾਲੇ ਹਨ, ਉਹ ਪੰਜਾਬ ਦੇ ਲੋਕ ਨਹੀਂ ਭੁੱਲਦੇ।

**1510/Pawan sharma/BS khokhar**

**1515/Beant kaur**

ਦੂਜੀ ਗੱਲ ਜਿਹੜੀ ਪੰਜਾਬੀ ਨਹੀਂ ਭੁੱਲਦੇ, ਉਹ ਹਨ ਅਜਿਹੀਆਂ ਸਰਕਾਰਾਂ ਜਿਨ੍ਹਾਂ ਨੇ ਬੇਅਦਬੀਆਂ ਕੀਤੀਆਂ, ਗੁਰੂ ਘਰਾਂ ਦੀਆਂ ਜ਼ਮੀਨਾਂ ਅਤੇ ਲੰਗਰ ਦੀਆਂ ਸੁੱਕੀਆਂ ਰੋਟੀਆਂ ਵੇਚਣ ਵਾਲੀਆਂ ਸਰਕਾਰਾਂ, ਅਜਿਹੇ ਕੰਮ ਭੁੱਲਣਯੋਗ ਨਹੀਂ ਹਨ ਅਤੇ ਨਾ ਹੀ ਕਦੇ ਪੰਜਾਬ ਦੇ ਲੋਕ ਭੁੱਲਣਗੇ। ਸਾਡੀ ਵਿਰੋਧੀ ਧਿਰ ਦੇ ਮੈਂਬਰ, ਜਿਹੜੇ ਬਜਟ ਦੀ ਨਿੰਦਾ ਕਰ ਰਹੇ ਹਨ, ਉਨ੍ਹਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ - **ਆਪ ਨਾ ਦੇ ਚੁਲੂ ਭਰ ਪਾਨੀ, ਤਿਹ ਨਿੰਦੇ ਜਿਹ ਗੰਗਾ ਆਨੀ** ॥ ਜਦੋਂ ਆਪਣੀ ਵਾਰੀ ਸੀ, ਉਦੋਂ ਇਨ੍ਹਾਂ ਤੋਂ ਚੁੱਲੂ ਭਰ ਪਾਣੀ ਵੀ ਨਹੀਂ ਦਿੱਤਾ ਜਾਂਦਾ ਸੀ ਤੇ ਹੁਣ ਜਦੋਂ ਵਿਕਾਸ ਦੀ ਗੰਗਾ ਵਹਿ ਰਹੀ ਹੈ ਤਾਂ ਪ੍ਰਾਬਲਮ ਹੋ ਰਹੀ ਹੈ। ਮੈਂ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਵਧੀਆ ਅਤੇ ਸ਼ਾਨਦਾਰ ਬਜਟ ਪੇਸ਼ ਕੀਤਾ ਹੈ। (ਘੰਟੀ) ਇਸ ਬਜਟ ਤੋਂ ਇਹ ਵੀ ਸਪੱਸ਼ਟ ਹੈ ਕਿ ਬਿਜਲੀ ਦਾ ਬਿਲ ਕੌਣ ਦੇਵੇਗਾ - ਮਾਨ ਸਰਕਾਰ, ਬੱਚਿਆਂ ਨੂੰ ਕੌਣ ਪੜ੍ਹਾਏਗਾ - ਮਾਨ ਸਰਕਾਰ, ਬੱਚਿਆਂ ਨੂੰ ਖਿਡਾਰੀ ਕੌਣ ਬਣਾਏਗਾ - ਮਾਨ ਸਰਕਾਰ, ਬੱਚਿਆਂ ਨੂੰ ਨੌਕਰੀ ਕੌਣ ਦਿਵਾਏਗਾ - ਮਾਨ ਸਰਕਾਰ।

ਜੇ ਅਸੀਂ ਯੂਥ ਬਾਰੇ ਗੱਲ ਕਰੀਏ, ਯੂਥ ਨੂੰ ਕੌਣ ਬਿਹਤਰ ਕਰੇਗਾ - ਮਾਨ ਸਰਕਾਰ।

ਜੇ ਅਸੀਂ ਨਸ਼ਿਆਂ ਤੇ ਗੈਂਗਸਟਰਾਂ ਨੂੰ ਖਤਮ ਕਰਨ ਦੀ ਗੱਲ ਕਰੀਏ ਤਾਂ ਕੌਣ ਕਰੇਗਾ - ਮਾਨ ਸਰਕਾਰ, ਮਾਂਵਾਂ-ਧੀਆਂ ਦਾ ਸਤਿਕਾਰ ਕੌਣ ਕਰੇਗਾ - ਮਾਨ ਸਰਕਾਰ, ਸਾਰੀਆਂ ਗਰੰਟੀਆਂ ਨੂੰ ਕੌਣ ਪੂਰਾ ਕਰੇਗਾ - ਮਾਨ ਸਰਕਾਰ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਜ਼ਰੂਰੀ ਵਿਸ਼ੇ ਤੇ, ਬਹੁਤ ਇੰਪਾਰਟੈਂਟ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ (ਥੰਪਿੰਗ)

ਜੈ ਭੀਮ। ਜੈ ਭਾਰਤ। ਧੰਨਵਾਦ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)** : ਸਪੀਕਰ ਸਾਹਿਬ, ਜੋ ਤੁਹਾਡੇ ਵੱਲੋਂ ਮੈਨੂੰ ਇਜ਼ਾਜਤ ਹੋਈ ਹੈ, ਇਸ ਦਾ ਬਹੁਤ ਬਹੁਤ ਸ਼ੁਕਰੀਆ। ਬੀਤੀ ਕੱਲ੍ਹ ਪੰਜਾਬ ਦੇ ਲੋਕਾਂ ਲਈ ਸਾਡੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਪੰਜਾਬ ਸਰਕਾਰ ਵੱਲੋਂ ਜੋ ਬਜਟ ਪੇਸ਼ ਕੀਤਾ ਗਿਆ ਹੈ, ਉਸ ਤੇ ਬੋਲਣ ਲਈ ਮੈਂ ਖੜ੍ਹਾ ਹੋਇਆ ਹਾਂ। ਪੰਜਾਬ ਦੇ ਲੋਕਾਂ ਨੇ ਸਾਲ 2022 ਵਿੱਚ ਜਿਸ ਆਸ ਅਤੇ ਉਮੀਦ ਨਾਲ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਮੁੱਖ ਮੰਤਰੀ ਚੁਣਿਆ ਸੀ, ਬੀਤੀ ਕੱਲ੍ਹ ਜੋ ਬਜਟ ਇਸ ਵਿਧਾਨ ਸਭਾ ਵਿੱਚ ਪੇਸ਼ ਹੋਇਆ ਹੈ, ਉਹ ਬੜੇ ਸੰਜੀਦਾ ਤਰੀਕੇ ਨਾਲ ਅਤੇ ਅਹਿਮ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਦੇ ਲੋਕਾਂ ਲਈ ਇਸ ਸਾਲ ਦਾ ਬਜਟ ਪੇਸ਼ ਕੀਤਾ ਗਿਆ। ਜਿਸ ਵਿੱਚ ਪੰਜਾਬ ਦੇ ਮਜ਼ਦੂਰਾਂ ਲਈ, ਉਨ੍ਹਾਂ ਦੇ ਪਰਿਵਾਰਾਂ ਲਈ, ਕਿਸਾਨਾਂ ਲਈ, ਨੌਜਵਾਨਾਂ ਲਈ, ਬਜ਼ੁਰਗਾਂ ਲਈ, ਪੰਜਾਬ ਦੇ ਹਰ ਵਰਗ ਲਈ ਬਹੁਤ ਅਹਿਮ ਤਰੀਕੇ ਨਾਲ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ। ਕਲ੍ਹ ਅੰਤਰ ਰਾਸ਼ਟਰੀ ਮਹਿਲਾ ਦਿਵਸ ਮੌਕੇ ਸਾਡੀਆਂ ਪੰਜਾਬ ਦੀਆਂ ਮਾਵਾਂ-ਭੈਣਾਂ ਨੂੰ ਜਿਹੜਾ ਤੋਹਫਾ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਉਨ੍ਹਾਂ ਦੀ ਸਰਕਾਰ ਨੇ ਦਿੱਤਾ ਹੈ, ਮੈਂ ਉਸ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜਿਸ ਵਿੱਚ ਜਨਰਲ ਵਰਗ ਦੀਆਂ ਸਾਡੀਆਂ ਮਾਵਾਂ-ਭੈਣਾਂ ਲਈ ਹਰ ਮਹੀਨੇ 1000 ਰੁਪਏ ਦਾ ਵਾਅਦਾ ਕੀਤਾ ਗਿਆ ਸੀ, ਉਹ ਪੂਰਾ ਕੀਤਾ ਗਿਆ ਹੈ। ਇਸ ਤੋਂ ਇਕ ਕਦਮ ਅੱਗੇ ਜਾਂਦੇ ਹੋਏ ਸਰਦਾਰ ਹਰਪਾਲ ਚੀਮਾ ਜੀ ਅਤੇ ਭਗਵੰਤ ਮਾਨ ਜੀ ਨੇ ਸਾਡੀਆਂ ਦਲਿਤ ਵਰਗ ਦੀਆਂ ਮਾਵਾਂ-ਭੈਣਾਂ ਨੂੰ ਅਹਿਮ ਸਨਮਾਨ ਦੇਣ ਲਈ 1500 ਰੁਪਏ ਹਰ ਮਹੀਨੇ ਦੇਣ ਦਾ ਇਸ ਬਜਟ ਵਿੱਚ ਵਾਅਦਾ ਕੀਤਾ ਹੈ। ਅੱਜ ਇੱਥੇ ਵਿਰੋਧੀ ਧਿਰ ਵਾਲੇ ਕਹਿ ਰਹੇ ਹਨ ਕਿ ਪੰਜਾਬ ਨੂੰ ਜ਼ਮੀਨੀ ਪੱਧਰ ਤੇ ਜਾ ਕੇ ਦੇਖੋ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਜਾ ਕੇ ਪੰਜਾਬ ਨੂੰ ਜ਼ਮੀਨੀ ਪੱਧਰ ਤੇ ਦੇਖਣਾ ਚਾਹੀਦਾ ਹੈ। ਜੋ ਸੁਪਨਾ ਲੈ ਕੇ ਪੰਜਾਬ ਦੇ ਲੋਕਾਂ ਨੇ ਸਾਨੂੰ ਚੁਣਿਆ ਸੀ, ਇਸ ਬਜਟ ਵਿੱਚ ਉਹ ਸੁਪਨਾ ਪੂਰਾ ਹੁੰਦਾ ਦਿਖਾਈ ਦਿੱਤਾ ਹੈ। ਸਾਡੇ ਹਰੇਕ ਹਲਕੇ ਵਿੱਚ ਗਰਾਊਂਡ ਬਣ ਰਹੇ ਹਨ। ਸਾਡੇ ਨੌਜਵਾਨ, ਜਿਹੜੇ ਕਦੇ ਤਕੜੇ ਜੁੱਸੇ ਵਾਲੇ ਜਾਣੇ ਜਾਂਦੇ ਸੀ, ਜਿੱਥੇ ਘੋਲ-ਕਬੱਡੀਆਂ ਹੁੰਦੀਆਂ ਸਨ, ਉਨ੍ਹਾਂ ਨੌਜਵਾਨਾਂ ਨੂੰ ਮੁੜ ਖੇਡ ਗਰਾਊਂਡਾਂ ਵਿੱਚ ਲਿਆਉਣ ਵਾਸਤੇ ਬਹੁਤ ਵੱਡਾ ਬਜਟ ਰੱਖਿਆ ਗਿਆ ਹੈ।

**1515/Beant kaur/BS khokhar**

**1520/Karamjit kaur**

ਜੇ ਜ਼ਮੀਨ ਲੈਵਲ ਤੇ ਜਾ ਕੇ ਦੇਖਣਾ ਹੋਵੇ ਕਿ ਪੰਜਾਬ ਵਿੱਚ ਸਾਹਿਤ ਖੇਤਰ ਵਿੱਚ ਬਹੁਤ ਵੱਡੇ ਵੱਡੇ ਸਾਹਿਤਕਾਰ ਹੋਏ ਹਨ। ਉਨ੍ਹਾਂ ਨੂੰ ਹੋਰ ਵਧੀਆ ਤਰੀਕੇ ਨਾਲ ਲੋਕਾਂ ਨੂੰ ਸਾਹਿਤ ਨਾਲ ਜੋੜਨ ਲਈ ਹਰੇਕ ਪਿੰਡ ਵਿੱਚ ਲਾਇਬ੍ਰੇਰੀਆਂ ਉਸਾਰੀਆਂ ਜਾ ਰਹੀਆਂ ਹਨ ਤਾਂ ਕਿ ਪੰਜਾਬ ਦੇ ਨੌਜਵਾਨ ਬੱਚੇ ਬੱਚੀਆਂ ਚੰਗੇ ਸਾਹਿਤ ਨਾਲ ਜੁੜ ਕੇ ਤੇ ਚੰਗੀਆਂ ਕਿਤਾਬਾਂ ਪੜ੍ਹ ਕੇ ਆਪਣੇ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਤੇ ਗੌਰਵ ਅਤੇ ਮਾਣ ਕਰ ਸਕਣ। ਪਰ ਉਸ ਦੇ ਨਾਲ ਨਾਲ ਸਾਡੇ ਆਮ ਲੋਕਾਂ ਦੀ ਇੱਕ ਬਹੁਤ ਵੱਡੀ ਦਿੱਕਤ ਸੀ ਕਿ ਗਰੀਬ ਪਰਿਵਾਰ ਜਾਂ ਮੱਧ ਵਰਗੀ ਪਰਿਵਾਰ ਉੱਤੇ ਕਦੇ ਕੋਈ ਵੱਡੀ ਬਿਮਾਰੀ ਦੀ ਸਮੱਸਿਆ ਆਣ ਖੜ੍ਹੀ ਹੁੰਦੀ ਸੀ, ਅਸੀਂ ਉਨ੍ਹਾਂ ਘਰਾਂ ਵਿੱਚੋਂ ਉਠ ਕੇ ਆਏ ਹਾਂ, ਜਿੱਥੇ ਲੋਕਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੇ ਇਲਾਜ ਵਾਸਤੇ ਪਿੰਡ ਵਿੱਚੋਂ ਉਗਰਾਹੀਆਂ ਕਰਨੀਆਂ ਪੈਂਦੀਆਂ ਸੀ। ਇਲਾਜ ਵਾਸਤੇ ਲੋਕਾਂ ਅੱਡੇ ਝੋਲੀਆਂ ਅੱਡਣੀਆਂ ਪੈਂਦੀਆਂ ਸੀ। ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਮੁੱਖ ਮੰਤਰੀ, ਸ੍ਰੀ ਭਗਵੰਤ ਮਾਨ ਜੀ ਨੇ ਸਾਡੇ ਲੋਕਾਂ ਦੀ ਉਸ ਸਮੱਸਿਆ ਨੂੰ ਦੇਖਦੇ ਹੋਏ ਸਿਹਤ ਬੀਮਾ ਯੋਜਨਾ ਤਹਿਤ ਜਿਹੜਾ 10-10 ਲੱਖ ਰੁਪਏ ਦਾ ਸਿਹਤ ਕਾਰਡ ਹੈ, ਉਹ ਹਰ ਇੱਕ ਪਰਿਵਾਰ ਨੂੰ ਬਣਾ ਕੇ ਦਿੱਤਾ ਹੈ। ਮੈਂ ਇਸ ਸਦਨ ਨੂੰ ਦੱਸਣਾ ਚਾਹਾਂਗਾ ਕਿ ਸਾਡੇ ਭਦੌੜ ਸ਼ਹਿਰ ਦੀ ਇੱਕ ਤਕਰੀਬਨ 60 ਸਾਲਾ ਮਾਤਾ ਕਈ ਮਹੀਨਿਆਂ ਤੋਂ ਇਲਾਜ ਵਾਸਤੇ ਦਰ ਦਰ ਠੋਕਰਾਂ ਖਾ ਰਹੀ ਸੀ ਪਰ ਇਹ ਕਾਰਡ ਬਣਨ ਦੇ ਨਾਲ ਚਾਰ ਦਿਨ ਪਹਿਲਾਂ ਉਨ੍ਹਾਂ ਦੇ ਦਿਲ ਦਾ ਉਪਰੇਸ਼ਨ ਹੋਇਆ ਅਤੇ ਉਹ ਸਫ਼ਲਤਾ ਪੂਰਵਕ ਉਪਰੇਸ਼ਨ ਕਰਵਾ ਕੇ ਅੱਜ ਆਪਣੇ ਬੱਚਿਆਂ ਵਿੱਚ ਆਪਣੇ ਘਰੇ ਬੈਠੀ ਹੈ । (ਥੰਪਿੰਗ) ਮੈਂ ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਦਾ ਇਸ 10 ਲੱਖ ਰੁਪਏ ਦੇ ਸਿਹਤ ਬੀਮਾ ਕਾਰਡ ਦੇ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿਉਂਕਿ ਅਸੀਂ ਸਾਡੇ ਪਰਿਵਾਰਾਂ ਦੇ ਸਾਡੇ ਚਾਚੇ ਤਾਇਆਂ ਨੂੰ ਬਿਨਾਂ ਇਲਾਜ ਤੋਂ ਜਾਂਦੇ ਹੋਏ ਦੇਖਿਆ ਹੈ। ਸ਼ਾਇਦ ਜਿਨ੍ਹਾਂ ਨੇ ਅਜਿਹਾ ਕੁਝ ਨਹੀਂ ਦੇਖਿਆ, ਉਨ੍ਹਾਂ ਦੇ ਲਈ ਇਹ ਚੀਜ਼ ਮਾਇਨੇ ਨਾ ਰੱਖਦੀ ਹੋਵੇ ਪਰ ਜਿਹੜੇ ਸਾਡੇ ਮਜ਼ਦੂਰ ਹਨ, ਛੋਟੇ ਕਿਸਾਨ ਹਨ, ਮੱਧ ਵਰਗੀ ਲੋਕ ਹਨ, ਉਨ੍ਹਾਂ ਲਈ ਇਹ ਸਿਹਤ ਯੋਜਨਾ ਬੜੀ ਕਾਰਗਰ ਸਿੱਧ ਹੋ ਰਹੀ ਹੈ।

ਇਸ ਦੇ ਨਾਲ ਨਾਲ ਮੈਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਮੁੱਖ ਮੰਤਰੀ, ਸ੍ਰੀ ਭਗਵੰਤ ਮਾਨ ਜੀ ਦਾ ਇਸ ਗੱਲੋਂ ਤਹਿ ਦਿਲੋਂ ਧੰਨਵਾਦ ਕਰਨਾ ਚਾਹਾਂਗਾ ਕਿ ਪੰਜਾਬ ਵਿੱਚ ਪਹਿਲਾਂ ਐਮ.ਐਲ.ਏ./ਵਿਧਾਇਕ ਲਈ ਕੋਈ ਬਜਟ ਨਹੀਂ ਹੁੰਦਾ ਸੀ ਪਰ ਪਿਛਲੇ ਸਾਲ ਸਾਨੂੰ 5-5 ਕਰੋੜ ਰੁਪਏ ਦਾ ਬਜਟ ਦਿੱਤਾ ਗਿਆ, ਉਸ ਨਾਲ ਅਸੀਂ ਆਪਣੇ ਹਲਕਿਆਂ ਦਾ ਬਹੁਤ ਵਧੀਆ ਤਰੀਕੇ ਨਾਲ ਵਿਕਾਸ ਕਰਵਾ ਰਹੇ ਸੀ। ਜੋ ਵੈਸੇ ਪੈਸੇ ਆਉਂਦੇ ਹਨ, ਉਨ੍ਹਾਂ ਤੋਂ ਇਲਾਵਾ ਇਹ ਪੈਸਾ ਦਿੱਤਾ ਗਿਆ ਸੀ। ਮੈਂ ਇਸ ਵਾਸਤੇ ਰਿਣੀ ਵੀ ਹਾਂ ਅਤੇ ਤਹਿ ਦਿਲੋਂ ਸਾਰੀ ਵਿਧਾਨ ਸਭਾ ਵੱਲੋਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਸ ਬਜਟ ਨੂੰ 5 ਕਰੋੜ ਤੋਂ ਵਧਾ ਕੇ 10 ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਇਸ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। (ਥੰਪਿੰਗ)

ਜਦੋਂ ਤੋਂ ਅਸੀਂ ਸਰਕਾਰ ਵਿੱਚ ਆਏ ਹਾਂ, ਸਾਡੇ ਆਮ ਲੋਕਾਂ ਦੀ ਇੱਕ ਬਹੁਤ ਵੱਡੀ ਸਮੱਸਿਆ ਸੀ ਕਿ ਜਿਹੜੀਆਂ ਭੈਣਾਂ ਸਾਡੇ ਪਿੰਡਾਂ ਵਿੱਚ ਨੂੰਹਾਂ ਬਣ ਕੇ ਆਈਆਂ, ਉਨ੍ਹਾਂ ਦੇ 9-10 ਸਾਲਾਂ ਦੇ ਬੱਚੇ ਵੀ ਹੋ ਗਏ ਸੀ ਪਰ ਰਾਸ਼ਨ ਕਾਰਡ ਵਿੱਚ ਉਨ੍ਹਾਂ ਦੇ ਨਾਮ ਦਰਜ ਨਹੀਂ ਹੋ ਰਹੇ ਸੀ ਜਾਂ ਜਿਨ੍ਹਾਂ ਦੇ ਪਰਿਵਾਰ ਅੱਡ ਹੋ ਗਏ ਸੀ, ਉਨ੍ਹਾਂ ਦੇ ਰਾਸ਼ਨ ਕਾਰਡ ਨਹੀਂ ਬਣ ਰਹੇ ਸੀ, ਉਸ ਸਮੱਸਿਆ ਨੂੰ ਦੇਖਦੇ ਹੋਏ ਵਿੱਤ ਮੰਤਰੀ ਜੀ ਅਤੇ ਮੁੱਖ ਮੰਤਰੀ ਜੀ ਵੱਲੋਂ ਕੱਲ੍ਹ

ਬਜਟ ਵਿੱਚ ਇਸ ਵਾਸਤੇ ਅਹਿਮ ਬਜਟ ਰੱਖਿਆ ਗਿਆ ਕਿ ਮੇਰੀ ਰਸੋਈ ਯੋਜਨਾ ਤਹਿਤ ਨਵੇਂ 40 ਲੱਖ ਪਰਿਵਾਰਾਂ ਨੂੰ ਰਾਸ਼ਨ ਦੀਆਂ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸਾਡੇ ਮਜ਼ਦੂਰ ਪਰਿਵਾਰਾਂ ਲਈ ਬਹੁਤ ਵੱਡੀ ਯੋਜਨਾ ਬਣ ਕੇ ਆਈ ਹੈ ਤਾਂ ਕਿ ਸਾਡੇ ਲੋਕ ਇਸ ਤੋਂ ਫਾਇਦਾ ਲੈ ਸਕਣ।

ਜੇ ਪੰਜਾਬ ਦੀ ਸਿੱਖਿਆ ਖੇਤਰ ਵਿੱਚ ਗੱਲ ਕਰੀਏ, ਅਸੀਂ ਸਿੱਖਿਆ ਵਿੱਚ ਇੱਕ ਨੰਬਰ ਉੱਤੇ ਆਏ ਹਾਂ। ਸਿੱਖਿਆ ਦਾ ਬਜਟ ਪਿਛਲੇ ਸਾਲ ਨਾਲੋਂ 7 ਪਰਸੈਂਟ ਹੋਰ ਵਧਾ ਦਿੱਤਾ ਗਿਆ ਹੈ। (ਘੰਟੀ)

ਜੇ ਅਸੀਂ ਸਿਹਤ ਦੀ ਗੱਲ ਕਰੀਏ, ਚਾਹੇ ਆਮ ਆਦਮੀ ਕਲੀਨਿਕ ਲਗਾ ਲਈਏ, ਚਾਹੇ ਜਿਹੜੇ ਸਿਹਤ ਬੀਮਾ ਕਾਰਡ ਬਣ ਰਹੇ ਹਨ, ਉਹ ਲਗਾ ਲਈਏ, ਅੱਜ ਜਿਹੜੇ ਲੋਕ ਜਿਨ੍ਹਾਂ ਨੇ ਪੰਜਾਬ ਵਾਸਤੇ ਪਹਿਲਾਂ ਕੁਝ ਨਹੀਂ ਕੀਤਾ, ਬੇਸ਼ੱਕ ਉਨ੍ਹਾਂ ਦੇ ਵਜ਼ੀਰਾਂ ਨੇ ਸਾਡੇ ਐਸ.ਸੀ. ਵਿਦਿਆਰਥੀਆਂ ਦੇ ਵਜ਼ੀਫੇ ਖਾਧੇ ਹਨ ਪਰ ਅੱਜ ਉਹ ਸਾਡੇ ਤੇ ਉਂਗਲੀ ਖੜ੍ਹੀ ਕਰਦੇ ਹਨ। ਮੈਂ ਸਦਨ ਵਿੱਚ ਦੱਸਣਾ ਚਾਹਾਂਗਾ ਕਿ ਇਸ ਬਜਟ ਵਿੱਚ ਸਾਡੇ ਦਲਿਤ ਪਰਿਵਾਰਾਂ ਲਈ, ਐਸ.ਸੀ. ਪਰਿਵਾਰਾਂ ਲਈ 35 ਪਰਸੈਂਟ ਤੋਂ ਵੱਧ ਹਿੱਸਾ ਰੱਖਿਆ ਗਿਆ ਹੈ। ਮੈਂ ਇਸ ਵਾਸਤੇ ਵਿੱਤ ਮੰਤਰੀ ਦਾ ਔਰ ਮੁੱਖ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। (ਥੰਪਿੰਗ)

**1525/harpreet singh**

ਮੈਂ ਇਕੋ ਚੀਜ਼ ਕਹਿਣਾ ਚਾਹਾਂਗਾ। ਇੱਥੇ ਮਾਣਯੋਗ ਮੈਂਬਰ ਸਾਹਿਬ ਚਲੇ ਗਏ ਹਨ, ਜਿਹੜੇ ਕਹਿੰਦੇ ਸੀ ਕਿ ਜ਼ਮੀਨ ਤੇ ਜਾ ਕੇ ਵੇਖ ਲਓ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜ਼ਮੀਨ ਤੇ ਜਾ ਕੇ ਵੇਖ ਲਓ ਕਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਨਵੀਆਂ ਕੱਸੀਆਂ, ਨਵੇਂ ਰਜਬਾਹੇ, ਨਵੀਆਂ ਪਾਈਪ ਲਾਈਨਾਂ ਅਤੇ ਨਵੇਂ ਖਾਲ਼ ਬਣਾਏ ਹਨ ਤਾਂ ਕਿ ਕਿਸਾਨ ਦੇ ਹਰ ਖੇਤ ਤੱਕ ਪਾਣੀ ਪਹੁੰਚ ਸਕੇ। ਤੁਸੀਂ ਜ਼ਮੀਨ ਤੇ ਜਾ ਕੇ ਵੇਖ ਲਓ ਕਿ ਕਿਵੇਂ 45-45 ਸਾਲਾਂ ਤੋਂ ਸਾਡੇ ਪਿੰਡਾਂ ਵਿਚ ਸੜਕਾਂ ਨਹੀਂ ਸੀ ਬਣ ਰਹੀਆਂ, ਅੱਜ ਸੜਕਾਂ ਦਾ ਜਾਲ ਵਿਛ ਰਿਹਾ ਹੈ। ਤੁਸੀਂ ਜ਼ਮੀਨ ਤੇ ਜਾ ਕੇ ਵੇਖ ਲਓ ਕਿ ਸਾਡੇ ਪਿੰਡਾਂ ਵਿਚ 63 ਹਜ਼ਾਰ ਤੋਂ ਵੱਧ ਨੌਜੁਆਨਾਂ ਨੂੰ ਬਿਨਾ ਰਿਸ਼ਵਤ ਅਤੇ ਬਿਨਾ ਸਿਫ਼ਾਰਸ਼ ਤੋਂ ਨੌਕਰੀ ਮਿਲੀ ਹੈ। ਤੁਸੀਂ ਆਪਣੇ ਚਿਹਰੇ ਅਤੇ ਆਪਣੀਆਂ ਅੱਖਾਂ ਤੋਂ ਸਿਆਸਤ ਦਾ ਸ਼ੀਸ਼ਾ ਉਤਾਰ ਕੇ ਵੇਖੋ ਕਿ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ, ਕੈਬਨਿਟ ਦੀ, ਉਨ੍ਹਾਂ ਦੀ ਟੀਮ ਦੀ ਰਹਿਨੁਮਾਈ ਹੇਠ ਪੰਜਾਬ ਕਿਵੇਂ ਅੱਗੇ ਵੱਧ ਰਿਹਾ ਹੈ, ਫੁੱਲ ਰਿਹਾ ਹੈ ਅਤੇ ਤਰੱਕੀ ਕਰ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਉਹ ਚੀਜ਼ ਹਜ਼ਮ ਨਹੀਂ ਹੁੰਦੀ, ਜਿਨ੍ਹਾਂ ਨੇ ਸਾਡੇ ਲੋਕਾਂ ਦੇ ਰਾਸ਼ਨ ਦੇ ਪੈਸੇ ਖਾਏ, ਸ਼ਹੀਦਾਂ ਦੇ ਕਫ਼ਨਾਂ ਦੇ ਪੈਸੇ ਖਾਏ, ਐਸ.ਸੀ. ਵਿਦਿਆਰਥੀਆਂ ਦੇ ਵਜ਼ੀਫੇ ਖਾਏ। ਸੋ, ਮੈਂ ਇਕ ਵਾਰ ਫਿਰ ਸਾਡੇ ਵਿੱਤ ਮੰਤਰੀ ਜੀ ਦਾ ਅਤੇ ਮਾਣਯੋਗ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੇ ਹਰ ਇਕ ਵਰਗ ਨੂੰ, ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਹਰ ਬੰਦੇ ਨੂੰ ਧਿਆਨ ਵਿਚ ਰੱਖ ਕੇ ਇਹ ਬਜਟ ਬਣਾਇਆ। ਇਸੇ ਸਾਲ ਵਿਚ ਪੰਜਾਬ ਹੋਰ ਅੱਗੇ ਵਧੇਗਾ, ਤਰੱਕੀਆਂ ਮਾਣੇਗਾ ਅਤੇ ਰੰਗਲਾ ਪੰਜਾਬ ਬਹੁਤ ਜਲਦ ਬਣ ਕੇ ਲੋਕਾਂ ਦੇ ਸਾਹਮਣੇ ਆਵੇਗਾ। ਬਹੁਤ ਬਹੁਤ ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਸਾਡੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ ਨੇ 2 ਲੱਖ 60 ਹਜ਼ਾਰ 437 ਕਰੋੜ ਦਾ ਬਜਟ ਸਾਲ 2026-27 ਲਈ ਸਦਨ ਵਿਚ ਪੇਸ਼ ਕੀਤਾ ਹੈ। ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿਉਂਕਿ ਇਨ੍ਹਾਂ ਨੇ ਸਿਹਤ ਤੇ ਸਿੱਖਿਆ ਲਈ ਬਹੁਤ ਵੱਡਾ ਬਜਟ ਰੱਖਿਆ ਹੈ। ਰੰਗਲਾ ਪੰਜਾਬ ਵਿਕਾਸ ਸਕੀਮ ਤਹਿਤ 10 ਕਰੋੜ ਰੁਪਏ ਰੱਖੇ ਹਨ। ਪਿਛਲੀ ਵਾਰ ਵੀ 5 ਕਰੋੜ ਰੱਖਿਆ ਸੀ। ਮੇਰੀ ਤੁਹਾਡੇ ਮਾਧਿਅਮ ਰਾਹੀਂ ਵਿੱਤ ਮੰਤਰੀ ਜੀ ਨੂੰ ਬੇਨਤੀ ਹੈ ਕਿ ਸਾਡੇ ਹਲਕਿਆਂ ਵਿਚ ਵੀ ਇਹ ਰੰਗਲਾ ਪੰਜਾਬ ਸਕੀਮ ਲਾਗੂ ਕੀਤੀ ਜਾਵੇ। ਸਾਡੇ ਹਲਕੇ ਦੇ ਲੋਕ ਵੀ ਸਰਕਾਰ ਦੀ ਇਸ ਸਕੀਮ ਦਾ ਫਾਇਦਾ ਲੈ ਸਕਣ। ਸਪੀਕਰ ਸਾਹਿਬ, ਅੱਜ ਦੇ ਇਸ ਬਜਟ ਵਿਚ ਸਿਹਤ ਸਹੂਲਤਾਂ ਦੀ ਰਾਹਤ ਦਾ ਜ਼ਿਕਰ ਕੀਤਾ ਗਿਆ, ਸਿੱਖਿਆ ਦੇ ਖੇਤਰ ਵਿਚ, ਸੜਕਾਂ, ਖੇਤੀਬਾੜੀ, ਪਸ਼ੂ ਪਾਲਣ, ਨਹਿਰੀ ਵਿਭਾਗ, ਬਿਜਲੀ, ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ, ਪੰਚਾਇਤੀ ਰਾਜ, ਸਥਾਨਕ ਸਰਕਾਰਾਂ, ਫੂਡ ਸਪਲਾਈ, ਫਾਰੈਸਟ, ਬਾਗਬਾਨੀ, ਟਰਾਂਸਪੋਰਟ ਅਤੇ ਵੱਖ ਵੱਖ ਖੇਤਰਾਂ ਵਿਚ ਬਹੁਤ ਵੱਡੇ ਬਜਟ ਦੀ ਐਲੋਕੇਸ਼ਨ ਹੋਈ ਹੈ। ਕਿਲਾ ਰਾਏਪੁਰ ਵਿਚ ਲੰਬੇ ਸਮੇਂ ਤੋਂ ਬੰਦ ਪਈਆਂ ਰਵਾਇਤੀ ਖੇਡਾਂ ਨੂੰ ਚਾਲੂ ਕੀਤਾ ਗਿਆ ਹੈ। ਕੱਲ੍ਹ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਾਡੀਆਂ ਭੈਣਾਂ ਨੂੰ ਹਜ਼ਾਰ ਰੁਪਿਆ ਅਤੇ 1500 ਰੁਪਿਆ ਦਿੱਤਾ ਹੈ, ਉਸ ਦਾ ਮੈਂ ਜਿੱਥੇ ਧੰਨਵਾਦ ਵੀ ਕਰਦਾ ਹਾਂ ਉੱਥੇ ਇਕ ਅਪੀਲ ਵੀ ਕਰਦਾ ਹਾਂ ਕਿ ਸਾਡੀਆਂ ਓ.ਬੀ.ਸੀ. ਜਮਾਤ ਦੀਆਂ ਭੈਣਾਂ ਨੂੰ ਵੀ 1500 ਰੁਪਏ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ 10 ਲੱਖ ਰੁਪਏ ਦੇ ਇਲਾਜ ਕਾਰਡ ਆਮ ਪਰਿਵਾਰਾਂ ਲਈ ਇਕ ਬਹੁਤ ਵੱਡੀ ਰਾਹਤ ਬਣ ਕੇ ਆਵੇਗਾ ਕਿਉਂਕਿ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਦੇ ਲਈ ਐਨੇ ਪੈਸੇ ਖਰਚ ਹੁੰਦੇ ਹਨ ਕਿ ਆਮ ਪਰਿਵਾਰ ਤਬਾਹ ਹੋ ਜਾਂਦੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਡੇ ਸਤਿਕਾਰਯੋਗ ਸਿਹਤ ਮੰਤਰੀ ਜੀ ਕੋਈ ਇਸ ਤਰ੍ਹਾਂ ਦੀ ਪਾਲਿਸੀ ਬਣਾਉਣ ਕਿ ਜਿਹੜੇ ਪ੍ਰਾਈਵੇਟ ਹਸਪਤਾਲ ਲੋਕਾਂ ਦੀ ਲੁੱਟ ਖਸੁੱਟ ਕਰ ਰਹੇ ਹਨ, ਉਨ੍ਹਾਂ ਵੱਲ ਜ਼ਰੂਰ ਧਿਆਨ ਦੇਣ। ਮਾਣਯੋਗ ਸਪੀਕਰ ਸਾਹਿਬ, ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ 650 ਸਾਲਾ ਸ਼ਤਾਬਦੀ, ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਵਿਖੇ ਸ਼ੁਰੂਆਤ ਕੀਤੀ। ਮੀਨਾਰ ਏ ਬੇਗਮਪੁਰਾ, ਜਿੱਥੇ ਇਹ ਪ੍ਰੋਗਰਾਮ ਕੀਤਾ ਗਿਆ, ਗੁਰੂ ਸਾਹਿਬ ਉਸ ਧਰਤੀ ਤੇ ਲਗਭਗ 3 ਸਾਲ ਕੁਝ ਮਹੀਨੇ ਰਹੇ। ਉੱਥੇ ਨੂੰ ਜਾਣ ਵਾਲੀਆਂ ਸੜਕਾਂ ਅਤੇ ਪਹੁੰਚਣ ਵਾਲਾ ਰਸਤਾ ਬੜਾ ਮਾੜਾ ਹੈ। ਜਦੋਂ ਕੋਈ ਪ੍ਰੋਗਰਾਮ ਹੁੰਦਾ ਹੈ ਤਾਂ ਹਰ ਸਾਲ ਉਨ੍ਹਾਂ ਸੜਕਾਂ ਤੇ ਕਈ ਜਾਨਾਂ ਜਾਂਦੀਆਂ ਹਨ, ਕਈ ਹਾਦਸੇ ਹੁੰਦੇ ਹਨ। ਜਿਹੜਾ ਬੇਗਮਪੁਰਾ ਪ੍ਰਾਜੈਕਟ ਬਣਿਆ ਸੀ, ਉਸ ਵਿਚ ਬੀਣੇਵਾਲ ਤੋਂ ਲੈ ਕੇ ਖੁਰਾਲਗੜ੍ਹ ਦੀ ਧਰਤੀ ਤੱਕ 5 ਕਿਲੋਮੀਟਰ ਦੀ ਸੜਕ ਸੀ, ਉਸ ਨੂੰ ਵੀ ਇਸ ਵਿਚ ਪਾ ਕੇ ਦੁਬਾਰਾ ਬਣਾਇਆ ਜਾਵੇ ਅਤੇ ਸ਼ਹੀਦ -ਏ-ਆਜ਼ਮ, ਸਰਦਾਰ ਭਗਤ ਸਿੰਘ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਨਾਂ ਤੇ ਫੋਟੋ ਲਗਾ ਕੇ ਆਪਾਂ ਪੂਰੇ ਪੰਜਾਬ ਦੇ ਲੋਕਾਂ ਨੂੰ ਜਿਹੜਾ ਫਾਇਦਾ ਦੇ ਰਹੇ ਹਾਂ, ਸਰਦਾਰ ਭਗਤ ਸਿੰਘ ਜੀ ਨੇ ਕੋਲੇ ਦੇ ਨਾਲ ਜੇਲ੍ਹ ਦੇ ਅੰਦਰ ਲਿਖਿਆ ਸੀ ਕਿ ਇਨ੍ਹਾਂ ਗਰੀਬਾਂ ਨੂੰ ਜਿਹੜੀਆਂ ਸੁੱਖ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

**1525/harpreet singh/Rajneesh kumar**

**1530/amandeep kaur**

ਬਾਬਾ ਸਾਹਿਬ ਸ੍ਰੀ ਭੀਮ ਰਾਓ ਅੰਬੇਦਕਰ ਜਿਨ੍ਹਾਂ ਦੇ ਨਾਂ ਤੇ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਜਦੋਂ ਯੂ.ਪੀ. ਦੇ ਅੰਦਰ ਆਈ ਤਾਂ ਸੰਤ ਕਬੀਰ ਜੀ ਦੇ ਨਾਂ ਤੇ ਜ਼ਿਲ੍ਹਾ ਬਣਾਇਆ ਗਿਆ ਤੇ ਗੁਰੂ ਰਵਿਦਾਸ ਜੀ ਦੇ ਨਾਂ ਤੇ ਜ਼ਿਲ੍ਹਾ ਬਣਾਇਆ ਗਿਆ, ਮਹਾਤਮਾ ਬੁੱਧ ਜੀ ਦੇ ਨਾਂ ਅਤੇ ਸ਼ਹੀਦ-ਏ-ਆਜ਼ਮ, ਸਰਦਾਰ ਊਧਮ ਸਿੰਘ ਜੀ ਦੇ ਨਾਂ ਤੇ ਜ਼ਿਲ੍ਹਾ ਬਣਾਇਆ ਗਿਆ। ਮੇਰੀ ਤੁਹਾਨੂੰ ਬੇਨਤੀ ਹੈ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਰ ਦੇ ਨਾਂ ਤੇ ਕੋਈ ਸੰਸਥਾ ਜਾਂ ਸਮਾਰਕ ਬਣਾਇਆ ਜਾਵੇ। ਸਾਹਿਬ ਸ੍ਰੀ ਕਾਂਸ਼ੀ ਰਾਮ ਜਿਹੜੇ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਜਿਨ੍ਹਾਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੂੰ ਇਸ ਦੁਨੀਆ ਦੇ ਅੰਦਰ ਦੁਬਾਰਾ ਪੈਦਾ ਕੀਤਾ, ਉਨ੍ਹਾਂ ਦੇ ਨਾਂ ਤੇ ਵੀ ਕੋਈ ਸਮਾਰਕ ਬਣਾਈ ਜਾਵੇ। ਮੈਂ, ਸਪੀਕਰ ਸਾਹਿਬ, ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਮੈਨੂੰ ਤੁਸੀਂ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਬਹੁਤ ਬਹੁਤ ਧੰਨਵਾਦ। ਮਿਹਰਬਾਨੀ। ਜੈ ਭੀਮ, ਜੈ ਭਾਰਤ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ):** ਬਹੁਤ ਧੰਨਵਾਦ ਮਾਣਯੋਗ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਸਾਲ 2026-27 ਦੇ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਮਾਣਯੋਗ ਸਪੀਕਰ ਸਾਹਿਬ, ਮੈਂ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਾਡੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਸਾਲ 2022 ਵਿੱਚ ਜਿੰਨੀਆਂ ਵੀ ਗਾਰੰਟੀਆਂ ਦਿੱਤੀਆਂ ਸਨ ਉਹ ਇਨ੍ਹਾਂ 4 ਸਾਲਾਂ ਦੇ ਵਿੱਚ ਪੂਰੀਆਂ ਕਰ ਦਿੱਤੀਆਂ। ਉਸ ਦੇ ਵਿੱਚ ਉਨ੍ਹਾਂ ਨੇ ਸਾਡੀ ਮਹਿਲਾਵਾਂ ਨੂੰ, ਮਾਵਾਂ ਨੂੰ ਜੋ ਗਾਰੰਟੀ ਦਿੱਤੀ ਸੀ ਕਿ ਹਰ ਮਹਿਲਾ ਨੂੰ 1000 ਰੁਪਿਆ ਸਨਮਾਨ ਰਾਸ਼ੀ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ। ਇਹ ਰਾਸ਼ੀ ਕੱਲ੍ਹ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਤੇ ਸਾਡੀਆਂ ਮਾਵਾਂ ਨੂੰ ਮਹਿਲਾਵਾਂ ਨੂੰ ਅਨਾਊਂਸ ਕਰ ਦਿੱਤੀ ਗਈ ਹੈ। ਮੈਂ ਉਸ ਦੇ ਲਈ ਸਾਡੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਸਾਡੇ ਮੰਤਰੀ ਬਲਜੀਤ ਕੌਰ ਜੀ ਦਾ ਵੀ ਧੰਨਵਾਦ ਕਰਦੀ ਹਾਂ। ਸਾਡੇ ਸਮਾਜ ਦੇ ਵਿੱਚ ਅੱਜ ਵੀ ਸਾਡੀਆਂ ਅਜਿਹੀਆਂ ਬਹੁਤ ਸਾਰੀਆਂ ਭੈਣਾਂ ਹਨ ਜਿਹੜੀਆਂ ਸਾਡੇ ਆਲੇ-ਦੁਆਲੇ ਰਹਿੰਦੀਆਂ ਹਨ ਜਿਹੜੀਆਂ ਆਪਣੀਆਂ ਲੋੜਾਂ, ਆਪਣੀਆਂ ਮਜ਼ਬੂਰੀਆਂ ਅਤੇ ਆਪਣੇ ਘਰਾਂ ਦੇ ਹਾਲਾਤਾਂ ਤੋਂ ਮਜਬੂਰ ਹੋ ਕੇ 60-60, 70-70 ਸਾਲਾਂ ਦੀ ਉਮਰ ਦੇ ਵਿੱਚ ਵੀ ਕਿਸੇ ਹੋਰ ਘਰ ਬਰਤਨ ਸਾਫ ਕਰਨ ਲਈ, ਝਾੜੂ ਪੋਚਾ ਕਰਨ ਲਈ ਮਜਬੂਰ ਹਨ। ਜਿਸ ਉਮਰ ਵਿੱਚ ਉਨ੍ਹਾਂ ਨੇ ਆਰਾਮ ਕਰਨਾ ਹੁੰਦਾ ਹੈ ਉਨ੍ਹਾਂ ਦੀਆਂ ਲੋੜਾਂ ਉਨ੍ਹਾਂ ਨੂੰ ਕੰਮ ਕਰਨ ਲਈ ਮਜਬੂਰ ਕਰ ਦਿੰਦੀਆਂ ਹਨ। ਕਈ ਲੋਕਾਂ ਦੇ ਲਈ ਹਜ਼ਾਰ ਰੁਪਿਆ ਸ਼ਾਇਦ ਇੱਕ ਮਜ਼ਾਕ ਹੀ ਹੋਵੇਗਾ। ਪਰ ਉਹ ਪਰਿਵਾਰ ਜਿਸ ਦੇ ਲਈ ਹਜ਼ਾਰ ਰੁਪਿਆ ਬਹੁਤ ਵੱਡੀ ਰਾਸ਼ੀ ਹੈ ਉਨ੍ਹਾਂ ਸਾਡੀਆਂ ਧੀਆਂ ਭੈਣਾਂ ਲਈ ਸਾਡੇ ਮਾਣਯੋਗ ਸੀ.ਐਮ. ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਪੰਜਾਬ ਦਾ ਅਸਲੀ ਪੁੱਤ ਹੋਣ ਦਾ ਫਰਜ਼ ਅਦਾ ਕੀਤਾ ਅਤੇ ਸਨਮਾਨ ਰਾਸ਼ੀ ਜਿਹੜੀ ਕੱਲ੍ਹ ਅਨਾਊਂਸ ਕੀਤੀ ਹੈ ਕਿ ਸਾਡੇ ਪੰਜਾਬ ਦੀਆਂ ਜਿੰਨੀਆਂ ਵੀ 18 ਸਾਲ ਤੋਂ ਵੱਧ ਉਮਰ ਦੀਆਂ ਭੈਣਾਂ ਹਨ, ਸਾਡੀਆਂ ਮਾਵਾਂ ਹਨ, ਉਨ੍ਹਾਂ ਨੂੰ 1000 ਰੁਪਿਆ ਸਨਮਾਨ ਰਾਸ਼ੀ ਵੱਜੋਂ ਦਿੱਤਾ ਜਾਵੇਗਾ। ਅਨੁਸੂਚਿਤ ਜਾਤੀ ਦੀਆਂ ਮਾਵਾਂ, ਭੈਣਾਂ ਲਈ 1500 ਰੁਪਏ ਦੀ ਸਨਮਾਨ ਰਾਸ਼ੀ ਅਨਾਊਂਸ ਕੀਤੀ ਗਈ ਹੈ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਦਾ ਅਸਲੀ ਪੁੱਤ ਹੋਣ ਦਾ ਫਰਜ਼ ਅਦਾ ਕੀਤਾ ਹੈ। ਬਹੁਤ ਸਾਰੀਆਂ ਮਹਿਲਾਵਾਂ ਦੇ ਘਰ ਦੇ ਵਿੱਚ ਜਦੋਂ ਕੋਈ ਬਿਮਾਰ ਹੋ ਜਾਂਦਾ ਸੀ ਜਾਂ ਕੋਈ ਬੱਚਾ ਪੈਦਾ ਹੁੰਦਾ ਸੀ ਤਾਂ ਉਹ ਮਹਿਲਾਵਾਂ ਲੋਕਾਂ ਦੇ ਘਰਾਂ ਵਿੱਚ ਜਾਂਦੀਆਂ ਸਨ ਕਿ ਸਾਨੂੰ ਕੁਝ ਪੈਸੇ ਉਧਾਰ ਦੇ ਦਿਉ, ਅਸੀਂ ਸ਼ਗਨ ਦੇਣਾ ਹੈ।

**1530/amandeep kaur/Monika sharma**

**1535/Tarlochan Singh**

ਸਾਡੀ ਧੀ ਆਈ ਹੈ ਜਾਂ ਸਾਡੇ ਪੋਤੇ-ਪੋਤੀਆਂ ਦਾ ਜਨਮ ਦਿਨ ਹੈ, ਅਸੀਂ ਉਨ੍ਹਾਂ ਨੂੰ ਸ਼ਗਨ ਦੇਣਾ ਚਾਹੁੰਦੇ ਹਾਂ। ਸੋ, ਇਹ ਰਾਸ਼ੀ ਉਨ੍ਹਾਂ ਸਾਰੀਆਂ ਲਈ ਵਰਦਾਨ ਸਾਬਤ ਹੋਵੇਗੀ। ਸੋ, ਮੈਂ ਆਪਣੀ ਪਾਰਟੀ ਦੀ ਸੁਪਰੀਮੋ, ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਅਤੇ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਸਾਡੀ ਆਮ ਆਦਮੀ ਪਾਰਟੀ ਦੇ ਪੂਰੇ ਮਹਿਲਾ ਵਿੰਗ ਵੱਲੋਂ, ਪੰਜਾਬ ਦੀਆਂ ਮਾਤਾਵਾਂ ਭੈਣਾਂ ਵੱਲੋਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ। ਸਾਡੀ ਸਰਕਾਰ ਨੇ 2,60,743 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ ਜਿਸ ਵਿੱਚ ਹਰ ਵਰਗ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਸੂਬੇ ਦੀ ਖੁਸ਼ਹਾਲੀ ਲਈ ਜਿਨ੍ਹਾਂ ਨੂੰ ਸਭ ਤੋਂ ਮਜ਼ਬੂਤ ਥੰਮ੍ਹ ਮੰਨਿਆ ਜਾਂਦਾ ਹੈ, ਉਹ ਐਜੂਕੇਸ਼ਨ ਅਤੇ ਹੈਲਥ ਹੈ। ਸੋ, ਐਜੂਕੇਸ਼ਨ ਲਈ 19,279 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਤਾਂ ਜੋ ਸਾਡੇ ਪੰਜਾਬ ਨੂੰ ਸਿੱਖਿਆ ਫੀਲਡ ਪੂਰੇ ਦੇਸ਼ ਦਾ ਨੰਬਰ ਵਨ ਸੂਬਾ ਬਣਾ ਸਕੀਏ। ਜੇਕਰ ਹੈਲਥ ਦੀ ਗੱਲ ਕਰੀਏ ਤਾਂ 6,879 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ। ਜਿੱਥੇ ਸਾਡੀ ਸਰਕਾਰ ਦੁਆਰਾ 881 ਮੁਹੱਲਾ ਕਲੀਨਿਕ ਪਹਿਲਾਂ ਤੋਂ ਹੀ ਚਲਾਏ ਜਾ ਰਹੇ ਹਨ, ਉਨ੍ਹਾਂ ਵਿੱਚ ਵਾਧਾ ਕੀਤਾ ਜਾਵੇਗਾ ਔਰ ਸਾਡਾ ਪੰਜਾਬ ਪੂਰੇ ਦੇਸ਼ ਦਾ ਪਹਿਲਾ ਸੂਬਾ ਬਣਿਆ ਜਿੱਥੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਦੀ ਇੰਸ਼ੋਰੈਂਸ ਦਿੱਤੀ ਗਈ ਹੈ ਅਤੇ ਇਹ ਸਹੂਲਤ ਹਰ ਵਰਗ ਨੂੰ ਦਿੱਤੀ ਗਈ ਹੈ। ਜਦੋਂ ਵੀ ਕੋਈ ਮਰੀਜ਼ ਹਸਪਤਾਲ ਵਿੱਚ ਪਹੁੰਚਦਾ ਹੈ, ਕਿਸੇ ਦੇ ਘਰ ਵਿੱਚ ਕੋਈ ਮੈਡੀਕਲ ਐਮਰਜੈਂਸੀ ਹੁੰਦੀ ਹੈ ਤਾਂ ਕੁਝ ਲੋਕ ਉਨ੍ਹਾਂ ਨੂੰ ਹਸਪਤਾਲ ਲੈ ਕੇ ਆਉਂਦੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਕੁਝ ਲੋਕ ਆਪਣੇ ਰਿਸ਼ਤੇਦਾਰੀਆਂ ਵਿੱਚ ਜਾਂਦੇ ਸਨ ਕਿ ਸਾਨੂੰ ਪੈਸੇ ਉਧਾਰੇ ਦੇ ਦਿਓ ਸਾਡੇ ਘਰੇ ਇਹ ਪ੍ਰਾਬਲਮ ਆ ਗਈ ਹੈ। ਸੋ, ਜਿਹੜੀ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਵਿੱਚ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਾਡੇ ਪੰਜਾਬ ਦੇ 65 ਲੱਖ ਪਰਿਵਾਰ ਕਵਰ ਕੀਤੇ ਹਨ ਔਰ ਬਿਨਾਂ ਸ਼ਰਤ ਕਵਰ ਕੀਤੇ ਹਨ, ਸਿਰਫ ਪੰਜਾਬ ਦੇ ਵਸਨੀਕ ਹੋਣੇ ਚਾਹੀਦੇ ਹਨ। ਮੈਂ ਸੋਚਦੀ ਹਾਂ ਕਿ ਡਾਕਟਰ ਹੋਣ ਦੇ ਨਾਤੇ ਇਹ ਸਕੀਮ ਸਾਡੇ ਪੰਜਾਬ ਦੇ ਹਰ ਘਰ ਲਈ ਵਰਦਾਨ ਸਾਬਤ ਹੋ ਰਹੀ ਹੈ। ਮਰੀਜ਼ ਹਰ ਰੋਜ਼ ਫੋਨ ਕਰਦੇ ਹਨ ਕਿ ਅਸੀਂ ਕਿਹੜੇ ਹਸਪਤਾਲ ਜਾਈਏ ਜਾਂ ਦੱਸਦੇ ਹਨ ਕਿ ਇਲਾਜ ਕਰਵਾ ਕੇ ਆ ਰਹੇ ਹਾਂ।

ਅਗਰ ਅਸੀਂ ਖੇਤੀਬਾੜੀ ਦੀ ਗੱਲ ਕਰੀਏ ਤਾਂ ਸਾਡਾ ਪੰਜਾਬ ਕਿਸਾਨ ਪ੍ਰਧਾਨ ਸੂਬਾ ਹੈ । ਖੇਤੀਬਾੜੀ ਲਈ 15,339 ਕਰੋੜ ਰੁਪਿਆ ਕਿਸਾਨਾਂ ਲਈ ਰੱਖਿਆ ਗਿਆ ਹੈ। ਜਿੱਥੇ ਸਾਡੀ ਸਰਕਾਰ 600 ਯੂਨਿਟ ਬਿਜਲੀ ਹਰ ਘਰ ਨੂੰ ਹਰ ਵਰਗ ਨੂੰ ਦੇ ਰਹੀ ਹੈ ਉੱਥੇ ਖੇਤੀਬਾੜੀ ਲਈ ਵਰਤੀ ਜਾਂਦੀ ਬਿਜਲੀ ਵੀ ਸਾਡੀ ਸਰਕਾਰ ਵੱਲੋਂ ਫ੍ਰੀ ਦਿੱਤੀ ਜਾ ਰਹੀ ਹੈ। ਨਵੀਆਂ-ਨਵੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤਾਂ ਜੋ ਅਸੀਂ ਆਪਣੇ ਕਿਸਾਨਾਂ ਨੂੰ ਹੋਰ ਖੁਸ਼ਹਾਲ ਬਣਾ ਸਕੀਏ। ਇਸ ਤਹਿਤ ਬਹੁਤ ਸਾਰੇ ਫੰਡ ਸਾਡੇ ਕਿਸਾਨਾਂ ਲਈ ਰੱਖੇ ਗਏ ਹਨ।

ਪੰਜਾਬ ਦੇ ਹਰ ਹਲਕੇ ਦੇ ਵਿੱਚ ਹਰ ਪਿੰਡ ਦੇ ਵਿੱਚ ਖੇਤਾਂ ਦੀਆਂ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਕੰਮ ਚੱਲ ਰਿਹਾ ਹੈ। ਪਹਿਲਾਂ ਵੀ ਸਰਕਾਰਾਂ ਰਹੀਆਂ ਨੇ, ਪਹਿਲਾਂ ਵੀ ਉਹੀ ਨਹਿਰਾਂ ਸੀ ਉਹੀ ਦਰਿਆ ਸੀ ਪਰ

ਕਿਸੇ ਨੇ ਇਹ ਤਹੱਈਆ ਨਹੀਂ ਸੀ ਕੀਤਾ ਕਿ ਸਾਡੇ ਪੰਜਾਬ ਦੇ ਖੇਤਾਂ ਤੱਕ ਅਸੀਂ ਸਾਡੇ ਪੰਜਾਬ ਦੇ ਆਮ ਕਿਸਾਨਾਂ ਤੱਕ ਨਹਿਰੀ ਪਾਣੀ ਪਹੁੰਚਾ ਸਕੀਏ ਜਿਸ ਦਾ ਸਿੱਟਾ ਇਹ ਹੈ ਕਿ ਅੱਜ ਸਾਡੇ ਪੰਜਾਬ ਦਾ ਧਰਤੀ ਦੇ ਨਿਚਲਾ ਪਾਣੀ ਬਹੁਤ ਡੂੰਘਾ ਹੋ ਚੁੱਕਿਆ ਔਰ ਬਹੁਤ ਸਾਰੇ ਜ਼ਿਲ੍ਹੇ ਡਾਰਕ ਜ਼ੋਨ ਦੇ ਵਿੱਚ ਆ ਚੁੱਕੇ ਆ।

ਸਾਡੀ ਸਰਕਾਰ ਨੇ ਪਹਿਲੀ ਵਾਰ ਕਿਸਾਨਾਂ ਨੂੰ ਦਿਨ ਦੇ ਟਾਈਮ ਬਿਜਲੀ ਦਿੱਤੀ ਹੈ ਜਿਹੜੀ ਕਿ ਰੈਗੂਲਰ 8-8 ਘੰਟੇ ਦਿੱਤੀ ਜਾ ਰਹੀ ਹੈ। ਸੋ, ਮੈਂ ਸਾਡੇ ਮਾਨ ਸਾਹਿਬ ਦਾ, ਸਾਡੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਸਾਡੇ ਪੰਜਾਬ ਨੂੰ ਹੋਰ ਖੁਸ਼ਹਾਲ ਬਣਾਉਣ ਦੇ ਲਈ 63,943 ਨੌਕਰੀਆਂ ਸਾਡੇ ਪੰਜਾਬ ਦੇ ਯੂਥ ਨੂੰ ਦਿੱਤੀਆਂ ਹਨ ਤਾਂ ਕਿ ਸਾਡੇ ਪੰਜਾਬ ਦੀ ਨੌਜਵਾਨੀ ਸਾਡੇ ਪੰਜਾਬ ਵਿੱਚ ਰਹਿ ਕੇ ਹੀ ਤਰੱਕੀਆਂ ਕਰੇ। ਅਗਰ ਅਸੀਂ ਸ਼ਹਿਰਾਂ ਦੀ ਗੱਲ ਕਰੀਏ, ਅਸੀਂ ਪਿੰਡਾਂ ਦੀ ਗੱਲ ਕਰੀਏ ਤਾਂ 1,170 ਕਰੋੜ ਰੁਪਏ ਦਾ ਬਜਟ ਸਾਡੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਰੱਖਿਆ ਗਿਆ ਹੈ। ਪਹਿਲਾਂ 5 ਕਰੋੜ ਰੁਪਏ ਦਾ ਰਾਸ਼ੀ ਜਿਹੜੀ ਸਾਨੂੰ ਹਲਕਾ ਵਾਈਜ਼ ਦਿੱਤੀ ਜਾਂਦੀ ਸੀ, ਸਾਡੇ ਡਿਵੈਲਪਮੈਂਟ ਦੇ ਕੰਮਾਂ ਲਈ, ਹੁਣ ਉਸ ਨੂੰ ਵਧਾ ਕੇ 10 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ। ਸੋ ਮੈਂ ਉਸ ਲਈ ਵੀ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਸਾਡੇ ਪੰਜਾਬ ਨੂੰ ਹੋਰ ਖੁਸ਼ਹਾਲ ਬਣਾਉਣ ਲਈ ਚਾਹੇ ਉਹ ਡਿਵੈਲਪਮੈਂਟ ਦੇ ਕੰਮ ਹੋਣ, ਚਾਹੇ ਐਜੂਕੇਸ਼ਨ ਦੀ ਗੱਲ ਕਰੀਏ, ਚਾਹੇ ਅਸੀਂ ਹੈਲਥ ਦੀ ਗੱਲ ਕਰੀਏ, ਪਹਿਲ ਕੀਤੀ ਹੈ।। ਹੈਲਥ ਤੋਂ ਮੈਨੂੰ ਯਾਦ ਆਇਆ ਕਿ ਬਹੁਤ ਸਾਰੇ ਲੋਕੀ ਇਹ ਕਹਿੰਦੇ ਹਨ ਕਿ ਮੁਹੱਲਾ ਕਲੀਨਿਕਾਂ ਦਾ ਕੋਈ ਫਾਇਦਾ ਨਹੀਂ ਹੈ। ਸੋ, ਗੱਲ ਤਾਂ ਜ਼ਰੂਰਤ ਤੇ ਆ ਕੇ ਟਿਕ ਜਾਂਦੀ ਹੈ। ਇਹੋ ਜਿਹੇ ਲੋੜਵੰਦ ਵਿਅਕਤੀ ਜਿਨ੍ਹਾਂ ਨੂੰ ਕੋਈ ਜ਼ਰੂਰਤ ਹੁੰਦੀ ਹੈ ਉਹ ਆਪ ਲੱਭਦੇ ਹਨ ਕਿ ਮਹੱਲਾ ਕਲੀਨਿਕ ਕਿੱਥੇ ਹੈ। ਜਿਹੜੇ ਲੋਕਾਂ ਨੂੰ ਮੁਹੱਲਾ ਕਲੀਨਿਕ ਦੀ ਜ਼ਰੂਰਤ ਹੀ ਨਹੀਂ, ਜਿਨ੍ਹਾਂ ਨੇ ਫੋਰਟਿਸ ਜਾਂ ਅਪੋਲੋ ਵਰਗੇ ਹਸਪਤਾਲ ਤੋਂ ਜਾ ਕੇ ਆਪਣੇ ਛੋਟੀ ਜਿਹੀ ਕੋਈ ਵਾਇਰਲ ਇਨਫੈਕਸ਼ਨ ਦੀ ਦਵਾਈ ਵੀ ਉਥੋਂ ਲੈਣੀ ਹੈ ਉਨ੍ਹਾਂ ਨੂੰ ਮਹੱਲਾ ਕਲੀਨਿਕਾਂ ਦੀ ਕੋਈ ਜ਼ਰੂਰਤ ਨਹੀਂ।

**1535/Tarlochan Singh/Monika sharma**

**1540/mehak**

ਪਰ ਪੰਜਾਬ ਦੇ ਪੰਜ ਕਰੋੜ ਤੋਂ ਵੱਧ ਮਰੀਜ਼ ਮੁਹੱਲਾ ਕਲੀਨਿਕਾਂ ਵਿੱਚ ਜਾ ਕੇ ਆਪਣਾ ਰੂਟੀਨ ਚੈਕਅੱਪ ਕਰਵਾਉਂਦੇ ਹਨ, ਆਪਣੇ ਟੈਸਟ ਕਰਵਾ ਰਹੇ ਹਨ। ਮਾਣਯੋਗ ਸਪੀਕਰ ਸਾਹਿਬ, ਮੈਂ ਸਾਡੀ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਕਿਉਂਕਿ ਕੱਲ੍ਹ ਦੇ ਦਿਨ ਜੋ ਬਜਟ ਉਨ੍ਹਾਂ ਨੇ ਪੇਸ਼ ਕੀਤਾ ਹੈ, ਉਸ ਵਿੱਚ ਹਰ ਵਰਗ ਦਾ ਧਿਆਨ ਰੱਖਿਆ ਗਿਆ ਹੈ ਔਰ ਸਪੈਸ਼ਲੀ ਸਾਡੀਆਂ ਭੈਣਾਂ ਨੂੰ ਜਿਸ ਗਾਰੰਟੀ ਦੀ ਬਹੁਤ ਦੇਰ ਤੋਂ ਉਮੀਦ ਸੀ ਕਿ ਸਾਡੀ ਪਾਰਟੀ ਤੇ ਮਾਣਯੋਗ ਸੀ.ਐਮ. ਸਾਹਿਬ ਨੇ ਸਾਰੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ, ਇਹ ਗਾਰੰਟੀ ਵੀ ਪੂਰੀ ਕੀਤੀ ਜਾਵੇਗੀ। ਮੈਂ ਸਾਡੀ ਮਹਿਲਾ ਵਿੰਗ ਵਲੋਂ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।। (ਥੰਪਿੰਗ)

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।। ਸਰਦਾਰ ਬਰਿੰਦਰਮੀਤ ਸਿੰਘ ਪਾਹੜਾ। ਤੁਸੀਂ ਉਨ੍ਹਾਂ ਨੂੰ ਟਾਈਮ ਤਾਂ ਦੇ ਦਿੱਤਾ ਸੀ ਪਰ ਮੈਂ ਕਿਹਾ ਚਲੋ ਅੱਜ ਸਮਾਂ ਹੈ ਤਾਂ ਅੱਜ ਹੀ ਕਰ ਲੈਂਦੇ ਹਾਂ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਨਹੀਂ ਸਰ, ਧੰਨਵਾਦ ਚਲੋ। ਥੈਂਕਿਊ ਸਪੀਕਰ ਸਾਹਿਬ।

(**ਇੱਕ ਆਵਾਜ਼**: ਸਪੀਕਰ ਸਾਹਿਬ ਦਾ ਧੰਨਵਾਦ ਕਰ ਦਿਓ ਜੀ।)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)**: ਮੈਂ ਪਹਿਲਾਂ ਹੀ ਧੰਨਵਾਦ ਕਰ ਦਿੱਤਾ ਹੈ ਜੀ। ਸਾਰਿਆਂ ਦਾ ਹੀ ਧੰਨਵਾਦ ਹੈ ਜੀ। ਸਪੀਕਰ ਸਾਹਿਬ, ਹੈਲਥ ਦੀ ਗੱਲ ਸਾਰਿਆਂ ਨੇ ਕੀਤੀ ਹੈ ਔਰ ਹੈਲਥ ਮਨਿਸਟਰ ਸਾਹਿਬ ਵੀ ਬੈਠੇ ਹਨ। ਇਹ ਮੇਰੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਵੀ ਗਏ ਸਨ ਤੇ ਇਨ੍ਹਾਂ ਨੇ ਹਸਪਤਾਲ ਵਿਜ਼ਿਟ ਵੀ ਕੀਤਾ ਸੀ। ਸਪੀਕਰ ਸਾਹਿਬ, ਜਦੋਂ ਅਸੀਂ ਸੜਕਾਂ ਤੇ ਜਾਂਦੇ ਹਾਂ, ਏਅਰਪੋਰਟ ਤੇ, ਰੇਲਵੇ ਸਟੇਸ਼ਨਾਂ ਤੇ ਅੱਜ ਵੀ ਹੋਰਡਿੰਗਜ਼ ਲਗੇ ਹਨ ਕਿ 16 ਮੈਡੀਕਲ ਕਾਲਜ ਜਲਦੀ ਬਣਨਗੇ। ਜਿੱਥੇ ਇਹ ਹੋਰਡਿੰਗਜ਼ ਲਗੇ ਹਨ, ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਉਤਰਵਾ ਲੈਣਾ ਚਾਹੀਦਾ ਹੈ। ਦੂਸਰੀ ਗੱਲ, ਮੈਡੀਕਲ ਕਾਲਜ ਦੀ ਮੰਗ ਤਾਂ ਅਸੀਂ ਕੀ ਕਰਨੀ ਹੈ, ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਗੁਰਦਾਸਪੁਰ ਹੈਡਕੁਆਰਟਰ ਹਸਪਤਾਲ ਹੈ, ਉਹ ਬਾਰਡਰ ਏਰੀਏ ਨਾਲ ਲਗਦਾ ਹੈ ਔਰ ਉੱਥੇ ਹੈਡਕੁਆਰਟਰ ਦੇ ਹਸਪਤਾਲ ਵਿੱਚ ਤੁਸੀਂ ਵਿਜ਼ਿਟ ਵੀ ਕੀਤਾ ਸੀ, ਪਰ ਸ਼ਾਇਦ ਅਫਸਰਾਂ ਨੇ ਤੁਹਾਨੂੰ ਦੱਸਿਆ ਨਹੀਂ ਜਾਂ ਫਿਰ ਚੰਗੀਆਂ ਚੀਜ਼ਾਂ ਮਾੜੀਆਂ ਮੋਟੀਆਂ ਦਿਖਾਉਂਦੇ ਹਨ। ਸਪੀਕਰ ਸਾਹਿਬ, ਉੱਥੇ PSA (Pressure Swing Adsorption) ਚਾਰ ਸਾਲ ਤੋਂ ਲਗਾਇਆ ਹੋਇਆ ਹੈ ਜਿਸ ਦੀ ਕੋਸਟ 25 ਲੱਖ ਰੁਪਏ ਆਈ ਸੀ। ਉਹ ਆਕਸੀਜਨ ਪਲਾਂਟ ਚਾਰ ਸਾਲ ਤੋਂ ਬੰਦ ਹੈ ਔਰ ਆਕਸੀਜਨ ਸਿਲੰਡਰ ਦੀ ਸਾਰੀ ਪਰਚੇਜ਼ ਬਾਹਰੋਂ ਕੀਤੀ ਜਾ ਰਹੀ ਹੈ ਔਰ ਹਾਲਾਤ ਇਹ ਹੈ ਕਿ ਹੈਡਕੁਆਟਰ ਹੋਣ ਦੇ ਬਾਵਜੂਦ ਉੱਥੇ ਕ੍ਰਿਟੀਕਲ ਕੇਅਰ ਫੈਸਿਲਿਟੀ, ਆਈ.ਸੀ.ਯੂ., ਵੈਂਟੀਲੇਟਰ ਵੀ ਉਪਲਬਧ ਨਹੀਂ ਹਨ। ਅਸੀਂ 16 ਮੈਡੀਕਲ ਕਾਲਜਾਂ ਦੀ ਗੱਲ ਕਰ ਰਹੇ ਹਾਂ ਪਰ ਆਪਣੇ ਹਸਪਤਾਲਾਂ ਦੀ ਜ਼ਰੂਰਤ ਤਾਂ ਪੂਰੀ ਨਹੀਂ ਕਰਦੇ ਹਾਂ। ਮੇਰੀ ਸਰਕਾਰ ਨੂੰ ਸੁਜੈਸ਼ਨ ਹੈ, ਮੰਤਰੀ ਸਾਹਿਬ ਵੀ ਸੁਣ ਰਹੇ ਹਨ ਕਿ ਜਿਹੜੇ ਹਸਪਤਾਲ ਹੈਡਕੁਆਟਰ ਤੇ ਹਨ ਉੱਥੇ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣ ਕਿਉਂਕਿ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਵੱਲ ਭਜਣਾ ਪੈਂਦਾ ਹੈ ਜਿੱਥੇ ਲੋਕ ਬੜੇ ਖੱਜਲ ਖੁਆਰ ਹੁੰਦੇ ਹਨ। ਇਸ ਕਰਕੇ ਤੁਹਾਨੂੰ ਹੈਡਕੁਆਟਰਾਂ ਦੇ ਵੱਡੇ ਹਸਪਤਾਲ ਆਈਡੈਂਟੀਫਾਈ ਕਰ ਲੈਣੇ ਚਾਹੀਦੇ ਹਨ ਅਤੇ ਉਨ੍ਹਾਂ ਵਿੱਚ A to Z ਫੈਸੀਲਿਟੀ ਅਵੇਲੇਬਲ ਹੋਣੀ ਚਾਹੀਦੀ ਹੈ ਤਾਂ ਜੋ ਲੋਕ ਸਰਕਾਰੀ ਸਹੂਲਤ ਲੈ ਸਕਣ ਅਤੇ ਉਨ੍ਹਾਂ ਦਾ ਸ਼ੋਸ਼ਣ ਨਾ ਹੋਵੇ। ਦੂਸਰੀ ਗੱਲ, ਮੈਂ ਮੁਹੱਲਾ ਕਲੀਨਿਕ ਦੀ ਗੱਲ ਨਹੀਂ ਕਰਦਾ ਹਾਂ ਕਿਉਂਕਿ ਮੇਰੇ ਤੋਂ ਪਹਿਲਾਂ ਮਾਣਯੋਗ ਮੈਂਬਰ ਸਾਹਿਬ ਬੋਲ ਕੇ ਗਏ ਹਨ ਤੇ ਪਤਾ ਨਹੀਂ ਉਹ ਕਿਸ ਦੇ ਵੱਲ ਇਸ਼ਾਰਾ ਕਰ ਗਏ ਹਨ ਕਿ ਚੰਗੇ ਹਸਪਤਾਲਾਂ ਵਿੱਚ ਜਾਂਦੇ ਹਨ। ਕੋਈ ਮਾੜੀ ਜਿਹੀ ਇਨਫੈਕਸ਼ਨ ਹੋ ਜਾਵੇ ਤਾਂ ਵੀ ਮੁਹੱਲਾ ਕਲੀਨਿਕ ਵਿੱਚ ਨਹੀਂ ਜਾਂਦੇ ਹਨ। ਮੈਂ ਉਸ ਗੱਲ ਤੇ ਨਹੀਂ ਜਾਣਾ ਚਾਹੁੰਦਾ ਹਾਂ। ਹੁਣ ਵੀ 308 ਡਿਸਪੈਂਸਰੀਆਂ ਜਿਹੜੀਆਂ ਜ਼ਿਲ੍ਹਾ ਪ੍ਰੀਸ਼ਦ ਅਧੀਨ ਹਨ, ਉਨ੍ਹਾਂ ਨੂੰ ਵਾਈਟ ਵਾਸ਼ ਕਰਕੇ ਮੁਹੱਲਾ ਕਲੀਨਿਕ ਵਿੱਚ ਕਨਵਰਟ ਕੀਤਾ ਜਾ ਰਿਹਾ ਹੈ। ਚੱਲੋ, ਇਹ ਤਾਂ ਸਰਕਾਰ ਦਾ ਫੈਸਲਾ ਹੈ, ਤੁਸੀਂ ਕਰ ਰਹੇ ਹੋ, ਮੈਂ ਇਸ ਤੇ ਜ਼ਿਆਦਾ ਗੱਲ ਨਹੀਂ ਕਰਨੀ ਚਾਹੁੰਦਾ ਹਾਂ। ਪਰ ਸਪੀਕਰ ਸਾਹਿਬ, ਮੈਂ ਕੱਲ੍ਹ ਸੁਣ ਰਿਹਾ ਸੀ ਕਿ ਮੁਹਾਲੀ ਤੋਂ ਸਾਡੇ ਕੁਲੀਗ ਐਮ.ਐਲ.ਏ. ਕੁਲਵੰਤ ਜੀ ਬੋਲ ਰਹੇ ਸੀ ਕਿ

ਸਾਡੇ ਕੂੜੇ ਵਾਲੀ ਸਾਈਟ ਨਹੀਂ ਹੈ ਔਰ ਸਪੀਕਰ ਸਾਹਿਬ, ਬਜਟ ਵਿੱਚ ਮੇਰੇ ਖਿਆਲ ਸਭ ਤੋਂ ਪਹਿਲਾਂ ਸਾਨੂੰ ਇਹ ਫੈਸੀਲਿਟੀ ਦੇਣੀ ਚਾਹੀਦੀ ਹੈ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਇਹ ਸਹੂਲਤ ਨਹੀਂ ਹੈ, ਉਹ ਦਿੱਤੀ ਜਾਵੇ। ਸਾਡੇ ਸਥਾਨਕ ਸਰਕਾਰ ਮੰਤਰੀ ਡਾਕਟਰ ਰਵਜੋਤ ਜੀ ਸਨ ਜਿਨ੍ਹਾਂ ਕੋਲ ਮੈਂ ਬਹੁਤ ਵਾਰੀ ਪਰਸਨਲੀ ਵੀ ਗਿਆ ਹਾਂ, ਮਨਿਸਟਰ ਬਦਲ ਗਏ ਪਰ ਕੰਮ ਨਹੀਂ ਬਦਲਿਆ, ਕੰਮ ਉੱਥੇ ਦਾ ਉੱਥੇ ਹੀ ਹੈ। ਸਪੀਕਰ ਸਾਹਿਬ, ਮੈਂ ਸੋਚਦਾ ਸੀ ਕਿ ਬਜਟ ਵਿੱਚ ਗੁਰਦਾਸਪੁਰ ਦਾ ਕੰਮ ਤਾਂ ਹੋਵੇਗਾ ਪਰ ਮੇਰਾ ਕਸੂਰ ਇੰਨਾ ਹੈ ਕਿ ਉੱਥੇ 29 ਦੇ 29 ਕੌਂਸਲਰ ਮੇਰੇ ਜਿੱਤੇ ਹਨ ਅਤੇ 100% ਕਮੇਟੀ ਮੇਰੀ ਹੈ। ਬਾਂਹ ਮਰੋੜ ਕੇ ਵੀ ਦੇਖ ਲਈ ਪਰ ਗੱਲ ਨਹੀਂ ਬਣੀ। ਮੈਂ ਕਹਿੰਦਾ ਹਾਂ ਕਿ ਡੈਮੋਕਰੇਸੀ ਹੈ, ਲੋਕਾਂ ਨੇ ਜਿਤਾਇਆ ਹੈ, ਮੈਂ ਆਪਣਾ ਫਰਜ਼ ਪੂਰਾ ਕਰ ਰਿਹਾ ਹਾਂ ਤੇ ਢਾਈ ਸਾਲ ਤੋਂ ਕੂੜਾ ਚੁੱਕ ਕੇ ਪ੍ਰਾਈਵੇਟ ਲੈਂਡ ਤੇ ਲੈ ਕੇ ਜਾ ਰਿਹਾ ਹਾਂ ਜੋ ਕਿ ਐਨ.ਜੀ.ਟੀ. ਦੀ ਗਾਈਡਲਾਈਨਜ਼ ਦੇ ਉਲਟ ਹੈ। ਦੀਨਾਨਗਰ ਕਮੇਟੀ ਨੂੰ 50 ਲੱਖ ਰੁਪਏ ਦਾ ਫਾਈਨ ਹੋਇਆ ਹੈ।

**1540/mehak/Shubham jain**

**1545/Sukhpiar Singh**

ਮੈਂ ਆਨ ਰਿਕਾਰਡ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਐਨ.ਜੀ.ਟੀ. ਨੇ ਜੇ ਕੋਈ ਫਾਈਨ ਕੀਤਾ, ਡੀ.ਸੀ., ਗੁਰਦਾਸਪੁਰ, ਮਨਿਸਟਰ ਅਤੇ ਸਰਕਾਰ ਰਿਸਪਾਂਸੀਬਲ ਹੋਵੇਗੀ, ਸਾਡੀ ਕਮੇਟੀ ਰਿਸਪਾਂਸੀਬਲ ਨਹੀਂ ਹੋਵੇਗੀ। ਪਤਾ ਨਹੀਂ ਕਿਉਂ, ਜਗ੍ਹਾ ਵੀ ਦੇ ਦਿੱਤੀ, ਪੈਸੇ ਵੀ ਦੇ ਦਿੱਤੇ ਪਰ ਕੂੜਾ ਸੁੱਟਣ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਆਪੋਜ਼ੀਸ਼ਨ ਦਾ ਐਮ.ਐਲ.ਏ. ਹੈ ਅਤੇ ਸਾਰੇ ਕਾਊਂਸਲਰ ਉਸ ਦੇ ਹਨ। ਸੋ, ਮੈਂ ਇਸ ਗੱਲ ਦੀ ਵੀ ਨਿੰਦਾ ਕਰਦਾ ਹਾਂ ਕਿ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਲੋਕਾਂ ਨੇ ਜਿਤਾ ਕੇ ਦੂਜੀ ਵਾਰ ਭੇਜਿਆ ਹੈ ਪਰ ਉਮੀਦ ਸੀ। ਫਿਰ 5 ਕਰੋੜ ਰੁਪਏ ਦੀ ਗੱਲ ਵਾਰ ਵਾਰ ਕਰਦੇ ਹਾਂ, 117 ਹਲਕਿਆਂ ਨੂੰ ਦਿੱਤਾ ਗਿਆ ਹੈ, ਮੇਰਾ ਕਸੂਰ ਕੀ ਹੈ? ਮੇਰੀ ਪੂਰੀ ਕਮੇਟੀ ਹੈ, 100% ਕਮੇਟੀ ਹੈ, ਐਮ.ਐਲ.ਏ. ਹਾਂ। ਮੈਂ ਡੀ.ਸੀ. ਸਾਹਿਬ ਨੂੰ ਮਿਲਿਆ, ਸਾਰਿਆਂ ਨੂੰ ਰਿਕੁਐਸਟ ਕੀਤੀ, ਸਪੀਕਰ ਸਾਹਿਬ ਨੂੰ ਵੀ ਇੱਥੇ ਰਿਕੁਐਸਟ ਕੀਤੀ ਸੀ। ਕਿਸੇ ਨੇ ਚਵੰਨੀ ਨਹੀਂ ਦਿੱਤੀ ਪਰ ਇਸ ਦੇ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ, ਇੱਕ ਪਾਸੇ 92-94 ਐਮ.ਐਲ.ਏ. ਹੋਣ ਅਤੇ ਦੂਜੇ ਪਾਸੇ 10-12 ਵੀ ਹਜ਼ਮ ਨਾ ਹੁੰਦੇ ਹੋਣ। ਦਿੱਲ ਵੱਡਾ ਕਰਨਾ ਚਾਹੀਦਾ ਸੀ ਪਰ ਤੁਸੀਂ ਨਹੀਂ ਕੀਤਾ। ਮੈਨੂੰ ਲੱਗਦਾ ਹੈ ਕਿ ਇਹ ਬਾਕੀ ਸਟੇਟਾਂ ਵਿੱਚ ਵੀ ਹੈ, ਉੱਥੇ ਆਪੋਜ਼ੀਸ਼ਨ ਦੇ ਐਮ.ਐਲ.ਏਜ਼. ਨੂੰ ਪੈਸੇ ਮਿਲਦੇ ਹਨ ਪਰ ਕੋਈ ਗੱਲ ਨਹੀਂ। ਆਪਣਾ ਜੋ ਮਨ ਵਿੱਚ ਇਲਮ ਸੀ, ਉਹ ਦੱਸ ਦਿੱਤਾ ਹੈ। ਦੂਸਰੀ ਗੱਲ ਬੜੀ ਅਹਿਮ ਅਤੇ ਇੰਪਾਰਟਮੈਂਟ ਹੈ, ਮੈਨੂੰ ਟਾਈਮ ਦੱਸ ਦਿਉ ਜੀ। ਮੈਂ ਓਨੇ ਟਾਈਮ ਵਿੱਚ ਹੀ ਖਤਮ ਕਰ ਦੇਵਾਂਗਾ।

**ਮਾਣਯੋਗ ਸਪੀਕਰ**: ਟਾਈਮ ਤਾਂ ਹੋ ਗਿਆ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਦੋ ਮਿੰਟ ਹੋਰ ਦੇ ਦਿਉ ਜੀ। ਸਪੀਕਰ ਸਾਹਿਬ, ਮੈਂ ਹੋਮ ਅਫੇਅਰਸ, ਜਸਟਿਸ ਐਂਡ ਜੇਲ੍ਹ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਵਾਰ 11560 ਕਰੋੜ ਰੁਪਏ ਦੀ ਬਜਟ ਪ੍ਰੋਵੀਜ਼ਨ

ਰੱਖੀ ਸੀ ਔਰ ਇਸ ਵਾਰ 11577 ਕਰੋੜ ਰੁਪਏ ਦੀ ਬਜਟ ਪ੍ਰੋਵੀਜ਼ਨ ਰੱਖੀ ਹੈ। ਮਹਿਜ਼ 17 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ। ਅੱਜ ਸਾਡੇ ਲਾਅ ਐਂਡ ਆਰਡਰ ਦੇ ਹਾਲਾਤ ਇਹ ਹਨ ਕਿ ਪਿਛਲੇ ਸਮੇਂ ਵਿੱਚ ਪਤਾ ਨਹੀਂ ਕੀ ਮਸਲਾ ਪੈ ਗਿਆ, ਮੇਰੇ ਹਲਕੇ ਵਿੱਚ ਇੰਨੇ ਇੰਸੀਡੈਂਟਸ ਹੋ ਰਹੇ ਹਨ। ਪੁਲਿਸ ਸੁੱਤੀ ਪਈ ਹੈ, ਕੋਈ ਇਹ ਨਹੀਂ ਹੈ ਕਿ ਮੈਂ ਡੁਹਾਡੇ ਤੇ ਪੁਲੀਟੀਕਲ ਅਟੈਕ ਕਰ ਰਿਹਾ ਹਾਂ ਪਰ ਅਸਲੀਅਤ ਇਹ ਹੈ ਕਿ ਪਹਿਲਾ ਇੰਡਸੀਡੈਂਟ ਹੁੰਦਾ ਹੈ ਜਿਸ ਵਿੱਚ 80 ਲੱਖ ਰੁਪਏ ਦੀ ਚੋਰੀ ਸਵੇਰੇ-ਸਵੇਰੇ ਘਰੇ ਆ ਕੇ ਹੋ ਜਾਂਦੀ ਹੈ, ਸਾਡੇ ਬਿਲਕੁਲ ਸ਼ਹਿਰ ਦੇ ਸੈਂਟਰ ਵਿੱਚ ਹੈ। ਫਿਰ ਦੂਸਰਾ ਇੰਸੀਡੈਂਟ ਹੁੰਦਾ ਹੈ, 1.5 ਕਰੋੜ ਰੁਪਿਆ ਸੁਨਿਆਰੇ ਦੇ ਘਰ ਤੋਂ ਚੋਰੀ ਹੁੰਦੀ ਹੈ, ਜੇ ਤੁਸੀਂ ਦੇਖੋ ਕਿ ਚੋਰੀ ਕਿਸ ਏਰੀਏ ਵਿੱਚੋਂ ਹੋਈ ਹੈ, ਉਹ ਸੋਚਿਆ ਵੀ ਨਹੀਂ ਜਾ ਸਕਦਾ। ਪੰਜ ਦਿਨ ਪਹਿਲਾਂ ਡਾਕਾ ਵੱਜਿਆ ਹੈ, ਚੋਰੀ ਨਹੀਂ ਹੋਈ, ਛੋਟੇ ਬੱਚਿਆਂ ਦੀਆਂ ਬਾਹਵਾਂ ਵੀ ਬੰਨ੍ਹੀਆਂ ਗਈਆਂ, ਸਾਰੀ ਫੈਮਿਲੀ ਦੀਆਂ ਬਾਹਵਾਂ ਬੰਨ੍ਹੀਆਂ, ਮਾਂ ਪਿਉ ਨੂੰ ਇੱਥੋ ਤੱਕ ਕਿਹਾ ਗਿਆ ਕਿ ਮੈਂ ਬੱਚਿਆਂ ਦੀਆਂ ਉਂਗਲਾਂ ਕੈਂਚੀਆਂ ਨਾਲ ਵੱਢ ਦੇਣੀਆਂ, ਸਾਰਾ ਸਮਾਨ ਕੱਢ ਦਿਉ। ਫਿਰ ਉਨ੍ਹਾਂ ਨੇ ਡੇਢ ਕਰੋੜ ਰੁਪਏ ਕੈਸ਼ ਅਤੇ 3-4 ਕਰੋੜ ਰੁਪਏ ਦਾ ਸੋਨਾ, ਸਾਰਾ ਕੁਝ ਉਨ੍ਹਾਂ ਦੀ ਗੱਡੀ ਵਿੱਚ ਰੱਖ ਕੇ ਲੈ ਗਏ ਔਰ ਅਜੇ ਤੱਕ ਕੋਈ ਥਹੁ-ਪਤਾ ਨਹੀਂ ਹੈ ਕਿ ਕਿੱਥੇ ਹੈ। ਜਿੰਨੇ ਵੀ ਇੰਸੀਡੈਂਟ ਹੋ ਰਹੇ ਹਨ, they are not traceable. ਮੈਨੂੰ ਇਹ ਲੱਗਦਾ ਹੈ ਕਿ ਇਸ ਦੇ ਨਾਲ ਵਪਾਰੀਆਂ ਵਿੱਚ ਖੌਫ ਵੱਧ ਰਿਹਾ ਹੈ, ਵਪਾਰੀ ਸਾਡੇ ਬੈਕਬਾਨ ਹਨ ਜਿਨ੍ਹਾਂ ਨੇ 70-150 ਬੰਦੇ ਮੁਲਾਜ਼ਮ ਦੁਕਾਨਾਂ ਤੇ ਰੱਖੇ ਹੋਏ ਹਨ। ਫਿਰ ਵੀ ਅਸੀਂ ਉਨ੍ਹਾਂ ਨੂੰ ਸੁਰੱਖਿਆ ਨਹੀਂ ਦੇ ਪਾ ਰਹੇ। ਪਿੱਛੇ ਜਿਹੇ ਸਿਟੀ ਥਾਣੇ ਦੇ ਬਾਹਰ ਬੰਬ ਚੱਲਿਆ, 15 ਦਿਨ ਮੈਨੂੰ ਮਨਾਉਣ ਵਿੱਚ ਲੱਗ ਗਏ ਕਿ ਭਾਈ ਬੰਬ ਚੱਲਿਆ ਹੈ, ਕਹਿੰਦੇ ਕਿ ਟਾਇਰ ਫਟਿਆ ਹੈ। ਮੈਨੂੰ ਬੜਾ ਪ੍ਰੈਸ਼ਰਾਈਜ਼ ਵੀ ਕੀਤਾ ਗਿਆ ਕਿ ਤੂੰ ਨਾ ਸਟੈਂਡ ਲੈ ਪਰ ਮੈਂ ਸਟੈਂਡ ਲਿਆ ਅਤੇ ਮਨਾਇਆ। ਸਪੀਕਰ ਸਾਹਿਬ, ਜਦੋਂ ਬੰਬ ਚੱਲਿਆ ਫਿਰ ਉਸ ਤੋਂ ਬਾਅਦ ਮੈਂ ਇਨਸਾਨੀਅਤ ਦੇ ਨਾਤੇ ਤੁਹਾਨੂੰ ਅਜੇ ਵੀ ਕਹਿੰਦਾ ਹਾਂ ਕਿ ਜਿਸ ਲੇਡੀ ਨਾਲ ਭਾਣਾ ਵਾਪਰਿਆ, 60-70 ਛਰੇ ਉਸ ਲੇਡੀ ਦੀ ਬਾਡੀ ਵਿੱਚ ਅੱਜ ਵੀ ਹਨ, ਜਿਹੜੇ ਕਿ ਸਾਰੀ ਉਮਰ ਰਹਿਣੇ ਹਨ। ਉੱਥੇ ਇੱਕ ਗਰੀਬ ਹਲਵਾਈ ਦਾ ਕੰਮ ਕਰਦਾ ਸੀ, ਉਸ ਦੀ ਇੱਕ ਅੱਖ ਡੈਮੇਜ ਹੋ ਗਈ, ਪੀ.ਜੀ.ਆਈ. ਤੱਕ ਦਿਖਾ ਲਿਆ, ਉਸ ਦੀ ਅੱਖ ਸਾਰੀ ਉਮਰ ਲਈ ਡੈਮੇਜ ਹੋ ਗਈ, ਕਿਸੇ ਨੇ ਵੀ ਅਜੇ ਤੱਕ ਸਰਕਾਰ ਪੱਖੋਂ ਜਾਂ ਕਿਸੇ ਵਜ਼ੀਰ ਨੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਨਹੀਂ ਦੇਖਿਆ। ਸਾਡਾ ਇੰਨਾ ਚਿੱਟਾ ਖੂਨ ਕਿਉਂ ਹੋ ਗਿਆ ਹੈ? ਜਾਣਾ ਚਾਹੀਦਾ ਸੀ, ਮੈਂ ਵੀ ਗਿਆ, ਮੈਂ ਰੌਲਾ ਵੀ ਪਾ ਰਿਹਾ ਹਾਂ ਪਰ ਗੱਲ ਇਹ ਹੈ ਕਿ ਵੋਟਾਂ 117 ਨੂੰ ਪਾਈਆਂ ਹਨ, we all are responsible, ਜੇ ਪੰਜਾਬ ਵਿੱਚ ਕੋਈ ਵੀ ਇੰਸੀਡੈਂਟ ਹੁੰਦਾ ਹੈ। ਠੀਕ ਹੈ, ਲੜਾਈ ਝਗੜੇ, ਹਾਊਸ ਵਿੱਚ ਨੋਕ-ਝੋਕਾਂ ਹੁੰਦੀਆਂ ਹਨ ਪਰ ਇਨਸਾਨੀਅਤ ਤੌਰ ਤੇ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਲੋਕਾਂ ਦੀ ਸਾਰ ਲੈ ਕੇ ਉਨ੍ਹਾਂ ਨੂੰ ਕੰਪਨਸੇਸ਼ਨ ਦੇਣੀ ਚਾਹੀਦੀ ਹੈ। ਉਨ੍ਹਾਂ ਦਾ ਕੀ ਕਸੂਰ ਹੈ? ਜੇ ਪੰਜਾਬ ਵਰਗੇ ਸੂਬੇ ਵਿੱਚ ਬੰਬ ਚੱਲ ਗਿਆ ਅਤੇ ਉਹ ਸਾਰੀ ਉਮਰ ਲਈ ਇੱਕ ਬੰਦਾ ਅਪਾਹਜ ਹੋ ਗਿਆ, ਜੇ ਮੈਂ ਤੁਹਾਨੂੰ ਫੋਟੋਆਂ ਦਿਖਾਵਾਂ ਤਾਂ ਤੁਸੀਂ ਹੈਰਾਨ ਹੋ ਜਾਵੋਗੇ। ਸੋ, ਮੇਰੀ ਇਹ ਤੁਹਾਨੂੰ ਗੁਜ਼ਾਰਿਸ਼ ਹੈ ਕਿ ਇਸ ਕੰਮ ਨੂੰ ਰੋਕਿਆ ਵੀ ਜਾਵੇ ਅਤੇ ਲਾਅ ਐਂਡ ਆਰਡਰ ਦੀ ਸਥਿਤੀ ਖਰਾਬ ਹੈ। ਹਜ਼ਾਰ ਰੁਪਏ ਦੀ ਗੱਲ ਲਈ ਬਹੁਤ ਵਧਾਈ ਹੈ ਕਿ ਤੁਸੀਂ ਕੀਤਾ ਹੈ। ਅਸੀਂ ਵੀ ਆਪਣੀ ਸਰਕਾਰ ਵਿੱਚ ਹਜ਼ਾਰ ਰੁਪਏ ਪੈਨਸ਼ਨ ਵਧਾਈ ਸੀ, ਅਸੀਂ ਵੀ ਹਜ਼ਾਰ ਰੁਪਏ ਬੀਬੀਆਂ ਨੂੰ ਨਹੀਂ ਬਲਕਿ ਬਾਪੂਆਂ ਨੂੰ ਵੀ ਦਿੱਤਾ, 2 ਹਜ਼ਾਰ ਘਰ ਵਿੱਚ ਦਿੱਤਾ ਸੀ ਫਿਰ ਵੀ 18 ਤੇ ਰਹਿ ਗਏ ਹਨ। ਲੋਕ ਸਾਰਾ ਕੁਝ ਦੇਖਦੇ ਹਨ, ਇਕੱਲਾ ਇਹ ਨਹੀਂ ਹੈ ਕਿ ਹਜ਼ਾਰ ਰੁਪਏ ਦੇ ਕੇ ਪਤਾ ਨਹੀਂ ਪੰਜਾਬ ਵਿੱਚ ਇਹੋ ਜਿਹਾ ਕੀ ਕੰਮ ਕਰ ਦਿੱਤਾ ਹੈ। ਠੀਕ ਕੀਤਾ ਹੈ, ਲੋੜਵੰਦ ਲੋਕ ਹਨ ਪਰ there are many more issues ਜਿਨ੍ਹਾਂ ਤੇ ਬੜੇ ਫਰਾਖਦਿਲੀ ਨਾਲ

ਤੁਹਾਨੂੰ ਕੰਮ ਕਰਨ ਦੀ ਲੋੜ ਹੈ। ਜੇ ਇਨ੍ਹਾਂ ਗੱਲਾਂ ਤੇ ਗੌਰ ਕਰ ਲਵੋਗੇ ਤਾਂ ਦੁਬਾਰਾ ਆ ਜਾਓਗੇ, ਜੇ ਆਪਾਂ ਨਹੀਂ ਗੌਰ ਕਰਦੇ ਤਾਂ ਉਹ ਦੁਬਾਰਾ ਨਹੀਂ ਆਉਂਦਾ। ਸੋ, ਮੇਰੀ ਇੰਨੀ ਕੁ ਗੁਜ਼ਾਰਿਸ਼ ਹੈ ਕਿ ਇਨ੍ਹਾਂ ਚੀਜ਼ਾਂ ਤੇ ਜ਼ਰੂਰ ਗੌਰ ਕਰੋ।

**1545/Sukhpiar Singh/Shubham jain**

**1550/Manika Rani**

ਖਾਸ ਤੌਰ ਤੇ ਮੈਂ ਲਾਸਟ ਵਿੱਚ ਚੀਮਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਚਲੋ ਠੀਕ ਹੈ ਕਿ ਤੁਸੀਂ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਵੇਲੇ ਕਹਿੰਦੇ ਹੁੰਦੇ ਸੀ ਕਿ ਖਜ਼ਾਨਾ ਤਾਂ ਖਾਲੀ ਪੀਪਾ ਹੈ ਪਰ ਤੁਹਾਡੇ ਕੋਲ ਪੈਸੇ ਕਾਫੀ ਹਨ। ਸਾਡੇ ਤੋਂ ਪਹਿਲਾਂ ਹੁਣੇ ਮੈਡਮ ਮੋਗਾ ਤੋਂ ਬੋਲ ਕੇ ਗਏ ਹਨ ਕਿ ਪੈਸੇ ਦੀ ਕੋਈ ਕਮੀ ਨਹੀਂ ਹੈ। ਸੋ, ਓਲਡ ਪੈਨਸ਼ਨ ਸਕੀਮ ਨੂੰ ਵੀ ਲਾਗੂ ਕਰ ਦਿਓ ਕਿਉਂਕਿ ਇਹ ਵੀ ਵਾਅਦੇ ਦੇ ਵਿੱਚ ਸੀ। ਮੈਂ ਇੰਨਾ ਹੀ ਰਿਮਾਈਂਡ ਕਰਵਾਉਣਾ ਹੈ ਕਿ ਉਸ ਨੂੰ ਵੀ ਲਾਗੂ ਕਰ ਦਿਓ। ਤੁਸੀਂ ਫੁੱਲਾਂ ਦਾ ਮੁੱਲ ਪਾ ਦਿਓ, ਜਿਹੜੇ ਮੁਲਾਜ਼ਮਾਂ ਨੇ ਸੈਕਟੇਰੀਏਟ ਵਿੱਚ ਸੁੱਟੇ ਸਨ। ਤੁਹਾਡੀ ਬੜੀ ਮਿਹਰਬਾਨੀ ਹੋਵੇਗੀ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਖੁਸ਼ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਹਾਂ ਜੀ, ਬ੍ਰਮ ਸ਼ੰਕਰ ਜਿੰਪਾ ਜੀ। ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਸੁਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਸਾਲ 2026-27 ਜੋ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਪੇਸ਼ ਕੀਤਾ ਹੈ, ਉਸ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਬਜਟ ਵਿੱਚ ਜੋ ਸਟੇਟ ਲਈ ਕੀਤਾ ਗਿਆ ਹੈ ਜਾਂ ਕੀਤਾ ਜਾਣਾ ਹੈ, ਉਸ ਦੀਆਂ ਪ੍ਰਾਪਤੀਆਂ ਦੀ ਦਿੱਖ ਦਿਖਾਈ ਗਈ ਹੈ। ਮੈਂ ਸਮਝਦਾ ਹਾਂ ਕਿ ਇੰਟਰਨੈਸ਼ਨਲ ਵੂਮੈਨ ਡੇਅ ਤੇ ਇਹ ਬਜਟ ਪੇਸ਼ ਕੀਤਾ ਗਿਆ ਹੈ । ਮੇਰਾ ਖਿਆਲ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਛੁੱਟੀ ਵਾਲੇ ਦਿਨ ਬਜਟ ਪੇਸ਼ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਸਭ ਉਸ ਨਾਰੀ ਸ਼ਕਤੀ ਨੂੰ ਉਸ ਦੀ ਇੱਜ਼ਤ ਲਈ ਅਤੇ ਉਸ ਦੇ ਵੱਲੋਂ ਜੋ ਸੰਘਰਸ਼ ਕੀਤਾ ਜਾ ਰਿਹਾ ਹੈ, ਉਸ ਲਈ ਕੀਤਾ ਗਿਆ ਹੈ। ਇਹ ਸਰਕਾਰ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਮੇਰੇ ਤੋਂ ਪਹਿਲਾਂ ਕੱਲ੍ਹ ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਨੇ ਅਤੇ ਅੱਜ ਡਾਕਟਰ ਇਸ਼ਾਕ ਨੇ ਸਤਿਗੁਰੂ ਮਹਾਰਾਜ ਸਾਹਿਬ ਦੀ ਗੱਲ ਕੀਤੀ ਹੈ। ਮੈਂ ਸਮਝਦਾ ਹਾਂ ਕਿ ਸਾਢੇ ਛੇ ਸੌ ਸਾਲ ਪਹਿਲਾਂ ਵੀ ਇਸ ਤਰ੍ਹਾਂ ਦੇ ਹਾਲਾਤ ਹੋਣਗੇ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਲਿਖਣਾ ਪਿਆ:

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ।।

ਔਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਢੇ ਛੇ ਸੌ ਸਾਲ ਬੀਤਣ ਦੇ ਬਾਅਦ ਵੀ ਅੱਜ ਸਾਨੂੰ ਫਿਰ ਉਨ੍ਹਾਂ ਲੋੜਵੰਦ ਲੋਕਾਂ ਨੂੰ ਬੇਸ਼ੱਕ ਸਿਹਤ ਸਹੂਲਤਾਂ ਦੇਣੀਆਂ ਹੋਣ, ਬੇਸ਼ੱਕ ਗਰੀਬ ਬੱਚਿਆਂ ਨੂੰ ਐਜੂਕੇਸ਼ਨ ਦੇਣੀ ਹੋਵੇ, ਬੇਸ਼ੱਕ ਉਹ ਲੋਕ ਜਿਹੜੇ ਦੂਸਰੇ ਸੂਬਿਆਂ ਦਾ ਢਿੱਡ ਤਾਂ ਭਰਦੇ ਸਨ ਪਰ ਕਿਸੇ ਨਾ ਕਿਸੇ ਕਾਰਨ ਉਨ੍ਹਾਂ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਨਹੀਂ ਹੋ ਪਾ ਰਹੇ ਸਨ। ਮੈਂ ਸਮਝਦਾ ਹਾਂ ਕਿ ਕਿਤੇ ਨਾ ਕਿਤੇ ਸਿਸਟਮ ਵਿੱਚ ਗੜਬੜ ਜ਼ਰੂਰ ਸੀ ਪਰੰਤੂ ਮੈਂ ਸਰਦਾਰ ਭਗਵੰਤ ਸਿੰਘ ਮਾਨ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਲੋੜਵੰਦ ਲੋਕਾਂ ਦੀ ਬਾਂਹ ਫੜੀ ਹੈ। ਮੇਰੇ ਤੋਂ ਪਹਿਲਾਂ ਸਾਡੀ ਛੋਟੀ ਭੈਣ ਡਾਕਟਰ ਬਲਜੀਤ ਕੌਰ ਅੱਜ ਜਿਸ ਦਰਦ ਦੀ ਗੱਲ ਕਰਕੇ ਗਈ ਹੈ, ਮੈਂ ਸਮਝਦਾ ਹਾਂ ਕਿ ਜਿਹੜਾ ਸਾਡਾ ਸਟੇਟ ਹੈ, ਜਿੱਥੇ ਕਿਸੇ ਬੱਚੀ ਦਾ ਰੇਪ ਹੁੰਦਾ ਹੈ ਅਤੇ ਉਹ ਕਹਿੰਦੇ ਹਨ ਕਿ ਬੱਚੀ ਦਾ ਲੈ ਦੇ ਕੇ ਫੈਸਲਾ ਕਰਵਾ ਦਿਓ। ਅੱਜ ਵੀ ਉਸ ਦੇਸ਼ ਵਿੱਚ ਅੱਕਰਮਾਸ਼ੀ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਬਾਪ ਦਾ ਮਾਂ ਨੂੰ ਪਤਾ ਹੁੰਦਾ ਹੈ ਕਿ ਇਸ ਦਾ ਬਾਪ ਫਲਾਣਾ ਹੈ ਪਰੰਤੂ ਇਹ ਬਹੁਤ ਵਾਰੀ ਹੁੰਦਾ ਹੈ ਕਿ ਪੰਜ ਬੱਚਿਆਂ ਦੇ ਬਾਪ ਵੱਖਰੇ ਹੁੰਦੇ ਹਨ। ਮੈਂ ਸਮਝਦਾ ਹਾਂ ਕਿ ਇੰਟਰਨੈਸ਼ਨਲ ਵੂਮੈਨ ਡੇਅ ਤੇ ਜੋ ਤੁਸੀਂ ਕੀਤਾ ਹੈ, ਇਹ ਬੜੇ ਮਾਣ-ਸਨਮਾਨ ਵਾਲੀ ਗੱਲ ਹੈ। ਅਸੀਂ ਕਈ ਵਾਰੀ ਇਹ ਵੀ ਦੇਖਿਆ ਹੈ ਕਿ ਲੋਕ ਛੋਟੀਆਂ-ਛੋਟੀਆਂ ਲੋੜਾਂ ਦੇ ਲਈ ਕੰਪਰੋਮਾਈਜ਼ ਵੀ ਕਰਦੇ ਹਨ। ਪਰੰਤੂ ਜਦੋਂ ਤੁਸੀਂ ਅੱਜ ਸਾਡੀ 18 ਸਾਲ ਦੀ ਉਮਰ ਤੋਂ ਵੱਧ ਵਾਲੀ ਬੱਚੀ ਨੂੰ, ਮਾਂ, ਭੈਣ, ਚਾਚੀ-ਤਾਈ ਨੂੰ 1500/- ਰੁਪਏ ਦੇਣਾ ਹੈ ਤਾਂ ਉਨ੍ਹਾਂ ਲਈ ਕਿੰਨਾ ਸਹਾਈ ਹੋਵੇਗਾ ਔਰ ਇਨ੍ਹਾਂ ਨੂੰ ਕਈ ਵਾਰੀ old-age pension, widow pension, handicapped pension ਲੱਗੀ ਹੁੰਦੀ ਹੈ ਅਤੇ ਇਹ ਐਕਸਟਰਾ ਇਨਕਮ ਹੋਵੇਗੀ। ਜਿਸ ਘਰ ਵਿੱਚ 5500/- ਰੁਪਏ ਜਾਵੇਗਾ ਤਾਂ ਮੈਂ ਸਮਝਦਾ ਹਾਂ ਕਿ ਉਹ ਘਰ ਇਸ ਪੀੜਾ ਤੋਂ ਬਚੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੈਂਟਰ ਸਰਕਾਰ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਉਥੇ ਵਿਡੋਜ਼ ਨੂੰ ਏਜ਼ ਦੇ ਮੁਤਾਬਿਕ ਪੈਨਸ਼ਨ ਦਿੱਤੀ ਜਾਂਦੀ ਹੈ। ਉਨ੍ਹਾਂ ਵੱਲੋਂ ਇੱਕ ਏਜ਼ ਲਿਮਿਟ ਕੀਤੀ ਹੋਈ ਹੈ।

**1550/Abhishek gautam/Manika Rani**

**1555/Gurpreet kaur**

Widow ਤਾਂ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ। ਉਸ ਦੇ ਵੱਸ ਵਿੱਚ ਕੁਝ ਨਹੀਂ ਹੁੰਦਾ। ਸੈਂਟਰ ਵਿੱਚ ਬੀ.ਜੇ.ਪੀ. ਦੀ ਸਰਕਾਰ ਨੇ ਇੱਕ ਏਜ਼ ਲਿਮਿਟ ਰੱਖੀ ਹੈ ਕਿ ਜੇਕਰ ਇਸ ਤੋਂ ਪਹਿਲਾਂ widow ਹੁੰਦੀ ਹੈ ਤਾਂ ਉਸ ਨੂੰ ਪੈਨਸ਼ਨ ਨਹੀਂ ਮਿਲੇਗੀ। ਸਰ, ਮੈਂ ਅੱਜ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਜਿਹੜਾ ਸਾਡੇ ਪਾਲੀਟੀਸ਼ਅਨਾਂ ਦਾ ਲੋਕਾਂ ਵਿੱਚ ਵਿਸ਼ਵਾਸ ਖਤਮ ਹੋ ਗਿਆ ਸੀ, ਉਹ ਹੁਣ ਕਿਤੇ ਨਾ ਕਿਤੇ ਬਹਾਲ ਹੋਇਆ ਹੈ। ਪਿਛਲੀ ਸਰਕਾਰ ਨੇ ਕੈਪਟਨ ਸਾਹਿਬ ਨੇ ਗੁਟਕਾ ਸਾਹਿਬ ਹੱਥ ਵਿੱਚ ਚੁੱਕ ਕੇ ਸਹੁੰ ਖਾਧੀ ਸੀ ਕਿ ਮੈਂ ਘਰ ਘਰ ਨੌਕਰੀ ਦੇਵਾਂਗਾ। ਮੈਂ ਚਾਰ ਹਫਤਿਆਂ ਵਿੱਚ ਨਸ਼ਾ ਬੰਦ ਕਰ ਦੇਵਾਂਗਾ। ਮੈਂ ਕਿਸਾਨਾਂ ਦਾ 70 ਹਜਾਰ ਕਰੋੜ ਰੁਪਏ ਦਾ ਕਰਜ਼ਾ ਮਾਫ ਕਰ ਦੇਵਾਂਗਾ। ਜਦੋਂ ਉਹ ਸਰਕਾਰ ਗਈ ਤਾਂ ਕਿੰਨੇ ਕੁ ਪੈਸੇ ਮਾਫ ਹੋਏ? ਕਿੰਨੀ ਘਰ ਘਰ ਨੌਕਰੀ ਮਿਲੀ? ਪੰਜਾਬ ਵਿੱਚੋਂ ਕਿੰਨਾ ਕੁ ਨਸ਼ਾ ਖਤਮ ਹੋਇਆ? ਇਹ ਸਾਰੇ ਜਾਣਦੇ ਹੀ ਹੋ। ਅੱਜ ਜੇਕਰ ਤੁਹਾਨੂੰ ਯੁੱਧ ਨਸ਼ਿਆ ਵਿਰੁੱਧ ਲੜਨਾ ਪੈ ਰਿਹਾ ਹੈ ਤਾਂ ਇਹ ਇਸੇ ਕਰਕੇ ਲੜਨਾ ਪੈ ਰਿਹਾ ਹੈ ਕਿ ਉਨ੍ਹਾਂ ਦਾ ਵਾਅਦਾ ਝੂਠਾ ਸੀ। ਸਰ, ਮੈਂ ਇਹ ਗੱਲ ਇਸ ਕਰਕੇ ਕਹੀ ਹੈ ਕਿ ਜਿਹੜੇ ਤੁਸੀਂ ਆਪਣੇ ਵਾਅਦੇ ਪੂਰੇ ਕੀਤੇ ਹਨ, ਬੇਸ਼ੱਕ ਉਹ 300

ਯੂਨਿਟ ਬਿਜਲੀ ਵਾਲੇ ਹੋਣ, ਬੇਸ਼ੱਕ ਕਿਸਾਨਾਂ ਨੂੰ ਨਿਰਵਿਘਨ ਮੁਫਤ ਬਿਜਲੀ ਸਪਲਾਈ ਦਿੱਤੀ ਹੋਵੇ, ਟੋਲ ਪਲਾਜ਼ੇ ਚੁਕਾਏ, ਚੰਗੀ ਸਿੱਖਿਆ ਅਤੇ ਚੰਗੀ ਹੈਲਥ ਦਾ ਪ੍ਰਬੰਧ ਕੀਤਾ ਅਤੇ ਸਾਡੀਆਂ ਬੀਬੀਆਂ ਭੈਣਾਂ ਲਈ ਜਨਰਲ ਕੈਟਾਗਰੀ ਲਈ 1000 ਰੁਪਿਆ ਅਤੇ ਐਸ.ਸੀਜ਼ ਲਈ 1500 ਰੁਪਏ ਦਿੱਤੇ। ਇਹ ਗਰੰਟੀਆਂ ਪੂਰੀਆਂ ਕਰਕੇ ਤੁਸੀਂ ਲੋਕਾਂ ਵਿੱਚ ਇੱਕ ਵਿਸ਼ਵਾਸ ਬਣਾਇਆ ਕਿ ਪਾਲੀਟੀਸ਼ਨ ਸਦਾ ਝੂਠ ਨਹੀਂ ਬੋਲਦੇ। ਜੇਕਰ ਇਹ ਵਾਅਦੇ ਕਰਦੇ ਹਨ ਤਾਂ ਇਹ ਪੂਰੇ ਵੀ ਕਰਨਗੇ। ਸਰ, ਮੈਂ ਇੱਥੇ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੀ.ਸੀ. ਕਲਾਸ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ। ਕੁਝ ਪਰਿਵਾਰ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਦੇ ਹਾਲਾਤ ਐਸ.ਸੀਜ਼ ਨਾਲੋਂ ਵੀ ਮਾੜੇ ਹਨ। ਇਹ ਵੀ ਜ਼ਰੂਰ ਸਟੱਡੀ ਕਰਵਾਓ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ 1500 ਰੁਪਿਆ ਦਿੱਤਾ ਜਾਵੇ। ਅੱਜ ਮੈਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਗੱਲ ਕਰਦਾ ਸੀ ਕਿ ਉਸ ਵੇਲੇ ਜਿਹੜੀ ਉਨ੍ਹਾਂ ਨੇ ਗੱਲ ਕਹੀ, ਉਸ ਦੇ ਲਈ ਤੁਸੀਂ ਸ਼ਰਧਾ ਵਜੋਂ ਗੁਰੂ ਰਵਿਦਾਸ ਮਹਾਰਾਜ ਦੀ ਦੇ ਨਾਮ ਤੇ ਆਦਮਪੁਰ ਵਿੱਚ ਹਵਾਈ ਅੱਡੇ ਲਈ 140 ਕਰੋੜ ਰੁਪਿਆ ਲਗਾ ਕੇ ਉਸ ਨੂੰ ਕੰਪਲੀਟ ਕਰਵਾ ਰਹੇ ਹੋ। ਇਸ ਦੇ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ ਪਰ ਜਿਹੜਾ ਤੁਸੀਂ ਉਨ੍ਹਾਂ ਦਾ 649ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਹੈ, 650ਵੇਂ ਲਈ ਵੱਖ ਵੱਖ ਸ਼ਹਿਰਾਂ ਵਿੱਚ, ਵੱਖ ਵੱਖ ਪਿੰਡਾਂ ਵਿੱਚ ਅਤੇ ਵੱਖ ਵੱਖ ਮੁਹੱਲਿਆਂ ਵਿੱਚ ਤੁਸੀਂ ਇਹ ਗੱਲ ਕਹੀ ਹੈ ਕਿ ਅਸੀਂ ਮਨਾਵਾਂਗੇ ਅਤੇ ਲੋਕਾਂ ਨੇ ਮਨਾਉਣਾ ਸ਼ੁਰੂ ਵੀ ਕੀਤਾ ਹੈ। ਇਸ ਦੇ ਲਈ ਸਰਕਾਰ ਹੈਲਪ ਕਰ ਰਹੀ ਹੈ। ਮੇਰੀ ਇੱਥੇ ਇਹੀ ਬੇਨਤੀ ਹੈ ਕਿ ਤੁਸੀਂ ਮੀਨਾਰ-ਏ-ਬੇਗਮ ਦਾ 10% ਕੰਮ ਰਹਿੰਦਾ ਹੈ ਅਤੇ 90% ਕੰਮ ਕੰਪਲੀਟ ਹੋ ਚੁੱਕਾ ਹੈ। ਉਹ 10% ਕੰਮ ਜੇਕਰ ਇੱਕ ਦੋ ਮਹੀਨਿਆਂ ਵਿੱਚ ਕਰਵਾ ਦਿਓ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਉਸ ਰਹਿਬਰ ਦੀ ਜਿਨ੍ਹਾਂ ਦੀ ਬਹੁਤ ਕ੍ਰਾਂਤੀਕਾਰੀ ਸੋਚ ਸੀ, ਉਸ ਤੇ ਅਸੀਂ ਖੜ੍ਹਾਂਗੇ। ਜੋ ਭਗਵੰਤ ਮਾਨ ਜੀ ਦੀ ਸਰਕਾਰ ਨੇ ਕੀਤਾ ਹੈ, ਮੈਂ ਇਸ ਸਬੰਧੀ ਬਹੁਤ ਜ਼ਿਆਦਾ ਲੰਬਾ ਨਹੀਂ ਕਹਾਂਗਾ ਕਿਉਂਕਿ ਸਿੱਖਿਆ ਵਿੱਚ ਬਹੁਤ ਮੱਲ੍ਹਾਂ ਮਾਰੀਆਂ ਹਨ। ਮੈਂ ਸਮਝਦਾ ਹਾਂ ਕਿ ਜਿਹੜੀ ਐਜੂਕੇਸ਼ਨ ਹੈ ਉਹ ਕਿਸੇ ਵੀ ਡਿਵੈਲਪ ਕੰਟਰੀ ਦੀ ਕਾਮਯਾਬੀ ਦੀ ਇੱਕ ਨੀਂਹ ਹੁੰਦੀ ਹੈ। ਜਿਹੜੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਾ ਲੈਂਦੇ ਹਨ, ਉਨ੍ਹਾਂ ਲੋਕਾਂ ਨੂੰ ਫਿਰ ਨੀਲੇ-ਪੀਲੇ ਕਾਰਡਾਂ ਦੀ ਲੋੜ ਨਹੀਂ ਪੈਂਦੀ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ 65000 ਨੌਕਰੀਆਂ ਦਿੱਤੀਆਂ, ਜਿਸ ਬੱਚੇ ਨੂੰ ਉਹ ਨੌਕਰੀ ਮਿਲ ਗਈ, ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਉਸ ਦੀ ਮਾਂ ਨੂੰ ਅੱਜ 1500 ਰੁਪਏ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਇਸ ਦਾ ਬੇਸ ਹੈ। ਜਿਹੜੀ ਗਰੀਬ ਲੋਕ ਹਨ, ਨਾ ਉਨ੍ਹਾਂ ਕੋਲ ਕੋਈ ਐਗਰੀਕਲਚਰ ਲੈਂਡ ਹੈ। ਉਨ੍ਹਾਂ ਕੋਲ ਇੱਕ ਇੱਕ ਚੀਜ਼ ਐਜੂਕੇਸ਼ਨ ਹੈ। ਜੇਕਰ ਤੁਸੀਂ ਗਰੀਬ ਲੋਕਾਂ ਨੂੰ ਐਜੂਕੇਸ਼ਨ ਦਿੰਦੇ ਹੋ ਤਾਂ ਮੈਂ ਸਮਝਦਾ ਹਾਂ ਕਿ ਤੁਸੀਂ ਗਰੀਬ ਲੋਕਾਂ ਤੇ ਸਭ ਤੋਂ ਵੱਡਾ ਪਰਉਪਕਾਰ ਕੀਤਾ ਹੈ ਕਿ ਉਨ੍ਹਾਂ ਨੂੰ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਜਾਣ ਦਾ ਮੌਕਾ ਮਿਲਿਆ। ਕੋਈ 20 ਹਜਾਰ ਸਰਕਾਰੀ ਸਕੂਲ ਅਤੇ ਉਨ੍ਹਾਂ ਵਿੱਚ ਚੰਗੇ ਕਲਾਸ ਰੂਮ ਬਣਾ ਕੇ ਦਿੱਤੇ। 90% ਤੋਂ ਉੱਪਰ ਸਕੂਲਾਂ ਦੀ ਬਾਊਂਡਰੀਆਂ ਬਣੀਆਂ ਪਰ ਅੱਜ ਪੰਜਾਬ ਅੰਦਰ ਇੱਕ ਵੀ ਬੱਚਾ ਗਰਾਊਂਡ ਤੇ ਥੱਲੇ ਨਹੀਂ ਬੈਠਦਾ। ਹਰ ਸਕੂਲ ਵਿੱਚ ਤੁਸੀਂ ਡੈਸਕ ਪ੍ਰੋਵਾਈਡ ਕੀਤੇ ਹਨ। ਮੈਂ ਸਮਝਦਾ ਹਾਂ ਕਿ ਜੇਕਰ ਤੁਸੀਂ ਉਨ੍ਹਾਂ ਨੂੰ ਵਧੀਆ ਇਨਫਰਾਸਟਰੱਕਚਰ ਦਿੱਤਾ, ਉੱਥੇ ਚੰਗੇ ਟੀਚਰ ਦਿੱਤੇ। ਮੈਂ ਉੱਥੇ ਦੀ ਇੱਕ ਐਗਜ਼ੈਂਪਲ ਦੇਵਾਂਗਾ। ਮੇਰੇ ਹਲਕੇ ਦਾ ਇੱਕ ਮੇਲ੍ਹੀ ਪਿੰਡ ਹੈ, ਉੱਥੇ ਗੌਰਮਿੰਟ ਪ੍ਰਾਇਮਰੀ ਸਕੂਲ ਦੀ ਬੱਚੀ 500 ਵਿੱਚੋਂ 500 ਨੰਬਰ ਲੈ ਕੇ ਪਾਸ ਹੋਈ ਹੈ।

**1555/Gurpreet kaur/Abhishek gautam**

**1600/Rajneet Kaur**

ਜਦੋਂ ਇਸ ਬੱਚੀ ਦੇ 500 ਵਿੱਚੋਂ 500 ਨੰਬਰ ਆਏ ਤਾਂ ਦੂਜੇ ਬੱਚਿਆਂ ਦੇ ਮਾਪੇ ਵੀ ਸੋਚਦੇ ਹੋਣੇ ਹਨ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਪਾਈਏ। ਸੋ, ਇਸ ਦੇ ਲਈ ਤੁਹਾਡਾ ਧੰਨਵਾਦ ਕਿ ਤੁਸੀਂ ਸਰਕਾਰੀ ਸਕੂਲਾਂ ਦਾ ਸਟੈਂਡਰਡ ਚੁੱਕਿਆ ਹੈ।

ਮੈਂ ਇਹ ਦੱਸਣਾ ਚਹੁੰਦਾ ਹਾਂ ਕਿ ਕਿਸੇ ਵੀ ਦੇਸ਼ ਦੀ ਡਿਵੈਲਪਮੈਂਟ ਵਿੱਚ ਐਜੂਕੇਸ਼ਨ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ। (ਵਿਘਨ, ਸ਼ੋਰ) ਪਲੀਜ਼, ਮੇਰੀ ਇੱਕ ਮਿੰਟ ਗੱਲ ਸੁਣਨਾ ਜੀ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ।) ਜਿਹੜੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਹੈ, ਉਸ ਨਾਲ ਸਾਲ 2017 ਵਿੱਚ 3 ਲੱਖ ਬੱਚਾ ਪਹੁੰਚਿਆ ਅਤੇ ਅੱਜ ਵੀ 3 ਲੱਖ ਬੱਚਾ ਹੈ। ਜਦੋਂ ਵਿੱਚ ਕਾਂਗਰਸ ਦੀ ਸਰਕਾਰ ਆਈ ਤਾਂ ਇਹ ਗਿਣਤੀ ਡੇਢ ਲੱਖ ਰਹਿ ਗਈ। ਇਸ ਦਾ ਵੱਡਾ ਕਾਰਨ ਕੀ ਸੀ? ਬੇਸ਼ੱਕ ਇਸ ਬਾਰੇ ਅਸੀਂ ਗੱਲਾਂ ਕਰ ਲਈਏ, ਹੱਸ ਲਈਏ, ਬੇਸ਼ੱਕ ਇਗਨੋਰ ਕਰ ਦੇਈਏ, ਬੇਸ਼ੱਕ ਇਸ ਤੇ ਕਿਤੇ ਸੋਚ ਲਈਏ ਕਿ ਜਿਸ ਸਮਾਜ ਦਾ ਡੇਢ ਲੱਖ ਬੱਚਾ ਹਰ ਸਾਲ ਐਜੂਕੇਸ਼ਨ ਤੋਂ ਵਾਂਝਾ ਰਿਹਾ ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੀ ਹੈ? ਅਸੀਂ ਕਦੇ ਜ਼ਿੰਮੇਵਾਰੀ ਫਿਕਸ ਹੀ ਨਹੀਂ ਕੀਤੀ। ਇਸ ਦੇ ਵਿੱਚ ਬਹੁਤ ਵੱਡੇ ਕਾਰਨ ਰਹੇ ਕਿ ਉਸ ਵੇਲੇ ਦੇ ** **, ਜਿਹੜਾ ਕਿ ਆਪ ਬਾਬਾ ਸਾਹਿਬ ਅੰਬੇਦਕਰ ਕਰਕੇ ਐਮ.ਐਲ.ਏ. ਵੀ ਬਣਿਆ, ਮੰਤਰੀ ਵੀ ਬਣਿਆ। ਉਹ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ 64 ਕਰੋੜ ਰੁਪਏ ਦਾ ਬੱਚਿਆਂ ਨਾਲ ਧੋਖਾ ਕਰ ਗਏ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਨਾ ਇੱਧਰੋਂ ਅਤੇ ਨਾ ਇੱਧਰੋਂ ਕਿਸੇ ਨੇ ਇਸ ਬਾਰੇ ਗੱਲ ਹੀ ਨਹੀਂ ਕੀਤੀ। 5 ਸਾਲਾਂ ਵਿੱਚ ਕੋਈ ਸਾਢੇ 7 ਲੱਖ ਬੱਚਾ, ਜਿਨ੍ਹਾਂ ਵਿੱਚੋਂ ਕਿਸੇ ਨੇ ਡਾਕਟਰ ਬਣਨਾ ਸੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਲਓ ਜੀ, ਜਿਸ ਕਿਸੇ ਨੇ ਬੇਈਮਾਨੀ ਕੀਤੀ ਹੋਵੇ ਤੇ ਸਾਢੇ 7 ਲੱਖ ਐਸ.ਸੀ. ਬੱਚੇ ਨੂੰ ਐਜੂਕੇਸ਼ਨ ਲੈਣ ਤੋਂ ਵਾਂਝਾ ਕੀਤਾ ਹੋਵੇ ਤਾਂ ਉਸ ਦਾ ਨਾਂ ਲੈਣ ਤੋਂ ਵੀ ਮਨ੍ਹਾਂ ਕੀਤਾ ਜਾ ਰਿਹਾ ਹੈ, ਇੱਕ ਚੋਰ ਦਾ ਨਾਂ ਲੈਣ ਤੋਂ ਵੀ ਮਨਾਹੀ ਹੋਣੀ ਚਾਹੀਦੀ ਹੈ? ਨਹੀਂ, ਮੈਂ ਤੁਹਾਡੇ ਤੋਂ ਆਸ ਨਹੀਂ ਕਰਦਾ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਨੂੰ ਸੰਬੋਧਨ ਕਰਦੇ ਹੋਏ।) ਤੁਸੀਂ ਜਾਂ ਤਾਂ ਇਸ ਚੀਜ਼ ਦੀ ਹਾਮੀ ਭਰਦੇ ਹੋ।

**ਮਾਣਯੋਗ ਸਪੀਕਰ** : ਜੂਨੀਅਰ ਜੀ, ਬੈਠੋ, ਬੈਠੋ। ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਬੈਠੋ, ਬੈਠੋ, let him complete.

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਸਾਧੂ ਸਿੰਘ ਜੀ ਦਾ ਨਾਮ ਡਿਲੀਟ ਕੀਤਾ ਜਾਵੇ।

**ਮਾਣਯੋਗ ਸਪੀਕਰ** : ਬੈਠੋ, ਬੈਠੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਰ, ਮੈਂ ਚੀਮਾ ਸਾਹਿਬ ਨੂੰ ਇੱਕ ਬੇਨਤੀ ਜ਼ਰੂਰ ਕਰਾਂਗਾ ਕਿ ਅੱਜ ਲੋਕਾਂ ਨੇ ਡਿਸਾਈਡ ਕਰਨਾ ਹੈ ਕਿ ਜਿਨ੍ਹਾਂ ਨੇ ਸਾਢੇ 7 ਲੱਖ ਬੱਚਿਆਂ ਦੀ ਐਜੂਕੇਸ਼ਨ ਖੋਹ ਲਈ, ਕੀ ਤੁਸੀਂ ਉਨ੍ਹਾਂ ਦੇ ਨਾਲ ਖੜ੍ਹਨਾ ਹੈ ਜਾਂ ਉਨ੍ਹਾਂ ਲੋਕਾਂ ਨਾਲ ਖੜ੍ਹਨਾ ਹੈ, ਜਿਨ੍ਹਾਂ ਨੇ ਸਾਢੇ 7 ਲੱਖ ਜ਼ਿਆਦਾ ਬੱਚਿਆਂ ਨੂੰ ਪੜ੍ਹਾਇਆ। ਇਸ ਦੇ ਲਈ ਮੈਂ ਮਾਨ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ 3 ਲੱਖ ਬੱਚਿਆਂ ਨੂੰ ਪੜ੍ਹਾਇਆ। ਇਸ ਦੀ ਕੋਈ ਲਿਮਟ ਕੋਈ ਨਹੀਂ ਹੈ, ਹੋ ਸਕਦਾ ਹੈ ਕਿ ਅਗਲੇ ਸਾਲ 4 ਲੱਖ ਹੋ ਜਾਵੇ, ਹੋ ਸਕਦਾ ਹੈ ਅਗਲੇ ਸਾਲ 5 ਲੱਖ ਹੋ ਜਾਵੇ ਕਿਉਂਕਿ ਤੁਹਾਡੇ ਵੱਲੋਂ ਕੋਈ ਕਮੀ ਨਹੀਂ ਹੈ। ਮੈਂ ਇੱਥੇ ਅੱਜ ਇੱਕ ਗੱਲ ਜ਼ਰੂਰ ਕਰਾਂਗਾ ਕਿ ਜਿਹੜੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਸ਼ਡਿਊਲਡ ਕਾਸਟ ਦੇ ਬੱਚਿਆਂ ਲਈ ਇਨਕਮ ਦੀ ਲਿਮਟ ਹੈ, ਉਹ 2.5 ਲੱਖ ਰੁਪਏ ਹੈ। ਅੱਜ 2.5 ਲੱਖ ਰੁਪਏ ਤਾਂ ਬੜਾ ਛੋਟਾ ਜਿਹਾ ਅਮਾਊਂਟ ਹੈ। ਮੈਂ ਬੇਨਤੀ ਕਰਨੀ ਚਾਹਾਂਗਾ ਕਿ ਜਿਵੇਂ ਬੀ.ਸੀ. ਦਾ ਤੇ ਇਕਨਾਮੀਕਲੀ ਵੀਕਰ ਸੈਕਸ਼ਨ ਦੀ ਇਨਕਮ ਲਿਮਟ 8 ਲੱਖ ਰੁਪਏ ਹੈ, ਉਸੇ ਤਰ੍ਹਾਂ ਐਸ.ਸੀ. ਕੈਟਾਗਿਰੀ ਦੀ ਇਨਕਮ ਲਿਮਟ ਵੀ 8 ਲੱਖ ਰੁਪਏ ਕੀਤੀ ਜਾਵੇ। ਇਸ ਨਾਲ ਮੈਂ ਸਮਝਦਾ ਹਾਂ ਕਿ ਅਗਲੇ ਸਾਲ ਬੱਚਿਆਂ ਦੀ ਗਿਣਤੀ 7 ਤੋਂ 8 ਲੱਖ ਹੋ ਜਾਵੇਗੀ ਔਰ ਲੋਕ ਤੁਹਾਨੂੰ ਅਸੀਸਾਂ ਦੇਣਗੇ। ਜਿੱਥੇ ਤੁਸੀਂ 1.5 ਲੱਖ ਤੋਂ 3 ਲੱਖ ਰੁਪਏ ਤੱਕ ਲੈ ਗਏ ਹੋ, ਲੋਕ ਤੁਹਾਨੂੰ ਅਸੀਸਾਂ ਦੇਣਗੇ ਕਿ ਤੁਸੀਂ ਇਸ ਫਿੱਗਰ ਨੂੰ 5 ਲੱਖ ਤੱਕ ਲੈ ਗਏ ਹੋ। ਸੋ, ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਤੇ ਧਿਆਨ ਜ਼ਰੂਰ ਦਿੱਤਾ ਜਾਵੇ।

ਸਰ, ਗੁਰੂਆਂ ਪੀਰਾਂ ਦੀ ਇੱਜ਼ਤ ਕਰਨਾ ਅਸੀਂ ਗੁਰੂਆਂ ਤੋਂ ਸਿੱਖਿਆ ਹੈ ਪਰ ਇਸ ਸਰਕਾਰ ਨੇ ਇਸ ਤੇ ਮੋਹਰ ਲਾਈ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ, ਮੈਂ ਸਮਝਦਾ ਹਾਂ ਕਿ ਕਿਸੇ ਗੁਰੂ, ਪੀਰ ਦੀ ਯਾਦ ਨੂੰ ਮਨਾਉਣਾ ਹੋਵੇ ਤਾਂ ਇਸ ਤੋਂ ਵਧੀਆ ਤਰੀਕਾ ਨਹੀਂ ਹੋ ਸਕਦਾ ਕਿ ਤੁਸੀਂ ਬੱਚਿਆਂ ਨੂੰ ਐਜੂਕੇਸ਼ਨ ਇੰਸਟੀਚਿਊਟ ਖੋਲ੍ਹ ਕੇ ਦਿਓ। ਤੁਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਜਿਹੜੀ ਯੂਨੀਵਰਸਿਟੀ ਬਣਾ ਰਹੇ ਹੋ, ਮੈਂ ਉਸ ਦੇ ਲਈ ਤੁਹਾਨੂੰ ਵਧਾਈ ਦਿੰਦਾ ਹਾਂ।

ਮੈਂ ਇੱਥੇ ਹੈਲਥ ਦੀ ਗੱਲ ਵੀ ਕਰਾਂਗਾ ਕਿ ਤੁਸੀਂ ਅਨੰਦਪੁਰ ਸਾਹਿਬ ਵਿੱਚ ਜੱਚਾ ਬੱਚਾ ਹਸਪਤਪਾਲ ਅਤੇ ਟਰੌਮਾ ਸੈਂਟਰ ਬਣਾਉਗੇ, ਜਿਹੜੀ ਕਿ ਇਸ ਖਿੱਤੇ ਦੀ ਬਹੁਤ ਵੱਡੀ ਲੋੜ ਹੈ। ਮੈਨੂੰ ਲੱਗਦਾ ਹੈ ਕਿ ਇਹ ਦੁਆਬੇ ਦੇ ਨਾਲ ਹੀ ਲਗਦਾ ਹੈ, ਉੱਥੇ ਪਹਿਲਾ ਟਰੌਮਾ ਸੈਂਟਰ ਬਣਾ ਕੇ ਬੜੀ ਵੱਡੀ ਮੰਗ ਪੂਰੀ ਕੀਤੀ ਹੈ। ਮੈਂ ਸਿਹਤ ਅਤੇ ਪਰਿਵਾਰ ਭਲਾਈ ਦੀ ਵੀ ਗੱਲ ਕਰਾਂਗਾ। ਤੁਸੀਂ 10 ਲੱਖ ਰੁਪਏ ਦੇ ਸਿਹਤ ਬੀਮੇ ਦੀ ਗੱਲ ਕੀਤੀ ਹੈ, ਇਹ ਬੜੀ ਵੱਡੀ ਗੱਲ ਹੈ ਕਿਉਂਕਿ ਮੈਂ ਖੁਦ ਇੱਕ ਡਾਕਟਰ ਹਾਂ। ਸਰ, ਸਾਡੇ ਕੋਲ ਬਹੁਤ ਵਾਰੀ ਲੋਕ ਆਉਂਦੇ ਹਨ। ਜਦੋਂ ਸਾਡੇ ਵੱਸ ਦੀ ਗੱਲ ਨਹੀਂ ਹੁੰਦੀ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਸ ਨੂੰ ਵੱਡੇ ਹਸਪਤਾਲ ਲੈ ਜਾਓ। ਜਿਹੜਾ ਤਾਂ ਅਮੀਰ ਆਦਮੀ ਹੈ, ਉਹ ਤਾਂ ਕਹਿੰਦਾ ਹੈ ਕਿ ਤੁਸੀਂ ਹੁਣੇ ਸਲਿੱਪ ਬਣਾਓ, ਸਾਨੂੰ ਡਿਸਚਾਰਜ ਕਰੋ ਅਤੇ ਅਸੀਂ ਹੁਣੇ ਲੈ ਜਾਂਦੇ ਹਾਂ ਪਰ ਜਦੋਂ ਅਸੀਂ ਗਰੀਬ ਆਦਮੀ ਨੂੰ ਕਹਿ ਦਿੰਦੇ ਹਾਂ ਕਿ ਤੁਸੀਂ ਮਰੀਜ਼ ਨੂੰ ਕਿਸੇ ਵੱਡੇ ਹਸਪਤਾਲ ਦਿਖਾਓ ਤਾਂ ਉਹ ਸਾਨੂੰ ਹੱਥ ਜੋੜ ਕੇ ਕਹਿ ਦਿੰਦਾ ਹੈ ਕਿ ਡਾਕਟਰ ਸਾਹਿਬ, ਵੱਡੇ ਹਸਪਤਾਲ ਨਹੀਂ ਜਾ ਹੋਣਾ, ਤੁਸੀਂ ਸਾਨੂੰ ਘਰ ਹੀ ਭੇਜ ਦਿਓ, ਅਸੀਂ ਘਰ ਰਹਿ ਕੇ ਹੀ ਸੇਵਾ ਕਰ ਲਵਾਂਗੇ।

**1605/Kuldeep kaur**

ਸੇਵਾ ਦਾ ਮਤਲਬ ਕੀ ਹੁੰਦਾ ਹੈ ਕਿ ਨਾ ਅਸੀਂ ਉਸ ਨੂੰ ਕੋਈ ਦਵਾਈ ਦੇਣੀ ਹੈ ਅਤੇ ਨਾ ਉਸ ਦਾ ਕੋਈ ਇਲਾਜ ਕਰਵਾਉਣਾ ਹੈ। ਜਿਹੜਾ ਤੁਸੀਂ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਬੀਮਾ ਦੇ ਰਹੇ ਹੋ, ਇਹ ਉਨ੍ਹਾਂ ਲੋਕਾਂ ਲਈ ਜਿਹੜੇ ਇਲਾਜ ਖੁਣੋਂ ਮਰ ਜਾਂਦੇ ਸਨ, ਉਨ੍ਹਾਂ ਲਈ ਬਹੁਤ ਵੱਡਾ ਵਰਦਾਨ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਕੱਲ੍ਹ ਮੈਂ ਤੇ ਮਨਜੀਤ ਸਿੰਘ, ਕੁਲਵੰਤ ਸਿੰਘ, ਐਮ.ਐਲ.ਏ ਸਾਹਿਬ ਬੈਠੇ ਸਨ। ਉੱਥੇ ਮਨਜੀਤ ਸਿੰਘ ਜੀ ਨੂੰ ਇੱਕ ਫੋਨ ਆਇਆ ਸੀ। ਉਹ ਕਹਿੰਦੇ ਕਿ ਸਾਡੇ ਬਾਪੂ ਦਾ ਲੀਵਰ ਖਰਾਬ ਹੋ ਗਿਆ ਹੈ, ਡਾਕਟਰ ਕਹਿੰਦਾ ਹੈ ਕਿ ਇਸ ਦਾ ਲੀਵਰ ਚੇਂਜ ਕਰਵਾਓ ਪਰ ਉਹ ਕਹਿੰਦਾ ਹੈ ਕਿ ਇਸ ਲਈ 50-60 ਲੱਖ ਰੁਪਿਆ ਲੱਗਣਾ ਹੈ। ਮੈਂ ਕਿਉਂਕਿ ਜਾਣਦਾ ਸੀ, ਮੈਂ ਕਿਹਾ ਨਹੀਂ ਇਸ ਤਰ੍ਹਾਂ ਨਹੀਂ, ਮੈਂ ਉਸ ਨੂੰ ਕਿਹਾ ਕਿ ਤੁਹਾਡਾ ਇੱਥੇ ਹੀ ਸਾਡਾ hepatobiliary lever transplant ਸੈਂਟਰ ਹੈ, ਲੀਵਰ ਟਰਾਂਸਪਲਾਂਟ ਹੋ ਜਾਵੇਗਾ। ਇਹ ਸੈਂਟਰ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ, ਇਹ ਤੁਹਾਡੀ ਬਹੁਤ ਵੱਡੀ ਦੇਣ ਹੈ। ਮੈਂ ਸਮਝਦਾ ਹਾਂ ਉਸ ਦਾ ਸਾਰਾ ਸਿਹਰਾ ਡਾਕਟਰ ਬਲਬੀਰ ਸਿੰਘ ਜੀ ਨੂੰ ਜਾਂਦਾ ਹੈ ਕਿਉਂਕਿ ਇਹ ਡਾਕਟਰ ਹਨ ਅਤੇ ਇਹ ਜਾਣਦੇ ਹਨ ਕਿ ਇਸ ਦੀ ਕਦਰ ਕੀ ਹੈ। ਜਿੱਥੇ 60-70 ਲੱਖ ਰੁਪਿਆ ਲੱਗਣਾ ਸੀ, ਅੱਜ ਅਸੀਂ ਉਸ ਬੰਦੇ ਨੂੰ ਕਿਹਾ ਹੈ ਕਿ ਅਸੀਂ 10 ਲੱਖ ਰੁਪਏ ਵਿੱਚ ਲੀਵਰ ਟਰਾਂਸਪਲਾਂਟ ਕਰਵਾਵਾਂਗੇ ਔਰ ਮੈਨੂੰ ਲਗਦਾ ਹੈ ਕਿ ਸ਼ਾਇਦ ਜਿਹੜਾ 10 ਲੱਖ ਰੁਪਏ ਸਿਹਤ ਬੀਮਾ ਦਾ ਕਾਰਡ ਹੈ, ਉਹ ਵੀ ਉੱਥੇ ਕੰਮ ਆ ਜਾਵੇਗਾ। ਸਰ, ਜਿਹੜੀਆਂ ਇਹ ਤੁਸੀਂ ਸਰਵਿਸਿਜ਼ ਦੇ ਰਹੇ ਹੋ, ਮੈਂ ਸਮਝਦਾ ਹਾਂ ਕਿ ਪਰਮਾਤਮਾ ਇਸ ਲਈ ਸਦਾ ਹੀ ਤੁਹਾਡੇ ਤੇ ਕਿਰਪਾ ਰੱਖੇਗਾ। ਅੱਜ ਤੁਸੀਂ 934 ਡਾਕਟਰ ਰੱਖੇ ਹਨ, 400 ਸਪੈਸ਼ਲਾਈਜ਼ਡ ਡਾਕਟਰਾਂ ਦੀਆਂ ਸਰਵਿਸਿਜ਼ ਲੈ ਰਹੇ ਹੋ। ਸੋ, ਜਿਹੜਾ ਤੁਸੀਂ 65 ਲੱਖ ਪਰਿਵਾਰਾਂ ਲਈ 2000 ਕਰੋੜ ਰੁਪਿਆ ਜਿਹੜਾ ਰੱਖਿਆ ਹੈ, ਇਹ ਇੱਕ ਸ਼ਲਾਘਾਯੋਗ ਕਦਮ ਹੈ। ਸੋ, ਮੈਂ ਇੱਕ ਬੇਨਤੀ ਜ਼ਰੂਰ ਕਰਾਂਗਾ ਕਿ ਜਿਹੜੇ ਜੱਚਾ-ਬੱਚਾ ਸੈਂਟਰ ਹਨ, ਜ਼ਰੂਰੀ ਨਹੀਂ ਉਨ੍ਹਾਂ ਦਾ ਹਰ ਥਾਂ ਸਕੈਨ ਹੁੰਦਾ ਹੋਵੇ ਕਿਉਂਕਿ ਇਹ ਬੜਾ ਮਹਿੰਗਾ ਹੈ। ਸਰ, ਜਿਹੜੇ ਵੀ ਪ੍ਰਾਈਵੇਟ ਡਾਇਗਨੋਸਟਿਕ ਸੈਂਟਰ ਹਨ, ਜਿਨ੍ਹਾਂ ਨੂੰ ਅਸੀਂ ਮਨਜ਼ੂਰੀ ਦਿੰਦੇ ਹਨ, ਉਨ੍ਹਾਂ ਦੇ ਇੱਕ ਕਾਲਮ ਬਣਾਓ ਅਤੇ ਉਨ੍ਹਾਂ ਲਈ ਇਹ ਕੰਪਲਸਰੀ ਕਰੋ ਕਿ ਤੁਸੀਂ 5-10% ਕੇਸ ਸਰਕਾਰੀ ਹਸਪਤਾਲਾਂ ਦੇ ਸਕੈਨ ਕਰੋ। ਇਹ ਨਹੀਂ ਕਿ ਸਰਕਾਰ ਪੈਸੇ ਨਹੀਂ ਦਿੰਦੀ, ਸਰਕਾਰ ਪੈਸੇ ਦਿੰਦੀ ਹੈ। ਮੇਰਾ ਬੇਟਾ ਕਰਦਾ ਹੈ, ਉਹ ਹਰ ਮਹੀਨੇ 2-3 ਲੱਖ ਰੁਪਿਆ ਸਰਕਾਰ ਤੋਂ ਹੀ ਲੈ ਲੈਂਦਾ ਹੈ। ਜੇ ਉਹ ਕਮਾ ਸਕਦਾ ਹੈ ਤਾਂ ਬਾਕੀ ਵੀ ਕਮਾਉਣਗੇ। ਉਹ ਪੇਸ਼ੈਂਟ ਤੋਂ ਚਾਰਜ ਨਹੀਂ ਕਰਦਾ। ਸਰ, ਜੇਕਰ ਤੁਸੀਂ ਇਸ ਤਰ੍ਹਾਂ ਦਾ ਇੱਕ ਕਾਲਮ ਬਣਾ ਦੇਵੋ ਕਿ ਹਰ ਡਾਇਗਨੋਸਟਿਕ ਸੈਂਟਰ 5-10% ਸਰਕਾਰੀ ਸਕੈਨ ਕਰੇਗਾ। ਉਸ ਨੂੰ ਸਰਕਾਰ ਪੈਸੇ ਦੇਵੇਗੀ। (ਘੰਟੀ) ਸਰ, ਮੇਰਾ ਤਾਂ ਅਜੇ ਕੰਮ ਹੀ ਥੋੜ੍ਹਾ ਜਿਹਾ ਹੋਇਆ ਹੈ।

**ਮਾਣਯੋਗ ਸਪੀਕਰ:** ਨਹੀਂ ਹੁਣ ਸਾਰਿਆਂ ਨੇ ਬੋਲਣਾ ਹੈ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਚਲੋ, ਠੀਕ ਹੈ ਜੀ। ਸਰ, ਜੋ ਤੁਸੀਂ ਰੰਗਲਾ ਪੰਜਾਬ, ਐਗਰੀਕਲਚਰ, ਪੇਂਡੂ ਵਿਕਾਸ ਲਈ ਕੰਮ ਕੀਤਾ ਹੈ, ਉਨ੍ਹਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਇੱਕ ਮੈਂ ਮਗਨਰੇਗਾ ਤੇ ਜ਼ਰੂਰ ਗੱਲ ਕਰਨੀ

ਚਾਹਾਂਗਾ ਕਿਉਂਕਿ ਬੀ.ਜੇ.ਪੀ. ਨੇ ਜੋ ਗਰੀਬ ਲੋਕ ਇਸ ਤੇ dependent ਸਨ, ਜਿਨ੍ਹਾਂ ਨੂੰ 100 ਦਿਨ ਦਿਹਾੜੀ ਮਿਲਦੀ ਸੀ। ਵੈਸੇ ਤਾਂ 100 ਦਿਨ ਮਿਲਦੀ ਨਹੀਂ ਸੀ ਪਰ ਜੇ 100 ਦਿਨ ਮੰਨ ਵੀ ਲਈਏ ਤਾਂ ਉਨ੍ਹਾਂ ਨੂੰ 100 ਦਿਨ ਦਿਹਾੜੀ ਮਿਲਦੀ ਸੀ। ਅੱਜ ਉਨ੍ਹਾਂ ਨੇ ਉਹ ਸਾਰੀ ਯੋਜਨਾ ਚੇਂਜ ਹੀ ਕਰ ਦਿੱਤੀ ਹੈ। ਸੋ, ਤੁਸੀਂ ਜੋ ਨਿਰਣਾ ਲਿਆ ਹੈ ਕਿ ਜਿਸ ਤਰ੍ਹਾਂ ਪਹਿਲਾਂ ਮਗਨਰੇਗਾ ਸਕੀਮ ਚਲਦੀ ਸੀ, ਉਸ ਲਈ ਤੁਸੀਂ 1500 ਕਰੋੜ ਰੁਪਿਆ ਰੱਖ ਕੇ ਉਨ੍ਹਾਂ ਲੱਖਾਂ ਹੀ ਲੋਕਾਂ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਹੈ। ਜਿੱਥੇ ਤੁਸੀਂ ਉਨ੍ਹਾਂ ਨੂੰ 1000-1500 ਰੁਪਿਆ ਦੇਣਾ ਹੈ ਅਤੇ ਇਸ ਦੇ ਨਾਲ ਨਾਲ ਹੀ ਮਗਨਰੇਗਾ ਦੇ ਪੈਸੇ ਵੀ ਉਨ੍ਹਾਂ ਨੂੰ ਮਿਲਣਗੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਜ਼ਿੰਦਗੀ ਵਧੀਆ ਚੱਲੇਗੀ। ਅੰਤ ਵਿੱਚ ਮੈਂ ਮੇਰੀ ਰਸੋਈ ਸਕੀਮ ਜਿਸ ਵਿੱਚ 40 ਲੱਖ ਬੈਨੀਫਿਸ਼ਰੀਜ਼ ਨੂੰ ਫਾਇਦਾ ਹੋਣਾ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜੇਕਰ ਇੱਕ ਪਰਿਵਾਰ ਵਿੱਚ ਬਿਜਲੀ ਫਰੀ ਮਿਲ ਜਾਵੇ, 2 ਕਿਲੋ ਘਿਓ ਮਿਲ ਜਾਵੇ, 2 ਕਿਲੋ ਚੀਨੀ ਮਿਲ ਜਾਵੇ, ਦਾਲ ਮਿਲ ਜਾਵੇ, ਹਲਦੀ, ਨਮਕ ਮਿਲ ਜਾਵੇ ਤਾਂ ਮੈਨੂੰ ਲਗਦਾ ਹੈ ਕਿ ਉਸ ਨੂੰ ਹੋਰ ਕੋਈ ਲੋੜ ਨਹੀਂ ਰਹਿ ਜਾਂਦੀ। ਸੋ, ਮੈਂ ਇਹ ਮਹਿਸੂਸ ਕਰਦਾ ਹਾਂ ਕਿ ਤੁਸੀਂ ਜੋ ਬਜਟ ਵਿੱਚ ਪ੍ਰਵੀਜ਼ਨਜ਼ ਰੱਖੀਆਂ ਹਨ, ਉਹ ਬੜੀਆਂ ਸ਼ਲਾਘਾਯੋਗ ਹਨ। ਮੈਂ ਇਨ੍ਹਾਂ ਦੀ ਹਮਾਇਤ ਕਰਦਾ ਹਾਂ। ਅੰਤ ਵਿੱਚ ਮੈਂ ਚੀਮਾ ਸਾਹਿਬ ਨੂੰ ਇੱਕ ਬੇਨਤੀ ਜ਼ਰੂਰ ਕਰਨੀ ਹੈ ਕਿ ਤੁਸੀਂ ਸਾਰਿਆਂ ਦਾ ਧਿਆਨ ਰੱਖ ਲਿਆ। ਚਲੋ ਐਮ.ਐਲ.ਏ. ਦਾ ਤਾਂ ਛੱਡੋ, ਸਾਡੇ ਨਾਲ ਜਿਹੜੇ ਪੀ.ਏ./ਡਰਾਈਵਰ ਹੁੰਦੇ ਹਨ, ਉਹ 10,000/- ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਬੈਠੇ ਹਨ। ਉਨ੍ਹਾਂ ਦਾ ਕੀ ਕਸੂਰ ਹੈ, 10,000/- ਰੁਪਏ ਨਾਲ ਕਿਸੇ ਦੇ ਪਰਿਵਾਰ ਦਾ ਗੁਜ਼ਾਰਾ ਚਲਦਾ ਹੈ? ਉਹ ਵੀ ਸਾਡੇ ਪੰਜਾਬ ਦੇ ਹੀ ਬੱਚੇ ਹਨ। ਸਾਡੇ ਨਾਲ ਦਿਨ ਰਾਤ ਕੰਮ ਕਰਦੇ ਹਨ। ਜੇ ਅਸੀਂ ਰਾਤ ਨੂੰ 12.00 ਵਜੇ ਸੌਂਦੇ ਹਾਂ ਤਾਂ ਸਾਡਾ ਪੀ.ਏ ਵੀ 12.00 ਵਜੇ ਹੀ ਸੌਂਦਾ ਹੈ। ਉਹ ਪਹਿਲਾਂ ਨਹੀਂ ਸੌਂ ਸਕਦਾ ਸਗੋਂ ਸਾਡੇ ਤੋਂ ਅੱਧਾ ਘੰਟਾ ਬਾਅਦ ਵਿੱਚ ਹੀ ਸੌਂਦਾ ਹੈ। ਇਸੇ ਤਰ੍ਹਾਂ ਹੀ ਜਿਹੜਾ ਸਾਡਾ ਡਰਾਈਵਰ ਹੈ, ਜੇ ਅਸੀਂ 5 ਦਿਨ ਇਕੱਠੇ ਹੀ ਚਲਦੇ ਹਾਂ ਤਾਂ 5 ਦਿਨ ਹੀ ਉਹ ਸਾਡੇ ਨਾਲ ਚਲਦਾ ਹੈ ਅਤੇ ਉਸ ਦੀ ਤਨਖਾਹ 10,000/- ਰੁਪਏ ਹੈ। ਸਰ, ਮੈਂ ਬੇਨਤੀ ਕਰਦਾ ਹਾਂ ਐਮ.ਐਲ.ਏਜ਼ ਦਾ ਛੱਡੋ, ਇਨ੍ਹਾਂ ਪੀ.ਏ., ਡਰਾਈਵਰਾਂ ਦੀ ਤਨਖਾਹ ਵਿੱਚ ਜ਼ਰੂਰ ਵਾਧਾ ਕਰੋ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਨ੍ਹਾਂ ਦੀ ਜ਼ਰੂਰਤ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਦੇਖੋ, ਵੈਸੇ ਚੀਮਾ ਸਾਹਿਬ, ਜਿਹੜਾ ਇੱਕ ਐਮ.ਐਲ.ਏ. ਹੈ, ਉਹ 24 ਘੰਟੇ ਕੰਮ ਕਰਦਾ ਹੈ ਔਰ ਮੇਰਾ ਖਿਆਲ ਹੈ ਜੇ ਐਮ.ਐਲ.ਏ. 24 ਘੰਟੇ ਕੰਮ ਕਰਦਾ ਹੈ ਤਾਂ ਉਸ ਦਾ ਪੀ.ਏ. ਵੀ ਉਸ ਦੇ ਨਾਲ ਹੀ ਕੰਮ ਕਰਦਾ ਹੈ। ਉਨਾ ਹੀ ਕੰਮ ਕਰਦਾ ਹੈ, ਮੈਨੂੰ ਲਗਦਾ ਹੈ ਉਸ ਤੋਂ ਜ਼ਿਆਦਾ ਕੰਮ ਕਰਦਾ ਹੈ। ਔਰ ਸਾਰੇ ਲੋਕ ਐਮ.ਐਲ.ਏ. ਕੋਲ ਆਉਂਦੇ ਹਨ। ਜੇਕਰ ਹਲਕੇ ਵਿੱਚ ਐਮ.ਐਲ.ਏ. ਹੋਵੇ ਤਾਂ ਐਮ.ਐਲ.ਏ. ਮਿਲਦਾ ਹੈ ਨਹੀਂ ਤਾਂ ਪੀ.ਏ. ਹੀ ਮਿਲਦਾ ਹੈ। ਉਨ੍ਹਾਂ ਨੂੰ ਚਾਹ ਪਾਣੀ ਪਿਆਉਂਦੇ ਹਨ, ਸਾਰਾ ਕੁਝ ਹੁੰਦਾ ਹੈ। 10 ਹਜ਼ਾਰ ਤਾਂ ਵਾਕਿਆ ਹੀ ਬਹੁਤ ਥੋੜ੍ਹਾ ਹੈ। ਸੋਚੋ, ਜੇਕਰ ਤੁਸੀਂ ਪੀ.ਏ., ਡਰਾਈਵਰ ਦੀ ਤਨਖਾਹ ਵਧਾਉਗੇ ਤਾਂ ਇਸ ਨਾਲ ਵੀ ਲੋਕਾਂ ਦਾ ਹੀ ਫਾਇਦਾ ਹੋਵੇਗਾ। ਇਹ ਲੋਕਾਂ ਦੀ ਹੀ ਸੇਵਾ ਚੰਗੀ ਤਰ੍ਹਾਂ ਕਰਨਗੇ। ਇਹ ਜ਼ਰੂਰੀ ਹੈ। ਸੋ, ਮੈਂ ਬੇਨਤੀ ਕਰਦਾ ਹਾਂ, ਹਾਂ ਜੀ, ਸਰਵਜੀਤ ਕੌਰ ਮਾਣੂੰਕੇ ਜੀ।

(**ਅਵਾਜ਼ਾਂ**: ਜ਼ਿਆਦਾ ਹੀ ਕਰਦਾ ਹੈ ਜੀ।)

**1605/Kuldeep kaur/BS khokhar**

**1610/Pawan sharma**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਐਡਰੈੱਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਸ ਦੇ ਨਾਲ ਮੈਂ ਸਦਨ ਦੇ ਸਾਰੇ ਸਾਥੀਆਂ ਦਾ ਵੀ ਧੰਨਵਾਦ ਕਰਦੀ ਹਾਂ। ਵਿੱਤ ਮੰਤਰੀ ਸਾਹਿਬ ਵੱਲੋਂ 2 ਲੱਖ 60 ਹਜ਼ਾਰ ਕਰੋੜ ਰੁਪਏ ਦਾ ਕੁੱਲ ਬਜਟ ਪੇਸ਼ ਕੀਤਾ ਗਿਆ ਹੈ, ਜਿਹੜਾ ਆਪਣੇ ਵਿੱਚ ਬਾ-ਕਮਾਲ ਹੈ। ਇਹ ਬਜਟ ਪੰਜਾਬ ਦੇ ਵਿਕਾਸ, ਮਜ਼ਬੂਤੀ, ਆਰਥਿਕਤਾ, ਲੋਕਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਬੇਸ਼ੱਕ ਸਾਡੇ ਵਿਰੋਧੀ ਮਾਵਾਂ ਜਾਂ ਭੈਣਾਂ ਨੂੰ 1000 ਜਾਂ 1500 ਰੁਪਏ ਪ੍ਰਤੀ ਮਹੀਨਾ ਦੇਣ ਦੀ ਸਕੀਮ ਦੀ ਅਲੋਚਨਾ ਕਰ ਰਹੇ ਹਨ ਜਾਂ ਕਈ ਹੋਰ ਗੱਲਾਂ ਕਰ ਰਹੇ ਹਨ, ਇਸ ਵਿੱਚ ਇਕਨਾਮਿਕਸ ਦੀ ਇੱਕ ਮਲਟੀਪਲਾਇਅਰ ਥਿਊਰੀ ਕੰਮ ਆ ਰਹੀ ਹੈ ਕਿਉਂਕਿ ਜੇਕਰ ਅਸੀਂ 9300 ਕਰੋੜ ਰੁਪਏ ਮਾਂਵਾਂ, ਧੀਆਂ, ਭੈਣਾਂ ਦੇ ਹੱਥਾਂ ਵਿੱਚ ਰੱਖ ਦੇਵਾਂਗੇ ਤੇ ਕੋਈ ਵੀ ਬੀਬੀ ਐਸੀ ਨਹੀਂ ਹੋਵੇਗੀ ਜੋ ਇਸ ਨੂੰ ਖਰਚ ਨਹੀਂ ਕਰੇਗੀ ਕਿਉਂਕਿ ਕਿਸੇ ਵੀ ਇਕਾਨਮੀ ਵਿੱਚ, ਜਿਹੜੀ ਸੇਵਿੰਗ ਹੁੰਦੀ ਹੈ, ਉਹ curse ਹੁੰਦੀ ਹੈ ਅਤੇ ਐਕਸਪੈਂਡੀਚਰ ਵਰਦਾਨ ਬਣ ਜਾਂਦਾ ਹੈ। ਜਦੋਂ ਇਨ੍ਹਾਂ ਪੈਸਿਆਂ ਨੂੰ ਉਹ ਮਾਰਕੀਟ ਵਿੱਚ ਖਰਚ ਕਰਨਗੀਆਂ ਤਾਂ ਉਸ ਦੇ ਨਾਲ ਜਿੱਥੇ ਸਾਡੇ ਵਪਾਰੀਆਂ ਦੀਆਂ ਦੁਕਾਨਾਂ ਵੱਧ ਚੱਲਣਗੀਆਂ ਅਤੇ ਸਰਕੁਲਰ ਫਲੋ ਆਫ ਇਨਕਮ ਬਣ ਕੇ ਇਹ ਪੈਸਾ ਵਾਪਸ ਆਵੇਗਾ ਜਿਸ ਨਾਲ ਜਿਹੜਾ ਚੀਮਾ ਸਾਹਿਬ ਨੇ 9300 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ, ਇਨ੍ਹਾਂ ਨੇ ਇੱਕ ਤਰ੍ਹਾਂ ਨਾਲ ਆਪਣੇ ਬਜਟ ਨੂੰ ਮਲਟੀਪਲਾਈਰ ਕਰਕੇ ਇਸ ਨੂੰ gain ਕੀਤਾ ਹੈ। ਉਸ ਤੋਂ ਬਾਅਦ ਮੈਂ ਗੱਲ ਕਰਾਂਗੀ ਕਿ Child is the father of the man. ਸਿੱਖਿਆ ਖੇਤਰ ਵਿੱਚ 19 ਹਜ਼ਾਰ ਕਰੋੜ ਰੁਪਏ ਦਾ ਵਾਧੂ ਬਜਟ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਤੁਹਾਡੀ ਰਹਿਨੁਮਾਈ ਵਿੱਚ ਮਾਣਯੋਗ ਮੁੱਖ ਮੰਤਰੀ ਸਾਹਿਬ ਦੇ ਨਾਲ ਪਿੱਛੇ ਜਿਹੇ ਸਾਨੂੰ ਸਕੂਲਾਂ ਦਾ ਉਦਘਾਟਨ ਕਰਨ ਦਾ ਸਮਾਂ ਮਿਲਿਆ ਅਤੇ ਸਾਡੇ ਸਾਥੀਆਂ ਨੇ ਵੀ ਸਕੂਲ ਦੇਖੇ ਹੋਣਗੇ। ਸਰ, ਇੱਕ ਸਕੂਲ ਸਾਲ 1975 ਵਿੱਚ ਬਣਿਆ ਸੀ, ਜਿਸ ਦੀ ਚਾਰ ਦੀਵਾਰੀ ਹੁਣ ਹੋਈ ਹੈ। ਪਿਛਲੀ ਸਰਕਾਰ ਵੇਲੇ ਅਸੀਂ ਹੀ ਬੋਲਦੇ ਹੁੰਦੇ ਸੀ, ਚੀਮਾ ਸਾਹਿਬ ਲੀਡਰ ਆਫ ਦਿ ਆਪੋਜੀਸ਼ਨ ਹੁੰਦੇ ਸੀ ਅਤੇ ਮੈਂ ਡਿਪਟੀ ਹੁੰਦੀ ਸੀ, ਉਦੋਂ ਅਸੀਂ ਬੋਲਦੇ ਹੁੰਦੇ ਸੀ ਕਿ ਬੱਚੀਆਂ ਨੂੰ ਨੌਵੀਂ ਜਮਾਤ ਤੋਂ ਬਾਅਦ ਇਹੋ ਜਿਹੀ ਪ੍ਰਾਬਲਮ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਮੰਥਲੀ ਪ੍ਰਾਬਲਮ ਕਹਿੰਦੇ ਹਨ, ਜਿਸ ਕਰਕੇ ਕੁੜੀਆਂ ਦੇ ਬਾਥਰੂਮ ਅਲੱਗ ਹੋਣੇ ਚਾਹੀਦੇ ਹਨ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਚੀਮਾ ਸਾਹਿਬ ਦਾ ਧੰਨਵਾਦ ਕਰਾਂਗੀ, ਜਿਨ੍ਹਾਂ ਨੇ ਇਸ ਦੇ ਲਈ 19 ਹਜ਼ਾਰ ਕਰੋੜ ਤੋਂ ਵੱਧ ਦਾ ਬਜਟ ਰੱਖਿਆ ਹੈ। ਜਿਹੜੇ ਨਵੇਂ ਵਿਸ਼ਵ ਪੱਧਰੀ ਸਕਿੱਲਡ ਡਿਵੈਲਪਮੈਂਟ ਸੈਂਟਰ ਖੋਲ੍ਹੇ ਹਨ, ਉਨ੍ਹਾਂ ਨਾਲ ਸਾਡੇ ਨੌਜਵਾਨਾਂ ਨੂੰ ਵਿਸ਼ਵ ਪੱਧਰੀ ਐਜੂਕੇਸ਼ਨ ਮਿਲੇਗੀ। ਜਿਹੜਾ ਸਿਹਤ ਲਈ 6800 ਕਰੋੜ ਰੁਪਏ ਤੋਂ ਵੱਧ ਦਾ ਬਜਟ ਰੱਖਿਆ ਗਿਆ ਹੈ, ਕੈਸ਼-ਲੈੱਸ ਇਲਾਜ ਲਈ 10 ਲੱਖ ਰੁਪਏ ਦੀ ਸਹੂਲਤ ਦਿੱਤੀ ਗਈ ਹੈ। ਸਪੀਕਰ ਸਾਹਿਬ, ਮੈਂ ਤਾਂ ਇੱਕ ਹੀ ਗੱਲ ਕਹਾਂਗੀ ਕਿ ਜਿਸ ਤਨ ਲਾਗੇ, ਸੋ ਤਨ ਜਾਣੇ। 70 ਪ੍ਰਤੀਸ਼ਤ ਤੋਂ ਵੱਧ ਗਰੀਬ ਪਰਿਵਾਰ ਇਸ ਲਈ ਕਰਜ਼ੇ ਵਿੱਚ ਆ ਜਾਂਦੇ ਸਨ ਕਿਉਂਕਿ ਜਦੋਂ ਉਨ੍ਹਾਂ ਦੇ ਘਰ ਕੋਈ ਵੱਡੀ ਬਿਮਾਰੀ ਆਉਂਦੀ ਸੀ, ਉਨ੍ਹਾਂ ਨੂੰ ਪੈਸਾ ਦੇਣ ਵਾਲਾ ਕੋਈ ਨਹੀਂ ਹੁੰਦਾ

ਸੀ। ਉਨ੍ਹਾਂ ਦੇ ਨਾਂਅ ਤੇ ਕੋਈ ਘਰ ਨਹੀਂ ਹੁੰਦਾ ਸੀ। ਉਨ੍ਹਾਂ ਦੇ ਨਾਂਅ ਤੇ ਕੋਈ ਵੱਡੀ ਪ੍ਰਾਪਰਟੀ ਨਹੀਂ ਹੁੰਦੀ ਸੀ, ਜਿਸ ਨੂੰ ਗਿਰਵੀ ਰੱਖ ਕੇ ਉਹ ਕਰਜ਼ਾ ਲੈ ਸਕਦੇ ਹੋਣ, ਜਿਸ ਨਾਲ ਉਹ ਆਪਣੀ ਪ੍ਰਾਬਲਮ ਹੱਲ ਕਰ ਸਕਦੇ ਹੋਣ। ਮੈਂ ਇਸ ਸਦਨ ਤੋਂ ਸਾਰੇ ਪੰਜਾਬ ਦੇ ਲੋਕਾਂ ਨੂੰ ਇਹ ਅਪੀਲ ਕਰਦੀ ਹਾਂ ਕਿ ਅਸੀਂ ਇਹ ਨਾ ਦੇਖੀਏ ਕਿ ਸਾਡੇ ਘਰ ਜਦੋਂ ਬਿਮਾਰੀ ਆਵੇਗੀ, ਉਦੋਂ ਅਸੀਂ ਕਾਰਡ ਬਣਾਵਾਂਗੇ, ਸਾਰੇ ਕਾਰਡ ਬਣਵਾਓ। ਜੇਕਰ ਕੋਈ ਵਿਰੋਧੀ ਆਲੋਚਨਾ ਕਰਦਾ ਵੀ ਹੈ ਜਾਂ ਕੋਈ ਇਹ ਵੀ ਕਹਿੰਦਾ ਹੈ ਕਿ ਇਹ ਕਾਰਡ ਚੱਲਣਾ ਨਹੀਂ, ਉਸ ਨੂੰ ਕਹੋ ਕਿ ਕੋਈ ਗੱਲ ਨਹੀਂ, ਆਪਣਾ ਕਾਰਡ ਜ਼ਰੂਰ ਬਣਵਾਓ। ਸਪੀਕਰ ਸਾਹਿਬ, ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਸਾਹਿਬ ਨੇ ਗਰੀਬ ਪਰਿਵਾਰਾਂ ਵਿੱਚ ਦਰਦ ਹੰਢਾਇਆ ਹੋਣ ਕਰਕੇ ਹਰ ਉਸ ਚੀਜ਼ ਨੂੰ ਧਿਆਨ ਵਿੱਚ ਰੱਖਿਆ ਹੈ। ਪੰਜਾਬ ਇੱਕ ਐਗਰੇਰੀਅਨ ਸਟੇਟ ਹੈ। ਐਗਰੇਰੀਅਨ ਸਟੇਟ ਹੋਣ ਕਰਕੇ ਸਾਨੂੰ ਐਗਰੀਕਲਚਰ ਨੂੰ ਪ੍ਰਮੋਟ ਕਰਨਾ ਹੀ ਪੈਣਾ ਹੈ। ਜੇਕਰ ਸਾਡਾ ਐਗਰੀਕਲਚਰ ਸੈਕਟਰ ਪ੍ਰਮੋਟ ਹੋਵੇਗਾ ਤਾਂ ਸਾਡਾ Primary, Secondary and Tertiary Sector ਵੀ ਪ੍ਰਮੋਟ ਹੋਵੇਗਾ। ਜਿਹੜਾ ਸਾਡਾ ਪ੍ਰਾਇਮਰੀ ਸੈਕਟਰ ਹੈ, ਉਸ ਵਿੱਚ 15 ਹਜ਼ਾਰ ਤੋਂ ਵੱਧ ਮੁਫਤ ਬਿਜਲੀ ਸਬਸਿਡੀ ਲਈ ਅਸੀਂ 70 ਸੌ ਕਰੋੜ ਰੁਪਏ ਦਾ ਪ੍ਰਾਵਧਾਨ ਰੱਖਿਆ ਹੈ। ਜਿਹੜੀ ਸਾਡੀ ਸਭ ਤੋਂ ਵੱਡੀ ਗਲੇ ਦੀ ਹੱਡੀ ਹੈ, ਪਰਾਲੀ ਨੂੰ ਸਾੜਨ ਤੋਂ ਬਚਾਉਣ ਲਈ ਅਸੀਂ 600 ਕਰੋੜ ਰੁਪਏ ਰੱਖੇ ਹਨ।

**1610/Pawan sharma/Rajneesh kumar**

**1615/Beant kaur**

ਪਿਛਲੇ ਸਮੇਂ ਵਿੱਚ ਤੁਸੀਂ ਵੀ ਪੜ੍ਹਿਆ ਹੋਵੇਗਾ ਅਤੇ ਮੇਰੇ ਸਾਥੀਆਂ ਨੇ ਵੀ ਦੇਖਿਆ ਹੋਵੇਗਾ ਕਿ ਬੱਚੇ 9ਵੀਂ ਤੋਂ ਬਾਅਦ ਪਾਸਪੋਰਟ ਬਣਵਾ ਲੈਂਦੇ ਸਨ ਅਤੇ ਸ਼ੋ ਕਰਦੇ ਸੀ ਕਿ ਅਸੀਂ ਹੁਣ ਬਾਹਰ ਜਾਣਾ ਹੈ। ਹੁਣ ਉਨ੍ਹਾਂ ਵਿੱਚ ਇਕ ਨਵੀਂ ਆਸ ਜਾਗਣ ਲੱਗ ਗਈ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਕੰਪੀਟੀਸ਼ਨ ਕਲੀਅਰ ਕਰਨੇ ਹਨ, ਅਸੀਂ ਪੀ.ਸੀ.ਐਸ. ਦਾ ਐਗਜ਼ਾਮ ਕਲੀਅਰ ਕਰਨਾ ਹੈ, ਅਸੀਂ ਯੂ ਪੀ ਐਸ ਸੀ ਕਲੀਅਰ ਕਰਨਾ ਹੈ। ਪਿੱਛੇ ਜਿਹੇ ਸਾਡੇ 34 ਬੱਚੇ ਪੀਸੀਐਸ ਭਰਤੀ ਹੋਏ ਹਨ ਅਤੇ ਯੂਪੀਐਸਸੀ ਵਾਸਤੇ ਆਮ ਘਰਾਂ ਦੇ ਧੀਆਂ-ਪੁੱਤ ਭਰਤੀ ਹੋਏ ਹਨ, ਜੋ ਰੰਗਲੇ ਪੰਜਾਬ ਨੂੰ ਨਵੀਂ ਸੇਧ ਦੇ ਰਹੀ ਹੈ। ਇਹ ਸਿਰਫ ਤੇ ਸਿਰਫ ਸਾਡੇ ਮੁੱਖ ਮੰਤਰੀ ਸਾਹਿਬ ਦੀ ਦੂਰਅੰਦੇਸ਼ੀ ਹੈ। ਮੈਂ ਸਾਰੇ ਮੰਤਰੀ ਮੰਡਲ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਆਮ ਲੋਕਾਂ ਵਿੱਚ ਇਹ ਆਸ ਪੈਦਾ ਕੀਤੀ ਕਿ ਜੇ ਤੁਸੀਂ ਪੜ੍ਹੋਗੇ, ਤੁਹਾਡੀ ਪਰਸੈਂਟੇਜ਼ ਹੈ, ਤੁਹਾਡਾ ਪੇਪਰ ਕਲੀਅਰ ਹੈ ਤਾਂ ਦੁਨੀਆ ਦੀ ਕੋਈ ਸਿਫਾਰਸ਼ ਜਾਂ ਪੈਸੇ ਦੀ ਲੋੜ ਨਹੀਂ ਹੈ, ਤੁਹਾਨੂੰ ਜਾੱਬ ਮਿਲੇਗੀ। ਉਸ ਨਾਲ ਸਾਡੇ ਬੱਚਿਆਂ ਦਾ ਹੌਂਸਲਾ ਵਧਿਆ ਹੈ। ਸਪੀਕਰ ਸਾਹਿਬ, ਜਿੱਥੇ ਅਸੀਂ ਯੁੱਧ ਨਸ਼ਿਆਂ ਵਿਰੁੱਧ ਲੜ ਰਹੇ ਹਾਂ, ਉਸ ਵਾਸਤੇ ਸਾਡੇ ਕੋਲ ਇਕੋ ਇਕ ਹੱਲ ਸੀ ਕਿ ਅਸੀਂ ਆਪਣਾ ਪੇਂਡੂ ਖੇਡ ਢਾਂਚਾ ਮਜ਼ਬੂਤ ਕਰੀਏ। 1700 ਕਰੋੜ ਤੋਂ ਵੱਧ ਪੈਸੇ ਨਾਲ ਪਿੰਡਾਂ ਵਿੱਚ 6000 ਤੋਂ ਵੱਧ ਖੇਡ ਗਰਾਊਂਡ ਅਤੇ 5000 ਇਨਡੋਰ ਜਿੰਮ ਬਣ ਰਹੇ ਹਨ। ਸਪੀਕਰ ਸਾਹਿਬ, ਯੁੱਧ ਨਸ਼ਿਆਂ ਵਿਰੁੱਧ ਇਕ ਅਜਿਹੀ ਮੁਹਿੰਮ ਹੈ, ਜਿਹੜੀ ਸਾਡੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਏਗੀ। ਇਸ ਗੱਲ ਵਿੱਚ ਕੋਈ ਕਿੰਤੂ-ਪਰੰਤੂ ਨਹੀਂ ਹੈ। ਇਸ ਵਾਸਤੇ ਅਸੀਂ ਇਕ ਦੂਜੇ ਨਾਲ ਸਿਰ ਜੋੜ ਕੇ ਹੰਭਲਾ ਮਾਰੀਏ, ਜਿਸ ਕਿਸੇ ਨੂੰ ਵੀ ਕੋਈ ਸ਼ਰਾਰਤੀ ਅਨਸਰ ਜਾਂ ਕਾਲੀ ਭੇਡ ਲੱਭਦੀ ਹੈ, ਉਸ ਨੂੰ ਫੜ ਕੇ ਸਲਾਖਾਂ ਅੰਦਰ ਕਰੀਏ। ਸਪੀਕਰ ਸਾਹਿਬ, ਰੰਗਲਾ ਪੰਜਾਬ ਤਹਿਤ 15ਵੇਂ ਵਿਤ ਕਮਿਸ਼ਨ ਦੀ ਗ੍ਰਾਂਟ ਜਾਂ ਹੋਰ ਗ੍ਰਾਂਟਾਂ ਆਉਂਦੀਆਂ ਸੀ,

ਉਹ ਅਲੱਗ ਸੀ। ਮੇਰੇ ਤੋਂ ਪਹਿਲਾਂ ਬੋਲਦੇ ਹੋਏ ਮੇਰੇ ਛੋਟੇ ਵੀਰ ਨੇ ਕਿਹਾ ਹੈ ਕਿ 5 ਕਰੋੜ ਦੀ ਗ੍ਰਾਂਟ ਸਾਨੂੰ ਮਿਲੀ ਸੀ, ਅਸੀਂ ਉਸ ਨਾਲ ਆਪਣੇ ਹਲਕੇ ਦੇ ਕੰਮ ਕਰਵਾਏ ਹਨ। ਇਹ ਗ੍ਰਾਂਟ ਸਾਰੇ ਹਲਕਿਆਂ ਵਿੱਚ ਆਈ ਹੈ। ਕਿਸੇ ਵਿੱਚ ਡੀ ਸੀ ਨੇ ਪਰਮਿਸ਼ਨ ਲੈ ਕੇ ਕੰਮ ਕੀਤਾ ਹੈ, ਕਿਸੇ ਵਿੱਚ ਹੋਰ ਤਰ੍ਹਾਂ ਕੀਤਾ ਹੈ। ਪਾਹੜਾ ਸਾਹਿਬ, ਇੱਥੇ ਹੀ ਮੈਂ ਬੈਠੀ ਸੀ ਅਤੇ ਤੁਸੀਂ ਇੱਧਰ ਖੜ੍ਹੇ ਸੀ ਅਤੇ ਮੁੱਖ ਮੰਤਰੀ ਵਾਲੀ ਥਾਂ ਕੈਪਟਨ ਸਾਹਿਬ ਬੈਠੇ ਸੀ। ਜਦੋਂ ਉਨ੍ਹਾਂ ਨੇ 5 ਕਰੋੜ ਅਨਾਊਂਸ ਕੀਤਾ ਸੀ ਤਾਂ ਅਸੀਂ ਕਿਹਾ ਸੀ ਕਿ ਸਾਨੂੰ ਨਹੀਂ ਮਿਲਣਾ। ਸਪੀਕਰ ਸਾਹਿਬ ਵੀ ਉਸ ਟਾਈਮ ਸਾਡੇ ਨਾਲ ਸੀ। ਆਪਾਂ ਤਾਂ ਤੁਹਾਨੂੰ ਹੁਣ ਦੇਣਾ ਹੈ।(ਵਿਘਨ) ਛੋਟੇ ਵੀਰ, ਗੱਲ ਕਰ ਲਵਾਂਗੇ। ਆਪਾਂ ਭੈਣ-ਭਰਾ ਜਦੋਂ ਮਰਜ਼ੀ ਗੱਲ ਕਰ ਲਈਏ।

**ਮਾਣਯੋਗ ਸਪੀਕਰ** : ਮਾਣੂਕੇ ਜੀ, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਮੈਂ ਕੈਪਟਨ ਸਾਹਿਬ ਨੂੰ ਕਿਹਾ ਸੀ ਕਿ ਸਾਰਿਆਂ ਨੂੰ ਦਿਓ। ਅੱਜ ਵੀ ਕਹਿੰਦਾ ਹਾਂ ਅਤੇ ਉਦੋਂ ਵੀ ਕਿਹਾ ਸੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਤੁਸੀਂ ਨਹੀਂ ਕਿਹਾ, ਤੁਸੀਂ ਇੱਥੇ ਬੈਠੇ ਸੀ।

**ਮਾਣਯੋਗ ਸਪੀਕਰ** : ਮਾਣੂਕੇ ਜੀ, ਕੰਟੀਨਿਊ ਕਰੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : 63,943 ਸਰਕਾਰੀ ਨੌਕਰੀਆਂ ਅਤੇ 70,000 ਪ੍ਰਾਈਵੇਟ ਪਲੇਸਮੈਂਟਸ, ਭਾਵ ਇਕ ਲੱਖ ਨੌਕਰੀਆਂ, ਇਹ ਸਿਰਫ ਤੇ ਸਿਰਫ ਉਹੀ ਬੰਦਾ ਕਰਵਾ ਸਕਦਾ ਹੈ, ਜਿਸ ਦੇ ਮਨ ਵਿੱਚ ਆਪਣੇ ਭਾਈ-ਭਤੀਜੇ ਲਈ ਆਸ ਨਾ ਹੋਵੇ। ਉਸ ਨੂੰ ਸਾਰਾ ਪੰਜਾਬ ਆਪਣਾ ਭਾਈ-ਭਤੀਜਾ ਲੱਗੇ ਕਿ ਜਿਹੜਾ ਵੀ ਬੱਚਾ ਰੁਜ਼ਗਾਰ ਤੇ ਜਾਏਗਾ, ਉਹ ਮੇਰਾ ਹੀ ਹੋਵੇਗਾ। 40 ਲੱਖ ਤੋਂ ਉੱਪਰ ਪਰਿਵਾਰਾਂ ਨੂੰ ਰਾਸ਼ਨ ਕਿੱਟ ਦਿੱਤੀ ਗਈ ਹੈ, ਅਸੀਂ ਉਹ ਪਰਿਵਾਰ ਵੀ ਦੇਖੇ ਹਨ, ਜਿਹੜੇ 10 ਰੁਪਏ ਦਾ ਦੁੱਧ ਦਾ ਗਿਲਾਸ ਲਿਆ ਕੇ ਉਸ ਦੀ ਸਵੇਰ ਦੀ ਚਾਹ ਬਣਾ ਕੇ ਰੋਟੀ ਡਿਪ ਕਰਕੇ ਖਾਂਦੇ ਹਨ। ਆਪਾਂ ਇਹ ਨਹੀਂ ਕਹਿ ਸਕਦੇ ਕਿ ਇਹ ਰਾਸ਼ਨ ਕਿੱਟ ਬਹੁਤ ਮਾਮੂਲੀ ਹੈ ਜਾਂ ਥੋੜ੍ਹੀ ਹੈ ਪਰ ਮੈਨੂੰ ਪਤਾ ਹੈ ਕਿ ਬਹੁਤ ਪਰਿਵਾਰਾਂ ਵਾਸਤੇ ਇਹ ਬਹੁਤ ਵੱਡਾ ਵਰਦਾਨ ਸਾਬਤ ਹੋਵੇਗੀ।

ਜਿਹੜਾ ਬਜਟ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਵਿਤ ਮੰਤਰੀ ਸਾਹਿਬ ਨੇ ਬੈਠ ਕੇ ਬਣਾਇਆ ਹੈ, ਇਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਅਨੰਦਪੁਰ ਸਾਹਿਬ ਵਿੱਚ ਵਰਲਡ ਕਲਾਸ ਯੂਨੀਵਰਸਿਟੀ ਬਣਾਈ ਜਾਣੀ ਹੈ। ਸਪੀਕਰ ਸਾਹਿਬ, ਕਿਸੇ ਟਾਈਮ ਪੰਜਾਬ ਭਾਰਤ ਵਿੱਚ ਦੂਜੇ ਨੰਬਰ ਤੇ ਸੀ, ਅੱਜ ਪੰਜਾਬ ਸਭ ਤੋਂ ਮੋਹਰੀ ਬਣਨਾ ਚਾਹੀਦਾ ਹੈ। ਪੰਜਾਬ ਦੇ ਲੋਕ ਜੋਧੇ ਕਹਾਉਂਦੇ ਹਨ, ਅਸੀਂ ਕਿਸੇ ਵੀ ਫੀਲਡ ਵਿੱਚ ਘੱਟ ਨਹੀਂ ਹਾਂ। ਆਈਟੀਆਈ ਦੀਆਂ ਸੀਟਾਂ 35,000 ਤੋਂ 53,000 ਕਰ ਦਿੱਤੀਆਂ ਹਨ। ਜਿਸ ਨਾਲ ਸਾਡੇ ਆਈ ਟੀ ਆਈ ਸਕਿੱਲਡ ਬੱਚਿਆਂ ਦੇ ਹੱਥ ਵਿਚ ਰੁਜ਼ਗਾਰ ਹੋਵੇ ਅਤੇ ਕੁਝ ਕਰਨ ਦੀ ਤਾਕਤ ਹੋਵੇ।

ਅੱਜ ਵਾਰ ਵਾਰ ਗੱਲ ਕੀਤੀ ਗਈ ਹੈ ਕਿ ਮੁਹੱਲਾ ਕਲੀਨਿਕ ਵਿੱਚ 5 ਕਰੋੜ ਤੋਂ ਵੱਧ ਲੋਕ ਜਾ ਚੁੱਕੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਪੂਰੀ ਅਬਾਦੀ, ਇਸ ਦਾ ਮਤਲਬ ਇਹ ਹੈ ਕਿ ਲੋਕਾਂ ਦਾ ਵਿਸ਼ਵਾਸ ਇੰਨਾ ਜ਼ਿਆਦਾ ਬਣ ਚੁੱਕਿਆ ਹੈ ਕਿ ਜਿਹੜਾ ਉਥੋਂ ਇਕ ਵਾਰ ਇਲਾਜ ਕਰਵਾ ਲੈਂਦਾ ਹੈ, ਉਨ੍ਹਾਂ ਨੂੰ ਮੁਹੱਲਾ ਕਲੀਨਿਕ ਤੋਂ ਸਿਵਾ ਹੋਰ ਕੋਈ ਕਲੀਨਿਕ ਇਲਾਜ ਲਈ ਨਹੀਂ ਸੁੱਝਦਾ। ਸਰ, ਮੈਨੂੰ ਨਹੀਂ ਪਤਾ ਕਿ ਬਾਕੀ ਹਲਕਿਆਂ ਵਿੱਚ ਕੀ ਹੁੰਦਾ ਹੈ ਪਰ ਮੇਰੇ ਜਗਰਾਓਂ ਹਲਕੇ ਵਿੱਚ ਜਿੰਨੇ ਮੁਹੱਲਾ ਕਲੀਨਿਕ ਹਨ, ਉਥੇ ਲੋਕ ਡਾਕਟਰ ਨੂੰ ਦੁਆਵਾਂ ਦੇ ਕੇ ਜਾਂਦੇ ਹਨ, ਸਾਡੀ ਸਰਕਾਰ ਨੂੰ ਵੀ ਅਤੇ ਮੁੱਖ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ ਨੂੰ ਦੁਆਵਾਂ ਦੇ ਕੇ ਜਾਂਦੇ ਹਨ।

**1620/Karamjit kaur**

ਜਿਹੜਾ ਐਗਰੀਕਲਚਰ ਲਈ ਬਜਟ ਰੱਖਿਆ ਹੈ, ਉਹ ਆਪਣੇ ਆਪ ਵਿੱਚ ਸਾਨੂੰ ਐਗਰੀਕਲਚਰ ਵਿੱਚ ਮਜ਼ਬੂਤ ਕਰੇਗਾ। ਸਰ, ਬੱਸ ਮੈਂ ਇੱਕ ਮਿੰਟ ਵਿੱਚ ਹੀ ਆਪਣੀ ਗੱਲ ਖਤਮ ਕਰ ਦੇਵਾਂਗੀ।

ਸਰਕਾਰ ਨੇ ਜਿਹੜਾ ਸਭ ਤੋਂ ਵੱਡਾ ਪੁੰਨ ਕੀਤਾ ਹੈ, ਮੈਂ ਇੱਕੋ ਹੀ ਗੱਲ ਕਹਿੰਦੀ ਹਾਂ ਕਿ ਯੁੱਧ ਨਸ਼ਿਆਂ ਵਿਰੁੱਧ ਜਿਹੜਾ ਅਸੀਂ ਛੇੜਿਆ ਹੈ, ਇਸ ਮੁਹਿੰਮ ਤਹਿਤ ਅਸੀਂ ਜਿਹੜੇ ਮਾਵਾਂ ਦੇ ਪੁੱਤ ਬਚਾ ਕੇ ਘਰਾਂ ਨੂੰ ਲੈ ਕੇ ਆਉਣ ਦੀ ਗੱਲ ਕਰ ਰਹੇ ਹਾਂ, ਇਹ ਸਭ ਤੋਂ ਵੱਡਾ ਉਪਰਾਲਾ ਹੈ। ਹੁਣ ਆਪਾਂ ਇਸ ਬਾਰੇ ਜੋ ਮਰਜ਼ੀ ਕਹੀ ਜਾਈਏ ਕਿ ਇਹ ਨਹੀਂ ਹੋਇਆ ਜਾਂ ਉਹ ਨਹੀਂ ਹੋਇਆ। ਸਰ, ਪਰ ਇੱਕ ਗੱਲ ਹੈ ਜੇ ਆਪਾਂ ਸਾਰਿਆਂ ਨੇ ਰਲ਼ ਕੇ 117 ਹਲਕਿਆਂ ਵਿੱਚੋਂ 117 ਬੱਚੇ ਵੀ ਬਚਾ ਲਏ ਤਾਂ ਮੈਂ ਕਹਿੰਦੀ ਹਾਂ ਕਿ ਆਪਾਂ ਪ੍ਰਮਾਤਮਾ ਦੇ ਉਸ ਚੰਗੇ ਕਾਰਜ ਵਿੱਚ ਹਿੱਸਾ ਪਾ ਦਿੱਤਾ, ਜਿੱਥੇ ਪ੍ਰਮਾਤਮਾ ਸਾਨੂੰ ਆਪਣੀ ਸਵੱਲੀ ਨਜ਼ਰ ਨਾਲ ਦੇਖੇਗਾ ਅਤੇ ਸਾਰੇ ਸਿਰਾਂ ਉੱਤੇ ਹੱਥ ਰੱਖੇਗਾ।

ਸਰ, 12597 ਕਰੋੜ ਰੁਪਏ ਨਾਲ ਨਵੀਆਂ ਸੜਕਾਂ ਬਣ ਰਹੀਆਂ ਹਨ।

ਸਪੀਕਰ ਸਾਹਿਬ, ਮੈਂ ਸਭ ਤੋਂ ਵੱਡਾ ਧੰਨਵਾਦ ਮੁੱਖ ਮੰਤਰੀ ਸਾਹਿਬ ਦਾ, ਸਿਹਤ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਚੀਮਾ ਸਾਹਿਬ ਦਾ ਕਰਾਂਗੀ, ਜਿਹੜਾ ਮੋਹਾਲੀ ਵਿੱਚ ਲਿਵਰ ਟਰਾਂਸਪਲਾਂਟ ਸੈਂਟਰ ਖੋਲ੍ਹਿਆ ਗਿਆ ਹੈ। ਸਰ, ਸਾਨੂੰ ਯਾਦ ਹੈ ਕਿ ਆਪਣਾ ਪੁਰਾਣਾ ਸਾਥੀ ਸ੍ਰੀ ਗਗਨਦੀਪ ਚੱਢਾ ਹੁੰਦਾ ਸੀ, ਉਸ ਦੀ ਲਿਵਰ ਦੀ ਪ੍ਰਾਬਲਮ ਸੀ। ਉਹ ਵਿਚਾਰਾ ਇਲਾਜ ਲਈ ਬੜੀ ਦੂਰ ਤੱਕ ਜਾ ਆਇਆ ਸੀ ਅਤੇ ਲੱਖਾਂ ਰੁਪਏ ਖਰਚ ਕੇ ਵੀ ਆਪਾਂ ਉਸ ਬੱਚੇ ਨੂੰ ਬਚਾ ਨਹੀਂ ਸੀ ਸਕੇ, ਉਹ ਆਪਣਾ ਸਾਥੀ ਸੀ। ਪਰ ਮੈਂ ਇੱਕ ਗੱਲ ਜ਼ਰੂਰ ਕਹਾਂਗੀ ਕਿ ਅੱਜ ਹਾਲਾਤ ਐਸੇ ਹਨ, ਸਾਡੇ ਚੀਮਾ ਸਾਹਿਬ ਨੇ ਉਹ ਸਾਰਾ ਕੁਝ ਦੇਖਿਆ ਹੋਣ ਕਰਕੇ ਬਜਟ ਵਿੱਚ ਇਨ੍ਹਾਂ ਗੱਲਾਂ ਦਾ ਧਿਆਨ ਰੱਖਿਆ ਹੈ। ਮੈਂ ਉਨ੍ਹਾਂ ਅਫ਼ਸਰ ਸਾਹਿਬਾਨ ਦਾ ਵੀ ਧੰਨਵਾਦ ਕਰਦੀ ਹਾਂ ਜਿਹੜੇ ਕਿ ਪਿਛਲੇ 40 ਸਾਲਾਂ ਤੋਂ ਬਜਟ ਬਣਾ ਰਹੇ ਹਨ, ਜਿਨ੍ਹਾਂ ਨੇ ਮੰਝ ਕੇ ਸੰਝ ਕੇ ਸਾਰਾ ਬਜਟ ਬਣਾਇਆ ਹੈ। ਵਿਰੋਧੀ ਪੱਖ ਹਮੇਸ਼ਾ ਬਜਟ ਦੀ ਆਲੋਚਨਾ ਕਰਦਾ ਹੈ। ਸਰ, ਇਹ ਸਚਾਈ ਹੈ ਕਿ ਇਹ ਬਜਟ ਪੰਜਾਬ ਦੇ ਹਰ ਵਰਗ ਦੀ ਭਲਾਈ ਲਈ ਬਣਿਆ ਹੈ। ਬਜਟ ਮਹਿਲਾਵਾਂ ਨੂੰ ਸਸ਼ਕਤ ਕਰਦਾ ਹੈ, ਕਿਸਾਨਾਂ ਨੂੰ ਸਹਾਰਾ ਦਿੰਦਾ ਹੈ, ਨੌਜਵਾਨਾਂ ਨੂੰ ਮੌਕੇ ਦਿੰਦਾ ਹੈ ਅਤੇ ਪੰਜਾਬ ਨੂੰ ਤਰੱਕੀ ਦੇ ਰਾਹ ਵੱਲ ਨੂੰ ਲੈ ਜਾਂਦਾ ਹੈ। ਮਾਣਯੋਗ ਸਪੀਕਰ ਸਾਹਿਬ, ਇਹ ਬਜਟ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਉੱਤੇ ਖਰਾ ਉੱਤਰਦਾ

ਹੈ। ਇਹ ਬਜਟ ਵਿਕਾਸ, ਸਮਾਨਤਾ ਅਤੇ ਭਲਾਈ ਦਾ ਪ੍ਰਤੀਕ ਹੈ। ਇਸ ਲਈ ਮਾਣਯੋਗ ਸਦਨ ਵਿੱਚ ਪੰਜਾਬ ਸਰਕਾਰ ਦੇ ਬਜਟ ਸਾਲ 2026-27 ਦਾ ਮੈਂ ਪੂਰਾ ਸਮਰਥਨ ਕਰਦੀ ਹਾਂ। ਮੈਂ ਸਾਡੇ ਮੁੱਖ ਮੰਤਰੀ ਸਾਹਿਬ, ਸਪੀਕਰ ਸਾਹਿਬ ਤੁਹਾਡਾ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮੰਤਰੀ ਮੰਡਲ ਦਾ, ਸਾਰਿਆਂ ਦਾ ਧੰਨਵਾਦ ਕਰਦੀ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਡਾਕਟਰ ਵਿਜੈ ਸਿੰਗਲਾ ਜੀ।

**ਡਾਕਟਰ ਵਿਜੈ ਸਿੰਗਲਾ (ਮਾਨਸਾ):** ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਸਾਲ 2016-27 ਦਾ ਜੋ ਬਜਟ ਸਾਡੇ ਮਾਣਯੋਗ ਫਾਈਨਾਂਸ ਮਨਿਸਟਰ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਪੇਸ਼ ਕੀਤਾ ਹੈ, ਉਸ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅੱਜ ਇਸ ਬਜਟ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਇਹ ਬਜਟ ਕੋਈ ਆਮ ਬਜਟ ਨਹੀਂ ਹੈ। ਸਾਡਾ ਪੰਜਾਬ ਜਿਹੜਾ ਗੁਰੂਆਂ ਪੀਰਾਂ ਦੀ ਧਰਤੀ, ਯੋਧਿਆਂ ਦੀ ਧਰਤੀ ਹੈ, ਇਸ ਨੇ ਭਾਵੇਂ ਅਸ਼ੰਕ ਹੋਣ, ਮੁਗਲ ਹੋਣ ਜਾਂ ਅੰਗਰੇਜ਼ ਹੋਣ, ਉਨ੍ਹਾਂ ਦੇ ਹਮਲੇ ਇਸ ਨੇ ਝੱਲੇ ਹਨ। ਪੰਜਾਬ ਨੇ ਬਹੁਤ ਸਾਰੇ ਸੂਰਬੀਰ ਅਤੇ ਯੋਧੇ ਪੈਦਾ ਕੀਤੇ ਹਨ, ਬਹੁਤ ਸਾਰੇ ਵਿਗਿਆਨੀ ਪੈਦਾ ਕੀਤੇ ਹਨ। ਆਪਾਂ ਦੇਖਿਆ ਹੈ ਕਿ ਪਿਛਲੇ ਸਮੇਂ ਵਿੱਚ ਕਿ ਉਨ੍ਹਾਂ ਸਮੇਂ ਦੀਆਂ ਸਰਕਾਰਾਂ ਦੀਆਂ ਅਣਗਹਿਲੀਆਂ ਕਰਕੇ ਸਾਡੇ ਪੰਜਾਬ ਦੇ ਬੱਚਿਆਂ ਦੇ ਤੇ ਨੌਜਵਾਨਾਂ ਦੇ ਮੱਥੇ ਉੱਤੇ ਇੱਕ ਕਲੰਕ ਲੱਗਿਆ ਕਿ ਪੰਜਾਬ ਵਿੱਚ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਸਾਰੀ ਦੁਨੀਆਂ ਵਿੱਚ ਪੰਜਾਬ ਨੂੰ ਬਦਨਾਮ ਕਰਨ ਲਈ ਹੋਈਆਂ। ਉਸ ਵਿੱਚ ਕੌਣ ਜ਼ਿੰਮੇਵਾਰ ਹੈ, ਕਿਹੜੀ ਪਾਰਟੀ ਜ਼ਿੰਮੇਵਾਰ ਹੈ, ਕਿਹੜੀਆਂ ਧਿਰਾਂ ਜ਼ਿੰਮੇਵਾਰ ਹਨ, ਇਸ ਬਾਰੇ ਆਪਾਂ ਸਾਰਿਆਂ ਨੂੰ ਜ਼ਰੂਰ ਚੈੱਕ ਰੱਖਣਾ ਹੋਵੇਗਾ ਕਿਉਂਕਿ ਆਪਾਂ ਸਾਰੇ ਪੰਜਾਬ ਦੇ ਲੋਕਾਂ ਵੱਲੋਂ ਚੁਣ ਕੇ ਇੱਥੇ ਆਏ ਹਾਂ। ਉਸ ਉੱਤੇ ਜ਼ਰੂਰ ਗੌਰ ਕਰਨਾ ਪਵੇਗਾ ਪਰ ਜਦੋਂ ਦੀ ਆਪਣੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ, ਸਾਡੇ ਰਾਸ਼ਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਜੋ ਗਤੀਸ਼ੀਲ ਪ੍ਰੇਰਨਾ ਸਦਕਾ ਪੰਜਾਬ ਸਰਕਾਰ ਕੰਮ ਕਰ ਰਹੀ ਹੈ। ਮੈਂ ਖਾਸ ਕਰਕੇ ਨਸ਼ੇ ਦੀ ਗੱਲ ਕੀਤੀ ਹੈ, ਯੁੱਧ ਨਸ਼ਿਆਂ ਵਿਰੁੱਧ ਇੱਕ ਵੱਡਾ ਪ੍ਰੋਗਰਾਮ ਜਿਹੜਾ ਸਰਕਾਰ ਨੇ ਸ਼ੁਰੂ ਕੀਤਾ ਹੈ। ਪਹਿਲਾਂ ਇੱਥੇ ਡੀ-ਐਡਿਕਸ਼ਨ ਸੈਂਟਰਾਂ ਬਾਰੇ ਗੱਲ ਕਰ ਰਹੇ ਸੀ। ਸਾਡੇ ਮੈਂਬਰ ਸਾਹਿਬ ਹੁਣ ਉੱਠ ਕੇ ਚਲੇ ਗਏ ਹਨ। ਮੈਂ ਅੱਜ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਦੀ ਸਾਡੀ 4 ਸਾਲਾਂ ਤੋਂ ਸਰਕਾਰ ਬਣੀ ਹੈ, ਸਾਡਾ ਕੋਈ ਡੀ-ਐਡਿਕਸ਼ਨ ਸੈਂਟਰ ਉਸ ਤਰ੍ਹਾਂ ਦਾ ਇੱਕ ਵੀ ਨਹੀਂ ਖੁਲ੍ਹਿਆ ।

**1620/Karamjit kaur/Monika sharma**

**1625/harpreet singh**

ਅੱਜ ਉਨ੍ਹਾਂ ਬੱਚਿਆਂ ਦਾ ਇਲਾਜ ਹੋ ਰਿਹਾ ਹੈ, ਰੀ-ਹੈਬਲੀਟੇਸ਼ਨ ਸੈਂਟਰ ਜ਼ਰੂਰ ਖੁਲਵਾਏ ਗਏ ਹਨ ਤਾਂ ਜੋ ਜਿਹੜੇ ਬੱਚੇ, ਮੈਂ ਤਾਂ ਉਨ੍ਹਾਂ ਨੂੰ ਮਰੀਜ਼ ਹੀ ਕਹਾਂਗਾ ਕਿ ਜਿਹੜੇ ਗਲਤ ਸੰਗਤ ਦਾ ਸ਼ਿਕਾਰ ਹੋ ਗਏ। ਇਨ੍ਹਾਂ ਪਿਛਲੀਆਂ

ਸਰਕਾਰਾਂ ਦੀਆਂ ਅਣਗਹਿਲੀਆਂ ਕਾਰਨ ਉਸ ਬਿਮਾਰੀ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਨੂੰ ਇਨ੍ਹਾਂ ਸੈਂਟਰਾਂ ਵਿਚ ਭਰਤੀ ਕਰਕੇ ਮੁੱਖ ਧਾਰਾ ਵਿਚ ਲਿਆਂਦਾ ਜਾਵੇ, ਇਲਾਜ ਕਰਵਾਇਆ ਜਾਵੇ।ਸਾਡੀ ਸਰਕਾਰ ਇਸ ਮਾਮਲੇ ਤੇ ਵੱਡੀ ਪੱਧਰ ਤੇ ਕਾਰਵਾਈ ਕਰ ਰਹੀ ਹੈ। ਅੱਜ ਅਸੀਂ ਵੇਖ ਰਹੇ ਹਾਂ ਕਿ ਵੱਡੇ ਤਸਕਰਾਂ ਦੇ ਘਰ ਤੱਕ ਢਾਹੇ ਜਾ ਰਹੇ ਹਨ। ਜੇਕਰ ਆਪਣੇ ਪੰਜਾਬ ਨੂੰ ਅਸੀਂ ਅੱਗੇ ਲੈ ਕੇ ਜਾਣਾ ਹੈ ਤਾਂ ਸਾਨੂੰ ਲੋੜ ਹੈ ਮਿਆਰੀ ਸਿੱਖਿਆ ਦੀ। ਸਿੱਖਿਆ ਦਾ ਜਿਹੜਾ ਬਜਟ ਹੈ 19269 ਕਰੋੜ ਰੁਪਿਆ ਉਹ ਪਿਛਲੇ ਸਾਲ ਦੇ ਸਿੱਖਿਆ ਬਜਟ ਤੋਂ 7 ਫੀਸਦੀ ਜ਼ਿਆਦਾ ਹੈ ਔਰ ਮੈਂਬਰ ਸਾਹਿਬ ਉੱਠ ਕੇ ਚਲੇ ਗਏ ਹਨ।

(ਇਸ ਸਮੇਂ ਮੈਂਬਰ ਸਾਹਿਬ ਦਾ ਮਾਈਕ ਵਾਰ-ਵਾਰ ਬੰਦ ਹੋ ਰਿਹਾ ਸੀ, ਜਿਸ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਡਾਕਟਰ ਵਿਜੈ ਸਿੰਗਲਾ:** ਪਹਿਲਾਂ ਇਹ ਸਿੱਖਿਆ ਮੰਤਰੀ ਵੀ ਰਹੇ ਹਨ। ਮੇਰੇ ਇਕੱਲੇ ਮਾਨਸਾ ਹਲਕੇ ਦੀਆਂ ਸਕੂਲਾਂ ਦੀਆਂ ਕੰਧਾਂ ਕੱਢਣ ਤੇ ਕਰੋੜਾਂ ਰੁਪਏ ਲੱਗੇ ਹਨ। ਜਦੋਂ ਅਸੀਂ ਇਹ ਸਿੱਖਿਆ ਕ੍ਰਾਂਤੀ ਸ਼ੁਰੂ ਕੀਤੀ ਤਾਂ ਇਨ੍ਹਾਂ ਨੇ ਕਿਹਾ ਕਿ ਇਹ ਤਾਂ ਬਾਥਰੂਮਾਂ ਤੇ ਕੰਧਾਂ ਦੇ ਉਦਘਾਟਨ ਹੀ ਕਰੀ ਜਾਂਦੇ ਹਨ। ਜੇਕਰ ਉਸ ਸਮੇਂ ਇਨ੍ਹਾਂ ਨੇ ਸਕੂਲਾਂ ਵਿਚ ਬਾਥਰੂਮ ਬਣਾਏ ਹੁੰਦੇ, ਕੰਧਾਂ ਕੱਢੀਆਂ ਹੁੰਦੀਆਂ ਤਾਂ ਸਾਨੂੰ ਇਹ ਬਣਾਉਣ ਦੀ ਜ਼ਰੂਰਤ ਨਹੀਂ ਪੈਂਦੀ। ਸਾਡੇ ਨੈਸ਼ਨਲ ਕਨਵੀਨਰ ਕੇਜਰੀਵਾਲ ਸਾਹਿਬ ਦਾ, ਸਾਡੇ ਮੁੱਖ ਮੰਤਰੀ ਸਾਹਿਬ ਦਾ ਇਹੀ ਸਾਨੂੰ ਆਦੇਸ਼ ਹੈ ਕਿ ਤੁਸੀਂ ਕੰਮ ਕਰਨਾ ਹੈ। ਕਿਉਂਕਿ ਜਦੋਂ ਇਸ ਤਰ੍ਹਾਂ ਦੇ ਲੋਕ, ਜਿਨ੍ਹਾਂ ਨੂੰ ਲਗਦਾ ਹੈ ਕਿ ਸ਼ਾਇਦ ਅਸੀਂ ਹੀ ਸਿੱਖਿਅਕ ਹਾਂ। ਸ਼ਾਇਦ ਇਸੇ ਲਈ ਇਹ ਸਾਨੂੰ ਮਜ਼ਾਕ ਕਰਦੇ ਹਨ। ਸਾਡੇ ਬੜੇ ਸੂਝਵਾਨ ਆਪੋਜੀਸ਼ਨ ਦੇ ਮੈਂਬਰ ਸਾਹਿਬ ਬੈਠੇ ਹਨ, ਇਹ ਕਿੰਨੇ ਠਰੰਮੇ ਨਾਲ ਸੁਣ ਰਹੇ ਹਨ, ਇਨ੍ਹਾਂ ਦਾ ਬੜਾ ਸਤਿਕਾਰ ਹੈ ਪਰ ਕੁੱਝ ਬੰਦੇ ਜਿਹੜੇ ਆਪਣਾ ਸਮਾਂ ਲੈ ਕੇ ਤੁਰ ਗਏ, ਇੱਥੇ ਕਿਸੇ ਦਾ ਕਰੈਕਟਰ ਅਸੈਸੀਨੇਸ਼ਨ ਕਰਕੇ ਚਲੇ ਗਏ ਪਰ ਸਾਨੂੰ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਫਰਕ ਨਹੀਂ ਪੈਂਦਾ ਕਿਉਕਿ ਸਾਨੂੰ ਸਾਡੀ ਪਾਰਟੀ ਨੇ ਸਿਖਾਇਆ ਹੈ ਕਿ ਤੁਸੀਂ ਹਾਥੀ ਵਾਂਗ ਆਪਣੇ ਕੰਮ ਕਰੋ, ਅਤੇ ਜਦੋਂ ਹਾਥੀ ਨਿਕਲਦਾ ਹੈ ਤਾਂ ਗਲੀਆਂ ਦੇ ਜਵਾਬ ਚੀਕਾਂ ਚੂਕਾਂ ਮਾਰਦੇ ਰਹਿੰਦੇ ਹਨ। ਸੋ, ਇਨ੍ਹਾਂ ਦੀ ਅਸੀਂ ਪਰਵਾਹ ਨਹੀਂ ਕਰਦੇ। ਸਾਡੇ ਮੁੱਖ ਮੰਤਰੀ ਸਾਹਿਬ, ਸਾਡੇ ਕਨਵੀਨਰ ਕੇਜਰੀਵਾਲ ਸਾਹਿਬ ਨੇ ਸਾਨੂੰ ਦੱਸਿਆ ਹੈ ਕਿ ਤੁਸੀਂ ਲੋਕ ਭਲਾਈ ਲਈ ਕਿਵੇਂ ਕੰਮ ਕਰਨਾ ਹੈ। ਕੱਲ੍ਹ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਜਿਹੜਾ ਬਜਟ ਪੇਸ਼ ਕੀਤਾ ਗਿਆ, ਉਹ ਬੇਮਿਸਾਲ ਹੈ। ਇਹ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਮਹਿਲਾ ਸਸ਼ਕਤੀਕਰਨ ਦੀ ਇਹ ਸਕੀਮ ਲਾਗੂ ਕੀਤੀ ਹੈ, ਜਿਸ ਵਿਚ ਇਕ ਹਜ਼ਾਰ ਰੁਪਿਆ ਸਾਡੀ 18 ਸਾਲ ਤੋਂ ਵੱਧ ਉਮਰ ਦੀ ਸਾਡੀ ਬੱਚੀ, ਸਾਡੀ ਭੈਣ, ਸਾਡੀ ਮਾਂ ਨੂੰ ਮਿਲੇਗਾ ਅਤੇ 1500 ਰੁਪਿਆ ਐਸ.ਸੀ. ਵਰਗ ਦੀਆਂ ਮਹਿਲਾਵਾਂ ਨੂੰ ਮਿਲੇਗਾ। ਜੇਕਰ ਇਕ ਪਰਿਵਾਰ ਵਿਚ ਦੋ ਜਾਂ ਤਿੰਨ ਮਾਵਾਂ ਭੈਣਾ ਹੁੰਦੀਆ ਹਨ ਤਾਂ ਲਗਭੱਗ ਇਕ ਪਰਿਵਾਰ ਵਿਚ ਜੇਕਰ 5 ਹਜ਼ਾਰ ਰੁਪਿਆ ਮਹੀਨਾ ਆਉਂਦਾ ਹੈ ਤਾਂ ਇਹ ਇਕ ਗਰੀਬ ਪਰਿਵਾਰ ਲਈ ਬੜਾ ਵੱਡਾ ਸਹਾਰਾ ਹੈ। ਭਾਵੇਂ ਉਨ੍ਹਾਂ ਨੇ ਇਲਾਜ ਕਰਵਾਉਣਾ ਹੈ, ਭਾਵੇਂ ਪੜ੍ਹਾਈ ਕਰਨੀ ਹੈ, ਭਾਵੇਂ ਕੱਪੜਾ ਲੈਣਾ ਹੈ। ਅਸੀਂ ਰੋਜ਼ ਦੇਖਦੇ ਹਾਂ ਕਿਉਂਕਿ ਅਸੀਂ ਸਾਰੇ ਰੂਰਲ ਏਰੀਏ ਵਿਚੋਂ ਆਉਂਦੇ ਹਾਂ ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਕਈ ਵਾਰ ਉਨ੍ਹਾਂ ਮਹਿਲਾਵਾਂ ਦਾ, ਪਰਿਵਾਰਾਂ ਦਾ ਬਹੁਤ ਮਾੜਾ ਹਾਲ ਹੈ ਕਿਉਂਕਿ ਉਨ੍ਹਾਂ ਦਾ ਕੋਈ ਆਰਥਿਕ ਸਹਾਰਾ ਨਹੀਂ ਹੈ। ਸੋ, ਉਨ੍ਹਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ

ਕਰਨ ਲਈ ਇਸ ਸਕੀਮ ਵਾਸਤੇ ਸਾਡੇ ਵਿੱਤ ਮੰਤਰੀ ਜੀ ਨੇ 9300 ਕਰੋੜ ਰੁਪਿਆ ਰੱਖਿਆ ਹੈ। ਇਸ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਮੈਂ ਆਸ ਕਰਦਾ ਹਾਂ ਕਿ ਇਸ ਨਾਲ ਸਾਡੀਆਂ ਮਾਂਵਾਂ ਭੈਣਾਂ ਨੂੰ ਬਹੁਤ ਵੱਡਾ ਸਹਾਰਾ ਮਿਲੇਗਾ। ਸਿਹਤ ਦੇ ਖੇਤਰ ਵਿਚ ਇਕ ਵੱਡੀਆਂ ਉਪਲੱਬਧਿਆਂ ਨਾਲ 6869 ਰੁਪਏ ਦਾ ਬਜਟ ਰੱਖਿਆ ਹੈ, ਜਿਸ ਵਿਚ ਮੁਹੱਲਾ ਕਲੀਲਿਕ, ਜ਼ਿਲ੍ਹਾ ਹਸਪਤਾਲ ਅਤੇ ਲਿਵਰ ਐਂਡ ਬਾਇਲਰੀ ਇੰਸਟੀਚਿਊਟ, ਮੋਹਾਲੀ ਵਾਸਤੇ ਖਰਚ ਹੋਵੇਗਾ। ਸਭ ਤੋਂ ਵੱਡੀ ਗੱਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 65 ਲੱਖ ਪਰਿਵਾਰਾਂ ਨੂੰ 10 ਲੱਖ ਤੱਕ ਦੇ ਮੁਫ਼ਤ ਇਲਾਜ ਦੀ ਬੀਮਾ ਯੋਜਨਾ ਤੋਂ ਵੱਡੀ ਕੋਈ ਯੋਜਨਾ ਹੋ ਹੀ ਨਹੀਂ ਸਕਦੀ। ਆਪਾਂ ਹਰ ਰੋਜ਼ ਵੇਖਦੇ ਹਾਂ ਕਿ ਇਲਾਜ ਦੀ ਘਾਟ ਕਾਰਨ ਬਹੁਤ ਸਾਰੇ ਗਰੀਬ ਪਰਿਵਾਰ ਦਮ ਤੋੜ ਜਾਂਦੇ ਹਨ।

**1625/harpreet singh/Monika sharma**

**1630/amandeep kaur**

ਮੈਨੂੰ ਲੱਗਦਾ ਹੈ ਕਿ ਇਸ ਤੋਂ ਵੱਡੀ ਲੋਕ ਭਲਾਈ ਦਾ ਕੰਮ ਸਾਡੇ ਪੰਜਾਬ ਦੀ ਹਿਸਟਰੀ ਵਿੱਚ ਨਹੀਂ ਹੋਇਆ ਹੈ। ਗਰੀਬ ਤੇ ਮੱਧ ਵਰਗੀ ਪਰਿਵਾਰਾਂ ਲਈ ਇਸ ਦੇ ਵਿੱਚ ਬਹੁਤ ਵੱਡੀ ਸੁਪੋਰਟ ਮਿਲੇਗੀ। Critical Care Unit ਵੀ ਹਰ ਜ਼ਿਲ੍ਹੇ ਵਿੱਚ ਬਣਾਏ ਜਾ ਰਹੇ ਹਨ। ਸਿਹਤ ਮੰਤਰੀ ਸਾਹਿਬ ਸਦਨ ਵਿੱਚੋਂ ਚਲੇ ਗਏ ਹਨ। ਮੈਂ ਮਾਨ ਸਾਹਿਬ ਨੂੰ ਬੇਨਤੀ ਵੀ ਕਰਾਂਗਾ ਕਿ ਜਿਹੜਾ 16 ਕਰੋੜ ਰੁਪਏ ਦੀ ਲਾਗਤ ਨਾਲ ਇੱਕ critical care unit ਬਣ ਰਿਹਾ ਹੈ, ਉਸ ਦੇ ਨਾਲ ਪਾਰਕਿੰਗ ਦੀ ਜ਼ਿਆਦਾ ਜਗ੍ਹਾ ਨਹੀਂ ਹੈ। ਉੱਥੇ ਪੁਰਾਣੇ 2 ਥਾਣੇ ਸਨ ਜਿਸ ਦੀ ਜਗ੍ਹਾ ਖਾਲੀ ਪਈ ਹੋਈ ਹੈ। ਜੇਕਰ ਇਹ ਜਗ੍ਹਾ ਸਰਕਾਰ ਪਾਰਕਿੰਗ ਲਈ ਦੇ ਦੇਵੇ ਤਾਂ ਪਾਰਕਿੰਗ ਦਾ ਵਧੀਆ ਪ੍ਰਬੰਧ ਹੋ ਸਕਦਾ ਹੈ। ਜੇ ਮੈਂ ਬਿਜਲੀ ਦੀ ਗੱਲ ਕਰਾਂ ਤਾਂ ਹਰ ਟਾਈਮ ਨਿਰਵਿਘਨ ਬਿਜਲੀ ਸਾਨੂੰ ਮਿਲਦੀ ਹੈ (ਘੰਟੀ)। ਸਪੀਕਰ ਸਾਹਿਬ, 90% ਘਰਾਂ ਦਾ ਬਿਲ ਜ਼ੀਰੋ ਆਉਂਦਾ ਹੈ। ਉਸ ਤੋਂ ਬਿਨਾਂ ਜਿਹੜੇ ਵਿਆਪਕ ਸੁਧਾਰ ਹੋ ਰਹੇ ਹਨ, ਜਿਹੜੇ ਤਾਰਾਂ ਦੇ ਜਾਲ ਵਿਛੇ ਹੋਏ ਸੀ ਉਸ ਦੇ ਲਈ 5000 ਕਰੋੜ ਰੁਪਏ ਦਾ ਬਜਟ ਅਸੀਂ ਰੱਖਿਆ ਹੈ। ਕਿਸਾਨਾਂ ਨੂੰ ਵੀ 7715 ਕਰੋੜ ਰੁਪਏ ਦੀ ਬਿਜਲੀ ਫਰੀ ਦਿੱਤੀ ਜਾ ਰਹੀ ਹੈ। ਉਸ ਦੇ ਬਾਵਜੂਦ ਵੀ ਬਿਜਲੀ ਦੀਆਂ ਦਰਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਜਿਹੜਾ ਐਮ.ਐਲ.ਏਜ਼ ਦਾ ਹਮੇਸ਼ਾ ਇਹ ਪੁਆਇੰਟ ਰਹਿੰਦਾ ਸੀ ਕਿ ਸਾਡਾ ਕੋਈ ਫੰਡ ਨਹੀਂ ਹੈ। ਅੱਜ ਪਹਿਲੀ ਵਾਰ ਹੋਇਆ ਹੈ ਕਿ 10 ਕਰੋੜ ਰੁਪਏ ਦਾ ਜਿਹੜਾ ਫੰਡ ਹੈ, ਜੂਨੀਅਰ ਸਾਹਿਬ ਕਿਉਂ ਹੱਥ ਹਿਲਾਈ ਜਾ ਰਹੇ ਹੋ, 10 ਕਰੋੜ ਰੁਪਏ ਦਾ ਫੰਡ ਹਰ ਐਮ.ਐਲ.ਏ ਨੂੰ ਦਿੱਤਾ ਗਿਆ ਹੈ। ਇਹ ਪੈਸੇ ਸਾਡੇ ਲੋਕਾਂ ਦੀ ਅਤੇ ਇਲਾਕੇ ਦੀ ਡਿਵੈਲਪਮੈਂਟ ਤੇ ਲੱਗੇਗਾ।

ਵਪਾਰੀ ਵਰਗ ਲਈ ਟਰੇਡ ਕਮਿਸ਼ਨ ਬਣਾਇਆ ਗਿਆ ਹੈ। ਇਸ ਦੇ ਨਾਲ ਇਹ ਹੈ ਕਿ ਸਰਕਾਰ ਤੁਹਾਡੇ ਦੁਆਰ ਹੈ। ਇੱਕ ਆਮ ਵਪਾਰੀ ਨੂੰ ਅਫਸਰ ਵੀ ਤੰਗ ਕਰਦੇ ਹਨ, ਪੁਲਿਸ ਵੀ ਤੰਗ ਕਰਦੀ ਹੈ, ਵਪਾਰੀ ਵਰਗ ਦੇ ਸ਼ਸ਼ਤਰੀਕਰਨ ਕਰਨ ਦੇ ਲਈ ਉਨ੍ਹਾਂ ਨੂੰ ਕਾਮਯਾਬ ਕਰਨ ਦੇ ਲਈ ਟਰੇਡਰਜ਼ ਕਮਿਸ਼ਨ ਬਣਾਇਆ ਗਿਆ ਹੈ, ਸਾਰੇ ਆਫੀਸਰਜ਼ ਨੂੰ ਵਪਾਰੀਆਂ ਦੇ ਸਾਹਮਣੇ ਲਿਜਾ ਕੇ ਬਿਠਾਇਆ ਜਾਂਦਾ ਹੈ ਕਿ ਤੁਸੀਂ ਆਪਣੀਆਂ ਸਸੱਸਿਆਵਾਂ ਦੱਸੋਂ ਤਾਂ ਜੋ ਸਮੱਸਿਆਵਾਂ ਦਾ ਮੌਕੇ ਤੇ ਹੱਲ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਸਿੱਖਿਆ ਅਤੇ ਉਚੇਰੀ ਸਿੱਖਿਆ ਵਿੱਚ ਵੱਡੇ ਕਦਮ ਚੁੱਕੇ ਜਾ ਰਹੇ ਹਨ। ਸ੍ਰੀ ਆਨੰਦਪੁਰ ਸਾਹਿਬ ਵਿੱਚ ਜਿਹੜੀ ਹਾਈਅਰ ਐਜੂਕੇਸ਼ਨ ਯੂਨੀਵਰਸਿਟੀ ਬਣਾਈ ਜਾ ਰਹੀ ਹੈ ਜਿਸ ਦੇ ਨਾਲ ਸਾਡੇ ਇੱਥੇ ਐਜੂਕੇਸ਼ਨ ਦਾ ਗਲੋਬਲ ਸੈਂਟਰ ਬਣੇਗਾ। ਟੈਕਨੀਕਲ ਐਜੂਕੇਸ਼ਨ ਨੂੰ ਪ੍ਰਮੋਟ ਕਰਨ ਲਈ 35000 ਸੀਟਾਂ ਨੂੰ ਵਧਾ ਕੇ 52000 ਕਰ ਦਿੱਤੀਆਂ ਗਈਆਂ ਹਨ। ਜਿਸ ਦੇ ਨਾਲ ਸਕਿੱਲ ਡਿਵੈਲਪਮੈਂਟ ਦੇ ਹੋਰ ਬਹੁਤ ਸਾਰੇ ਮੌਕੇ ਪੈਦਾ ਹੋਣਗੇ।

ਐਗਰੀਕਲਚਰ ਸੈਕਟਰ ਲਈ ਵੀ 15377 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸ ਤੋਂ ਬਿਨਾ ਸਾਲ 2022 ਤੋਂ ਲੈ ਕੇ ਹੁਣ ਤੱਕ 1 ਲੱਖ 45 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਪੰਜਾਬ ਵਿੱਚ ਆਈ ਹੈ। ਸਾਡਾ ਇੰਡਸਟਰੀਅਲ ਫਰੈਂਡਲੀ ਇਨਵਾਇਰਮੈਂਟ ਹੈ। ਇਸ ਦੇ ਨਾਲ 5 ਲੱਖ 21 ਹਜ਼ਾਰ ਲੋਕਾਂ ਨੂੰ ਡਾਇਰੈਕਟ ਜਾੱਬ ਮਿਲੇਗੀ। ਸੋ, ਇੰਡਸਟਰੀ ਦਾ ਹੋਣਾ ਬੜਾ ਲਾਜ਼ਮੀ ਹੈ। ਇਸ ਲਈ ਮੈਂ ਪੰਜਾਬ ਸਰਕਾਰ ਦਾ, ਸਾਡੇ ਵਿੱਤ ਮੰਤਰੀ ਸਾਹਿਬ ਦਾ ਅਤੇ ਸਾਡੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਵਧਾਈ ਵੀ ਦਿੰਦਾ ਹਾਂ। (ਘੰਟੀ)

ਸਭ ਤੋਂ ਵੱਧ ਜੇਕਰ ਕਿਸੇ ਏਰੀਏ ਦੀ ਡਿਵੈਲਪਮੈਂਟ ਦੇਖਣੀ ਹੋਵੇ ਤਾਂ ਉਸ ਦਾ infrastructure ਉਸ ਦੀਆਂ ਰੋਡਸ ਦੇਖੀਆਂ ਜਾਂਦੀਆਂ ਹਨ। ਅੱਜ 12 ਹਜ਼ਾਰ 597 ਕਰੋੜ ਦੀ ਲਾਗਤ ਨਾਲ ਲਗਭਗ 20 ਹਜ਼ਾਰ ਕਿਲੋਮੀਟਰ ਲੰਬੀਆਂ ਸੜ੍ਕਾਂ ਬਣਾਈਆਂ ਜਾ ਰਹੀਆਂ ਹਨ। ਸੋ ਮੈਂ ਇੱਕ ਵਾਰ ਫਿਰ ਸਾਡੇ ਵਿੱਤ ਮੰਤਰੀ ਸਾਹਿਬ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇੱਕ ਆਮ ਪਰਿਵਾਰਾਂ ਲਈ ਇੱਕ ਮੱਧ ਵਰਗੀ ਪਰਿਵਾਰਾਂ ਲਈ ਅਤੇ ਵਪਾਰੀ ਵਰਗ, ਕਿਸਾਨਾਂ ਲਈ, ਮਜ਼ਦੂਰਾਂ ਲਈ ਇੱਕ ਵਧੀਆ ਬਜਟ ਲੈ ਕੇ ਆਏ ਹਨ। ਸੋ ਮੈਂ ਇਸ ਬਜਟ ਦੀ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**1630/amandeep kaur/Shubham jain**

**1635/Tarlochan Singh**

**ਮਾਣਯੋਗ ਸਪੀਕਰ** : ਸਰਦਾਰ ਕੁਲਵੰਤ ਸਿੰਘ ਸਿੱਧੂ, ਤੁਹਾਡੇ ਕੋਲ 5 ਮਿੰਟ ਹਨ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਅਹਿਮ ਮੁੱਦੇ ਤੇ ਬੋਲਣ ਦਾ ਮੈਨੂੰ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਸੁਚੱਜੀ ਦੇਖ ਰੇਖ ਹੇਠ ਸਾਡੇ ਮਾਣਯੋਗ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਇੱਕ ਸਫਲ ਬਜਟ ਪੇਸ਼ ਕੀਤਾ ਹੈ, ਜਿਸ ਵਿੱਚ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਦਾ ਬੜੇ ਚੰਗੇ ਤਰੀਕੇ ਨਾਲ ਧਿਆਨ ਰੱਖਿਆ ਗਿਆ ਹੈ। ਚਾਹੇ ਵਪਾਰੀਆਂ ਦੀ ਗੱਲ ਕਰੀਏ, ਚਾਹੇ ਖੇਡਾਂ ਦੀ ਗੱਲ ਕਰੀਏ, ਚਾਹੇ ਕਿਸਾਨਾਂ ਦੀ ਗੱਲ ਕਰੀਏ, ਚਾਹੇ ਪਾਣੀ ਤੇ ਜਲ ਸਪਲਾਈ ਦੀ ਗੱਲ ਕਰੀਏ, ਸਿੱਖਿਆ ਦੀ ਗੱਲ ਕਰੀਏ, ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਕਰੀਏ, ਜਿਸ ਨੇ ਕਿ ਪੰਜਾਬ ਦੀ ਜਵਾਨੀ ਨੂੰ ਬਰਬਾਦ ਕੀਤਾ ਹੈ, ਪਤਾ ਨਹੀਂ ਕਿੰਨੀਆਂ ਮਾਵਾਂ ਦੀਆਂ ਗੋਦਾਂ ਸੁੰਨੀਆਂ ਹੋ ਗਈਆਂ ਹਨ, ਭੈਣਾਂ ਦੇ ਸੁਹਾਗ ਉੱਜੜ ਗਏ ਹਨ। ਜਿੱਥੇ ਮੈਂ ਚੀਮਾ ਸਾਹਿਬ ਦਾ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਉਥੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਦੀ ਸੁਚੱਜੀ ਦੇਖ ਰੇਖ ਲਈ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ ਕਿ

ਉਨ੍ਹਾਂ ਨੇ ਮਾਰਗਦਰਸ਼ਨ ਕਰਕੇ ਪੰਜਾਬ ਦੀ ਸਰਕਾਰ ਨੂੰ ਇੱਕ ਤਰ੍ਹਾਂ ਸਫਲ ਬਜਟ ਪੇਸ਼ ਕਰਨ ਦੀ ਸੇਧ ਦਿੱਤੀ ਹੈ, ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਹੈ।

ਸਪੀਕਰ ਸਾਹਿਬ, ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਕਰਾਂ ਤਾਂ ਸਾਡੇ ਭਰਾ ਉਧਰ ਬੈਠੇ ਹਨ। ਚੱਲੋ, ਕਿਸੇ ਤੋਂ ਗਲਤੀ ਹੋ ਜਾਂਦੀ ਹੈ, ਚੰਗਾ ਮਾੜਾ ਹੋ ਜਾਂਦਾ ਹੈ, ਜਦੋਂ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਸਹੁੰ ਚੁੱਕੀ ਤਾਂ ਮੈਂ ਲੁਧਿਆਣਾ ਤੋਂ 105 ਗੱਡੀਆਂ ਲੈ ਕੇ ਗਿਆ ਸੀ ਕਿ ਅੱਜ ਉਨ੍ਹਾਂ ਨੇ ਕੋਈ ਅਹਿਮ ਐਲਾਨ ਕਰਨਾ ਹੈ। ਉਹ ਐਲਾਨ ਕੀਤਾ ਕਿ ਗੁਟਕਾ ਸਾਹਿਬ ਹੱਥ ਵਿੱਚ ਚੁੱਕ ਕੇ ਸਹੁੰ ਖਾਧੀ ਕਿ ਮੈਂ ਨਸ਼ੇ ਨੂੰ ਇੱਕ ਹਫ਼ਤੇ ਵਿੱਚ ਖਤਮ ਕਰ ਦਿਆਂਗਾ। ਉਧਰ ਛੋਟੇ ਵੱਡੇ ਭਰਾ ਬੈਠੇ ਹਨ, ਦੱਸ ਦੇਣ ਕਿ ਕੀ ਉਹ ਨਸ਼ਾ ਖਤਮ ਹੋਇਆ? ਜੇਕਰ ਉਪਰਾਲਾ ਨਾ ਕਰੀਏ ਤਾਂ ਕਿਵੇਂ ਹੋ ਸਕਦਾ ਸੀ। ਜਿਵੇਂ ਕਹਾਵਤ ਹੈ ਕਿ ਜੇਕਰ ਅਸੀਂ ਚੱਲਾਂਗੇ ਤਾਂ ਹੀ ਪਹੁੰਚਾਂਗੇ। ਜੇਕਰ ਕੋਈ ਕੰਮ ਹੀ ਨਹੀਂ ਸੀ ਕੀਤਾ ਤਾਂ ਕਿਵੇਂ ਨਸ਼ਾ ਖਤਮ ਹੋ ਜਾਂਦਾ। ਉਧਰ ਵਾਲੇ ਵੀਰ ਸਵਾਲ ਕਰਦੇ ਸਨ ਕਿ ਸੀ.ਐਮ. ਸਾਹਿਬ ਨੇ ਐਲਾਨ ਕੀਤਾ ਕਿ ਨਸ਼ਾ ਖਤਮ ਕਰਾਂਗੇ, ਸੋਸ਼ਲ ਮੀਡੀਆ ਤੇ ਪੋਸਟਾਂ ਵੀ ਪੈਂਦੀਆਂ ਸਨ ਕਿ ਨਸ਼ਾ ਖਤਮ ਹੋ ਗਿਆ ਕਿ ਨਹੀਂ? ਉਸ ਲਈ ਜ਼ਬਰਦਸਤ ਪਲਾਨਿੰਗ ਚੱਲ ਰਹੀ ਸੀ ਅਤੇ ਹੁਣ ਜਦੋਂ ਲਾਗੂ ਹੋਈ ਤਾਂ ਉਸ ਦੇ ਰਿਜ਼ਲਟ ਦੇਖਣ ਲਈ ਮਿਲ ਰਹੇ ਹਨ। ਯੁੱਧ ਨਸ਼ਿਆਂ ਲਈ ਪੈਸਾ ਰਾਖਵਾਂ ਰੱਖਿਆ ਗਿਆ ਹੈ, ਖੇਡਾਂ ਲਈ ਰੱਖਿਆ ਗਿਆ ਹੈ ਅਤੇ ਸਿਹਤ ਲਈ ਪੈਸਾ ਰਾਖਵਾਂ ਰੱਖਿਆ ਗਿਆ ਹੈ। ਅਗਰ ਨੌਜਵਾਨਾਂ ਦਾ ਧਿਆਨ ਨਸ਼ੇ ਤੋਂ ਹਟਾਉਣਾ ਹੈ ਤਾਂ ਉਨ੍ਹਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਪਵੇਗਾ, ਉਨ੍ਹਾਂ ਦੇ ਇਲਾਜ ਲਈ ਵੀ ਸੁਚੱਜਾ ਪ੍ਰਬੰਧ ਕਰਨਾ ਪਵੇਗਾ, ਉਨ੍ਹਾਂ ਦੇ ਮੁੜ ਵਸੇਬੇ ਲਈ ਵੀ ਚੰਗਾ ਪ੍ਰਬੰਧ ਕਰਨਾ ਪਵੇਗਾ। ਬਾਈ ਪ੍ਰਗਟ ਸਿੰਘ ਹੋਰੀਂ ਹੁਣ ਚਲੇ ਗਏ ਹਨ, ਉਨ੍ਹਾਂ ਨੇ ਤੰਜ਼ ਵੀ ਕਸੇ ਸਨ। ਪਰ ਮੈਂ ਸਮਝਦਾ ਹਾਂ ਕਿ ਚੰਗੀ ਤਰ੍ਹਾਂ ਡੂੰਘਾਈ ਨਾਲ ਗੱਲ ਦੀ ਜਾਂਚ ਕਰਨ ਤੋਂ ਬਾਅਦ ਹੀ ਕਿਸੇ ਬਾਰੇ ਬੋਲਣਾ ਚਾਹੀਦਾ ਹੈ। ਜਦੋਂ ਤੱਕ ਦੁਨੀਆਂ ਰਹਿਣੀ ਹੈ ਸਾਡੀ ਆਵਾਜ਼ ਇਸ ਹਾਊਸ ਵਿੱਚ ਗੂੰਜੇਗੀ ਅਤੇ ਇਸ ਦਾ ਰਿਕਾਰਡ ਵੀ ਰਹਿਣਾ ਹੈ। ਇਸ ਲਈ ਗੱਲ ਉਹ ਕਰਨੀ ਚਾਹੀਦੀ ਹੈ ਜਿਸ ਦਾ ਕੋਈ ਤੱਥ ਹੋਵੇ। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਬਜਟ ਪੇਸ਼ ਵੀ ਕਿਸ ਦਿਨ ਕਰਵਾਇਆ ਜਦੋਂ ਸਾਡੀਆਂ ਮਾਵਾਂ ਧੀਆਂ ਅਤੇ ਜਨਣੀ ਦਾ ਦਿਨ ਹੁੰਦਾ ਹੈ। ਚੀਮਾ ਸਾਹਿਬ ਨੇ ਅਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਵਾਕਿਆ ਹੀ ਇੱਕ ਭਰਾ ਅਤੇ ਬਾਪ ਦਾ ਰੋਲ ਅਦਾ ਕੀਤਾ ਹੈ। ਭੈਣਾਂ ਲਈ 1000 ਰੁਪਿਆ ਅਤੇ ਐਸ.ਸੀ. ਭਾਈਚਾਰੇ ਦੀਆਂ ਮਾਤਾਵਾਂ ਭੈਣਾਂ ਲਈ 1500 ਰੁਪਏ ਦਾ ਐਲਾਨ ਕਰਕੇ ਵਾਕਿਆ ਹੀ ਪੰਜਾਬ ਦੇ ਪੁੱਤ ਹੋਣ ਦਾ ਮਾਣ ਹਾਸਲ ਕੀਤਾ ਹੈ। ਜਦੋਂ ਤੱਕ ਦੁਨੀਆਂ ਰਹੇਗੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਰਹੇਗਾ। ਇਸ ਵਿੱਚ ਮਾਣਯੋਗ ਸਪੀਕਰ ਸਾਹਿਬ, ਆਪ ਜੀ ਦਾ ਵੀ ਬਹੁਤ ਵੱਡਾ ਰੋਲ ਹੈ ਕਿ ਤੁਸੀਂ ਸਾਨੂੰ ਸਾਰਿਆਂ ਨੂੰ ਐਤਵਾਰ ਵਾਲੇ ਦਿਨ ਬੁਲਾ ਕੇ ਇਸ ਨੇਕ ਕਾਰਜ ਦਾ ਹਿੱਸਾ ਬਣਨ ਦਾ ਸੁਭਾਗ ਸਮਾਂ ਦਿੱਤਾ ਹੈ। ਇਸ ਤੋਂ ਬਾਅਦ ਪੰਜਾਬ ਵਿੱਚ ਬਹੁਤ ਖੁਸ਼ੀ ਦਾ ਮਾਹੌਲ ਹੈ। ਮੈਨੂੰ ਨਹੀਂ ਲੱਗਦਾ ਕਿ ਜਿਹੜੇ ਸਾਡੇ ਸਾਹਮਣੇ ਮੈਂਬਰ ਬੈਠੇ ਹਨ, ਇਨ੍ਹਾਂ ਕੋਲ ਗੱਲ ਕਰਨ ਦਾ ਕੋਈ ਮੌਕਾ ਹੋਵੇਗਾ। ਆਮ ਸੋਸ਼ਲ ਮੀਡੀਆ ਤੇ ਰੋਜ਼ਾਨਾ ਹੀ ਪੋਸਟਾਂ ਪੈਂਦੀਆਂ ਸਨ ਕਿ ਭੈਣੋ ਤੁਹਾਨੂੰ 1000 ਰੁਪਿਆ ਮਿਲ ਗਿਆ? ਮੈਂ ਤੁਹਾਨੂੰ ਸਵਾਲ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਵੀ ਐਲਾਨ ਕੀਤੇ ਸਨ ਕਿ ਇੰਨੇ ਪੈਸੇ ਮਿਲਣਗੇ, ਮੋਬਾਇਲ ਮਿਲਣਗੇ। ਮੈਂ ਉਸ ਸਮੇਂ ਮੈਂ ਕਾਂਗਰਸ ਪਾਰਟੀ ਦਾ ਹਲਕਾ ਇੰਚਾਰਜ ਸੀ ਅਤੇ ਮੈਂ 46 ਡਿਗਰੀ ਟੈਂਪਰੇਚਰ ਵਿੱਚ ਗਲੀ ਗਲੀ ਫਿਰ ਕੇ ਫਰੀ ਮੋਬਾਇਲ ਅਤੇ ਟੈਬ ਦੇ ਕਾਗਜ਼ ਭਰੇ ਹਨ। ਇਸ ਦਾ ਰਿਕਾਰਡ ਅੱਜ ਵੀ ਮੇਰੇ ਕੋਲ ਪਿਆ ਹੈ। ਪਰ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਕਹਿਣੀ ਅਤੇ ਕਰਨੀ ਦੇ ਪੱਕੇ ਹਨ। ਮੈਂ ਸੋਸ਼ਲ ਮੀਡੀਆ ਤੇ

ਉਨ੍ਹਾਂ ਦੀ ਇੱਕ ਪੋਸਟ ਦੇਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 2026 ਵਿੱਚ, ਮੈਂ ਸਾਹਮਣੇ ਕਹਿੰਦਾ ਚੰਗਾ ਨਹੀਂ ਲੱਗਦਾ, ਸੀਨੀਅਰ ਭਰਾ ਬੈਠੇ ਹਨ, ਪਿਉ ਸਮਾਨ ਹਨ, ਇਹ ਅੱਧ ਕਮਲੇ ਜਿਹੇ ਹੋ ਜਾਣਗੇ। ਹੁਣ ਇਹ ਜਿਹੜੇ ਪਹਾੜੇ ਜਿਹੇ ਭੁੱਲੇ ਫਿਰਦੇ ਹਨ, ਉਨ੍ਹਾਂ ਨੂੰ ਤੁਸੀਂ ਬਜਟ ਤੇ ਬੋਲਣ ਲਈ ਸਮਾਂ ਦਿੱਤਾ ਤੇ ਉਹ ਬੋਲੀ ਕੀ ਜਾਂਦੇ ਹਨ ਕਿ ਕਰਾਈਮ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਘਰ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇੱਕ ਅਹਿਮ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ, ਜਿਸ ਦਾ ਕੰਮ ਦੇਖਣਾ ਹੈ ਕਿ ਮਹਿਕਮਿਆਂ ਵੱਲੋਂ ਸਹੀ ਢੰਗ ਨਾਲ ਕਾਨੂੰਨ ਲਾਗੂ ਕੀਤਾ ਜਾਂਦਾ ਹੈ ਕਿ ਨਹੀਂ। ਉਸ ਕਮੇਟੀ ਦੇ ਦੌਰੇ ਸਮੇਂ ਬੜਾ ਸੋਹਣਾ ਮੇਰੇ ਕੋਲ ਲੁਧਿਆਣਾ ਆ ਕੇ ਗਏ ਹਨ ਅਤੇ ਸੁੱਖ ਸਾਂਦ ਨਾਲ ਲੁਧਿਆਣਾ ਤੋਂ ਘਰ ਵਾਪਸ ਵੀ ਚਲੇ ਗਏ ਸਨ। ਹੈਨਰੀ ਸਾਹਿਬ, ਜੇ ਅਜਿਹੇ ਹਾਲਾਤ ਹੁੰਦੇ ਤਾਂ ਫਿਰ ਘਰ ਕਿਸ ਤਰ੍ਹਾਂ ਮੁੜ ਗਏ। ਇਸ ਲਈ ਜਦੋਂ ਆਪਾਂ ਵਿਧਾਨ ਸਭਾ ਵਿੱਚ ਕੋਈ ਵੀ ਗੱਲ ਕਰਦੇ ਹਾਂ ਤਾਂ ਉਸ ਦਾ ਰਿਕਾਰਡ ਬਣਦਾ ਹੈ।

**1635/Tarlochan Singh/Shubham jain**

**1640/mehak**

ਜਿਹੜੇ ਸਾਡੇ ਐਨ.ਆਰ.ਆਈ. ਭਰਾ ਬਾਹਰ ਬੈਠੇ ਹਨ, ਉਨ੍ਹਾਂ ਤੇ ਇਸ ਚੀਜ਼ ਦਾ ਬੜਾ ਮਾੜਾ ਪ੍ਰਭਾਵ ਪੈਂਦਾ ਹੈ ਕਿ ਇੱਥੇ ਤਾਂ ਲੁੱਟਾਂ, ਖੋਹਾਂ ਹੁੰਦੀਆਂ ਹਨ ਤੇ ਇੱਥੇ ਤਾਂ ਘਰ ਘਰ ਨਸ਼ਾ ਹੈ। ਹੁਣ ਮੇਰੇ ਭਰਾਵੋ ਪੰਜਾਬ ਤਰੱਕੀ ਤੇ ਹੈ, ਪੰਜਾਬ ਉੱਨਤੀ ਵੱਲ ਵੱਧ ਰਿਹਾ ਹੈ। ਉਸ ਲਈ ਤੁਸੀਂ ਵੀ ਯੋਗਦਾਨ ਪਾਓ ਕਿਉਂਕਿ ਯੁੱਧ ਨਸ਼ਿਆਂ ਵਿਰੁੱਧ ਇੱਕ ਯੱਗ ਹੈ। ਇਸ ਵਿੱਚ ਜਿਹੜਾ ਵੀ ਆਹੂਤੀ ਪਾਵੇਗਾ, ਉਹ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ। ਇੰਨਾ ਕਹਿੰਦਾ ਹੋਇਆ ਮੈਂ ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ। ਤੁਸੀਂ ਪੰਜ ਮਿੰਟ ਦਾ ਸਮਾਂ ਦਿੱਤਾ ਸੀ, ਥੋੜ੍ਹਾ ਜਿਹਾ ਉੱਪਰ ਹੋ ਗਿਆ ਹੈ, ਉਸ ਵਾਸਤੇ ਵੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਤੇ ਸਫਲ ਬਜਟ ਪੇਸ਼ ਕਰਨ ਲਈ ਮਾਣਯੋਗ ਚੀਮਾ ਸਾਹਿਬ ਤੇ ਮੁੱਖ ਮੰਤਰੀ ਸਾਹਿਬ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਆਪਾਂ ਸਦਨ ਵਿੱਚ ਜਿੰਨੇ ਮੈਂਬਰ ਹਾਜ਼ਰ ਹਾਂ, ਆਪਾਂ ਇੱਕ ਵਾਰੀ ਤਾੜੀਆਂ ਮਾਰ ਕੇ ਉਨ੍ਹਾਂ ਦਾ ਧੰਨਵਾਦ ਕਰ ਦੇਈਏ। (ਥੰਪਿੰਗ) ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਸਰਦਾਰ ਕੁਲਵੰਤ ਸਿੰਘ ਸਿੱਧੂ**: (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਵੀ ਸਹੂੰ ਭੰਨ ਦਿਓ ਭਰਾਵੋ, ਭੰਨ ਦਿਓ, ਖੜਕਾ ਦਿਓ, ਮਾੜਾ ਜਿਹਾ। (ਥੰਪਿੰਗ)

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਮਾਣ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ, ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਲੋਕ ਹਿਤ ਦਾ ਬਜਟ ਪੇਸ਼ ਕੀਤਾ ਹੈ। ਲੋਕਾਂ ਦੇ ਟੈਕਸਾਂ ਦਾ ਪੈਸਾ ਜਿਹੜਾ ਲੋਕਾਂ ਵਾਸਤੇ ਸੀ, ਇਸ ਨੂੰ ਯੂਟੇਲਾਈਜ਼ ਕਰਨ ਵਾਸਤੇ ਜੋ ਬਜਟ

ਪੇਸ਼ ਕੀਤਾ, ਉਸ ਵਿੱਚ ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਕਿ ਜੇ ਕਿਸੇ ਵੀ ਦੇਸ਼ ਦੀ ਕਾਮਯਾਬੀ ਦੇਖਣੀ ਹੈ ਤਾਂ ਉਸ ਵਾਸਤੇ ਸਾਨੂੰ ਉੱਥੋਂ ਦੀ ਸਿੱਖਿਆ, ਸਿਹਤ ਤੇ ਰੁਜ਼ਗਾਰ ਦੇਖਣਾ ਪਵੇਗਾ। ਸੋ, ਅੱਜ ਜਿਹੜਾ ਬਜਟ 2 ਕਰੋੜ 60 ਲੱਖ 437 ਰੁਪਏ ਦਾ ਲੈ ਕੇ ਆਏ ਹਨ, ਇਸ ਵਿੱਚ ਸਕੂਲੀ ਸਿੱਖਿਆ ਤੇ ਬਹੁਤ ਜ਼ਿਆਦਾ ਵਾਧੇ ਦਾ ਬਜਟ ਪੇਸ਼ ਕੀਤਾ ਗਿਆ ਹੈ। ਅਸੀਂ ਸਕੂਲੀ ਸਿੱਖਿਆ ਨੂੰ ਲੈ ਕੇ 2021 ਵਿੱਚ ਜੋ ਗਾਰੰਟੀਆਂ ਦਿੱਤੀਆਂ ਸੀ, ਕੱਲ੍ਹ 08 ਮਾਰਚ, 2026 ਦੇ ਦਿਨ ਉਹ ਸਾਰੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਇਸ ਵਾਸਤੇ ਮੈਂ ਮਾਨ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਜੇ ਅਸੀਂ 2021 ਤੋਂ ਪਹਿਲਾਂ ਦੇਖੀਏ ਤਾਂ ਸਾਡੇ ਆਪੋਜ਼ੀਸ਼ਨ ਦੇ ਸਾਥੀ ਜੋ ਪਹਿਲਾਂ ਸਿੱਖਿਆ ਮੰਤਰੀ ਵੀ ਰਹੇ ਹਨ, ਉਹ ਕਹਿ ਕੇ ਗਏ ਹਨ ਕਿ ਸਾਡੀ ਐਜੂਕੇਸ਼ਨ ਤੇ ਸਵਾਲ ਚੁੱਕੇ ਗਏ। ਹੁਣ ਉਹ ਚਲੇ ਗਏ ਹਨ ਪਰ ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਸੀ ਕਿ ਤੁਸੀਂ ਵੀ ਸਮਾਰਟ ਸਕੂਲ ਬਣਾਏ ਸਨ ਪਰ ਉਹ ਸਿਰਫ ਬਾਹਰੋਂ ਰੰਗ ਕਰਕੇ, ਬਾਹਰੋਂ ਕੰਧਾਂ ਨੂੰ ਕਲੀਆਂ ਕਰਕੇ ਬਣਾਏ ਸੀ ਪਰ ਅੰਦਰਲਾ ਢਾਂਚਾ ਵੇਖਣ ਲਈ ਤੁਹਾਨੂੰ ਸਮਾਂ ਨਹੀਂ ਮਿਲਿਆ ਸੀ। ਅੱਜ ਜਿਹੜੇ ਸਾਡੇ ਸਕੂਲ ਆਫ ਐਮੀਨੈਂਸ ਬਣਾਏ ਗਏ ਹਨ, ਉਨ੍ਹਾਂ ਨੂੰ ਦੇਖਣ ਵਾਸਤੇ ਤੁਸੀਂ ਮੇਰੇ ਨਾਲ ਚਲੋ। ਪੰਜਾਬ ਦਾ ਸਭ ਤੋਂ ਪਹਿਲਾ ਸਕੂਲ ਆਫ ਐਮੀਨੈਂਸ ਮੇਰੇ ਹਲਕੇ ਵਿੱਚ ਖੁੱਲਿਆ ਸੀ। (ਥੰਪਿੰਗ) ਮੈਂ ਇਸ ਕਰਕੇ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਸਿੱਖਿਆ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਜੇ 2021 ਤੋਂ ਪਹਿਲਾਂ ਦੇਖੀਏ ਤਾਂ ਸਾਡੇ ਪੰਜਾਬ ਦੇ ਤਕਰੀਬਨ 99% ਸਕੂਲਾਂ ਦੀ ਬਾਉਂਡਰੀ ਵਾਲ ਵੀ ਨਹੀਂ ਸੀ। ਉਦੋਂ ਇਨ੍ਹਾਂ ਨੂੰ ਚੇਤਾ ਨਹੀਂ ਆਇਆ ਕਿ ਅਸੀਂ ਉਨ੍ਹਾਂ ਸਕੂਲਾਂ ਵਿੱਚ ਜਾ ਕੇ ਦੇਖੀਏ ਜਿਨ੍ਹਾਂ ਸਕੂਲਾਂ ਵਿੱਚ ਸਾਡੇ ਗਰੀਬ ਘਰਾਂ ਦੇ ਬੱਚੇ ਪੜ੍ਹਦੇ ਹਨ ਤੇ ਇਹ ਅੱਜ ਸਾਡੇ ਤੇ ਤੰਜ ਕੱਸ ਰਹੇ ਹਨ। ਮੈਂ ਖੁਦ ਸਰਕਾਰੀ ਸਕੂਲ ਦਾ ਪੜ੍ਹਿਆ ਹੋਇਆ ਹਾਂ ਤੇ ਅਸੀਂ ਆਪਣੇ ਬੈਠਣ ਵਾਸਤੇ ਬੋਰੀ ਵੀ ਘਰੋਂ ਲੈ ਕੇ ਜਾਂਦੇ ਹੁੰਦੇ ਸੀ। ਸੋ, ਅੱਜ ਇਨ੍ਹਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਸਾਡੇ ਗਰੀਬਾਂ ਦੇ ਬੱਚੇ ਇੰਨੇ ਸੋਹਣੇ ਬੈਂਚਾਂ ਤੇ ਕਿੱਥੋਂ ਬੈਠ ਗਏ? ਜਿਹੜੇ ਟੀਚਰ ਬਾਹਰ ਜਾ ਕੇ ਟ੍ਰੇਨਿੰਗ ਲੈ ਕੇ ਆਏ ਹਨ, ਸਾਡੇ ਗਰੀਬਾਂ ਦੇ ਬੱਚੇ ਉਨ੍ਹਾਂ ਤੋਂ ਸਿੱਖਿਆ ਲੈ ਰਹੇ ਹਨ, ਇਹ ਗੱਲ ਇਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ ਹੈ। ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਵਿੱਚ 100% ਸਕੂਲਾਂ ਦੀ ਚਾਰਦੀਵਾਰੀ ਬਣ ਚੁੱਕੀ ਹੈ। ਸਾਡੇ ਬੱਚੇ ਅਤੇ ਬੱਚੀਆਂ ਵਾਸਤੇ ਵੱਖੋ-ਵੱਖਰੇ ਵਾਸ਼ਰੂਮਜ਼ ਦਾ ਪ੍ਰਬੰਧ ਹੋ ਚੁੱਕਾ ਹੈ। ਪੀਣ ਵਾਲੇ ਪਾਣੀ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਬੱਚਿਆਂ ਨੂੰ ਬੈਠਣ ਵਾਸਤੇ ਵਧੀਆ ਬੈਂਚ ਦਿੱਤੇ ਹਨ, ਟੀਚਰਾਂ ਵਾਸਤੇ ਵਧੀਆ ਇਨਫਰਾਸਟ੍ਰਕਚਰ ਦਿੱਤਾ ਹੈ। ਇਹ ਦੇਸ਼ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸਾਡੇ ਸਰਕਾਰੀ ਸਕੂਲਾਂ ਦੇ ਅਧਿਆਪਕ ਬਾਹਰੋਂ ਟ੍ਰੇਨਿੰਗ ਲੈ ਕੇ ਸਾਡੇ ਬੱਚਿਆਂ ਨੂੰ ਸਿੱਖਿਆ ਦੇ ਰਹੇ ਹਨ। ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਇਹ ਕੰਮ ਸਾਲ 2022 ਤੋਂ ਬਾਅਦ ਹੋਏ ਹਨ, ਉਨ੍ਹਾਂ ਵਿੱਚ ਸਾਡੀਆਂ ਬੱਚੀਆਂ ਜਿਨ੍ਹਾਂ ਨੂੰ ਦਸਵੀਂ, ਬਾਰ੍ਹਵੀਂ ਤੋਂ ਬਾਅਦ ਘਰੋਂ ਬਾਹਰ ਨਹੀਂ ਕੱਢਦੇ ਸੀ ਕਿ ਸਾਡੀਆਂ ਬੱਚੀਆਂ ਜਵਾਨ ਹਨ ਤੇ ਬਾਹਰ ਹਾਲਾਤ ਠੀਕ ਨਹੀਂ ਹਨ, ਅੱਜ ਅਸੀਂ ਉਨ੍ਹਾਂ ਵਾਸਤੇ ਟਰਾਂਸਪੋਰਟ ਦੀ ਸੁਵਿਧਾ ਵੀ ਫਰੀ ਆਫ ਕੋਸਟ ਕਰ ਦਿੱਤੀ ਹੈ। ਇਹ ਤਾਂ ਹੀ ਹੋਇਆ ਹੈ ਜਦੋਂ 2022 ਵਿੱਚ ਲੋਕਾਂ ਨੇ ਸਾਨੂੰ ਵੋਟਾਂ ਪਾਈਆਂ ਹਨ। ਮੈਂ ਇਸ ਵਾਸਤੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਇੰਨਾ ਵਧੀਆ ਉਪਰਾਲਾ ਕੀਤਾ ਹੈ ਕਿ ਅੱਜ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਵਾਸਤੇ ਸਾਡੇ ਕੋਲ ਲੋਕ ਸਿਫਾਰਸ਼ਾਂ ਲੈ ਕੇ ਆਉਂਦੇ ਹਨ ਕਿ ਸਾਡੇ ਬੱਚੇ ਦਾ ਸਕੂਲ ਆਫ ਐਮੀਨੈਂਸ ਵਿੱਚ ਦਾਖਲਾ ਕਰਵਾ ਦਿਓ ਕਿਉਂਕਿ ਉੱਥੇ ਕੋਈ ਡਿਫਰੈਂਸ ਨਹੀਂ ਲਗਦਾ ਹੈ ਕਿ ਅਸੀਂ ਕਿਸੇ ਕੋਨਵੈਂਟ ਸਕੂਲ ਵਿੱਚ ਜਾ ਰਹੇ ਹਾਂ ਜਾਂ ਕਿਸੇ ਸਰਕਾਰੀ ਸਕੂਲ ਵਿੱਚ ਜਾ ਰਹੇ ਹਾਂ।

**1640/mehak/Abhishek gautam**

**1645/Sukhpiar Singh**

ਜੇ ਇਨ੍ਹਾਂ ਨੂੰ ਸਮਝ ਨਹੀਂ ਲੱਗੀ ਤਾਂ ਮੇਰੇ ਹਲਕੇ ਵੈਸਟ ਅੰਮ੍ਰਿਤਸਰ ਵਿੱਚ ਜਾ ਕੇ ਸਕੂਲ ਆਫ ਐਮੀਨੈਂਸ ਦੇਖ ਲੈਣ, ਇਨ੍ਹਾਂ ਦੇ ਆਪਣੇ ਆਪ ਸਾਰੇ ਭੁਲੇਖੇ ਦੂਰ ਹੋ ਜਾਣਗੇ। ਸੋ, ਸਿੱਖਿਆ ਵਾਸਤੇ 7% ਵਾਧੇ ਦਾ ਬਜਟ ਰੱਖਿਆ ਗਿਆ ਹੈ, ਇਸ ਵਾਸਤੇ ਮੈਂ ਸੀ.ਐਮ. ਸਾਹਿਬ, ਵਿੱਤ ਮੰਤਰੀ ਸਾਹਿਬ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਿੱਖਿਆ ਵਾਸਤੇ ਬਹੁਤ ਵੱਡਾ ਬਜਟ ਰੱਖਿਆ ਹੈ। ਜੇ ਮੁਹੱਲਾ ਕਲੀਨਿਕਾਂ ਦੀ ਗੱਲ ਕਰੀਏ, ਸਭ ਤੋਂ ਪਹਿਲਾ ਮੁਹੱਲਾ ਕਲੀਨਿਕ ਵੀ ਮੇਰੇ ਹਲਕੇ ਅੰਮ੍ਰਿਤਸਰ ਵਿੱਚ ਖੋਲ੍ਹਿਆ ਗਿਆ ਸੀ। ਅੱਜ ਪੰਜਾਬ ਵਿੱਚ 881 ਮੁਹੱਲਾ ਕਲੀਨਿਕ ਖੁੱਲ੍ਹ ਚੁੱਕੇ ਹਨ ਅਤੇ 250 ਤੋਂ ਉੱਪਰ ਮੁਹੱਲਾ ਕਲੀਨਿਕ ਖੋਲ੍ਹਣ ਦੀ ਤਿਆਰੀ ਕਰ ਚੁੱਕੇ ਹਾਂ। ਸੋ, ਇਸ ਵਿੱਚ ਮੈਂ ਖੁਦ ਡਾਕਟਰ ਹੋਣ ਦੇ ਨਾਤੇ ਦੱਸਣਾ ਚਾਹਾਂਗਾ ਕਿ ਉਸ ਵਿੱਚ ਐਮ.ਬੀ.ਬੀ.ਐਸ. ਡਾਕਟਰ ਮਿਲਦਾ ਹੈ, ਕੋਈ ਪਰਚੀ ਦੀ ਫੀਸ ਨਹੀਂ, ਕੋਈ ਦਵਾਈਆਂ ਦਾ ਖਰਚਾ ਨਹੀਂ, 47 ਤਰ੍ਹਾਂ ਦੇ ਟੈਸਟ ਫਰੀ ਹਨ, 107 ਤਰ੍ਹਾਂ ਦੀਆਂ ਦਵਾਈਆਂ ਫਰੀ ਹਨ, ਈਵਨ ਤੁਹਾਨੂੰ ਬੈਠਣ ਵਾਸਤੇ ਵਧੀਆ ਏ.ਸੀ. ਰੂਮ, ਵਧੀਆ ਡਾਕਟਰ ਮਿਲਦੇ ਹਨ, ਵਧੀਆ ਬਿਹੇਵੀਅਰ ਹੁੰਦਾ ਹੈ। ਸੋ, ਇਹ ਚੀਜ਼ਾਂ ਪਹਿਲਾਂ ਵੀ ਕੀਤੀਆਂ ਜਾ ਸਕਦੀਆਂ ਸਨ ਪਰ ਪਹਿਲਾਂ ਇਨ੍ਹਾਂ ਦੇ ਮਨਸੂਬੇ ਹੀ ਇਸ ਤਰ੍ਹਾਂ ਦੇ ਸੀ ਕਿ ਅਸੀਂ ਕੁਝ ਕਰਨਾ ਹੀ ਨਹੀਂ ਚਾਹੁੰਦੇ ਸੀ ਕਿਉਂਕਿ ਇਨ੍ਹਾਂ ਦੀਆਂ ਆਪਣੀਆਂ ਜੇਬਾਂ ਪ੍ਰਾਈਵੇਟ ਹਸਪਤਾਲਾਂ ਵਾਲੇ ਭਰਦੇ ਸੀ ਜਾਂ ਇਹ ਸਰਕਾਰੀ ਹਸਪਤਾਲ ਦੇ ਨੇੜੇ ਆਪਣਾ ਹਸਪਤਾਲ ਖੋਲ੍ਹ ਲੈਂਦੇ ਸੀ। ਸੋ, ਇਹ ਲੁੱਟ ਦਾ ਸਿਲਸਿਲਾ 2022 ਵਿੱਚ ਪੰਜਾਬ ਦੇ ਲੋਕਾਂ ਨੇ ਖਤਮ ਕਰ ਦਿੱਤਾ ਹੈ। ਮੈਂ ਇਹ ਦੱਸਣਾ ਚਾਹਾਂਗਾ ਕਿ ਅੱਜ ਉਹ ਬਜ਼ੁਰਗ ਜਿਨ੍ਹਾਂ ਦੀ ਸ਼ੂਗਰ ਦੀ ਦਵਾਈ ਮੁਹੱਲਾ ਕਲੀਨਿਕ ਤੋਂ ਮਿਲ ਰਹੀ ਹੈ, ਜਿਨ੍ਹਾਂ ਦੀ ਬੀ.ਪੀ. ਦੀ ਦਵਾਈ ਮੁਹੱਲਾ ਕਲੀਨਿਕ ਤੋਂ ਮਿਲ ਰਹੀ ਹੈ, ਗੋਡੇ-ਗਿੱਟੇ ਦੇ ਦਰਦਾਂ ਦੀ ਦਵਾਈ ਮੁਹੱਲਾ ਕਲੀਨਿਕ ਤੋਂ ਮਿਲ ਰਹੀ ਹੈ। ਸੋ, ਇਹ ਪੰਜਾਬ ਸਰਕਾਰ ਦੀ ਬਹੁਤ ਵੱਡੀ ਪਹਿਲਕਦਮੀ ਹੈ। ਇਸ ਵਾਸਤੇ ਜੋ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਪੰਜਾਬ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਬਜਟ ਸੈਸ਼ਨ ਮੌਕੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮੁੱਖ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਨਵੀਆਂ ਸਕੀਮਾਂ ਅਤੇ ਜਿੰਨੇ ਫੰਡ ਮੁਹੱਈਆਂ ਕੀਤੇ ਗਏ ਹਨ, ਉਹ ਸ਼ਲਾਘਾਯੋਗ ਹੈ। ਸਪੀਕਰ ਸਾਹਿਬ, ਮੈਂ ਇੱਕ ਮਿੰਟ ਲਵਾਂਗਾ। ਲਾਈਨ ਤੋਂ ਭਟਕ ਕੇ ਗੱਲ ਨਹੀਂ ਕਰਦਾ, ਪੰਜਾਬ ਦਾ ਇੱਕ ਬਰਨਿੰਗ ਇਸ਼ੂ ਹੈ, ਉਸ ਤੇ ਗੱਲ ਕਰਨਾ ਚਾਹੁੰਦਾ ਹਾਂ, ਉਹ ਬਜਟ ਦੇ ਨਾਲ ਹੀ ਜੁੜਿਆ ਹੈ। ਵਿੱਤ ਮੰਤਰੀ ਜੀ ਨੂੰ ਯਾਦ ਹੋਵੇਗਾ ਕਿ ਛੱਤ ਲਾਈਟਾਂ ਉੱਪਰ ਸਾਡਾ ਬਹੁਤ ਪੁਰਾਣਾ ਕਾਂਗਰਸ ਵਾਲੇ ਟਾਈਮ ਵਿੱਚ ਟਰਾਂਸਪੋਰਟਰਾਂ ਦਾ ਇਸ਼ੂ ਪੈਦਾ ਹੋਇਆ ਸੀ, ਤੁਸੀਂ, ਅਰਵਿੰਦ ਕੇਜਰੀਵਾਲ ਜੀ ਅਤੇ ਸੀ.ਐਮ. ਸਾਹਿਬ ਸਾਰੇ ਹਾਜ਼ਰ ਸੀ। ਉਸ ਸਮੇਂ ਅਸੀਂ ਟਰੱਕਾਂ ਵਾਲਿਆਂ ਦਾ, ਬੱਸਾਂ ਵਾਲਿਆਂ ਦਾ, ਕੈਂਟਰਾਂ ਵਾਲਿਆਂ ਦਾ, ਸਕੂਲ ਬੱਸਾਂ ਦਾ, ਭਾਵੇਂ ਥ੍ਰੀ-ਵ੍ਹੀਲਰ ਭੂੰਡ ਅਤੇ ਸਾਰੇ ਪੰਜਾਬ ਦੇ ਟਰਾਂਸਪੋਰਟਰਾਂ ਦਾ ਮੁੱਦਾ ਚੁੱਕਿਆ ਸੀ। ਮੇਰੀ ਅਪੀਲ ਹੈ ਕਿ ਸਾਡੇ ਬੱਚੇ ਪੰਜਾਬ ਛੱਡ ਕੇ ਅਮਰੀਕਾ, ਕੈਨੇਡਾ ਕਿਉਂ ਜਾ ਰਹੇ ਹਨ, ਉਸ ਦਾ ਕਾਰਨ ਹੈ ਕਿ ਉੱਥੇ ਡਰਾਈਵਿੰਗ ਕਰਕੇ ਖਰਚਾ ਪੂਰਾ ਕੀਤਾ ਜਾਂਦਾ ਹੈ। ਜਿੱਥੇ ਪੰਜਾਬ ਦੇ

ਲੋਕਾਂ ਨੂੰ ਤੁਸੀਂ ਬਹੁਤ ਕੁਝ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਟਰਾਂਸਪੋਰਟ ਮੰਤਰੀ ਸਾਹਿਬ, ਸੀ.ਐਮ. ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਪਲੇਠੀ ਮੀਟਿੰਗ ਕੀਤੀ ਸੀ, ਤੁਸੀਂ ਆਪ ਇੱਕ ਟਰਾਂਸਪੋਰਟ ਏਰੀਏ ਦੇ ਹਲਕੇ ਵਿੱਚੋਂ ਆਉਂਦੇ ਹੋ। ਮੈਂ ਉਮੀਦ ਕਰਾਂਗਾ ਕਿ ਬਜਟ ਸੈਸ਼ਨ ਤੋਂ ਬਾਅਦ ਇਨ੍ਹਾਂ ਦੀ ਟਰਾਂਸਪੋਰਟ ਨੀਤੀ ਜਲਦੀ ਬਣਾ ਕੇ ਅਤੇ ਪੰਜਾਬ ਦਾ ਟਰਾਂਸਪੋਰਟਰ ਜਿਹੜਾ ਦਰ-ਦਰ ਤੇ ਧੱਕੇ ਖਾਂਦਾ ਫਿਰਦਾ ਹੈ, ਅਸੀਂ ਸਭ ਉਨ੍ਹਾਂ ਨੂੰ ਬਚਾ ਸਕੀਏ। ਤੁਹਾਡਾ ਬਹੁਤ ਬਹੁਤ ਧੰਨਵਾਦ। ਸਤਿ ਸ੍ਰੀ ਅਕਾਲ ਜੀ।

**ਸਰਦਾਰ ਲਖਬੀਰ ਸਿੰਘ ਰਾਏ (ਫਤਿਹਗੜ੍ਹ ਸਾਹਿਬ):** ਧੰਨਵਾਦ, ਸਪੀਕਰ ਸਾਹਿਬ, ਇਸ ਇਤਿਹਾਸਕ ਬਜਟ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਮੇਰੀ ਜਾਣਕਾਰੀ ਅਨੁਸਾਰ ਮੈਨੂੰ ਲੱਗਦਾ ਹੈ ਕਿ ਇਹ ਪੰਜਾਬ ਦਾ ਪਹਿਲਾ ਬਜਟ ਹੋਵੇਗਾ, ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੀ ਅਗਵਾਈ ਦਾ ਜਿਨ੍ਹਾਂ ਨੇ ਕਦੇ ਵੀ ਪੰਜ ਸਾਲਾਂ ਵਿੱਚ ਪੰਜਾਬ ਦੇ ਆਮ ਲੋਕਾਂ ਤੇ ਟੈਕਸ ਨਹੀਂ ਲਗਾਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਨਹੀਂ ਤਾਂ ਗਊਸੈੱਸ ਜਾਂ ਹੋਰ ਟੈਕਸ ਲੱਗਦੇ ਰਹੇ ਹਨ ਲੇਕਿਨ ਇਹ ਪਹਿਲੀ ਸਰਕਾਰ ਹੈ ਜਿਸ ਨੇ ਲੋਕਾਂ ਤੇ ਕੋਈ ਟੈਕਸ ਨਹੀਂ ਲਗਾਇਆ ਔਰ ਸਹੂਲਤਾਂ ਵਿੱਚ ਬਹੁਤ ਸਾਰੇ ਵਾਧੇ ਕੀਤੇ ਹਨ। ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੀ ਸਰਕਾਰ ਹੈ, ਉਸ ਦੇ ਦੋ ਮੁੱਦੇ ਸੀ। ਪਹਿਲਾਂ ਦੋ ਵਿਸ਼ਿਆਂ ਤੇ ਸਭ ਤੋਂ ਵੱਧ ਕੰਮ ਕਰਨਾ ਸੀ, ਜੋ ਲੋਕਾਂ ਨਾਲ ਵਾਅਦਾ ਕਰਕੇ ਆਏ ਸੀ। ਉਹ ਮੁੱਦੇ ਐਜੂਕੇਸ਼ਨ ਅਤੇ ਹੈਲਥ ਸੀ। ਇਸ ਵਾਰ ਵੀ ਸਾਡੇ ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਐਜੂਕੇਸ਼ਨ ਦਾ ਬਜਟ 19279 ਕਰੋੜ ਰੁਪਏ ਦਾ ਰੱਖਿਆ ਹੈ ਜੋ ਪਿਛਲੇ ਸਾਲ ਨਾਲੋਂ 7% ਦਾ ਵਾਧਾ ਹੈ। ਮਾਨ ਸਾਹਿਬ ਦੀ ਸਰਕਾਰ ਇਸ ਸਾਲ ਸਿੱਖਿਆ ਦੇ ਬਜਟ ਵਿੱਚ ਵਾਧਾ ਕਰ ਰਹੀ ਹੈ। ਸਾਡੇ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਪੰਜਾਬ ਵਿੱਚ ਪੰਜ ਸਾਲ ਵਿੱਚ ਸਿੱਖਿਆ ਦੇ ਮਿਆਰ ਵਿੱਚ ਬਹੁਤ ਪ੍ਰਗਤੀ ਹੋਈ ਹੈ। ਭਾਰਤ ਸਰਕਾਰ ਨੇ ਪਰਖ ਰਾਸ਼ਟਰੀ ਸਰਵੇਖਣ ਕਰਵਾਇਆ ਹੈ ਜਿਸ ਵਿੱਚ ਦੇਖਿਆ ਗਿਆ ਹੈ ਕਿ ਪੰਜਾਬ ਇੱਕ ਨੰਬਰ ਤੇ ਹੈ। ਇਸ ਦਾ ਮਤਲਬ ਹੈ ਕਿ ਸਾਡੀ ਸਿੱਖਿਆ ਵਿੱਚ ਬਹੁਤ ਜ਼ਿਆਦਾ ਸੁਧਾਰ ਹੋ ਰਿਹਾ ਹੈ।

**1645/Sukhpiar Singh/Abhishek gautam**

**1650/Manika Rani**

ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ ਕਿ 99 ਪ੍ਰਤੀਸ਼ਤ ਸਕੂਲਾਂ ਦੀ ਚਾਰਦੀਵਾਰੀ ਹੋ ਚੁੱਕੀ ਹੈ। ਜਦੋਂ ਐਮ.ਐਲ.ਏ. ਬਣਿਆ ਤਾਂ ਮੈਂ ਸਭ ਤੋਂ ਪਹਿਲਾਂ ਆਪਣੇ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦਾ ਲਾਸਟ ਪਿੰਡ ਮਹਿਤਾਬਗੜ੍ਹ ਵਿਖੇ ਗਿਆ। ਜਦੋਂ ਮੈਂ ਟੀਚਰਜ਼ ਸਾਹਿਬਾਨਾਂ ਨੂੰ ਮਿਲਿਆ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਔਰ ਐਜੂਕੇਸ਼ਨ ਬਾਰੇ ਪੁੱਛਿਆ ਤਾਂ ਉਨ੍ਹਾਂ ਮੈਨੂੰ ਕਿਹਾ ਕਿ ਐਮ.ਐਲ.ਏ. ਸਾਹਿਬ ਐਜੂਕੇਸ਼ਨ ਦੀ ਗੱਲ ਛੱਡੋ। ਸਾਡੇ ਤਾਂ ਦਿਮਾਗ ਵਿੱਚ ਇੱਕ ਬਹੁਤ ਵੱਡੀ ਟੈਂਸ਼ਨ ਰਹਿੰਦੀ ਹੈ ਕਿ ਅਸੀਂ ਬੱਚਿਆਂ ਨੂੰ ਪੜ੍ਹਾਈਏ ਤਾਂ ਕੀ ਪੜ੍ਹਾਈਏ? ਮੈਂ ਕਿਹਾ ਕਿ ਦੱਸੋ, ਕੀ ਹੋਇਆ। ਉਹ ਕਹਿੰਦੇ ਕਿ ਸਾਡੇ ਸਕੂਲ ਦੇ ਸਾਹਮਣੇ ਟੋਭਾ ਹੈ ਅਤੇ ਬੱਚੇ ਜਦੋਂ ਸਕੂਲ ਆਉਂਦੇ ਹਨ ਜਾਂ ਜਦੋਂ ਰਸੈੱਸ ਹੁੰਦੀ ਹੈ ਅਤੇ ਜਦੋਂ ਛੁੱਟੀ ਹੁੰਦੀ ਹੈ ਤਾਂ ਸਾਨੂੰ ਡਰ ਬਣਿਆ ਰਹਿੰਦਾ ਹੈ ਕਿ ਕਿਤੇ ਕੋਈ ਬੱਚਾ ਗਿਰ ਹੀ ਨਾ ਜਾਏ। ਕੋਈ ਕਿਸੇ ਬੱਚੇ ਦਾ ਨੁਕਸਾਨ ਨਾ ਹੋ ਜਾਵੇ। ਮੈਂ ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਾਂਗਾ ਕਿ ਸਭ

ਤੋਂ ਪਹਿਲਾਂ ਉਸ ਪਿੰਡ ਵਿੱਚ ਦੀਵਾਰ ਬਣਾਈ ਅਤੇ ਸਕੂਲ ਦਾ ਚੰਗਾ ਪ੍ਰਬੰਧ ਹੋਇਆ। ਸੋ, ਇਹ ਬਹੁਤ ਵੱਡੀਆਂ ਗੱਲਾਂ ਹਨ, ਜੋ ਸਰਕਾਰ ਵੱਲੋਂ ਕੀਤੀਆਂ ਗਈਆਂ ਹਨ। ਮੈਂ ਵਿੱਤ ਮੰਤਰੀ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਸਾਲ ਵੀ 690 ਕਰੋੜ ਰੁਪਏ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਰੱਖੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਵਿੱਚ 10995 ਵਾਸ਼ਰੂਮ ਬਣਾਏ ਗਏ ਹਨ। ਇਹ ਵੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ। ਜਿਵੇਂ ਸਾਡੀ ਭੈਣ ਪਹਿਲਾਂ ਕਹਿ ਕੇ ਗਈ ਹੈ ਕਿ ਇਸ ਲਈ ਸਾਡੀਆਂ ਧੀਆਂ ਨੂੰ ਬਹੁਤ ਜ਼ਰੂਰਤ ਸੀ, ਇਸ ਲਈ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਕਈ ਕੰਮ ਸਰਕਾਰ ਵੱਲੋਂ ਅਜਿਹੇ ਕੀਤੇ ਗਏ ਹਨ, ਜਿਹੜੇ ਆਮ ਸਰਕਾਰਾਂ ਤੋਂ ਹਟ ਕੇ ਹੋਏ ਹਨ। ਸਪੀਕਰ ਸਾਹਿਬ, ਪੰਜਾਬ ਦੀਆਂ 11 ਜੇਲ੍ਹਾਂ ਵਿੱਚ ਆਈ.ਟੀ.ਆਈਜ਼ ਦੀ ਸਿੱਖਿਆ ਕੈਦੀਆਂ ਨੂੰ ਦਿੱਤੀ ਜਾ ਰਹੀ ਹੈ। ਇਸ ਦਾ ਮਤਲਬ ਹੈ ਕਿ ਉਹ ਹੁਨਰ ਸਿੱਖਣ ਅਤੇ ਕਾਲੀ ਦੁਨੀਆਂ ਤੋਂ ਬਾਹਰ ਆਉਣ ਔਰ ਆਪਣੇ ਪੈਰਾਂ ਤੇ ਖੜ੍ਹੇ ਹੋਣ। ਇਹ ਪੰਜਾਬ ਸਰਕਾਰ ਦਾ ਇੱਕ ਵਿਲੱਖਣ ਉਪਰਾਲਾ ਹੈ। ਸਪੀਕਰ ਸਾਹਿਬ, ਜੇਕਰ ਆਪਾਂ ਸਿਹਤ ਕਾਰਡ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਦਸ ਲੱਖ ਤੱਕ ਦਾ ਬੀਮਾ ਪੰਜਾਬ ਦੇ ਲੋਕਾਂ ਦਾ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਹਿੰਦੁਸਤਾਨ ਦਾ ਪਹਿਲਾ ਸੂਬਾ ਹੋਵੇਗਾ, ਜਿੱਥੇ ਇਹ ਇਲਾਜ ਦਿੱਤਾ ਗਿਆ ਹੈ ਕਿਉਂਕਿ ਕਿਸੇ ਸਟੇਟ ਨੇ ਪੰਜ ਲੱਖ ਤੱਕ ਦੀ ਗੱਲ ਤਾਂ ਕੀਤੀ ਹੈ ਪਰੰਤੂ ਦਸ ਲੱਖ ਤੱਕ ਦਾ ਇਲਾਜ ਸਿਰਫ ਤੇ ਸਿਰਫ ਪੰਜਾਬ ਸਰਕਾਰ ਨੇ ਕੀਤਾ ਹੈ। ਅਸੀਂ ਫੌਰੇਨ ਦੇਸ਼ਾਂ ਵਿੱਚ ਸੁਣਦੇ ਸੀ ਕਿ ਉਥੇ ਇਲਾਜ ਫਰੀ ਹੈ ਲੇਕਿਨ ਸਰਦਾਰ ਭਗਵੰਤ ਸਿੰਘ ਮਾਨ ਅਤੇ ਸਾਡੇ ਮਨਿਸਟਰ ਸਾਹਿਬ ਨੇ ਇੱਥੇ ਵੀ ਇਹ ਕੰਮ ਕਰਕੇ ਵਿਖਾਇਆ ਹੈ। ਇਹ ਲੋਕਾਂ ਲਈ ਬਹੁਤ ਵੱਡੀ ਰਾਹਤ ਦੀ ਗੱਲ ਹੈ। ਇਸ ਤੋਂ ਇਲਾਵਾ ਜਿਹੜੇ 881 ਮੁਹੱਲਾ ਕਲੀਨਿਕ ਚੱਲ ਰਹੇ ਹਨ ਅਤੇ ਲੋਕ ਇਲਾਜ ਕਰਵਾ ਰਹੇ ਹਨ, ਜਿਸ ਵਿੱਚ 107 ਤਰ੍ਹਾਂ ਦੀਆਂ ਦਵਾਈਆਂ ਫਰੀ ਹਨ। ਸਰਕਾਰ ਬਣਨ ਤੋਂ ਪਹਿਲਾਂ ਜਦੋਂ ਸਾਡੇ ਪੇਸ਼ੈਂਟ ਹਸਪਤਾਲਾਂ ਵਿੱਚ ਜਾਂਦੇ ਸਨ ਤਾਂ ਉਥੇ ਦਵਾਈਆਂ ਉਪਲਬਧ ਨਹੀਂ ਮਿਲਦੀਆਂ ਸੀ ਅਤੇ ਨਾ ਹੀ ਫਰੀ ਟੈਸਟ ਹੁੰਦੇ ਸਨ ਪਰੰਤੂ 47 ਟੈਸਟ ਮੁਹੱਲਾ ਕਲੀਨਿਕ ਵਿੱਚ ਹੋ ਰਹੇ ਹਨ। ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ 100 ਹੋਰ ਮੁਹੱਲਾ ਕਲੀਨਿਕ ਬਣਾਉਣ ਲਈ ਪ੍ਰੋਵੀਜ਼ਨ ਰੱਖੀ ਹੈ । ਇਸ ਤੋਂ ਇਲਾਵਾ ਹੁਣ ਸਾਡੇ ਹਸਪਤਾਲਾਂ ਵਿੱਚ ਡਾਕਟਰ ਆਉਣ ਲੱਗ ਪਏ ਹਨ। ਮੁਹੱਲਾ ਕਲੀਨਿਕਾਂ ਵਿੱਚ 934 ਡਾਕਟਰ ਪੰਜਾਬ ਸਰਕਾਰ ਵੱਲੋਂ ਪਹਿਲਾਂ ਅਪੁਆਇੰਟ ਕੀਤੇ ਗਏ ਸਨ ਅਤੇ 500 ਡਾਕਟਰਾਂ ਦੀ ਹੋਰ ਪ੍ਰੋਵੀਜ਼ਨ ਰੱਖੀ ਗਈ ਹੈ। ਸੋ, ਸਿਹਤ ਅਤੇ ਐਜੂਕੇਸ਼ਨ ਵਿੱਚ ਜੋ ਹੁਣ ਸਰਕਾਰ ਕੰਮ ਕਰ ਰਹੀ ਹੈ, ਇਹ ਗੱਲਾਂ ਦੂਜੀਆਂ ਸਰਕਾਰਾਂ ਤੋਂ ਸਾਨੂੰ ਵੱਖ ਕਰਦੀਆਂ ਹਨ। ਸਪੀਕਰ ਸਾਹਿਬ, ਮੈਡੀਕਲ ਖੋਜ ਜੋ ਕਿ ਬਹੁਤ ਜ਼ਰੂਰੀ ਹੈ, ਉਸ ਲਈ ਵੀ ਸਾਡੀ ਸਰਕਾਰ ਨੇ 1220 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ। ਸੀ.ਐਮ. ਸਾਹਿਬ ਦਾ ਜਿਹੜਾ ਕੱਲ੍ਹ ਬਿਆਨ ਸੀ ਕਿ ਪੰਜਾਬ ਵਿੱਚ ਖੇਤੀਬਾੜੀ ਦੇ ਅਧੀਨ ਜਿਹੜਾ ਬਾਗਬਾਨੀ ਆਉਂਦਾ ਹੈ, ਉਸ ਨੂੰ 6 ਪ੍ਰਤੀਸ਼ਤ ਤੋਂ ਵਧਾ ਕੇ 15 ਪ੍ਰਤੀਸ਼ਤ ਕਰਨ ਦਾ ਟੀਚਾ ਮਿੱਥਿਆ ਹੈ। ਉਸ ਦੀ ਵੀ ਬਹੁਤ ਸ਼ਲਾਘਾ ਕਰਦਾ ਹਾਂ। ਅਸੀਂ ਪੇਂਡੂ ਵਿਕਾਸ ਦੀ ਗੱਲ ਕਰਦੇ ਹਾਂ। ਸਰ ਸਾਡੇ ਪੰਜਾਬ ਵਿੱਚ 68 ਹਜ਼ਾਰ ਸੜਕਾਂ ਹਨ। ਪੰਜਾਬ ਸਰਕਾਰ ਨੇ ਇਸ ਸਾਲ ਸੜਕਾਂ ਦਾ ਬਹੁਤ ਵੱਡਾ ਪ੍ਰੋਗਰਾਮ ਉਲੀਕਿਆ ਹੈ। 40103 ਕਿਲੋਮੀਟਰ ਤੱਕ ਮੁਰੰਮਤ ਅਤੇ ਨਵੀਨੀਕਰਨ ਦਾ ਟੀਚਾ ਮਿੱਥਿਆ ਹੈ ਤਾਂ ਮੈਂ ਸਮਝਦਾ ਹਾਂ ਕਿ ਇਤਿਹਾਸ ਵਿੱਚ ਸਰਕਾਰ ਨੇ ਇਹ ਵੀ ਬਹੁਤ ਵੱਡਾ ਕੰਮ ਕੀਤਾ ਹੈ।

**ਮਾਣਯੋਗ ਸਪੀਕਰ:** ਕਨਕਲੂਡ ਕਰੋ ਜੀ। ਬਸ ਜੀ, ਤੁਸੀਂ ਰਾਏ ਸਾਹਿਬ ਬੈਠੋ। ਹਾਂ ਜੀ, ਸਰਾਰੀ ਸਾਹਿਬ ਜੀ।

**ਸਰਦਾਰ ਲਖਬੀਰ ਸਿੰਘ ਰਾਏ:** ਸਰ, ਇੱਕ ਮਿੰਟ ਦੇ ਦਿਓ ਜੀ।

**ਮਾਣਯੋਗ ਸਪੀਕਰ:** ਨਹੀਂ ਜੀ। ਬੈਠੋ। ਹਾਂ ਜੀ, ਸਰਾਰੀ ਸਾਹਿਬ ਜੀ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ):** ਧੰਨਵਾਦ ਸਪੀਕਰ ਸਾਹਿਬ, ਮੇਰੇ ਸਾਰੇ ਸਾਥੀ ਸਾਹਿਬਾਨਾਂ ਅਤੇ ਮੰਤਰੀ ਸਾਹਿਬਾਨਾਂ ਸਾਰਿਆਂ ਨੇ ਬਜਟ ਦੀ ਸ਼ਲਾਘਾ ਕੀਤੀ ਹੈ। ਮੈਂ ਇਹੀ ਕਹਾਂਗਾ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਲਈ ਬਜਟ ਬਣਿਆ ਹੈ ਪਰ ਇਨ੍ਹਾਂ ਗੱਲਾਂ ਨੂੰ ਵਾਰੀ-ਵਾਰੀ ਦੁਹਰਾਉਣ ਨਾਲੋਂ ਮੈਂ ਦੱਸਣਾ ਚਾਹਾਂਗਾ ਕਿ ਸਰਕਾਰ ਨੇ ਪੰਜਾਬ ਵਿੱਚ ਇੱਕ ਬਹੁਤ ਵਧੀਆ ਕੰਮ ਕੀਤਾ ਹੈ। ਕਈ ਵਾਰੀ ਲੋਕ ਪੁੱਛਦੇ ਹਨ ਕਿ ਐਮ.ਐਲ.ਏ. ਦਾ ਕੋਟਾ ਹੁੰਦਾ ਹੈ ਕਿਉਂਕਿ ਹੁਣ ਆਂਗਣਵਾੜੀ ਵਰਕਰ ਰੱਖੇ ਜਾ ਰਹੇ ਸੀ। ਲੋਕ ਪੁੱਛਦੇ ਹਨ ਕਿ ਐਮ.ਐਲ.ਏ. ਦਾ ਕੋਟਾ ਕਿੱਥੇ ਹੈ। ਹੁਣ ਸਾਹਮਣੇ ਬੈਠੇ ਸੀਨੀਅਰ ਵਿਧਾਇਕ ਚਲੇ ਗਏ ਹਨ। ਮੇਰਾ ਉਨ੍ਹਾਂ ਨੂੰ ਸਵਾਲ ਸੀ, ਜੇ ਬੈਠੇ ਹੁੰਦੇ ਤਾਂ ਸੁਣ ਲੈਂਦੇ । ਮੈਂ ਦੱਸਣਾ ਚਾਹਾਂਗਾ ਕਿ ਜਿਹੜਾ ਕੋਟਾ ਸੀ, ਇਹ ਕਾਂਗਰਸ ਅਤੇ ਅਕਾਲੀ ਸਰਕਾਰ ਵੇਲੇ ਸੀ। ਹੁਣ ਕੋਟਾ ਨਹੀਂ ਹੈ। ਨੌਕਰੀਆਂ ਵਿੱਚ ਪਾਰਦਰਸ਼ਤਾ ਹੈ।

**1650/Manika Rani/BS khokhar**

**1655/Gurpreet kaur**

ਕਿਸੇ ਦਾ ਕੋਈ ਵੀ ਕੋਟਾ ਨਹੀਂ ਹੈ। ਕਿਸੇ ਮੰਤਰੀ ਦਾ, ਐਮ.ਐਲ.ਏ. ਦਾ ਕਿਸੇ ਦਾ ਵੀ ਬੱਚਾ ਹੈ, ਜੇਕਰ ਉਹ ਮੈਰਿਟ ਵਿੱਚ ਨਹੀਂ ਆਉਂਦਾ ਤਾਂ ਉਸਨੂੰ ਨੌਕਰੀ ਨਹੀਂ ਮਿਲਦੀ। ਬਜਟ ਲੋਕਹਿੱਤ ਵਿੱਚ ਹੈ ਅਤੇ ਪ੍ਰਸੰਸਾ ਦੇ ਯੋਗ ਹੈ। ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਨੇ ਬਹੁਤ ਇਮਾਨਦਾਰੀ ਨਾਲ ਬਜਟ ਤਿਆਰ ਕੀਤਾ ਹੈ। ਇਸ ਬਜਟ ਦੀ ਜਿੰਨੀ ਵੀ ਤਾਰੀਫ ਕਰੀਏ, ਘੱਟ ਹੈ। ਜਿਹੜਾ ਐਮ.ਐਲ.ਏ. ਦਾ ਕੋਟਾ ਹੈ, ਜਿਸ ਦੀ ਇਹ ਗੱਲ ਕਰਦੇ ਹਨ, ਮੈਂ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕੋਟਾ ਹੁਣ ਨਹੀਂ ਹੈ। ਇਹ ਕੋਟਾ ਪਹਿਲਾਂ ਸੀ। ਸਰ, ਮੈਂ ਇੱਕ ਛੋਟੀ ਜਿਹੀ ਗੱਲ ਹੋਰ ਕਰਾਂਗਾ ਕਿ ਅੱਜ ਮੈਨੂੰ ਇਸ ਤਰ੍ਹਾਂ ਲੱਗਿਆ, ਜਿਵੇਂ ਪਰਗਟ ਪੋਆਰ ਜੀ ਨੇ ਤਿੰਨ ਵਿਧਾਇਕਾਂ ਦੇ ਨਾਮ ਬੋਲ ਕੇ ਅਨਾਊਂਸ ਕੀਤੇ ਹਨ, ਮੈਨੂੰ ਲੱਗਦਾ ਹੈ ਕਿ ਜਿਹੜੀ ਮੁੱਖ ਮੰਤਰੀ ਦੀ ਲਿਸਟ ਹੈ , ਉਹ ਉਨ੍ਹਾਂ ਵਿੱਚ ਸ਼ਾਮਿਲ ਹੋ ਗਏ ਹੋਣਗੇ। ਉਹ ਵੀ ਵਧਾਈ ਦੇ ਪਾਤਰ ਹਨ। ਮੈਂ ਤੁਹਾਡੇ ਮਾਧਿਅਮ ਰਾਹੀਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਜੇਕਰ ਐਮ.ਐਲ.ਏ. ਹੁੰਦੇ ਹਨ ਤਾਂ ਹੀ ਸੀ.ਐਮ. ਬਣਦੇ ਹਨ। ਜਿੱਥੇ ਐਮ.ਐਲ.ਏ. ਨਹੀਂ ਤਾਂ ਇਕੱਲੇ ਸੀ.ਐਮ. ਬਣ ਕੇ ਕੀ ਲੈਣਗੇ? ਸ਼ਾਇਦ ਪਰਗਟ ਪੋਆਰ ਸਾਹਿਬ ਵੀ ਮੁੱਖ ਮੰਤਰੀ ਦੀ ਸੂਚੀ ਵਿੱਚ ਸ਼ਾਮਿਲ ਹੋ ਗਏ ਹੋਣਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ:**ਬਨਾਂਵਾਲੀ ਸਾਹਿਬ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਹੜੀਆਂ ਸਹੂਲਤਾਂ ਹਨ, ਉਨ੍ਹਾਂ ਬਾਰੇ ਸਾਡੇ ਸਾਥੀ ਵਿਸਥਾਰਪੂਰਵਕ ਦੱਸ ਰਹੇ ਹਨ।

**ਮਾਣਯੋਗ ਸਪੀਕਰ**: ਸਰਾਰੀ ਸਾਹਿਬ ਨੇ ਗੱਲ ਬਹੁਤ ਵਧੀਆ ਕਹੀ ਹੈ ਕਿ ਇੱਕੋ ਗੱਲ ਨੂੰ ਵਾਰੀ ਵਾਰੀ ਕਰਨ ਦਾ ਕੋਈ ਫਾਇਦਾ ਨਹੀਂ ਹੈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਸਪੀਕਰ ਸਾਹਿਬ, ਜੋ ਅਸੀਂ ਸਹੂਲਤਾਂ ਦੇਣ ਦੇ ਕਾਬਿਲ ਹੋਏ ਹਾਂ, ਮੈਂ ਉਸੇ ਤੇ ਹੀ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਰੈਵੇਨਿਊ ਵਧਿਆ ਹੈ, ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਚੀਮਾ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਐਕਸਾਈਜ਼ ਤੋਂ ਰੈਵੇਨਿਊ ਇਕੱਠਾ ਹੁੰਦਾ ਸੀ, ਉਹ 27 ਹਜਾਰ 934 ਕਰੋੜ ਰੁਪਿਆ ਕਾਂਗਰਸ ਦੀ ਸਰਕਾਰ ਵੇਲੇ ਹੁੰਦਾ ਸੀ ਅਤੇ ਚੀਮਾ ਸਾਹਿਬ ਨੇ ਹੁਣ 53 ਹਜਾਰ 122 ਕਰੋੜ ਰੁਪਿਆ ਕਰ ਦਿੱਤਾ ਹੈ ਜਿਸ ਕਰਕੇ ਅੱਜ ਅਸੀਂ ਸਾਰੀਆਂ ਸਹੂਲਤਾਂ ਦੇ ਰਹੇ ਹਾਂ। (ਥੰਪਿੰਗ) ਇਸ ਤੋਂ ਇਲਾਵਾ ਸਟੈਂਪ ਅਤੇ ਰਜਿਸਟ੍ਰੇਸ਼ਨ ਤੇ 12 ਹਜਾਰ 469 ਕਰੋੜ ਰੁਪਿਆ ਇਕੱਠਾ ਕੀਤਾ ਸੀ ਅਤੇ ਮੁੱਖ ਮੰਤਰੀ ਸਾਹਿਬ, ਚੀਮਾ ਸਾਹਿਬ ਅਤੇ ਕੈਬਨਿਟ ਦੇ ਯਤਨਾਂ ਨਾਲ 30 ਹਜਾਰ 367 ਕਰੋੜ ਰੁਪਿਆ ਇਕੱਠਾ ਹੋਇਆ ਹੈ ਜੋ ਕਿ ਦੁੱਗਣੇ ਤੋਂ ਵੀ ਜ਼ਿਆਦਾ ਹੈ। ਇਹ ਢਾਈ ਗੁਣਾ ਜ਼ਿਆਦਾ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਚਾਹੇ ਜੀ.ਐਸ.ਟੀ. ਹੈ, ਪਿਛਲੀ ਸਰਕਾਰ ਵੇਲੇ 61 ਹਜਾਰ 286 ਅਤੇ ਆਪਣੇ ਵੇਲੇ 83 739 ਰੁਪਿਆ ਜੀ.ਐਸ.ਟੀ. ਤੋਂ ਵਾਧਾ ਹੋਇਆ ਹੈ। ਜਿਹੜਾ ਪ੍ਰਚਾਰ ਕਰਦੇ ਹਨ, ਮੈਂ ਜਿਹੜੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਕਰਜ਼ਾ 4 ਲੱਖ ਰੁਪਿਆ ਹੋ ਗਿਆ ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਜਿਹੜੀ ਕਰਜ਼ੇ ਦੀ ਪ੍ਰਸੈਂਟੇਜ਼ ਹੈ, ਜਦੋਂ ਆਪਾਂ ਸਰਕਾਰ ਸਾਂਭੀ ਸੀ , ਜਿਹੜੀ ਟੋਟਲ ਜੀ.ਐਸ.ਟੀ.ਪੀ. ਦੇ ਅਗੇਂਸਟ 31 ਮਾਰਗ 2022 ਨੂੰ 48.25% ਕਰਜ਼ਾ ਸੀ ਅਤੇ ਅੱਜ ਅਸੀਂ ਇੰਨੀ ਡਿਵੈਲਪਮੈਂਟ ਕਰਕੇ ਉਹ ਕਰਜ਼ਾ 44.47% ਕਰ ਦਿੱਤਾ (ਥੰਪਿੰਗ) ਸਗੋਂ ਉਸ ਦੇ ਅਨੁਪਾਤ ਵਿੱਚ ਘਟਾਇਆ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਅਸੀਂ ਤਾਂ ਹੀ ਸਹੂਲਤਾਂ ਦੇ ਰਹੇ ਹਾਂ। ਅਸੀਂ ਚੋਰ ਮੋਰੀਆਂ ਬੰਦ ਕੀਤੀਆਂ ਹਨ। ਅਸੀਂ ਪੰਜਾਬ ਵਿੱਚ ਇਮਾਨਦਾਰੀ ਨਾਲ ਸਰਕਾਰ ਚਲਾਈ ਹੈ। ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਦਾ ਹਾਂ ਕਿ ਜਿੱਥੇ ਆਪਾਂ ਔਰਤਾਂ ਨੂੰ ਇੰਨਾ ਵੱਡਾ ਗੱਫਾ ਦਿੱਤਾ ਹੈ ਉੱਥੇ ਇਸ ਪਾਸੇ ਵੱਲ ਵੀ ਧਿਆਨ ਦੇ ਦਿਓ ਕਿ ਜਦੋਂ ਮੈਂ ਪਿੰਡਾਂ ਵਿੱਚ ਜਾਂਦਾ ਹਾਂ ਤਾਂ ਛੜੇ ਕਹਿ ਦਿੰਦੇ ਹਨ ਕਿ ਸਾਡੀ ਵੀ ਪੈਨਸ਼ਨ ਬੰਨ ਦਿਓ। ਸਾਨੂੰ ਰੱਬ ਨੇ ਤਾਂ ਮਾਰ ਹੀ ਦਿੱਤਾ,ਸਾਡੇ ਵੱਲ ਵੀ ਧਿਆਨ ਕਰ ਦਿਓ। ਅਗਲੇ ਮੈਨੀਫੈਸਟੋ ਵਿੱਚ ਉਨ੍ਹਾਂ ਦਾ ਭਲਾ ਕਰ ਦੇਈਏ। ਸਭ ਤੋਂ ਵੱਧ ਪ੍ਰਚਾਰਕ ਵੀ ਉਹੀ ਹੁੰਦੇ ਹਨ। ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ**: ਦੇਖ ਲਵੋ, ਜਿਨ੍ਹਾਂ ਦੇ ਰੋਟੀ ਨਹੀਂ ਪੱਕਦੀ, ਉਨ੍ਹਾਂ ਬਾਰੇ ਵੀ ਗੱਲ ਕਰ ਦਿੱਤੀ। ਰਾਣਾ ਇੰਦਰ ਪ੍ਰਤਾਪ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਕਿੰਨਾ ਕੁ ਸਮਾਂ ਦੇਵੋਗੇ?

**ਮਾਣਯੋਗ ਸਪੀਕਰ**: ਤੁਸੀਂ ਬੋਲੋ ਤਾਂ ਸਹੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਦੇ ਮੌਕ ਤੇ ਬੋਲਣ ਦਾ ਮੌਕਾ ਦਿੱਤਾ। ਜੇਕਰ ਆਪਾਂ ਗੱਲ ਕਰੀਏ, ਜੋ ਸਾਡੇ ਬਜਟ ਐਸਟੀਮੇਟ ਸਨ, ਜਿਹੜੇ ਐਕਚੁਅਲ ਐਕਸਪੈਂਡੀਚਰ ਹੋਇਆ ਹੈ, ਸਪੋਰਟਸ ਡਿਪਾਰਟਮੈਂਟ ਵਿੱਚ ਸਾਢੇ ਸੱਤ ਸੌ ਕਰੋੜ ਦਾ ਬਜਟ ਸੀ ਅਤੇ 200 ਕਰੋੜ ਰੁਪਿਆ ਕੁੱਲ ਲੱਗਿਆ। ਜੇਕਰ ਹੈਲਥ ਦੀ ਗੱਲ ਕਰੀਏ ਤਾਂ ਇੱਥੇ ਹੈਲਥ ਮਨਿਸਟਰ ਸਾਹਿਬ ਵੀ ਬੈਠੇ ਹਨ। ਨਵੀਂ ਸਕੀਮ ਤੇ 2396 ਕਰੋੜ ਰੁਪਏ ਦਾ ਬਜਟ ਸੀ ਅਤੇ ਕੁੱਲ 970 ਕਰੋੜ ਰੁਪਿਆ ਹੀ ਲੱਗਿਆ ਭਾਵ ਕਿ 40% ਹੀ ਲੱਗਿਆ ਹੈ। ਰੂਰਲ ਡਿਵੈਲਪਮੈਂਟ ਦੀ ਜੇਕਰ ਗੱਲ ਕਰੀਏ, PMAY ਸਕੀਮ ਜਿਹੜੀ ਪਿੰਡਾਂ ਵਿੱਚ ਸਭ ਤੋਂ ਵੱਧ ਲੋਕ ਚਾਹੁੰਦੇ ਹਨ ਕਿ ਸਾਡੇ ਕੱਚੇ ਮਕਾਨ ਪੱਕੇ ਹੋ ਜਾਣ। 390 ਕਰੋੜ ਵਿੱਚੋਂ ਸਿਰਫ 196 ਕਰੋੜ ਰੁਪਏ ਹੀ ਲੱਗੇ ਹਨ। ਸਰ, ਲੋਕਲ ਗੌਰਮਿੰਟ ਵਿੱਚ 140 ਕਰੋੜ ਰੁਪਏ ਨਾਲ 50 ਕਿਲੋਮੀਟਰ ਵਰਲਡ ਕਲਾਸ ਸੜ੍ਹਕਾਂ ਬਣ ਗਈਆਂ ਸਨ।

**1655/Gurpreet kaur/BS khokhar**

**1700/Kuldeep kaur**

ਉਸ ਵਿੱਚੋਂ ਇੱਕ ਰੁਪਿਆ ਨਹੀਂ ਲੱਗ ਪਾਇਆ। ਇਸ ਸਾਲ ਫਿਰ ਬਜਟ ਵਿੱਚ ਆ ਗਿਆ ਹੈ। ਜਿਹੜੇ ਸ਼ਹਿਰਾਂ ਵਿੱਚ ਗਰੀਬ ਜਨਤਾ ਲਈ ਘਰ ਬਣਨੇ ਸਨ, ਬਾਲਿਆਂ ਦੀਆਂ ਛੱਤਾਂ ਵਾਲੇ ਪੱਕੇ ਮਕਾਨ ਬਣਨੇ ਸਨ, 133 ਕਰੋੜ ਰੁਪਏ ਦੇ ਬਜਟ ਵਿੱਚੋਂ ਸਿਰਫ 18 ਕਰੋੜ ਰੁਪਿਆ ਹੀ ਅਸੀਂ ਖਰਚ ਪਾਏ ਹਾਂ। ਜੇ ਖੇਤੀਬਾੜੀ ਦੀ ਗੱਲ ਕਰੀਏ ਤਾਂ 10,000 ਕਰੋੜ ਰੁਪਏ ਦਾ ਬਜਟ ਪਿਛਲੀ ਵਾਰ ਰੱਖਿਆ ਗਿਆ ਸੀ ਅਤੇ ਐਤਕੀਂ 15,000 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਗੱਲ ਇਹ ਹੈ ਕਿ 10,000 ਕਰੋੜ ਰੁਪਏ ਵਿੱਚੋਂ 7700 ਕਰੋੜ ਰੁਪਿਆ ਤਾਂ ਪਾਵਰ ਸਬਸਿਡੀ ਹੋ ਗਈ ਜੀ, 600 ਕਰੋੜ ਰੁਪਏ ਦੀਆਂ ਪਰਾਲੀ ਦੀਆਂ ਮਸ਼ੀਨਾਂ ਹੋ ਗਈਆਂ, JICA (Japan International Cooperation Agnecy) ਦਾ ਲੋਨ 10 ਸਾਲਾਂ ਵਿੱਚ 1300 ਕਰੋੜ ਰੁਪਏ ਅਤੇ ਕਰਾਪ ਡਾਈਵਰਸੀਫਿਕੇਸ਼ਨ ਤੇ ਕੁੱਲ 55 ਕਰੋੜ ਰੁਪਏ ਹਨ। ਕੋਈ ਇੱਕ ਸਕੀਮ ਪੰਜਾਬ ਦੇ ਜ਼ਿਮੀਂਦਾਰਾਂ ਵਾਸਤੇ ਨਹੀਂ ਹੈ। ਅੱਜ ਆਲੂ ਰੁਲਦਾ ਫਿਰਦਾ ਹੈ। ਸਾਨੂੰ ਲੋੜ ਹੈ ਕਿ ਅਸੀਂ ਪੰਜਾਬ ਦੀ ਖੇਤੀਬਾੜੀ ਬਾਰੇ ਸੋਚੀਏ ਤੇ ਸ਼ਾਇਦ ਕੈਨਾਲ ਇਰੀਗੇਸ਼ਨ ਦਾ ਖਰਚਾ ਪੈਣਾ ਤਾਂ ਇਰੀਗੇਸ਼ਨ ਵਿੱਚ ਚਾਹੀਦਾ ਹੈ, ਉਹ 100 ਕਰੋੜ ਰੁਪਿਆ ਵੀ ਐਗਰੀਕਲਚਰ ਵਿੱਚ ਪੈ ਗਿਆ ਹੈ। ਸਰ, ਹੈਲਥ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਬਜਟ ਪਿਛਲੇ ਸਾਲ 778 ਕਰੋੜ ਰੁਪਏ ਦਾ ਸੀ ਪਰ ਇੱਕ ਰੁਪਿਆ ਨਹੀਂ ਖਰਚਿਆ ਗਿਆ। ਐਤਕੀਂ 2000 ਕਰੋੜ ਰੁਪਿਆ ਰੱਖਿਆ ਗਿਆ ਹੈ। 65 ਲੱਖ ਪਰਿਵਾਰ ਨੂੰ ਹੀ 778 ਕਰੋੜ ਰੁਪਏ ਨਾਲ ਸਿਹਤ ਬੀਮਾ ਯੋਜਨਾ ਦੇਣੀ ਸੀ ਅਤੇ ਅੱਜ 65 ਲੱਖ ਪਰਿਵਾਰ ਨੂੰ ਹੀ 2000 ਕਰੋੜ ਰੁਪਏ ਨਾਲ ਦੇਣੀ ਹੈ। ਇਸ ਤੋਂ ਬਾਅਦ ਮੈਂ ਚਾਹਾਂਗਾ ਕਿ ਵਿੱਤ ਮੰਤਰੀ ਸਾਹਿਬ ਅਤੇ ਸਾਡੇ ਹੈਲਥ ਮਨਿਸਟਰ ਸਾਹਿਬ ਇਸ ਦੀ ਜ਼ਰੂਰ ਕਲੈਰਿਟੀ ਦੇਣ ਕਿ ਕੀ ਚੇਂਜ ਹੋਈ ਹੈ ਕਿ 3 ਗੁਣਾ ਪੈਸਿਆਂ ਦੀ ਲੋੜ ਪੈ ਗਈ ਹੈ। ਸਰ, ਜੇ ਦੇਖਿਆ ਜਾਵੇ ਪੰਜਾਬ ਦੀ ਜਿਹੜੀ ਹਾਸਪਿਟਲ ਇੰਡਸਟਰੀ ਹੈ, ਉਹ 10,000 ਕਰੋੜ ਰੁਪਏ ਦੀ ਹੈ। ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਕੁਝ ਰਿਜ਼ਰਵਡ ਟ੍ਰੀਟਮੈਂਟਸ ਰੱਖੇ ਹਨ ਜਿਹੜੇ ਸਿਰਫ ਸਰਕਾਰੀ ਹਸਪਤਾਲਾਂ ਵਿੱਚ ਹੀ ਹੋ ਸਕਦੇ ਹਨ। ਜੇ ਕਿਸੇ ਨੇ ਗੋਡੇ ਬਦਲਾਉਣੇ ਹੋਣ ਤਾਂ ਉਹ ਸਿਰਫ ਸਰਕਾਰੀ ਹਸਪਤਾਲਾਂ ਵਿੱਚ ਹੀ

ਬਦਲਵਾ ਸਕਦਾ ਹੈ। ਜੇ ਕਿਸੇ ਨੇ ਚੂਲਾ ਬਦਲਾਉਣਾ ਹੋਵੇ ਤਾਂ ਉਹ ਵੀ ਸਿਰਫ ਸਰਕਾਰੀ ਹਸਪਤਾਲਾਂ ਵਿੱਚ ਹੀ ਕਰਵਾ ਸਕਦਾ ਹੈ। ਸਰ, ਜ਼ਰਾ ਇੱਕ ਵਾਰ ਚੈੱਕ ਤਾਂ ਕਰਵਾਈਏ ਕਿ ਜਿੰਨੇ ਪੰਜਾਬ ਵਿੱਚ ਸਰਕਾਰੀ ਇੰਪਲਾਈਜ਼ ਹਨ ਜਾਂ ਆਪਾਂ ਇੱਥੇ 500-700 ਬੰਦਾ ਬੈਠਾ ਹੈ, ਕਿੰਨਿਆਂ ਦੇ ਪਰਿਵਾਰਾਂ ਨੇ ਗੋਡੇ ਜਾਂ ਚੂਲੇ ਸਰਕਾਰੀ ਹਸਪਤਾਲਾਂ ਵਿੱਚ ਬਦਲਾਏ ਹਨ। ਸਰ, ਜੇ ਪਿੱਤੇ ਦਾ ਆਪਰੇਸ਼ਨ ਕਰਵਾਉਣਾ ਹੋਵੇ ਤਾਂ ਉਹ ਵੀ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣਾ ਪਵੇਗਾ। ਹਰਨੀਏ ਦਾ ਆਪਰੇਸ਼ਨ ਵੀ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣਾ ਪਵੇਗਾ। ਜੇ ਕਿਸੇ ਦਾ ਅਪੈਂਡਿਕਸ burst ਹੋ ਜਾਵੇ ਤਾਂ ਸਰੀਰ ਵਿੱਚ ਜ਼ਹਿਰ ਫੈਲਣ ਲੱਗ ਪੈਂਦੀ ਹੈ। ਉਹ ਵੀ mandatorily ਸਰਕਾਰੀ ਹਸਪਤਾਲ ਵਿੱਚ ਹੀ ਜਾਣਾ ਪਵੇਗਾ। ਸਰ, ਜੇ ਗਾਇਨੀ ਦੀ ਗੱਲ ਕਰ ਲਈਏ, ਪ੍ਰੀ-ਮੈਚਿਓਰ ਡਿਲੀਵਰੀ ਜੇ ਕਿਸੇ ਲੇਡੀ ਦੇ ਹੋਵੇ ਤਾਂ ਉਹ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਅਗੇਂਸਟ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਨਹੀਂ ਕਰਵਾ ਸਕਦਾ। ਉਸ ਨੂੰ ਸਰਕਾਰੀ ਹਸਪਤਾਲ ਵਿੱਚ ਹੀ ਜਾਣਾ ਪਵੇਗਾ ਅਤੇ ਜਦੋਂ ਪ੍ਰੀ-ਮਚਿਓਰ ਬੇਬੀ ਹੁੰਦਾ ਹੈ ਤਾਂ Neonatal ICU ਚਾਹੀਦਾ ਹੈ ਅਤੇ ਪੰਜਾਬ ਵਿੱਚ ਇੱਕ ਵੀ ਹਸਪਤਾਲ ਵਿੱਚ Neonatal ICU ਨਹੀਂ ਹੈ, not even one single in Punjab. ਕਈ ਪ੍ਰੋਫੈਸ਼ਨ ਤੋਂ ਡਾਕਟਰ ਸਾਹਿਬ ਵੀ ਇਸ ਸਦਨ ਦੇ ਮੈਂਬਰ ਹਨ। ਜੇ during birth ਕਿਸੇ ਬੱਚੇ ਦੇ organs fully developed ਨਾ ਹੋਣ ਤਾਂ ਉਸ ਨੂੰ ਸਪੈਸ਼ਲਿਸਟ ਦੀ ਲੋੜ ਪੈਂਦੀ ਹੈ ਅਤੇ ਸਾਡੇ ਸਰਕਾਰੀ ਹਸਪਤਾਲ ਵਿੱਚ ਉਹ ਸਲਿਊਸ਼ਨ ਕੱਢਣ ਲਈ 3-4 ਤਰੀਕੇ ਦੇ ਸਪੈਸ਼ਲਿਸਟ ਚਾਹੀਦੇ ਹਨ। ਉਹ available ਨਹੀਂ ਹਨ ਅਤੇ ਫਿਰ ਰੈਫਰ ਕਰਨਾ ਪਵੇਗਾ। ਕੁਝ ਘੰਟਿਆਂ ਦਾ ਬੱਚਾ, ਕੁਝ ਦਿਨਾਂ ਦੇ ਬੱਚੇ ਨੂੰ ਕਿਸ ਤਰੀਕੇ ਨਾਲ ਰੈਫਰ ਕਰਨਾ ਪਵੇਗਾ ਜੀ। ਸੋ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਅਤੇ ਸਿਹਤ ਮੰਤਰੀ ਸਾਹਿਬ ਨੂੰ ਵੀ ਇਹ ਬੇਨਤੀ ਕਰਾਂਗਾ ਕਿ ਇਹ ਜਿਹੜੇ ਕ੍ਰਿਟੀਕਲ ਕੇਸ ਹਨ, ਜਿਨ੍ਹਾਂ ਦੀ ਆਪਣੇ ਸਰਕਾਰੀ ਹਸਪਤਾਲਾਂ ਵਿੱਚ ਫੈਸਿਲਟੀ ਪ੍ਰੋਵਾਈਡ ਨਹੀਂ ਕਰ ਸਕਦੇ, ਕਾਈਂਡਲੀ ਇਨ੍ਹਾਂ ਨੂੰ ਪ੍ਰਾਈਵੇਟ ਵਿੱਚ ਅਲਾਓ ਕੀਤਾ ਜਾਵੇ। ਸਰ, 65 ਲੱਖ ਪਰਿਵਾਰ ਨੂੰ ਆਪਾਂ 10 ਲੱਖ ਰੁਪਏ ਦਾ ਬੀਮਾ ਦੇਣਾ ਹੈ। 10% ਲੋਕ ਐਵਰੇਜ ਇੰਡਸਟਰੀ ਹੈ, 9-10% ਲੋਕ ਹੀ ਬਿਮਾਰ ਹੁੰਦੇ ਹਨ। ਸਰ, 6,50,000 ਪਰਿਵਾਰ ਦਾ ਜੇ ਇਲਾਜ ਕਰਵਾਉਣਾ ਹੈ ਤਾਂ 6,50,000 ਨੂੰ 10 ਲੱਖ ਨਾਲ ਗੁਣਾ ਕਰੀਏ ਤਾਂ 65 ਹਜ਼ਾਰ ਕਰੋੜ ਰੁਪਿਆ ਬਣਦਾ ਹੈ।

**1700/Kuldeep kaur/Rajneesh kumar**

**1705/Pawan sharma**

ਮੈਂ ਕਹਿੰਦਾ ਹਾਂ ਕਿ 10 ਲੱਖ ਰੁਪਏ ਦਾ ਖਰਚਾ ਨਹੀਂ ਆਇਆ। ਜੇਕਰ ਪਰਿਵਾਰ ਵਿੱਚ 4 ਜੀਅ ਹਨ ਤਾਂ ਪਰਿਵਾਰ ਦਾ 5 ਲੱਖ ਰੁਪਏ ਦਾ ਖਰਚਾ ਆਵੇਗਾ ਤਾਂ ਵੀ 32500 ਕਰੋੜ ਰੁਪਏ ਬਣਦਾ ਹੈ। ਜਿਹੜੀ ਅਸੀਂ ਇੰਸ਼ੋਰੈਂਸ ਕਰਵਾਈ ਹੈ, ਸ਼ਾਇਦ ਉਸ ਦਾ ਪ੍ਰੀਮੀਅਮ ਵਿੱਤ ਮੰਤਰੀ ਸਾਹਿਬ ਦੱਸ ਸਕਦੇ ਹਨ, 500-600 ਕਰੋੜ ਰੁਪਏ ਹੋਵੇਗਾ। 500-600 ਕਰੋੜ ਰੁਪਏ ਨਾਲ ਕਿਹੜਾ ਬੰਦਾ 32500 ਕਰੋੜ ਰੁਪਏ ਦਾ ਇਲਾਜ ਕਰਕੇ ਜਾਵੇਗਾ? ਉਸ ਨੇ ਸਿਰਫ਼ 500-600 ਕਰੋੜ ਰੁਪਏ ਤੱਕ ਦਾ ਹੀ ਇਲਾਜ ਕਰਨਾ ਹੈ ਅਤੇ ਬਾਕੀ ਦਾ ਲੋਡ ਸਰਕਾਰੀ ਖ਼ਜ਼ਾਨੇ ਵਿੱਚ ਪਵੇਗਾ। ਜੇਕਰ ਅਸੀਂ 32 ਹਜ਼ਾਰ 500 ਕਰੋੜ ਰੁਪਏ ਵਿੱਚੋਂ 750 ਕਰੋੜ ਰੁਪਏ ਕੱਢ ਦੇਈਏ ਤਾਂ ਕੀ ਸਾਡਾ ਖ਼ਜ਼ਾਨਾ ਇੰਨਾ

ਲੋਡ ਹੈਂਡਲ ਕਰ ਸਕਦਾ ਹੈ? ਜਿਹੜੀ ਪਿਛਲੇ ਸਾਲਾਂ ਦੀ ਪੇਮੈਂਟ ਹੈ, ਉਹ ਪੈਂਡਿੰਗ ਹੈ। ਉਸ ਸਬੰਧੀ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਸਰ, ਸਕੀਮ ਤਾਂ ਬਹੁਤ ਵਧੀਆ ਹੈ, ਮੈਨੂੰ ਤਾਂ ਮਿੰਟ ਹੋਰ ਦੋ ਚਾਹੀਦੇ ਹਨ। ਮੈਨੂੰ ਗਵਰਨਰ ਐਡਰੈੱਸ ਵਿੱਚ ਵੀ ਬੋਲਣ ਦਾ ਮੌਕਾ ਨਹੀਂ ਮਿਲਿਆ।

**ਮਾਣਯੋਗ ਸਪੀਕਰ**: ਤੁਹਾਨੂੰ ਦੋ ਮਿੰਟ ਦਿੱਤੇ। ਤੁਸੀਂ ਕਨਕਲੂਡ ਕਰ ਲਵੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਕੁੱਲ 2000 ਕਰੋੜ ਰੁਪਏ ਦੀ ਸਕੀਮ ਹੈ। ਇਸ ਨਾਲ 20 ਹਜ਼ਾਰ ਬੰਦੇ ਦਾ ਫਾਇਦਾ ਹੋ ਸਕਦਾ ਹੈ। ਉਨ੍ਹਾਂ ਨੂੰ ਸਰਵਿਸ ਦਿੱਤੀ ਜਾ ਸਕਦੀ ਹੈ। ਸਰ, ਜਦੋਂ ਲੋਕਾਂ ਨੇ ਇਲਾਜ ਕਰਵਾ ਲੈਣਾ ਹੈ ਅਤੇ ਜਦੋਂ ਬਿਲ ਦੇਣ ਦੀ ਵਾਰੀ ਆਉਣੀ ਹੈ ਤਾਂ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਮਰੀਜ਼ਾਂ ਦੇ ਰੌਲੇ ਪੈਣੇ ਹਨ। ਉਸ ਦੇ ਲਈ ਮੈਂ ਇੱਕ ਬੇਨਤੀ ਕਰਦਾ ਹਾਂ ਕਿ ਡਾਕਟਰਾਂ ਦੀ ਜਿਹੜੀ ਸਕਿਉਰਿਟੀ ਹੈ, ਉਸ ਦੇ ਲਈ ਬਜਟ ਵਿੱਚ ਪੁਖ਼ਤਾ ਇੰਤਜ਼ਾਮ ਜ਼ਰੂਰ ਕੀਤੇ ਜਾਣ। ਸਰ, ਪੰਜਾਬ ਵਿੱਚ ਮੈਰਿਜ ਪੈਲੇਸ 5000 ਹੈ। ਐਵਰੇਜ ਮੈਰਿਜ ਪੈਲੇਸਾਂ ਵਿੱਚ 80 ਫੰਕਸ਼ਨ ਹੁੰਦੇ ਹਨ। 04 ਲੱਖ ਫੰਕਸ਼ਨਾਂ ਵਿੱਚੋਂ 75 ਪ੍ਰਤੀਸ਼ਤ ਫੰਕਸ਼ਨਾਂ ਵਿੱਚ ਸ਼ਰਾਬ ਦਾ ਸੇਵਨ ਕੀਤਾ ਜਾਂਦਾ ਹੈ। ਮੈਂ ਇਹ ਸਾਰੇ ਐਮ.ਐਲ.ਏ. ਸਾਹਿਬਾਨਾਂ ਨੂੰ ਦੱਸ ਰਿਹਾ ਹਾਂ ਕਿਉਂਕਿ ਇਸ ਤਰ੍ਹਾਂ ਦੀ ਸਾਨੂੰ ਰੋਜ਼ ਸਮੱਸਿਆ ਆਉਂਦੀ ਹੈ ਅਤੇ ਮੈਂ ਇਸ ਦਾ ਹੱਲ ਕੱਢ ਕੇ ਲਿਆਇਆ ਹਾਂ। ਸਰ, ਤਿੰਨ ਲੱਖ ਫੰਕਸ਼ਨ ਵਿੱਚ 15 ਸ਼ਰਾਬ ਦੀ ਪੇਟੀ ਦੇ ਹਿਸਾਬ ਨਾਲ 15 ਲੱਖ ਪੇਟੀ ਲੱਗਦੀ ਹੈ। ਠੇਕੇਦਾਰਾਂ ਵੱਲੋਂ ਓਵਰ ਚਾਰਜਿੰਗ ਵਸੂਲ ਕਰਦੇ ਹੋਏ ਲੋਕਾਂ ਤੋਂ ਲੁੱਟ ਕੀਤੀ ਜਾ ਰਹੀ ਹੈ। ਮੈਂ ਇਹ ਲੁੱਟ ਸਰਕਾਰ ਵੱਲੋਂ ਨਹੀਂ ਕਹਿ ਰਿਹਾ। ਜਿੱਥੇ ਪੇਟੀ ਦਾ ਰੇਟ 10000 ਰੁਪਏ ਪ੍ਰਤੀ ਪੇਟੀ ਹੈ, ਉੱਥੇ 16-17 ਹਜ਼ਾਰ ਰੁਪਏ ਪ੍ਰਤੀ ਪੇਟੀ ਚਾਰਜ ਕੀਤਾ ਜਾ ਰਿਹਾ ਹੈ। ਸਰ, ਜੇਕਰ 15 ਲੱਖ ਨੂੰ 6 ਹਜ਼ਾਰ ਨਾਲ ਮਲਟੀ-ਪਲਾਈ ਕਰ ਲਈਏ ਤਾਂ ਪੰਜਾਬ ਦੇ ਲੋਕਾਂ ਤੋਂ 900 ਕਰੋੜ ਰੁਪਏ ਦੀ ਲੁੱਟ ਹੋ ਰਹੀ ਹੈ। ਵਿੱਤ ਮੰਤਰੀ ਸਾਹਿਬ ਐਕਸਾਈਜ਼ ਮਨਿਸਟਰ ਵੀ ਹਨ। ਮੈਂ ਇਨ੍ਹਾਂ ਨੂੰ ਇਹ ਬੇਨਤੀ ਕਰਾਂਗਾ ਕਿ ਆਉਣ ਵਾਲੇ ਸਾਲ ਵਿੱਚ ਇਹ ਇੰਸ਼ੋਰ ਕੀਤਾ ਜਾਵੇ ਕਿ ਜਿਹੜਾ ਵੀ ਬੰਦਾ ਸ਼ਰਾਬ ਲੈਣ ਜਾਂਦਾ ਹੈ, ਉਸ ਨੂੰ ਸਹੀ ਨੋਟੀਫਾਈਡ ਰੇਟ ਉੱਪਰ ਹੀ ਸ਼ਰਾਬ ਮਿਲੇ। ਅਗਲੇ ਕੋਲ ਤਾਂ ਸ਼ਰਾਬ 15 ਮਿੰਟ ਪਹਿਲਾਂ ਪਹੁੰਚਦੀ ਹੈ, ਉਹ ਭਾਵੇਂ ਸਹੀ ਹੈ ਜਾਂ ਗ਼ਲਤ ਹੈ, ਉਸ ਨੂੰ ਸਰਵ ਕਰਵਾਉਣੀ ਪੈਂਦੀ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਇੱਕ ਹੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਟੋਟਲ ਆਮਦਨ 1 ਲੱਖ 26 ਹਜ਼ਾਰ ਕਰੋੜ ਰੁਪਿਆ ਹੈ ਤੇ ਸਾਡਾ ਜਿਹੜਾ ਟੋਟਲ ਸਿਰਫ਼ ਖਰਚਾ ਹੈ, ਉਹ 1 ਲੱਖ 48 ਕਰੋੜ ਰੁਪਏ ਹੈ। ਅਸੀਂ 22 ਹਜ਼ਾਰ ਕਰੋੜ ਰੁਪਿਆ ਸ਼ਾਰਟ ਚੱਲ ਰਹੇ ਹਾਂ। ਸਰ ਜੇਕਰ 1800 ਕਰੋੜ ਰੁਪਏ ਕੈਪੀਟਲ ਐਕਸਪੈਂਡੀਚਰ ਵੀ ਕਰਨਾ ਹੋਵੇ ਤਾਂ 40 ਹਜ਼ਾਰ ਕਰੋੜ ਰੁਪਿਆ ਸ਼ਾਰਟ ਹੋ ਜਾਂਦਾ ਹੈ। ਜੇਕਰ ਅਸੀਂ ਕਿਸ਼ਤ ਦੇਣੀ ਹੋਵੇ ਤਾਂ 13 ਹਜ਼ਾਰ ਕਰੋੜ ਰੁਪਏ ਹੋਰ ਪਾਉਣੇ ਪੈਣਗੇ, ਫਿਰ ਬਣਦਾ ਹੈ 53 ਹਜ਼ਾਰ ਕਰੋੜ ਰੁਪਏ। ਅਸੀਂ ਉਸ ਲਈ 50 ਹਜ਼ਾਰ ਕਰੋੜ ਰੁਪਏ ਦਾ ਲੋਨ ਪਰਪੋਜ਼ ਕੀਤਾ ਹੈ। ਸਰ, ਮੈਂ ਦੂਜੇ ਸਾਲ ਪ੍ਰਡਿਕਟ ਕੀਤਾ ਸੀ ਕਿ ਪੰਜਾਬ ਸਰਕਾਰ ਦਾ ਜਿਹੜਾ ਕਰਜ਼ਾ ਹੈ, ਉਹ ਪੰਜ ਲੱਖ, ਸਵਾ ਪੰਜ ਲੱਖ ਕਰੋੜ ਰੁਪਏ ਤੇ ਪਹੁੰਚ ਜਾਵੇਗਾ। ਚਾਰਾਂ ਸਾਲਾਂ ਵਿੱਚ ways and means ਵਿੱਚ 2 ਹਜ਼ਾਰ ਕਰੋੜ ਰੁਪਏ ਤੋਂ ਵਧਾ ਕੇ ਕਰਜ਼ਾ 80 ਹਜ਼ਾਰ ਕਰੋੜ ਰੁਪਿਆ ਕਰ ਦਿੱਤਾ ਹੈ ਅਤੇ ਪੰਜਾਬ ਦਾ ਟੋਟਲ ਕਰਜ਼ਾ 5 ਲੱਖ 22 ਹਜ਼ਾਰ ਕਰੋੜ ਰੁਪਿਆ ਹੋ ਗਿਆ ਹੈ। ਧੰਨਵਾਦ ਸਰ।

**ਮਾਣਯੋਗ ਸਪੀਕਰ**: ਧੰਨਵਾਦ, ਧੰਨਵਾਦ। ਮਿਹਰਬਾਨੀ। ਹਾਂ ਜੀ, ਗੁਰਲਾਲ ਜੀ।

**ਸ੍ਰੀ ਗੁਰਲਾਲ ਘਨੌਰ (ਘਨੌਰ)**: ਬਹੁਤ ਬਹੁਤ ਧੰਨਵਾਦ ਜੀ। ਬਜਟ ਦੇ ਉਪਰ ਮੈਂ ਖੇਡਾਂ ਦੀ ਗੱਲ ਕਰਾਂਗਾ। ਵੈਸੇ ਸਰਦਾਰ ਪ੍ਰਗਟ ਸਿੰਘ ਜੀ ਬੜੀਆਂ ਗੱਲਾਂ Ground Reality, Ground Reality ਦੀ ਕਰਕੇ ਗਏ ਹਨ ਪਰ ਉਹ ਗਰਾਊਂਡ ਦੀ ਗੱਲ ਨਹੀਂ ਕਰਕੇ ਗਏ। ਜਿੱਥੋਂ ਆਏ, ਉਸ ਦੀ ਗੱਲ ਹੀ ਨਹੀਂ ਕੀਤੀ। ਵੈਸੇ ਤਾਂ ਮੈਂ ਉਦੋਂ ਹੀ ਟਾਈਮ ਮੰਗਿਆ ਸੀ ਪਰ ਹੁਣ ਉਹ ਚਲੇ ਗਏ ਹਨ। ਸਾਲ 2022 ਵਿੱਚ ਜਦੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਨੇ ਕਮਾਂਡ ਫੜੀ ਸੀ।

**1710/Beant kaur**

ਉਸ ਵਕਤ ਸਪੋਰਟਸ ਵਾਸਤੇ ਬਜਟ 100-150 ਕਰੋੜ ਰੁਪਿਆ ਸਾਲਾਨਾ ਹੁੰਦਾ ਸੀ। ਪਿਛਲੀ ਵਾਰੀ 1100 ਕਰੋੜ ਸੀ ਅਤੇ ਇਸ ਵਾਰ 1791 ਕਰੋੜ ਰੁਪਿਆ ਸਪੋਰਟਸ ਬਜਟ ਰੱਖਿਆ ਗਿਆ ਹੈ। ਜਿਹੜਾ ਯੁੱਧ ਨਸ਼ਿਆਂ ਵਿਰੁੱਧ ਚੱਲ ਰਿਹਾ ਹੈ, ਉਹ ਬੱਚਿਆਂ ਨੂੰ ਗਰਾਊਂਡਾਂ ਵੱਲ ਲੈ ਕੇ ਜਾਵੇਗਾ। ਹਰਪਾਲ ਚੀਮਾ ਜੀ ਦਾ ਧੰਨਵਾਦ ਹੈ, ਜਿਨ੍ਹਾਂ ਨੇ ਖਿਡਾਰੀਆਂ ਨੂੰ ਇੰਨਾ ਮਾਣ-ਸਨਮਾਨ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਪੰਜਾਬ ਦਾ ਸਾਢੇ 12,000 ਪਿੰਡ ਹੈ, ਜਿੱਥੇ 3000 ਗਰਾਊਂਡ ਬਣ ਰਹੇ ਹਨ ਪਰ ਇਨ੍ਹਾਂ ਨੇ ਨਵੇਂ 6,000 ਗਰਾਊਂਡਾਂ ਨੂੰ ਹੋਰ ਪ੍ਰਵਾਨਗੀ ਦਿੱਤੀ ਹੈ। (ਥੰਪਿੰਗ) ਤੁਸੀਂ ਹਿਸਾਬ ਲਗਾਓ ਕਿ ਹਰ ਤੀਜੇ-ਚੌਥੇ ਪਿੰਡ ਪਿੱਛੇ ਇਕ ਗਰਾਊਂਡ ਆ ਗਿਆ ਹੈ। ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਉੱਥੇ ਕੁੱਲ 180 ਪਿੰਡ ਹਨ, ਜਿੱਥੇ ਆਪਣੀ ਸਰਕਾਰ ਵਿੱਚ ਮੈਂ ਕਨਵਰਜ਼ਨ ਕਰਕੇ 150 ਵਾਲੀਬਾਲ ਗਰਾਊਂਡ ਬਣਾਏ ਹਨ। ਇਸ ਵਾਸਤੇ ਸਾਰਾ ਪੈਸਾ ਸਪੋਰਟਸ ਡਿਪਾਰਟਮੈਂਟ ਤੋਂ, ਪੰਚਾਇਤਾਂ ਦੇ ਫੰਡ ਵਿਚੋਂ ਲਿਆ ਸੀ। ਕਈ ਗੱਲਾਂ ਲੁਕੀਆਂ-ਛਿਪੀਆਂ ਹੁੰਦੀਆਂ ਹਨ ਅਤੇ ਜਦੋਂ ਜੱਗ ਜਾਹਰ ਹੁੰਦੀਆਂ ਹਨ ਤਾਂ ਬਹੁਤ ਰੌਲਾ ਪੈਂਦਾ ਹੈ। ਸਪੀਕਰ ਸਾਹਿਬ, ਮੈਂ ਇਕ ਗੱਲ ਦੱਸਣ ਲੱਗਿਆ ਹਾਂ, ਇਹ ਗੱਲ ਮੈਂ ਕਦੇ ਬਾਹਰ ਨਹੀਂ ਕੀਤੀ ਪਰ ਅੱਜ ਕਰਨ ਲੱਗਿਆ ਹਾਂ ਕਿਉਂਕਿ ਸਪੋਰਟਸ ਦੇ ਬਜਟ ਬਾਰੇ ਗੱਲ ਹੈ ਅਤੇ ਕਰਨੀ ਬਣਦੀ ਹੈ। ਅਕਾਲੀ ਦਲ ਦੀ ਸਰਕਾਰ ਵੇਲੇ ਜਿਹੜੇ ਵਰਲਡ ਕੱਪ ਹੁੰਦੇ ਰਹੇ ਹਨ, ਚੀਮਾ ਸਾਹਿਬ, ਉਨ੍ਹਾਂ ਦੇ ਪੈਸੇ ਅਸੀਂ ਕੋਰਟਾਂ ਰਾਹੀਂ ਕੇਸ ਕਰਕੇ ਲੈਂਦੇ ਰਹੇ ਹਾਂ। ਇਹ ਆਨ ਰਿਕਾਰਡ ਹੈ, ਸਾਲ-ਡੇਢ ਸਾਲ ਬਾਅਦ ਪੈਸੇ ਕੋਰਟਾਂ ਰਾਹੀਂ ਲਏ ਹੋਏ ਹਨ, ਇਸ ਬਾਰੇ ਭਾਵੇਂ ਤੁਸੀਂ ਸਪੋਰਟਸ ਡਿਪਾਰਟਮੈਂਟ ਦੇ ਰਿਕਾਰਡ ਵਿੱਚ ਪਤਾ ਕਰ ਲੈਣਾ ਕਿ ਜਿਹੜਾ 2012 ਵਿੱਚ ਦੂਜਾ ਵਰਲਡ ਕੱਪ ਹੋਇਆ ਸੀ, ਉਨ੍ਹਾਂ ਦੇ ਪੈਸੇ ਕਿੰਨੇ ਸਮੇਂ ਬਾਅਦ ਦਿੱਤੇ ਗਏ ਸਨ। ਸਰਦਾਰ ਪਰਗਟ ਸਿੰਘ ਉਦੋਂ ਅਕਾਲੀ ਦਲ ਵਿੱਚ ਸਨ, ਇਨ੍ਹਾਂ ਨੇ ਮੁੱਢ ਤਾਂ ਬੰਨ੍ਹਿਆ ਸੀ ਫੇਰ ਕਾਂਗਰਸ ਪਾਰਟੀ ਵਿੱਚ ਚਲੇ ਗਏ। ਅੱਜ ਉੱਧਰੋਂ ਵੀ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ ਅਤੇ ਸਾਡੇ ਤਿੰਨ ਵਿਧਾਇਕਾਂ ਦੇ ਨਾਂ ਲੈ ਕੇ ਕਿ ਮੈਂ ਵੀ ਮੁੱਖ ਮੰਤਰੀ ਦੀ ਲਿਸਟ ਵਿੱਚ ਹਾਂ। ਮੇਰਾ ਸਪੋਰਟਸ ਨਾਲ ਲਗਾਅ ਹੈ, ਪਿਆਰ ਹੈ। ਪੰਜਾਬ ਵਿਚ ਕਿਤੇ ਵੀ ਖੇਡਾਂ ਹੋਣ, ਲੋਕ ਸੱਦਦੇ ਹਨ ਅਤੇ ਮਾਣ-ਸਨਮਾਨ ਕਰਦੇ ਹਨ ਪਰ ਜਿਹੜਾ ਅੱਜ ਸਪੋਰਟਸ ਨੂੰ ਮਾਣ-ਸਨਮਾਨ ਮਿਲਿਆ ਹੈ, ਖਿਡਾਰੀਆਂ ਨੂੰ ਮਾਣ-ਸਨਮਾਨ ਮਿਲਿਆ ਹੈ, ਖਿਡਾਰੀਆਂ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਖਿਡਾਰੀਆਂ ਦੀ ਰਾਸ਼ੀ ਖਿਡਾਰੀਆਂ ਨੂੰ ਮਿਲ ਜਾਂਦੀ ਹੈ। ਕਾਮਨਵੈਲਥ ਗੇਮਾਂ ਤੋਂ, ਉਲੰਪਿਕ ਗੇਮਾਂ, ਵਰਲਡ ਕੱਪ ਸਾਡੇ ਬੱਚੇ ਖੇਡ ਕੇ ਆਏ ਹਨ, ਜਿਹੜੇ ਸ਼ਾੱਟ ਪੁੱਟ ਵਾਲੇ ਤੂਰ ਹੋਰਾਂ ਨੂੰ ਡੀਐਸਪੀ ਭਰਤੀ ਕੀਤਾ ਹੈ। ਇਹ ਸਾਰਾ ਕੁਝ ਸੰਭਵ ਤਦ ਹੀ ਹੋਇਆ ਹੈ ਜੇਕਰ ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਨੇ

ਖਿਡਾਰੀਆਂ ਦੀ ਬਾਂਹ ਫੜੀ ਹੈ। ਸੋ, ਇਹ ਜਿਹੜਾ ਬਜਟ ਹੈ, ਇਹ ਸ਼ਲਾਘਾਯੋਗ ਹੈ। ਖਿਡਾਰੀਆਂ ਲਈ, ਮਹਿਲਾਵਾਂ ਲਈ, ਸਾਰੇ ਵਰਗਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ, ਐਸਸੀ ਵਰਗ, ਕਿਸਾਨਾਂ ਲਈ ਨਹਿਰੀ ਪਾਣੀਆਂ ਲਈ ਇੰਨਾ ਬਜਟ ਰੱਖਿਆ ਹੈ। ਸੋ, ਮੇਰਾ ਇਕ ਛੋਟਾ ਜਿਹਾ ਸੁਝਾਅ ਹੈ।

**ਮਾਣਯੋਗ ਸਪੀਕਰ** : ਸੁਝਾਅ ਤੁਸੀਂ ਮਿਲ ਕੇ ਦੇ ਦਿਓ। ਧੰਨਵਾਦ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ)** : ਸਪੀਕਰ ਸਾਹਿਬ, ਥੈਂਕ ਯੂ। ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਖੇਤੀਬਾੜੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੀ ਸਮੁੱਚੀ ਆਰਥਿਕਤਾ ਸਿੱਧੇ-ਅਸਿੱਧੇ ਰੂਪ ਵਿੱਚ ਖੇਤੀ ਤੇ ਅਧਾਰਤ ਹੈ। ਸਰਕਾਰ ਵੱਲੋਂ ਇਸ ਵਾਸਤੇ ਸਿਰਫ 15,377 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਰਾਸ਼ੀ ਬਹੁਤ ਘੱਟ ਹੈ। ਸਪੀਕਰ ਸਾਹਿਬ, ਸਰਕਾਰ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਕਹਿੰਦੀ ਹੈ ਪਰੰਤੂ ਬੜੇ ਖੇਦ ਵਾਲੀ ਗੱਲ ਹੈ ਕਿ ਸਰਕਾਰ ਨੇ ਜਿਹੜੀ ਖੇਤ ਨੀਤੀ ਤਿਆਰ ਕੀਤੀ ਸੀ, ਉਸ ਨੂੰ ਲਾਗੂ ਕਰਨ ਸਬੰਧੀ ਬਜਟ ਵਿੱਚ ਕੋਈ ਗੱਲ ਨਹੀਂ ਕੀਤੀ। ਖੇਤ ਨੀਤੀ ਪੰਜਾਬ ਦੇ ਕਿਸਾਨ ਦਾ ਹੱਥ ਫੜਨ ਅਤੇ ਕਿਸਾਨੀ ਨੂੰ ਕਰਜ਼ੇ ਦੇ ਜਾਲ ਵਿਚੋਂ ਕੱਢਣ ਦੀ ਵਿਸਥਾਰ ਸਹਿਤ ਸਿਫਾਰਸ਼ ਕਰਦੀ ਹੈ। ਸਪੀਕਰ ਸਾਹਿਬ, ਖੇਤੀ ਨੀਤੀ ਸਹਿਕਾਰਤਾ ਨੂੰ ਕਿਸਾਨੀ ਮਸਲਿਆਂ ਦਾ ਧੁਰਾ ਬਣਾ ਕੇ ਉਸ ਦਾ ਹੱਲ ਪੇਸ਼ ਕਰਦੀ ਹੈ। ਸਾਨੂੰ ਦੁੱਖ ਹੈ ਕਿ ਸਰਕਾਰ ਸਹਿਕਾਰਤਾ ਖੇਤਰ ਨੂੰ ਲੈ ਕੇ ਸੁਹਿਰਦ ਨਹੀਂ ਹੈ। ਅੱਜ ਲੱਖਾਂ ਕਿਸਾਨਾਂ ਦੀਆਂ ਸੂਬੇ ਦੀਆਂ ਖੇਤੀਬਾੜੀ ਸੁਸਾਇਟੀਆਂ ਵਿੱਚ ਨਵੀਆਂ ਕਾਪੀਆਂ ਅਤੇ ਹੱਦ ਕਰਜ਼ੇ ਨਹੀਂ ਬਣ ਰਹੇ।

**1710/Beant kaur/Monika sharma**

**1715/Karamjit kaur**

ਕੇਂਦਰੀ ਸਹਿਕਾਰੀ ਬੈਂਕਾਂ ਕਿਸਾਨਾਂ ਨੂੰ ਕਿਸਾਨ ਕ੍ਰੈਡਿਟ ਕਾਰਡ ਤਹਿਤ ਲੋੜੀਂਦਾ ਕਰਜ਼ਾ ਲਿਮਟ ਦੇਣ ਤੋਂ ਅਸਮਰੱਥ ਹਨ। ਅਜਿਹੇ ਕਿਸਾਨਾਂ ਦੀ ਆਰਥਿਕ ਲੁੱਟ ਹੋ ਰਹੀ ਹੈ। ਕਿਸਾਨ ਜਿਹੜਾ ਕਿ ਪਹਿਲਾਂ ਹੀ ਕਰਜ਼ਾ ਗ੍ਰਸਤ ਹੈ, ਉਹ ਹੋਰ ਕਰਜ਼ੇ ਲੈਣ ਲਈ ਮਜ਼ਬੂਰ ਹੁੰਦਾ ਹੈ ਅਤੇ ਅਖੀਰ ਵਿੱਚ ਖੁਦਕਸ਼ੀਆਂ ਦਾ ਰਾਹ ਅਖਤਿਆਰ ਕਰਦਾ ਹੈ।

ਸਰ, ਕਿਸਾਨੀ ਨੂੰ ਸੰਕਟ ਵਿੱਚੋਂ ਕੱਢਣ ਲਈ ਖੇਤੀ ਨੀਤੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਅੱਜ ਸਮੇਂ ਦੀ ਲੋੜ ਹੈ। ਮੈਂ ਭਾਵੇਂ ਵਿਰੋਧੀ ਧਿਰ ਦਾ ਵਿਧਾਇਕ ਹਾਂ ਪਰ ਜੇ ਕਿਸਾਨਾਂ ਲਈ ਕਿਸਾਨ ਨੀਤੀ ਨੂੰ ਲਾਗੂ ਕਰਦੀ ਹੈ, ਕਿਸਾਨਾਂ ਲਈ ਜੇ ਕੋਈ ਚੰਗਾ ਪ੍ਰੋਗਰਾਮ ਲੈ ਕੇ ਆਉਂਦੀ ਹੈ ਤਾਂ ਮੈਂ ਉਸ ਦੀ ਸ਼ਲਾਘਾ ਕਰਾਂਗਾ। ਸਪੀਕਰ ਸਾਹਿਬ ਅੱਜ ਸਹਿਕਾਰਤਾ ਖੇਤਰ ਨੂੰ ਜ਼ਮੀਨੀ ਪੱਧਰ ਉੱਤੇ ਮਜ਼ਬੂਤ ਕਰਨ ਦੀ ਲੋੜ ਹੈ। ਕਿਸਾਨਾਂ ਦੀਆਂ ਨਵੀਆਂ ਕਾਪੀਆਂ, ਹੱਦ ਕਰਜ਼ੇ ਸਬੰਧੀ ਸਭਾਵਾਂ ਤੁਰੰਤ ਬਣਾਏ ਜਾਣ ਅਤੇ ਇਸ ਦੇ ਬਾਅਦ ਲੋੜੀਂਦੇ ਫਾਈਨਾਂਸ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਮੁਹੱਈਆ ਕਰਵਾਏ ਜਾਣ ਦੀ ਲੋੜ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਖੇਤੀ ਨੀਤੀ ਦੀਆਂ ਸਿਫਾਰਸ਼ਾਂ ਸਭਾਵਾਂ ਨੂੰ ਘੱਟੋ-ਘੱਟ ਇੱਕ ਏਕੜ ਪੰਚਾਇਤੀ ਜ਼ਮੀਨ ਦੇਣ ਦਾ ਪ੍ਰਸਤਾਵ ਇਸ ਸਾਲ ਕਿਸੇ ਵਿਸ਼ੇਸ਼ ਪ੍ਰੋਗਰਾਮ/ਸਕੀਮ ਤਹਿਤ

ਪਾਸ ਕੀਤਾ ਜਾਵੇ। ਇਸ ਨਾਲ ਖੇਤੀਬਾੜੀ ਸਭਾਵਾਂ ਹੋਰ ਵੀ ਕੰਮ-ਕਾਰ ਕਰਨ ਲਈ ਮਜ਼ਬੂਤ ਹੋਣਗੀਆਂ ਅਤੇ ਮੈਂਬਰਾਂ ਨੂੰ ਲੋੜੀਂਦੀਆਂ ਸੇਵਾਵਾਂ ਦੇਣ ਵਿੱਚ ਸਮਰੱਥ ਬਣਨਗੀਆਂ।

ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਰਾਜ ਕਿਸਾਨ ਕਮਿਸ਼ਨ ਵੱਲੋਂ ਪੇਸ਼ ਕੀਤੇ ਖੇਤੀ ਖਰੜੇ ਨੂੰ ਤੁਰੰਤ ਪ੍ਰਭਾਵ ਨਾਲ ਪ੍ਰਸਤਾਵ ਪੇਸ਼ ਕਰਕੇ ਲਾਗੂ ਕੀਤਾ ਜਾਵੇ ਤਾਂ ਜੋ ਅਸੀਂ ਸਾਡੀ ਕਿਸਾਨੀ ਦੀ ਜਿਹੜੇ ਹਾਲਾਤ ਹਨ, ਉਨ੍ਹਾਂ ਨੂੰ ਬੇਹਤਰ ਕਰਨ ਦੇ ਨਾਲ ਨਾਲ ਖੇਤੀ ਵਿਭਿੰਨਤਾ ਦੇ ਮਾਡਲ ਨੂੰ ਅਪਣਾ ਕੇ ਆਪਣੇ ਵਾਤਾਵਰਨ ਤੇ ਚੌਗਿਰਦੇ ਨੂੰ ਬਚਾ ਸਕੀਏ।

ਸਪੀਕਰ ਸਾਹਿਬ, ਜਿਹੜੀ ਸਿਹਤ ਅਤੇ ਸਿੱਖਿਆ ਕ੍ਰਾਂਤੀ ਦੀ ਇੱਥੇ ਗੱਲ ਹੋ ਰਹੀ ਹੈ। ਜੇ ਮੈਂ ਸਿਹਤ ਕ੍ਰਾਂਤੀ ਦੀ ਗੱਲ ਕਰਾਂ ਤਾਂ ਜਿਹੜੇ ਮੁਹੱਲਾ ਕਲੀਨਿਕਾਂ ਦੀ ਗੱਲ ਕੀਤੀ ਗਈ ਹੈ, ਪੂਰੇ ਬਰਨਾਲੇ ਜ਼ਿਲ੍ਹੇ ਵਿੱਚ ਸਿਰਫ 14 ਮੁਹੱਲਾ ਕਲੀਨਿਕ ਬਣੇ ਹਨ। ਜਿਨ੍ਹਾਂ ਵਿੱਚੋਂ 11 ਉਹ ਹਨ ਜੋ ਸਾਡੇ ਪੁਰਾਣੇ ਮਿੰਨੀ ਹੈਲਥ ਸੈਂਟਰ ਸੀ, ਉਨ੍ਹਾਂ ਦਾ ਨਾਮ ਬਦਲ ਕੇ ਇਹ ਕਲੀਨਿਕ ਬਣਾਏ ਗਏ ਹਨ, ਸਿਰਫ 3 ਹੀ ਮੁਹੱਲਾ ਕਲੀਨਿਕ ਬਣਾਏ ਹਨ ਜਿਹੜੇ ਕਿ ਕੈਬਿਨ ਜਿਹਾ ਰੱਖ ਕੇ ਬਣਾਏ ਗਏ ਹਨ। ਸਾਡੇ ਬਰਨਾਲੇ ਦੇ ਸਿਵਲ ਹਸਪਤਾਲ ਵਿੱਚ 50 ਪ੍ਰਤੀਸ਼ਤ ਸਟਾਫ ਦੀ ਕਮੀ ਹੈ। ਜਿਹੜੇ ਈ.ਐਮ.ਓ. ਹਨ, ਜਿਨ੍ਹਾਂ ਨੂੰ ਅਸੀਂ ਐਮਰਜੰਸੀ ਮੈਡੀਕਲ ਅਫ਼ਸਰ ਕਹਿੰਦੇ ਹਾਂ, ਉਨ੍ਹਾਂ ਦੀਆਂ 33 ਪੋਸਟਾਂ ਸੈਂਕਸ਼ਨਡ ਹਨ ਪ੍ਰੰਤੂ ਬਰਨਾਲੇ ਦੇ ਸਿਵਲ ਹਸਪਤਾਲ ਵਿੱਚ ਇਸ ਸਮੇਂ ਅੱਜ ਦੀ ਡੇਟ ਵਿੱਚ ਸਿਰਫ ਇੱਕ ਹੀ ਈ.ਐਮ.ਓ. ਕੰਮ ਕਰ ਰਿਹਾ ਹੈ। ਦੂਸਰੀ ਗੱਲ ਸਰ, ਬਰਨਾਲਾ ਜ਼ਿਲ੍ਹਾ ਹੈੱਡ ਕੁਆਰਟਰ ਹੈ, ਇਹ ਬਿਲਕੁਲ ਸੈਂਟਰ ਵਿੱਚ ਪੈਂਦਾ ਹੈ। ਇੱਥੇ ਕਾਂਗਰਸ ਸਰਕਾਰ ਸਮੇਂ ਇੱਕ ਮਲਟੀ ਸੁਪਰ ਸਪੈਸ਼ਲਿਟੀ ਹਸਪਤਾਲ ਮਨਜ਼ੂਰ ਕੀਤਾ ਗਿਆ ਸੀ। ਉਸ ਉੱਤੇ ਉਸ ਤੋਂ ਬਾਅਦ ਕੋਈ ਕਾਰਵਾਈ ਨਹੀਂ ਹੋਈ, ਸਿਰਫ ਇਹ ਕਹਿ ਕੇ ਉਸ ਦੀ ਫਾਈਲ ਬੰਦ ਕਰ ਦਿੱਤੀ ਗਈ ਕਿ ਇੱਥੇ ਤੋਂ ਚਾਰ-ਪੰਜ ਕਿਲੋਮੀਟਰ ਦੂਰ ਸਿਵਲ ਹਸਪਤਾਲ ਬਰਨਾਲਾ ਹੈ, ਜਿੱਥੇ ਸਾਰੀਆਂ ਸਹੂਲਤਾਂ ਉਪਲਬੱਧ ਹਨ। ਸਰ, ਦੱਸੋ ਜੀ, ਜੇ ਉਸ ਹਸਪਤਾਲ ਦੇ ਬਰਾਬਰ ਦੀ ਇੱਕ ਵੀ ਸਹੂਲਤ ਸਿਵਲ ਹਸਪਤਾਲ ਵਿੱਚ ਹੋਵੇ, ਸਾਡੇ ਬਰਨਾਲੇ ਦੇ ਲੋਕ ਤਾਂ ਉਸ ਨੂੰ ਰੈਫਰ ਹਸਪਤਾਲ ਕਹਿੰਦੇ ਹਨ। ਜੇ ਕੋਈ ਐਕਸੀਡੈਂਟ ਹੋ ਜਾਵੇ, ਜੇ ਕੋਈ ਭਿਆਨਕ ਬਿਮਾਰੀ ਦਾ ਸ਼ਿਕਾਰ ਮਰੀਜ਼ ਹੋਵੇ ਤਾਂ ਉਸ ਦਾ ਉਥੇ ਬਿਲਕੁਲ ਵੀ ਇਲਾਜ ਨਹੀਂ ਹੁੰਦਾ। ਉਥੇ ਸਿਰਫ ਫਸਟ ਏਡ ਦੇਣ ਤੋਂ ਬਿਨਾਂ ਹੋਰ ਕਿਸੇ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ ਜੀ। ਸਰ, ਈਵਨ ਕਿ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਉਥੇ ਬਲੱਡ ਬੈਂਕ ਵੀ ਬੰਦ ਪਿਆ ਹੈ।

ਸਪੀਕਰ ਸਾਹਿਬ, ਮੈਂ ਪਹਿਲੀ ਵਾਰ ਜਦੋਂ ਇੱਥੇ ਐਮ.ਐਲ.ਏ. ਬਣ ਕੇ ਆਇਆ ਤਾਂ ਮੈਂ ਸਭ ਤੋਂ ਪਹਿਲਾਂ ਇਸੇ ਮੰਚ ਤੋਂ ਬੋਲਿਆ ਸੀ ਕਿ ਜਿਹੜੀ ਉਥੇ ਇੱਕ ਜੱਚਾ-ਬੱਚਾ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਲਈ ਨਰਸਰੀ ਬਣੀ ਹੋਈ ਸੀ, ਉਹ ਚਲਾਈ ਜਾਵੇ। ਸਰ, ਪ੍ਰੰਤੂ ਮੇਰੇ ਇੱਥੇ ਬੋਲਣ ਤੋਂ ਬਾਅਦ ਅਜੇ ਤੱਕ ਵੀ ਉਹ ਚੱਲੀ ਨਹੀਂ, ਜੋ ਕਿ ਪਿਛਲੀ ਸਰਕਾਰ ਨੇ ਬਣਾਈ ਸੀ। ਸਰ, ਇਸ ਸਮੇਂ ਉਹ ਬਿਲਕੁਲ ਬੰਦ ਪਈ ਹੈ। ਮੈਂ ਉਥੇ ਅਧਿਕਾਰੀਆਂ ਨਾਲ ਵੀ ਕਈ ਵਾਰ ਗੱਲ ਕੀਤੀ ਹੈ। ਇੱਕ ਵਾਰ ਡੀ.ਸੀ. ਸਾਹਿਬ ਦੇ ਸਾਹਮਣੇ ਵੀ ਸਬੰਧਤ ਅਧਿਕਾਰੀਆਂ ਨੂੰ ਬੁਲਾਇਆ ਸੀ। ਉਹ ਕਹਿੰਦੇ ਕਿ ਸਾਡੇ ਕੋਲ ਇਸ ਨਰਸਰੀ ਨੂੰ ਚਲਾਉਣ ਵਾਸਤੇ ਸਪੈਸ਼ਨ ਸਟਾਫ ਹੀ ਨਹੀਂ ਹੈ ਤਾਂ ਅਸੀਂ ਇਸ ਨੂੰ ਅਸੀਂ ਕਿਵੇਂ ਚਲਾਈਏ। ਸਰ, ਮੈਂ ਸਮਝਦਾ ਹਾਂ, ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਤਾਂ ਸਾਡੇ ਉਥੇ

ਸਾਰਾ ਸਟਾਫ ਪੂਰਾ ਕੀਤਾ ਜਾਵੇ, ਦੂਜਾ ਜਿਹੜਾ ਉਥੇ ਵੱਡਾ ਹਸਪਤਾਲ ਹੈ ਕਿਉਂਕਿ ਜਦੋਂ ਵੀ ਕੋਈ ਐਕਸੀਡੈਂਟ ਹੋ ਜਾਂਦਾ ਹੈ ..

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਜੇ ਆਪਾਂ ਇੱਕੋ ਗੱਲ ਨੂੰ ਵਾਰੀ ਵਾਰੀ ਕਹੀ ਜਾਈਏ ਤਾਂ ਕੋਈ ਫਾਇਦਾ ਨਹੀਂ। ਸਮਾਂ ਬੜਾ ਕੀਮਤੀ ਹੈ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਰ, ਮੈਂ ਉਸੇ ਗੱਲ ਤੇ ਆਉਂਦਾ ਹਾਂ। ਸਰ, ਸਾਨੂੰ ਬਰਨਾਲੇ ਤੋਂ 100 ਕਿਲੋਮੀਟਰ ਦੂਰ ਪਟਿਆਲਾ ਪੈਂਦਾ ਹੈ, ਸਾਡੇ ਮਰੀਜ਼ਾਂ ਨੂੰ ਉਥੇ ਰੈਫਰ ਕਰ ਦਿੱਤਾ ਜਾਂਦਾ ਹੈ ਜਾਂ 100 ਕਿਲੋਮੀਟਰ ਦੂਰ ਫਰੀਦਕੋਟ ਪੈਂਦਾ ਹੈ, ਉਥੇ ਰੈਫਰ ਕਰ ਦਿੰਦੇ ਹਨ।

**ਮਾਣਯੋਗ ਸਪੀਕਰ:** ਮੈਂ ਬੇਨਤੀ ਕਰਦਾ ਹਾਂ ਕਿ ਜੇ ਕੋਈ ਨਵੀਂ ਗੱਲ ਹੈ ਤਾਂ ਉਹ ਕਰ ਲਵੋ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਰ, ਮੈਂ ਚਾਹੁੰਦਾ ਹਾਂ ਕਿ ਸਾਡੇ ਬਰਨਾਲੇ ਵਾਸਤੇ ਵੱਡੇ ਸੁਪਰ ਸਪੈਸ਼ਿਲਿਟੀ ਹਸਪਤਾਲ ਦੀ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਜਾਵੇ। ਸਾਡੇ ਲਈ ਇੱਕ ਵੱਡਾ ਹਸਪਤਾਲ ਦਿੱਤਾ ਜਾਵੇ, ਜਿੱਥੇ ਭਿਆਨਕ ਬਿਮਾਰੀਆਂ ਦੇ ਇਲਾਜ ਦੇ ਨਾਲ ਨਾਲ, ਐਕਸੀਡੈਂਟ ਕੇਸਾਂ ਵਿੱਚ ਸੀਰੀਅਸ ਜਖ਼ਮੀਆਂ ਦੇ ਇਲਾਜ ਦਾ ਪ੍ਰਬੰਧ ਹੋਵੇ।

**ਮਾਣਯੋਗ ਸਪੀਕਰ:** ਥੈਂਕ ਯੂ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਰ, ਮੈਂ ਥੋੜ੍ਹਾ ਜਿਹਾ ਟਾਈਮ ਹੋਰ ਦੇ ਦਿਉ, ਜੇ ਬੁਲਾਇਆ ਹੀ ਹੈ।

**ਮਾਣਯੋਗ ਸਪੀਕਰ:** ਤੁਹਾਡਾ ਟਾਈਮ ਤਾਂ ਸਰਦਾਰ ਪਰਗਟ ਸਿੰਘ ਜੀ ਲੈ ਗਏ ਸੀ। ਇਹ ਤਾਂ ਮੈਂ ਤੁਹਾਨੂੰ ਫਿਰ ਵੀ ਟਾਈਮ ਦੇ ਦਿੱਤਾ ਹੈ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋ:** ਸਰ, ਮੈਂ ਆਪਣੀ ਗੱਲ ਦੋ ਮਿੰਟ ਵਿੱਚ ਹੀ ਖਤਮ ਕਰ ਲੱਗਿਆ ਹਾਂ ਜੀ। ਸਰ, ਇੱਥੇ ਕਈ ਵਾਰ ਗੱਲ ਹੁੰਦੀ ਹੈ ਕਿ ਪਿਛਲੇ 70 ਸਾਲਾਂ ਵਿੱਚ ਕੀ ਹੋਇਆ ਹੈ। ਜਦੋਂ ਤੋਂ ਸਾਡਾ ਦੇਸ਼ ਆਜ਼ਾਦ ਹੋਇਆ ਹੈ।

**ਮਾਣਯੋਗ ਸਪੀਕਰ:** ਬੈਠੋ ਜੀ। ਹਾਂ ਜੀ, ਮੰਤਰੀ ਸਾਹਿਬ, ਡਾਕਟਰ ਰਵਜੋਤ ਸਿੰਘ ਜੀ।

**1715/Karamjit kaur/Monika sharma**

**1720/harpreet singh**

**ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸਪੀਕਰ ਸਾਹਿਬ, ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ ਪੰਜਾਬ ਦੀ 16ਵੀਂ ਵਿਧਾਨ ਸਭਾ ਵਿਚ 12ਵੇਂ ਬਜਟ ਸੈਸ਼ਨ ਵਿਚ, ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੰਜਵੇਂ ਸੈਸ਼ਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਜੇਕਰ ਮੈਂ ਇਸ ਬਜਟ ਦੀ ਗੱਲ ਕਰਾਂ ਤਾਂ ਇਹ ਇਤਿਹਾਸਕ ਬਜਟ ਹੈ, ਇਕ ਵਿਜ਼ਨਰੀ ਬਜਟ ਹੈ। ਮੈਂ ਆਪਣੇ ਵਿਚਾਰ ਰੱਖਣ ਤੋਂ ਪਹਿਲਾਂ ਆਪਣੇ ਰਹਿਬਰ, ਗੁਰੂ ਮਹਾਰਾਜ ਸ੍ਰੀ ਗੁਰੂ ਰਵੀਦਾਸ ਜੀ ਦੀ ਬਾਣੀ ਪੜ੍ਹਾਂਗਾ। ਮੈਂ ਰੱਬ ਨੂੰ ਮੰਨਣ ਵਾਲਾ ਹਾਂ, ਰੱਬ ਤੋਂ ਡਰਦਾ ਹਾਂ, ਜੇਕਰ ਬਾਣੀ ਪੜ੍ਹਦਿਆਂ ਕੋਈ ਗਲਤੀ ਹੋ ਜਾਵੇ ਤਾਂ ਮੈਂ ਪਹਿਲਾਂ ਹੀ ਮੁਆਫ਼ੀ ਮੰਗਦਾ ਹਾਂ।

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥

ਸਪੀਕਰ ਸਾਹਿਬ, ਜੇਕਰ ਅਸੀਂ ਇਸ ਬਾਣੀ ਦੀ ਵਿਆਖਿਆ ਕਰੀਏ ਤਾਂ ਗੁਰੂ ਸਾਹਿਬਾਨ ਲਿਖਦੇ ਹਨ ਕਿ ਮੈਂ ਉਸ ਬੇਗਮਪੁਰਾ ਸ਼ਹਿਰ ਨੂੰ ਪ੍ਰਣਾਮ ਕਰਦਾ ਹਾਂ, ਨਮਨ ਕਰਦਾ ਹਾਂ, ਜਿਸ ਵਿਚ ਕੋਈ ਗਮ ਨਹੀਂ, ਕੋਈ ਦੁੱਖ ਨਹੀਂ, ਕੋਈ ਚਿੰਤਾ ਨਹੀਂ ਅਤੇ ਨਾ ਹੀ ਕੋਈ ਖਰਾਜ, ਇਸ ਨੂੰ ਟੈਕਸ ਕਿਹਾ ਜਾਂਦਾ ਹੈ। ਮੈਨੂੰ ਸੋਹਣਾ ਵਤਨ ਲੈਣ ਲਈ ਲੱਭ ਗਿਆ ਹੈ ਅਤੇ ਉਥੇ ਸਾਰੇ ਸੁਖੀ ਰਹਿਣ। ਸਪੀਕਰ ਸਾਹਿਬ, ਮਾਨ ਸਰਕਾਰ ਦਾ ਵੀ ਮੁੱਖ ਟੀਚਾ ਇਹੀ ਹੈ ਕਿ ਅਸੀਂ ਸਾਰੇ ਰਲ ਕੇ ਗੁਰੂ ਰਵੀਦਾਸ ਮਹਾਰਾਜ ਦੇ ਦਰਸਾਏ ਹੋਏ ਮਾਰਗ ਤੇ ਚੱਲਦਿਆਂ ਪੰਜਾਬ ਸੂਬੇ ਨੂੰ ਬੇਗਮਪੁਰੇ ਵਰਗਾ ਬਣਾਉਣਾ ਹੈ। ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦਾ, ਜਿਨ੍ਹਾਂ ਨੇ ਇਕ ਬਹੁਤ ਵੱਡਾ ਉਪਰਾਲਾ ਕੀਤਾ ਹੈ, ਜਿਹੜਾ ਕਿ ਅਗਲੇ ਸਾਲ 650 ਗੁਰਪੁਰਬ ਸ਼ਤਾਬਦੀ ਆ ਰਹੀ ਹੈ, ਉਸ ਦੀ ਆਰੰਭਤਾ 6 ਫਰਵਰੀ, 2026 ਨੂੰ ਗੁਰੂ ਸਾਹਿਬ ਦੀ ਚਰਨ ਛੋਹ ਧਰਤੀ ਖੁਰਾਲਗੜ੍ਹ ਸਾਹਿਬ ਤੋਂ ਹੋਈ ਹੈ।ਇਸ ਤਹਿਤ ਪੂਰੇ ਪੰਜਾਬ ਵਿਚ ਕੀਰਤਨ ਦਰਬਾਰ, ਡਰੋਨ ਸ਼ੋਅ ਕਰਵਾਏ ਜਾਣਗੇ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਕਾਰਜ ਲਈ ਬਹੁਤ ਵੱਡਾ ਬਜਟ ਰੱਖਿਆ ਹੈ। ਮੈਂ ਇਸ ਲਈ ਵੀ ਮੁੱਖ ਮੰਤਰੀ ਜੀ ਦਾ ਧੰਨਵਾਦਾ ਕਰਦਾ ਹਾਂ ਕਿ ਉਨ੍ਹਾਂ ਦੇ ਯਤਨ ਸਦਕਾ ਆਦਮਪੁਰ ਏਅਰਪੋਰਟ ਦਾ ਨਾਂਅ ਵੀ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂਅ ਤੇ ਰੱਖਿਆ ਗਿਆ, ਉਸ ਏਅਰਪੋਰਟ ਦੀ ਅੱਪਗਰੇਡੇਸ਼ਨ ਲਈ ਵੀ ਇਸ ਬਜਟ ਵਿਚ 140 ਕਰੋੜ ਦੀ ਰਾਸ਼ੀ ਰੱਖੀ ਗਈ ਹੈ। ਸਪੀਕਰ ਸਾਹਿਬ, ਇਹ ਵੀ ਸੱਚ ਹੈ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਜੀ ਨੇ ਸਮਝਿਆ ਕਿ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਬਿਨਾ ਬੇਗਮਪੁਰੇ ਦਾ ਸਕੰਲਪ ਅਧੂਰਾ ਹੈ। ਬਾਬਾ ਸਾਹਿਬ ਜੀ ਨੇ ਗੁਰੂ ਸਾਹਿਬਾਨ ਦੇ ਬਰਾਬਰੀ ਦੇ ਫਲਸਫ਼ੇ ਨੂੰ ਭਾਰਤੀ ਸੰਵਿਧਾਨ ਦੀ ਰੂਹ ਬਣਾਇਆ ਹੈ। ਗੁਰੂ ਰਵੀਦਾਸ ਜੀ ਉਨ੍ਹਾਂ ਦਾ ਬੇਗਮਪੁਰਾ ਸੰਕਲਪ ਵਾਲਾ ਸ਼ਹਿਰ ਅਤੇ ਡਾ. ਬੀ.ਆਰ. ਅੰਬੇਦਕਰ ਜੀ ਦਾ ਬਰਾਬਰੀ ਵਾਲਾ ਸਮਾਜ ਇਹ ਸਾਡੀ ਸਰਕਾਰ ਲਈ, ਆਮ ਆਦਮੀ ਪਾਰਟੀ ਦੀ ਸਰਕਾਰ ਲਈ ਮਾਰਗ ਦਰਸ਼ਨ ਦੀ ਤਰ੍ਹਾਂ ਹਨ। ਪਹਿਲੇ ਦਿਨ ਤੋਂ ਹੀ ਸਰਕਾਰ ਨੇ ਲੋਕਾਂ

ਨੂੰ ਜਿਹੜੀਆਂ ਵੀ ਸਹੂਲਤਾਂ ਦਿੱਤੀਆਂ, ਉਹ ਇਸੇ ਸੋਚ ਨੂੰ ਮੁੱਖ ਰੱਖਦਿਆਂ ਸ਼ੁਰੂ ਕੀਤੀਆਂ। ਚਾਹੇ ਮੈਂ ਗੱਲਾਂ ਕਰਾਂ, 600 ਯੂਨਿਟ ਬਿਜਲੀ ਮੁਆਫ਼ੀ ਦੀ, ਚਾਹੇ ਮੈਂ ਗੱਲ ਕਰਾਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ, ਚਾਹੇ ਮੈਂ ਗੱਲ ਕਰਾਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ। ਸਰ, ਜਿਹੜਾ ਸਾਲ 2026-27 ਦਾ ਬਜਟ ਪੇਸ਼ ਹੋਇਆ ਹੈ।

**1720/harpreet singh/Shubham jain**

**1725/amandeep kaur**

ਸਾਡੇ ਵਜ਼ੀਰ ਸਾਹਿਬ, ਚੀਮਾ ਸਾਹਿਬ ਨੇ ਪੇਸ਼ ਕੀਤਾ ਹੈ। ਮੈਂ ਇਸ ਬਾਰੇ ਇਹੀ ਕਹਾਂਗਾ ਕਿ ਇਹ ਪਹਿਲ ਕਦਮੀ ਵਾਲਾ ਬਜਟ ਹੈ। ਇਹ ਵੀ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਐਤਵਾਰ ਵਾਲੇ ਦਿਨ ਸਾਡੀਆਂ ਬੀਬੀਆਂ, ਮਾਵਾਂ ਅਤੇ ਭੈਣਾਂ ਦੇ ਸਤਿਕਾਰ ਲਈ ਇਹ ਬਜਟ ਪੇਸ਼ ਹੋਇਆ ਹੈ। ਇਹ ਵੀ ਸਾਡੀ ਸਰਕਾਰ ਲਈ ਮਾਣ ਵਾਲੀ ਗੱਲ ਹੈ। ਇਹ ਵੀ ਹਿਸਟੋਰੀਕਲੀ ਹੋਇਆ ਹੈ ਕਿ ਜਿਹੜੇ ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕੀਤਾ ਹੈ ਉਹ ਸਾਡੇ ਸਮਾਜ ਵਿੱਚੋਂ ਸਨ। ਉਹ ਮੇਰੇ ਸਮਾਜ ਨਾਲ ਸਬੰਧ ਰੱਖਦੇ ਹਨ। ਜੇ ਮੈਂ ਯਾਦ ਕਰਾਂ ਸਾਲ 2017 ਦੀਆਂ ਇਲੈਕਸ਼ਨਾਂ ਨੂੰ ਤਾਂ ਉਸ ਸਮੇਂ ਅਸੀਂ ਵੀ ਇਲੈਕਸ਼ਨ ਲੜੇ ਸੀ ਅਤੇ ਅਸੀਂ ਉਸ ਵੇਲੇ ਵਿਧਾਨ ਸਭਾ ਨਹੀਂ ਪਹੁੰਚ ਸਕੇ ਸੀ। ਚੀਮਾ ਸਾਹਿਬ ਦੀ English Tribune ਵਿੱਚ ਫੋਟੋ ਆਈ ਸੀ, ਇਹ ਖੁੱਦ ਬੱਸ ਵਿੱਚ ਸਫਰ ਕਰਕੇ ਇੱਥੇ ਵਿਧਾਨ ਸਭਾ ਪੰਹੁਚੇ ਸੀ। ਇੱਕ ਆਮ ਘਰ ਦਾ ਮੁੰਡਾ ਜਿਹੜਾ ਕਿ ਇੱਕ ਆਮ ਪਰਿਵਾਰ ਦਾ ਸੀ, ਜਿਨ੍ਹਾਂ ਨੇ ਪੜਾਈ ਕੀਤੀ, ਐਡਵੋਕੇਟ ਬਣੇ, ਇਲੈਕਸ਼ਨ ਲੜੀ, ਪਾਰਟੀ ਨੇ ਮਾਣ ਦਿੱਤਾ। ਸਰਕਾਰ ਵਿੱਚ ਜ਼ਿੰਮੇਵਾਰੀ ਮਿਲੀ। ਇਨ੍ਹਾਂ ਨੇ ਪੰਜਵਾਂ ਬਜਟ ਪੇਸ਼ ਕੀਤਾ ਹੈ। ਇਸ ਲਈ ਵੀ ਮੈਂ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ) ਸਪੀਕਰ ਸਾਹਿਬ, ਇਹ ਪਹਿਲੀ ਸਰਕਾਰ ਹੈ ਜਿਸ ਨੇ ਚਾਰ ਸਾਲ ਵਿੱਚ ਆਪਣੇ ਵਾਅਦੇ ਕਹਿ ਲਈਏ ਚਾਹੇ ਗਾਰੰਟੀਆਂ ਕਹਿ ਲਈਏ, ਉਹ ਸਾਰੀਆਂ ਫੁੱਲਫਿਲ ਕੀਤੀਆਂ ਹਨ। ਇਹ ਭਾਰਤ ਵਿੱਚ ਪਹਿਲੀ ਸਰਕਾਰ ਹੈ ਜਿਸ ਨੇ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਪੰਜਾਬੀਆਂ ਨੂੰ ਦਿੱਤੀ ਹੈ।

(ਇੱਕ ਆਵਾਜ਼: ਰਾਜਸਥਾਨ ਵਿੱਚ 25 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਹੈ)(ਵਿਘਨ)

ਮੈਂ ਸੀ.ਐਮ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਹਰੇਕ ਹਲਕੇ ਵਾਸਤੇ ਰੰਗਲੇ ਪੰਜਾਬ ਦੀ ਯੋਜਨਾ ਵਿੱਚ 10 ਕਰੋੜ ਦੀ ਰਾਸ਼ੀ ਪਾਈ ਹੈ। ਮੈਂ ਇਹ ਵੀ ਕਹਾਂਗਾ ਕਿ ਇਸ ਸਰਕਾਰ ਦੇ ਵਿੱਤ ਮੰਤਰੀ ਨੇ 5 ਬਜਟ ਪੇਸ਼ ਕੀਤੇ ਹਨ ਅਤੇ ਇਨ੍ਹਾਂ ਸਾਰੇ ਪੰਜ ਬਜਟਾਂ ਵਿੱਚ ਇੱਕ ਵੀ ਨਵੇਂ ਪੈਸੇ ਦਾ ਟੈਕਸ ਨਹੀਂ ਲੱਗਿਆ ਹੈ। ਇਹ ਵੀ ਇੱਕ ਸਾਡੇ ਲਈ ਬਹੁਤ ਵੱਡੀ ਪ੍ਰਾਪਤੀ ਹੈ। ਬਿਨ੍ਹਾ ਕਿਸੇ ਇੱਕ ਪੈਸੇ ਦਾ ਪੰਜਾਬ ਦੀ ਜਨਤਾ ਤੇ ਬੋਝ ਪਾਏ ਬਗੈਰ ਇੱਕ ਵੱਡਾ generous budget ਪੇਸ਼ ਕੀਤਾ ਗਿਆ ਹੈ। ਇਹ ਵੀ ਕਾਬਲੇ ਤਾਰੀਫ ਹੈ। ਬਾਬਾ ਸਾਹਿਬ ਅੰਬੇਦਕਰ ਜੀ ਦਾ ਇੱਕ thought ਹੈ। "cultivation of mind should be ultimate aim of human existence." ਜੇਕਰ ਇਸ ਨੂੰ ਪੰਜਾਬੀ ਵਿੱਚ ਟਰਾਂਸਲੇਟ ਕਰੀਏ ਤਾਂ “ਮਨ ਦਾ ਵਿਕਾਸ” “ਮਨੱਖ ਹੋਣ ਦਾ ਅੰਤਿਮ ਟੀਚਾ” ਹੋਣਾ ਚਾਹੀਦਾ ਹੈ। ਮਨ

ਦਾ ਵਿਕਾਸ ਹੋਣ ਲਈ ਸਿਹਤ ਅਤੇ ਸਿੱਖਿਆ ਜ਼ਰੂਰੀ ਹੈ। ਅਸੀਂ ਜੇਕਰ ਆਪਣੇ ਭਵਿੱਖ ਨੂੰ ਵੀ ਸੁਰੱਖਿਅਤ ਕਰਨਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਉਸ ਲਈ ਵੀ ਸਾਡੀ ਸਿਹਤ ਅਤੇ ਸਾਡੀ ਸਿੱਖਿਆ ਬਹੁਤ ਜ਼ਰੂਰੀ ਹੈ। ਸੋ, ਮੈਂ ਸਿੱਖਿਆ ਦੀ ਗੱਲ ਕਰਾਂਗਾ। ਮੈਂ ਅੰਕੜਿਆਂ ਵਿੱਚ ਨਹੀਂ ਜਾਵਾਂਗਾ। ਪਹਿਲਾਂ ਇੱਥੇ ਸਿੱਖਿਆ ਤੇ ਗੱਲ ਹੋ ਚੁੱਕੀ ਹੈ। ਕਾਫੀ ਵਾਰ ਗੱਲ ਰਿਪੀਟ ਹੋ ਚੁੱਕੀ ਹੈ। ਸਿੱਖਿਆ ਕ੍ਰਾਂਤੀ 2.0 ਤੇ ਦਰਜ ਹੈ ਜਿਸ ਦੇ ਵਿੱਚ 20 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਜਿਹੜਾ ਕਿ ਸਾਲ 2025-26 ਨਾਲੋਂ 7% ਵੱਧ ਹੈ। ਮੈਂ ਦੱਸਣਾ ਵੀ ਚਾਹਾਂਗਾਂ ਕਿ ਜਿਹੜਾ ਇਹ 4-5 ਸਾਲਾਂ ਵਿੱਚ ਅਸੀਂ ਬਜਟ ਵਿੱਚ ਵਾਧਾ ਕੀਤਾ ਹੈ, ਜਿਹੜਾ ਅਸੀਂ ਇੰਨਾਂ ਪੈਸਾ ਐਜੂਕੇਸ਼ਨ ਤੇ ਲਗਾਇਆ ਹੈ।

**ਮਾਣਯੋਗ ਸਪੀਕਰ** : ਸਦਨ ਮੰਗਲਵਾਰ, ਮਿਤੀ 10 ਮਾਰਚ, 2026 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*5.30 ਵਜੇ ਸ਼ਾਮ (*ਇਸ ਸਮੇਂ ਸਦਨ ਮੰਗਲਵਾਰ, ਮਿਤੀ 10 ਮਾਰਚ, 2026 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)